# ਚਿਰਾਗ

ਜਨਵਰੀ -ਮਾਰਚ 2002

**January -March 2002**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



## ਦਲਿਤ ਸਾਹਿਤ ਵਿਸ਼ੇਸ਼ ਅੰਕ

ਮੁੱਲ : 20 ਰੁਪਏ –39– ਜਨਵਰੀ-ਮਾਰਚ, 2002

# ਚਿਰਾ.ਗ (ਤਿਮਾਹੀ)

ਜਨਵਰੀ-ਮਾਰਚ, 2002

**ਸੰਪਾਦਕ :** ਹਰਭਜਨ ਸਿੰਘ ਹੁੰਦਲ
**ਸੰਪਾਦਕੀ ਮੰਡਲ :** ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ, ਸੂ.ਫੀ ਅਮਰਜੀਤ
**ਪ੍ਰਤੀਨਿਧ :** ਅਵਤਾਰ ਸਾਦਕ (ਯੂ.ਕੇ.) ਮਾਨ ਸਿੰਘ ਭਾਰਗਵ (ਜੰਮੂ)


## ਤਤਕਰਾ


1 ਸੰਪਾਦਕੀ ਟਿਪਣੀਆਂ - 1. ਖੱਬੀ ਵਿਚਾਰਧਾਰਾ ਤੇ ਦਲਿਤ ਸਾਹਿਤ
2. ਕੇਂਦਰੀ ਸਭਾ ਦੀ ਚੋਣ ਹੋ ਗਈ !

2. ਕਵਿਤਾਵਾਂ — ਅਜਾਇਬ ਕਮਲ, ਹਬੀਬ ਜਾਲਿਬ, ਹਰਭਜਨ ਸਿੰਘ ਹੁੰਦਲ, ਸੁਖਵੰਤ ਕੌਰ ਮਾਨ, ਬਾਬਾ ਨਜਮੀਂ, ਇੰਦਰਜੀਤ ਹਸਨਪੁਰੀ, ਪਵਨ-ਵੀਰਾ, ਬ੍ਰਤੋਲਤ ਬ੍ਰੈਖਤ, ਨਵੇਂਦੀ ਮਹਰਸ਼ੀ, ਸ੍ਰੀ ਰਾਮ ਅਰਸ਼

3. ਕਹਾਣੀਆਂ — ਤੁਸੀਂ ਨਹੀਂ ਸਮਝੋਂਗੇ (ਗੁਰਮੇਲ ਸਿੰਘ ਮਜਾਹੜ)
ਪੌੜੀ (ਲਾਲ ਸਿੰਘ)

4. ਲੇਖ — ਦਲਿਤ ਮੁਕਤੀ ਲਈ ਸਾਂਸਕ੍ਰਿਤਕ ਕਾਰਜ (ਡਾ. ਚਮਨ ਲਾਲ) ਫੀਦਲ ਕਾਸਤਰੋ ਦਾ ਦਲਿਤ-ਜੰਤਾ ਤੋਂ ਭਾਵ (ਅਨੁਵਾਦ) ਪੰਜਾਬੀ ਕਹਾਣੀ ਦੀ ਦਲਿਤ ਚੇਤਨਾ (ਡਾ. ਸੁਖਪਾਲ ਸਿੰਘ ਥਿੰਦ)
ਦਲਿਤ ਸਵਾਲ : ਬਦਲਦੇ ਸਾਹਿਤਿਕ, ਸਮਾਜਕ, ਰਾਜਨੀਤਿਕ ਪਰਿਪੇਖ (ਅਤਰਜੀਤ)
ਪ੍ਰਿੰ. ਸੁਜਾਨ ਸਿੰਘ ਦੀਆਂ ਕਥਾਵਾਂ ਅਤੇ ਦਲਿਤ ਚੇਤਨਾ (ਡਾ. ਸੁਰਜੀਤ ਬਰਾੜ)
ਦਲਿਤ ਸਾਹਿਤ ਦੇ ਭਵਿੱਖ ਦਾ ਸੱਚ (ਗੁਰਦਿਆਲ ਸਿੰਘ)
ਦਲਿਤ ਚੇਤਨਾ ਅਤੇ ਆਧੁਨਿਕ ਪੰਜਾਬੀ ਕਵਿਤਾ (ਡਾ. ਸਰਬਜੀਤ ਸਿੰਘ)
ਦਲਿਤ ਸਮੱਸਿਆ ਉੱਪਰ ਵਿਸਤਰਿਤ ਵਿਚਾਰ (ਸੂਫੀ ਅਮਰਜੀਤ

5. ਖਿਆਲ ਆਪੋ ਆਪਣਾ ਡਾ. ਤੇਜਵੰਤ ਮਾਨ (ਸੰਗਰੂਰ)

6. ਪੁਸਤਕ ਪ੍ਰਾਪਤੀ -------

7. ਟਾਈਟਲ — ਮੂਰਤੀ (ਜੀ. ਰਵਿੰਦਰ ਰੈਡੀ)



***ਪ੍ਰਕਾਸ਼ਨ ਮਿਤੀ 15 ਫਰਵਰੀ, 2002***

| | | | |
|---|---|---|---|
| *Postal Address :* | *ਚੰਦਿਆਂ ਦਾ ਵੇਰਵਾ* | : | |
| *Harbhajan Singh Hundal,* | *ਦੇਸ਼ ਵਾਰਸ਼ਿਕ* | : | *50 ਰੁ.* |
| *V. Fatu Chak,* | *ਇਕ ਪਰਚਾ* | : | *15 ਰੁ.* |
| *P.O. Dhilwan,* | *ਸੰਸਥਾਵਾਂ (ਵਾਰਸ਼ਿਕ)* | : | *70 ਰੁ.* |
| *Distt. Kapurthala-144804* | *ਬਦੇਸ਼, ਯੂ. ਕੇ.* | : | *5 ਪੌਂਡ* |
| *(Pb.) India.* | *ਵਾਰਸ਼ਿਕ (ਹੋਰ ਦੇਸ਼)* | : | *300 ਰੁ.* |
| *Phone No. 01822-43188* | | | |

ਨੋਟ- ਸਾਰੇ ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ

**ਚਿਰਾ.ਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1-96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।**

**ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ ਭਾਈ ਰਤਨ ਸਿੰਘ ਟਰੱਸਟ ਬਿਲਡਿੰਗ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।**




## 1. ਖੱਬੀ ਵਿਚਾਰਧਾਰਾ ਤੇ ਦਲਿਤ ਸਾਹਿਤ

ਜਦੋਂ ਵੀ ਸਮਾਜ ਦਾ ਕੋਈ ਹਿੱਸਾ ਵਿਦਰੋਹੀ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਸਨੂੰ ਆਪਣੀ ਵੱਖਰੀ ਪਛਾਣ ਨਿਸਚਿਤ ਕਰਨੀ ਪੈਂਦੀ ਹੈ। ਇਸੇ ਪਛਾਣ ਦੇ ਆਧਾਰ ਤੇ ਸੰਘਰਸ਼ ਅਗਾਂਹ ਵੱਧਦਾ ਹੈ ਤੇ ਕਈ ਵਾਰੀ ਦੇਸ਼ ਤੇ ਸਮਾਜ ਦੇ ਬਟਵਾਰੇ ਵੀ ਹੁੰਦੇ ਹਨ। ਇਹ ਪਛਾਣਾਂ ਧਰਮ ਦੇ ਅਧਾਰ ਤੇ ਵੀ ਕੀਤੀਆਂ ਜਾਂਦੀਆਂ ਹਨ ਤੇ ਜਾਤ ਬਰਾਦਰੀ ਦੇ ਆਧਾਰ ਤੇ ਵੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਜਿਹੀਆਂ ਪਛਾਣਾਂ ਦੀ ਲੜਾਈ ਵਿਚ ਇਕ ਪਿਛਾਂਹ-ਖਿੱਚੂ ਤੱਤ ਵੀ ਮੌਜੂਦ ਰਹਿੰਦਾ ਹੈ। ਅੰਗਰੇਜ਼ੀ ਸਾਮਰਾਜਵਾਦ ਤੋਂ ਆਜ਼ਾਦੀ ਦੀ ਲੜਾਈ ਸਮੇਂ ਇੱਕ ਪਾਸੇ ਧਰਮ ਆਧਾਰਿਤ ਪਛਾਣਾਂ ਦੀ ਮੁਹਿਮ ਚੱਲੀ ਤਾਂ ਦੂਜੇ ਪਾਸੇ ਦਲਿਤ ਚੇਤਨਾ ਨੇ ਵੀ ਵਿਕਾਸ ਕੀਤਾ। ਪਰੰਤੂ ਆਜ਼ਾਦੀ ਦੇ ਸੰਘਰਸ਼ ਸਮੇਂ ਇਹ ਪਛਾਣਾਂ ਦੂਜੇ ਨੰਬਰ ਤੇ ਰਹੀਆਂ। ਆਜ਼ਾਦੀ ਤੋਂ ਬਾਅਦ ਇਹ ਪਛਾਣਾਂ ਦੀ ਲੜਾਈ ਪਹਿਲੇ ਥਾਂ ਉਪਰ ਆ ਗਈ। ਪਹਿਲਾ ਗਾਂਧੀ ਨੇ ਤੇ ਬਾਅਦ ਵਿਚ ਕਾਂਗਰਸ ਨੇ ਦਲਿਤਾਂ ਨੂੰ ਆਪਣੇ ਨਾਲ ਰੱਖਣ ਲਈ ਸਮੇਂ ਸਮੇਂ ਦਲਿਤ ਲੀਡਰਸ਼ਿਪ ਨੂੰ ਉਭਾਰਿਆ। ਜਗਜੀਵਨ ਰਾਮ ਤੇ ਬੂਟਾ ਸਿੰਘ ਵਰਗੇ ਨੇਤਾ ਇਸੇ ਸੋਚ ਵਿਚੋਂ ਪੈਦਾ ਹੋਏ। ਪਰ ਕਾਂਗਰਸ ਤੋਂ ਜਦੋਂ ਦਲਿਤਾਂ ਦਾ ਮੋਹ ਭੰਗ ਹੋਇਆ ਤਾਂ ਕਾਂਗਰਸ ਤੋਂ ਵੱਖ ਵੀ ਨਵੀ ਲੀਡਰਸ਼ਿਪ ਹੋਂਦ ਵਿਚ ਆਈ। ਇਸ ਲੀਡਰਸ਼ਿਪ ਨੇ ਦਲਿਤਾਂ ਦੀ ਵੱਖਰੀ ਪਛਾਣ ਦਾ ਮੁੱਦਾ ਹੋਰ ਵੀ ਜ਼ੋਰ ਸ਼ੋਰ ਨਾਲ ਉਠਾਇਆ।

ਇਸਦੇ ਭਾਰਤੀ ਰਾਜਨੀਤੀ ਉਪਰ ਪ੍ਰਭਾਵ ਵੀ ਪਏ ਤੇ ਹੁਣ ਵੀ ਪੈ ਰਹੇ ਹਨ। ਜਿਹੜੀ ਲੀਡਰਸ਼ਿਪ ਅੱਜ ਦਲਿਤਾਂ ਦੀ ਅਗਵਾਈ ਕਰਦੀ ਹੈ ਉਨ੍ਹਾਂ ਦੇ ਆਪਣੇ ਨਿੱਜੀ ਹਿੱਤ ਬਹੁਤ ਉਭਰਵੇਂ ਹਨ। ਵੱਖਰੀ ਪਛਾਣ ਦੀ ਮੁੱਦਾ ਕਈ ਵਾਰੀ ਵਿਰੋਧਤਾਈਆਂ ਵਿਚ ਫਸਿਆ ਨਜ਼ਰ ਆਉਂਦਾ ਹੈ। 'ਗੌਰਵ ਸੇ ਕਹੋ ਹਮ ਹਿੰਦੂ ਹੈਂ" ਦੀ ਤਰਜ਼ ਤੇ 'ਗੌਰਵ ਸੇ ਕਹੋ ਹਮ ਬਾਲਮੀਕੀ ਹੈਂ" ਜਾਂ "ਗੌਰਵ ਸੇ ਕਹੋ ਹਮ ਦਲਿਤ ਹੈਂ" ਦੇ ਨਾਅਰੇ ਵੀ ਸੁਣਨ ਨੂੰ ਮਿਲਦੇ ਹਨ। ਦਲਿਤਾਂ ਨਾਲ ਸਦੀਆਂ ਤੋਂ ਜੋ ਕੁਝ ਹੁੰਦਾ ਰਿਹਾ ਹੈ, ਇਕ ਪਾਸੇ ਅਸੀਂ ਉਸਦੀ ਨਿੰਦਾ ਕਰਦੇ ਹਾਂ ਤਾਂ ਦੂਸਰੇ ਪਾਸੇ ਅਜਿਹੇ ਦਲਿਤ ਹੋਣ ਵਿਚ ਗੌਰਵ ਮਹਿਸੂਸ ਕਰਨ ਵਾਲੀ ਕਿਹੜੀ ਗੱਲ ਹੈ? ਸਮਝ ਵਿਚ ਨਹੀਂ ਆਉਂਦਾ। ਜੇ ਗੌਰਵ ਨਾਲ, ਇਹ ਕਿਹਾ ਜਾਵੇ ਕਿ ਅਸੀਂ ਮਨੁੱਖ ਹਾਂ ਤਾਂ ਕੋਈ ਗੱਲ ਸਮਝ ਆਉਣ ਵਾਲੀ ਵੀ ਹੈ। 'ਯੁੱਧਰੱਤ ਆਮ ਆਦਮੀ' ਦੇ ਦਲਿਤ ਚੇਤਨਾ-ਸੋਚ ਵਿਸ਼ੇਸ਼ ਅੰਕ ਦੇ ਸੰਪਾਦਕੀ ਵਿਚ ਰਮਣੀਕਾ ਗੁਪਤਾ ਲਿਖਦੀ ਹੈ, "ਉਨ੍ਹਾਂ ਨੂੰ ਜਿਨ੍ਹਾਂ ਨੇ ਪੂਰੇ ਦੇਸ਼ ਦੇ ੯੦% ਲੋਕਾਂ ਨੂੰ ਪੜ੍ਹਨ ਤੋਂ ਦੇਸ਼ ਦੀ ਰੱਖਿਆ ਦੀ ਮੁਹਿਮ ਵਿਚ ਹਿੱਸੇਦਾਰੀ ਕਰਨ ਤੋਂ, ਰਾਜਨੀਤੀ ਵਿਚ ਹਿੱਸੇਦਾਰੀ ਕਰਨ ਤੋਂ, ਸਮਾਜ ਵਿਚ ਬਰਾਬਰੀ ਦਾ ਦਰਜਾ ਦੇਣ ਤੋਂ ਵੰਚਿਤ ਹੀ ਨਹੀਂ ਰੱਖਿਆ ਬਲਕਿ ਉਨ੍ਹਾਂ ਨੂੰ ਅਜਿਹਾ ਯਤਨ ਕਰਨ ਤੇ ਦੰਡ ਦੇਣ ਦੀ ਨਿਯਮਾਵਲੀ ਬਣਾਈ, ਉਨ੍ਹਾਂ ਨੂੰ ਪਸ਼ੂ ਜੀਵਨ ਜੀਉਣ ਲਈ ਮਜਬੂਰ ਕੀਤਾ। ਕਮਰ ਨਾਲ ਘੰਟੀ ਬੰਨ੍ਹ ਕੇ ਚਲਾਇਆ ਤਾ ਕੇ ਉਨ੍ਹਾਂ ਦਾ ਪਰਛਾਵਾਂ ਨਾ ਪਵੇ। ਯਾਨੀ ਪੂਰੀ ਦੀ ਪੂਰੀ ਕੌਮ ਨੂੰ ਦੇਸ਼ ਅਤੇ ਸਮਾਜ ਦੇ ਨਿਰਣਾਇਕ ਫੈਸਲਿਆਂ ਵਿਚ ਹਿੱਸੇਦਾਰੀ ਤੋਂ ਕੱਟ ਦਿੱਤਾ। ਉਸ ਸਭਿਆਚਾਰ ਤੇ ਸਾਨੂੰ ਗੌਰਵ ਕਿਵੇਂ ਹੋ ਸਕਦਾ ਹੈ?"

ਜੇ ਅਜਿਹੇ ਸਭਿਆਚਾਰ ਉਪਰ ਗੌਰਵ ਨਹੀਂ ਕੀਤਾ ਜਾ ਸਕਦਾ ਤਾਂ ਦਲਿਤ ਹੋਣ ਉਪਰ ਕੇਹਾ ਗੌਰਵ ? ਗੌਰਵ ਕਰਨ ਦਾ ਅਰਥ ਹੈ ਆਪਣੇ ਆਪ ਨੂੰ ਪੁਰਾਣੀ ਸੋਚ ਦਾ ਗ਼ੁਲਾਮ ਬਣਾਈ ਰੱਖਣਾ। ਅਜੋਕੀ ਮੌਕਾਪ੍ਰਸਤ ਰਾਜਨੀਤਕ ਲੀਡਰਸ਼ਿਪ ਦੇ ਨਾਲ ਨਾਲ ਅਜਿਹੀ ਅਫ਼ਸਰਸ਼ਾਹੀ ਤੇ ਅਜਿਹੀ ਪੱਤਰਕਾਰੀ ਵੀ ਪੈਦਾ ਹੋ ਚੁੱਕੀ ਹੈ ਜੋ ਆਪਣੇ ਸੌੜੇ ਹਿੱਤਾ ਲਈ ਦਲਿਤਾਂ ਨੂੰ ਵਿਕਸਿਤ ਹੋਇਆ ਨਹੀਂ ਵੇਖਣਾ ਚਾਹੁੰਦੀ।

ਡਾ. ਅੰਬੇਦਕਰ ਨੇ ਦਲਿਤਾਂ ਨੂੰ ਤਿੰਨ ਸੂਤਰੀ ਕੰਮ ਨਾਲ ਲੈਸ ਕੀਤਾ। ਇਹ ਸੂਤਰ ਹਨ-ਆਪਣੇ ਆਪ ਨੂੰ ਸਿਖਿਅਤ ਕਰਨਾ, ਆਪਣੇ ਆਪ ਨੂੰ ਸੰਗਠਿਤ ਕਰਨਾ ਅਤੇ ਸੰਘਰਸ਼ ਕਰਨਾ। ਪਹਿਲਾ ਕੰਮ ਸਭ ਤੋਂ ਮਹੱਤਵਪੂਰਨ ਹੈ ਪਰ ਦਲਿਤ ਲੀਡਰਸ਼ਿਪ ਇਸਦਾ ਵੀ ਵਿਰੋਧ ਕਰਦੀ ਹੈ। ਇਸਦੀ ਉਦਾਹਰਣ ਅਸੀਂ ਪਿਛਲੇ ਸਮੇਂ ਤੋਂ ਚਲ ਰਹੀ ਸਾਖਰਤਾ ਮੁਹਿੰਮ ਤੋਂ ਦੇਖ ਸਕਦੇ ਹਾਂ। ਹਰਿਆਣੇ ਵਿਚ ਬਾਲਮੀਕੀ ਲੀਡਰਸ਼ਿਪ ਵਲੋਂ ਦਲਿਤਾਂ ਨੂੰ ਇਸ ਲਈ ਪੜ੍ਹਨੋਂ ਰੋਕ ਦਿੱਤਾ ਗਿਆ ਕਿ ਇਸ ਮੁਹਿੰਮ ਵਿਚ ਕਮਿਊਨਿਸਟ ਵੀ ਸ਼ਾਮਿਲ ਸਨ। ਇਸ ਆਦੇਸ਼ ਤੇ ਕਈ ਦਲਿਤਾਂ ਨੇ ਆਪਣੀ ਲੀਡਰਸ਼ਿਰ ਦਾ ਕਿਹਾ ਮੰਨ ਕੇ ਪੜ੍ਹਨ ਲਿਖਣ ਤੋਂ ਕਿਨਾਰਾ ਕਰ ਲਿਆ। ਉਪਰਲੀਆਂ ਤਥਾਕਥਿਤ ਸਵਰਨ ਜਾਤੀਆਂ ਨੇ ਵੀ ਅੰਦਰਖਾਤੇ ਹੇਠਲੀਆਂ ਜਾਤੀਆਂ ਨੂੰ ਪੜ੍ਹਾਉਣ ਦਾ ਇਸ ਲਈ ਵਿਰੋਧ ਕੀਤਾ ਕਿ ਪੜ੍ਹ ਲਿਖ ਕੇ ਇਹ ਜਾਤੀਆਂ ਉਨ੍ਹਾਂ ਦੇ ਕੰਮਕਾਰ ਕਰਨ ਤੋਂ ਇਨਕਾਰੀ ਹੋ ਜਾਣਗੀਆਂ। ਦੋਨਾਂ ਹੀ ਲੀਡਰਸ਼ਿਪ ਵਿਚ ਕੀ ਅੰਤਰ ਹੈ ? ਤੇ ਇਸ ਨਾਲ ਫਾਇਦਾ ਕਿਸਦਾ ਹੁੰਦਾ ਹੈ, ਇਸ ਬਾਰੇ ਕੁਝ ਕਹਿਣ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ।

ਸੰਗਠਿਤ ਹੋ ਕੇ ਨਾਰਕੀ ਜੀਵਨ ਵਿਚੋਂ ਬਾਹਰ ਨਿਕਲਣਾ ਵੀ ਕੋਈ ਘੱਟ ਮਹੱਤਵਪੂਰਨ ਕੰਮ ਨਹੀਂ ਹੈ ਪਰ ਇਹ ਸੰਭਵ ਤਾਂ ਹੀ ਹੋ ਸਕਦਾ ਹੈ ਜੇ ਪਰ ਪੜ੍ਹ ਲਿਖ ਕੇ ਨਾਰਕੀ ਸਥਿਤੀਆਂ ਨੂੰ ਸਮਝਿਆ ਜਾਵੇ। ਸੰਗਠਿਤ ਹੋਣ ਦਾ ਇਹ ਅਰਥ ਨਹੀਂ ਹੈ ਕਿ ਸਿਰਫ਼ ਹੇਠਲੀਆਂ ਜਾਤੀਆਂ ਨੂੰ ਸੰਗਠਿਤ ਕੀਤਾ ਜਾਵੇ ਤੇ ਉਨ੍ਹਾਂ ਦੇ ਹੱਕ ਵਿਚ ਬੋਲਣ ਵਾਲਿਆਂ ਨੂੰ ਗਾਲੀਆਂ ਕੱਢੀਆਂ ਜਾਣ ਤੇ ਉਨ੍ਹਾਂ ਤੋਂ ਪਰਹੇਜ਼ ਕੀਤਾ ਜਾਵੇ। ਭਾਰਤੀ ਪਰੰਪਰਾ ਵਿਚ ਲੋਕਾਇਤ ਦਰਸ਼ਨ ਦੇ ਸਮਰਥਕ ਚਾਰਵਾਕ ਬ੍ਰਾਹਮਣ ਹੀ ਸਨ। ਉਨ੍ਹਾਂ ਦਾ ਚਿੰਤਨ ਦਲਿਤਾਂ ਦੇ ਹੱਕ ਵਿਚ ਭੁਗਤਦਾ ਹੈ। ਬੁੱਧ ਖੱਤਰੀ ਸੀ। ਬੁੱਧ ਮੱਤ ਨੂੰ ਧਾਰਣ ਕਰਨਾ ਦਲਿਤ ਇਸ ਲਈ ਪ੍ਰਵਾਨ ਕਰਦੇ ਹਨ ਕਿ ਉਸ ਵਿਚ ਘੱਟ ਘੱਟ ਜ਼ਾਤ-ਪਾਤ ਦੀਆਂ ਜੱਕੜ ਬੰਦੀਆਂ ਨਹੀਂ ਹਨ। ਪਰੰਤੂ ਅਜੋਕੀ ਦਲਿਤ ਰਾਜਨੀਤਕ ਲੀਡਰਸ਼ਿਪ, ਦਲਿਤ ਅਫ਼ਸਰਸ਼ਾਹੀ ਤੇ ਮੌਕਾਪ੍ਰਸਤ ਪੱਤਰਕਾਰੀ ਦਲਿਤਾਂ ਨੂੰ ਅਲੱਗ-ਅਲੱਗ ਕਰਕੇ ਰੱਖਣ ਤੇ ਆਪਣੇ ਹਿੱਤ ਸਾਧਣ ਦੇ ਰਾਹੇ ਤੁਰ ਰਹੀ ਹੈ। ਇਹ ਲੀਡਰਸ਼ਿਪ ਉੱਤਰ ਪ੍ਰਦੇਸ਼ ਵਿਚ ਸੰਪ੍ਰਦਾਇਕ 'ਮਨੂੰਵਾਦੀ' ਬੀ.ਜੇ.ਪੀ ਨਾਲ ਤਾਂ ਸਮਝੌਤਾ ਕਰ ਰਹੀ ਹੈ ਪਰ ਕਮਿਊਨਿਸਟ ਉਨ੍ਹਾਂ ਲਈ ਸਭ ਤੋਂ ਵੱਡਾ ਖਤਰਾ ਲਗਦੇ ਹਨ ਕਿਉਂਕਿ ਇਹ ਕਮਿਊਨਿਸਟ ਹੀ ਦਲਿਤਾਂ ਦੇ ਸਭ ਤੋਂ ਵੱਧ ਹੱਕ ਵਿਚ ਭੁਗਤਦੇ ਹਨ। ਕਮਿਊਨਿਸਟਾਂ ਵਿਚ ਤੇ ਦਲਿਤਾਂ ਵਿਚ ਇਹ ਅੰਤਰ ਜ਼ਰੂਰ ਹੈ ਕਿ ਕਮਿਊਨਿਸਟ ਆਰਥਕ ਤੌਰ ਤੇ ਦੱਬੇ ਕੁਚਲੇ ਲੋਕਾਂ ਨੂੰ ਵੀ ਦਲਿਤਾਂ ਵਿਚ ਸ਼ਾਮਿਲ ਕਰਦੇ ਹਨ ਭਾਵੇਂ ਉਹ ਕਿਸੇ ਵੀ ਜ਼ਾਤ, ਮਜ਼ਹਬ ਜਾਂ ਨਸਲ ਦਾ ਹੋਵੇ। ਪਰ ਇਸ ਨਾਲ ਸਦੀਆਂ ਤੋਂ ਸਵਰਨ ਸਮਾਜ ਜਾਂ ਜ਼ੁਲਮ ਸਹਿਣ ਵਾਲਿਆਂ ਪ੍ਰਤੀ ਸੰਵੇਦਨਾ ਘੱਟ ਨਹੀਂ ਹੁੰਦੀ। ਅਸਲ ਵਿਚ ਕਮਿਊਨਿਸਟ ਅੰਦੋਲਨ ਹੀ ਦਲਿਤ ਅੰਦੋਲਨ ਹੈ। ਹੋਰ ਸਾਰੇ ਜਾਣੇ ਜਾਂ ਅਣਜਾਣੇ ਜ਼ਾਤ ਦੇ ਆਧਾਰ ਤੇ ਇਸ ਅੰਦੋਲਨ ਵਿਚ ਵੰਡੀਆਂ ਹੀ ਪਾਉਂਦੇ ਹਨ। 'ਦਲਿਤਾਂ ਦੁਆਰਾ ਰਚਿਆ ਸਾਹਿਤ ਹੀ ਦਲਿਤ ਸਾਹਿਤ ਹੈ' ਦੀ ਧਾਰਣਾ ਪਿੱਛੇ ਵੀ ਉਪਰੋਕਤ ਸੋਚੀ ਸਮਝੀ ਚਾਲ ਹੀ ਨਜ਼ਰ ਆਉਂਦੀ ਹੈ। ਸਮਝਦਾਰ ਤੇ ਸਿਆਣੇ ਲੋਕ ਇਸ ਧਾਰਣਾ ਨਾਲੋਂ ਆਪਣਾ ਨਾਤਾ ਵੀ ਤੋੜ ਰਹੇ ਹਨ। ਪੁਰਸ਼ੋਤਮ ਸੱਤ ਪ੍ਰੇਮੀ ਨੇ ਲਿਖਿਆ ਹੈ, "ਦਲਿਤ ਲੇਖਨ ਕੇਵਲ ਦਲਿਤਾਂ ਰਾਹੀਂ ਹੀ ਨਹੀਂ ਲਿਖਿਆ ਜਾ ਰਿਹਾ ਬਲਕਿ ਇਹ ਸਮਾਜਿਕ ਵਰਣ-ਵਰਗ ਵਿਸ਼ੇਸ਼ ਦੀ ਪ੍ਰਤਿਨਿਧ ਆਵਾਜ਼ ਹੋਣ ਦੇ ਨਾਤੇ ਕੁਝ ਸਾਹਿਤਕ ਮੁੱਲ ਵੀ ਸਥਾਪਿਤ ਕਰਦਾ ਹੈ। ਦਲਿਤ ਸਾਹਿਤ ਦੀਆਂ ਇਨ੍ਹਾਂ ਗੱਲਾਂ ਨੂੰ ਆਪਣਾਉਣ ਵਾਲਾ ਕੋਈ ਵੀ ਰਚਨਾਕਾਰ ਦਲਿਤ ਲੇਖਕ ਜਾਂ ਦਲਿਤ ਕਵੀ ਹੋ ਸਕਦਾ ਹੈ।" ਜੇ ਬ੍ਰਾਹਮਣਵਾਦੀ ਸਮਾਜ ਦੇ ਖਿਲਾਫ਼ ਮੋਰਚਾ ਤਿਆਰ ਕਰਨਾ ਹੈ ਤਾਂ ਇਸ ਧਾਰਣਾਂ ਨੂੰ ਹੋਰ ਦ੍ਰਿੜ ਕਰਨ ਦੀ ਲੋੜ ਹੈ। ਮੱਧਕਾਲ ਵਿਚ ਗੁਰੂ ਕਵੀਆਂ ਵਲੋਂ ਅਜਿਹਾ ਹੀ ਮੋਰਚਾ ਤਿਆਰ ਕੀਤਾ ਗਿਆਂ ਸੀ ਜਿਸ ਨਾਲ



ਉਠਦੇ ਵਪਾਰੀ ਵਰਗ (ਗੁਰੂ ਕਵੀਆਂ) ਨੇ ਹੇਠਲੀਆਂ ਜਾਤਾਂ ਜਮਾਤਾਂ ਦੇ ਕਵੀਆਂ ਨੂੰ ਵੀ ਆਦਿ ਗ੍ਰੰਥ ਵਿਚ ਸ਼ਾਮਿਲ ਕੀਤਾ ਸੀ। ਅੱਜ ਦਲਿਤਾਂ ਨੇ (ਆਰਥਿਕ ਤੌਰ 'ਤੇ ਲੁੱਟੇ ਪੁੱਟਿਆਂ) ਵੀ ਆਪਣੀ ਨਿਜਾਤ ਲਈ ਲੀਡਰਸ਼ਿਪ ਸੰਭਾਲਣੀ ਹੈ।

ਦਲਿਤ ਲਹਿਰ ਨਾਲ ਜੁੜੇ ਵਿਦਵਾਨ ਜਦੋਂ ਚੇਤਨਾ, ਦਲਿਤ ਸਾਹਿਤ ਤੇ ਰਿਜ਼ਰਵੇਸ਼ਨ ਆਦਿ ਮੁੱਦਿਆਂ ਦੀ ਗੱਲ ਕਰਦੇ ਹਨ ਤਾਂ ਉਹ ਇਕਪਾਸੜ ਹੋਏ ਬਗ਼ੈਰ ਨਹੀਂ ਰਹਿੰਦੇ। ਉਹ ੧੯੨੬ ਵਿਚ ਪੇਰੀਆਰ ਵਲੋਂ ਉਠਾਏ ਗਏ ਰਿਜ਼ਵੇਸ਼ਨ ਦੇ ਮੁੱਦਿਆਂ ਨੂੰ ਘਟਾ ਕੇ ਵੇਖਦੇ ਹਨ; ੧੯੫੭ ਵਿਚ ਨੰਬੂਦਰੀਪਾਦ ਸਰਕਾਰ ਵਲੋਂ ਲਾਗੂ ਕੀਤੇ ਗਏ ਰਿਜ਼ਰਵੇਸ਼ਨ ਨੂੰ ਅੱਖੋਂ ਉਹਲੇ ਕਰਦੇ ਹਨ ਜਾਂ ਫਿਰ ਉਸਨੂੰ ਬਣਦਾ ਮਹੱਤਵ ਨਹੀਂ ਦਿੰਦੇ; ਇਉਂ ਹੀ ਮੁੰਗੇਰੀ ਲਾਲ ਅਯੋਗ ਅਤੇ ਮੰਡਲ ਆਯੋਗ ਨੂੰ ਲਾਗੂ ਕਰਨ ਦੇ ਵੀ.ਪੀ. ਸਿੰਘ ਦੇ ਯਤਨਾਂ ਵਲ ਵਧੇਰੇ ਧਿਆਨ ਨਹੀਂ ਦਿੰਦੇ ਤੇ ਇਸ ਵਿਚ ਕਮਿਊਨਿਸਟਾਂ ਵਲੋਂ ਨਿਭਾਈ ਭੂਮਿਕਾ ਦਾ ਠੀਕ ਨੋਟਿਸ ਨਹੀਂ ਲਿਆ ਜਾਂਦਾ। ਇਸ ਤਰ੍ਹਾਂ ਪੜ੍ਹੇ ਲਿਖੇ ਦਲਿਤਾਂ ਨੂੰ ਵੀ ਅਨਪੜ੍ਹ ਰੱਖਣ ਦੀ ਸਾਜਿਸ਼ ਰਚੀ ਜਾ ਰਹੀ ਹੈ।

ਇਥੇ ਡਾ. ਰਮਾ ਸ਼ੰਕਰ ਜਿਹੇ ਵਿਦਵਾਨਾਂ ਦੀ ਸਲਾਹ ਨੂੰ ਸਹੀ ਪਰਿਪੇਖ ਵਿਚ ਸਮਝ ਕੇ ਅਗਾਂਹ ਤੋਰਨ ਦੀ ਲੋੜ ਹੈ ਜੋ ਖੱਬੀ ਲਹਿਰ ਦਾ ਸਹੀ ਮੁਲਾਂਕਣ ਕਰਦੇ ਹਨ। ਡਾ. ਰਮਾ ਸ਼ੰਕਰ ਅਨੁਸਾਰ, "ਆਜ਼ਾਦੀ ਤੋਂ ਬਾਅਦ ਭਾਰਤ ਦੇ ਕਈ ਸੂਬਿਆਂ (ਬਿਹਾਰ, ਬੰਗਾਲ, ਆਂਧਰ, ਕੇਰਲ) ਵਿਚ ਦਲਿਤ ਸਮਾਜ ਨੂੰ ਨਵੀਂ ਜ਼ਿੰਦਗੀ ਦੇਣ ਦੀ ਦਿਸ਼ਾ ਵਿਚ ਕੰਮ ਕਰਨ ਵਾਲੀ ਇਕ ਦੂਸਰੀ ਸ਼ਕਤੀ ਵੀ ਸਾਹਮਣੇ ਆ ਰਹੀ ਹੈ...ਜਿਸ ਨੂੰ ਖੱਬੀ ਚਿੰਤਨ ਧਾਰਾ ਕਿਹਾ ਜਾਂਦਾ ਹੈ। ਇਸ ਧਾਰਾ ਦੀ ਰਾਜਨੀਤਕ ਸੋਚ ਬਿਨਾਂ ਸ਼ੱਕ ਤਾਰਕਿਕ, ਵਿਗਿਆਨਿਕ ਅਤੇ ਸੁਸੰਗਤ ਰਹੀ ਹੈ ਅਤੇ ਇਸਨੇ ਆਪਣੇ ਚਿੰਤਨ ਨੂੰ ਮੂਰਤ ਰੂਪ ਵੀ ਦਿੱਤਾ ਹੈ। ਇਸ ਚਿੰਤਨਧਾਰਾ ਨੇ ਵੀ ਦਲਿਤਾਂ ਅਤੇ ਦੇਸ਼ ਦੇ ਗਰੀਬਾਂ ਦੇ ਦੁਸ਼ਮਣ ਦੇ ਰੂਪ ਵਿਚ ਸਾਮੰਤਵਾਦ ਅਤੇ ਬ੍ਰਾਹਮਣਵਾਦੀ ਜਾਤੀਵਾਦ ਦੀ ਪਹਿਚਾਣ ਕੀਤੀ ਸੀ। ਜਿਵੇਂ ਕਿ ਅੰਬੇਡਕਰ ਨੇ ਕਿਹਾ ਸੀ। ਇਸ ਤਰ੍ਹਾਂ ਖੱਬੀ ਧਾਰਾ ਦੇ ਚਿੰਤਕਾਂ ਦਾ ਦਲਿਤ-ਉਧਾਰ ਅੰਦੋਲਨ ਵੀ ਆਪਣੇ ਸਾਰਤੱਤ ਵਿਚ ਅੰਬੇਡਕਰ ਦੇ ਅੰਦੋਲਨ ਦੇ ਹੀ ਨੇੜੇ ਮੰਨਿਆਂ ਜਾ ਸਕਦਾ ਹੈ। ਪ੍ਰੰਤੂ ਦੋਨਾਂ ਧਾਰਾਵਾਂ ਵਿਚ ਇਕ ਅੰਤਰ ਵੀ ਰਿਹਾ ਹੈ। ਸਮਾਜ ਦੇ ਵਿਸ਼ਲੇਸ਼ਣ ਵਿਚ ਅੰਬੇਡਕਰ ਦਾ ਆਪਣਾ ਦ੍ਰਿਸ਼ਟੀਕੋਣ ਰਿਹਾ ਹੈ ਤੇ ਮਾਰਕਸਵਾਦੀਆਂ ਦਾ ਆਪਣਾ ਵੱਖਰਾ ਵਿਚਾਰ ਹੈ। ਸਮਾਜਿਕ ਵਰਗਾਂ ਅਤੇ ਉਨ੍ਹਾਂ ਵਿਚ ਚੱਲਣ ਵਾਲੇ ਸੰਘਰਸ਼ਾਂ ਅਤੇ ਵਿਰੋਧਾਂ ਨੂੰ ਦੋਨੋਂ ਚਿੰਤਕ ਆਪਣੇ ਆਪਣੇ ਨਜ਼ਰੀਏ ਤੋਂ ਦੇਖਦੇ ਹਨ। ਇਨ੍ਹਾਂ ਦੋਨਾਂ ਚਿੰਤਕਾਂ ਦੇ ਵਿਚਾਰਧਾਰਕ ਵਿਰੋਧ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਜੇ ਇਨ੍ਹਾਂ ਦੇ ਵਿਚ ਮਿਲਣ ਦਾ ਕੋਈ ਰਸਤਾ ਖੋਜਿਆ ਜਾ ਸਕਦਾ ਹੈ ਤਾਂ ਨਿਸ਼ਚਿਤ ਰੂਪ ਵਿਚ ਦਲਿਤ ਉਧਾਰ ਦੀ ਇਕ ਤਿੱਖੀ ਤੇ ਸ਼ਕਤੀਸ਼ਾਲੀ ਧਾਰਾ ਵਿਕਸਿਤ ਹੋ ਸਕਦੀ ਹੈ।"

ਸੱਚ ਇਹ ਹੈ ਕਿ ਕੁਝ ਸਵਾਰਥੀ ਲੋਕ ਜਿਨ੍ਹਾਂ ਦੀ ਨਿਸ਼ਾਨਦੇਹੀ ਉਪਰ ਕੀਤੀ ਗਈ ਹੈ ਇਨ੍ਹਾਂ ਦੋਨਾਂ ਧਾਰਾਵਾਂ ਨੂੰ ਇਕ ਹੋਇਆ ਨਹੀਂ ਦੇਖਣਾ ਚਾਹੁੰਦੇ। ਇਨ੍ਹਾਂ ਰਾਜਨੀਤਕ ਮੌਕਾਪ੍ਰਸਤਾਂ ਤੇ ਸਾਹਿਤ ਵਿਚ ਇਨਾਮ ਪ੍ਰਾਪਤ ਕਰਨ ਦੀ ਲਾਲਸਾ ਰੱਖਣ ਵਾਲੇ ਤੱਤਾਂ ਨੂੰ ਛੱਡ ਕੇ ਇਮਾਨਦਾਰ ਤੱਤਾਂ ਨੂੰ ਸਿਰ ਜੋੜ ਕੇ ਬੈਠਣ ਦੀ ਲੋੜ ਹੈ। ਇਸ ਲੋੜ ਨੂੰ ਮੁੱਖ ਰੱਖਕੇ ਹੀ ਅਸੀਂ ਚਿਰਾਗ਼ ਦਾ ਇਹ ਹਥਲਾ ਦਲਿਤ, ਸਾਹਿਤ ਅੰਕ ਕੱਢ ਰਹੇ ਹਾਂ। ਜੇ ਗੱਲ ਹੋਰ ਅਗਾਂਹ ਤੁਰਦੀ ਹੈ ਤਾਂ ਅਦਾਰਾ ਚਿਰਾਗ਼ ਆਪਣਾ ਬਣਦਾ ਹਿੱਸਾ ਪਾਉਣ ਤੋਂ ਪਿੱਛੇ ਨਹੀਂ ਹਟੇਗਾ।

-0-

## 2. ਕੇਂਦਰੀ ਸਭਾ ਦੀ ਚੋਣ ਹੋ ਗਈ !

ਕੇਂਦਰੀ ਸਭਾ ਚੋਣ ਹੋ ਗਈ ! ਚੋਣ ਕਰ ਲਈ !!

ਹਾਂ, ਚੋਣ ਹੋ ਗਈ, ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਵਿੱਚ, ਜਿਵੇਂ ਹੋਰ ਚੋਣਾਂ ਹੁੰਦੀਆਂ ਹਨ, ਜਿਵੇਂ ਕੁਝ ਵਰ੍ਹੇ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਮਾਡਲ ਵਾਲੀ ਪੰਜਾਬ ਸਰਕਾਰ ਨੇ 'ਸਾਫ਼-ਸੁਥਰੀਆਂ' ਪੰਚਾਇਤ ਚੋਣ ਕਰਵਾਈਆਂ ਸਨ। ਫਰਕ ਸਿਰਫ਼ ਇੰਨਾ ਹੀ ਹੈ ਕਿ ਕੇਂਦਰੀ ਸਭਾ ਦੀਆਂ ਚੋਣਾਂ ਹਟ ਗਏ ਪ੍ਰਧਾਨ ਦੀ ਪ੍ਰਧਾਨਗੀ ਹੇਠ ਨਹੀਂ, ਸਗੋਂ ਜਨਰਲ ਸੱਕਤਰ ਸ੍ਰੀ ਐਸ. ਤਰਸੇਮ ਦੀ ਦ੍ਰਿਸ਼ਟੀ ਹੇਠ ਹੋਈਆਂ। ਜਿਸ ਦੇ ਸਿੱਟੇ ਵਜੋਂ ਉਹ 'ਪ੍ਰਧਾਨ' ਬਣ ਗਏ।

ਪ੍ਰਸਿੱਧ ਨਾਟਕਕਾਰ ਸ੍ਰੀ ਗੁਰਸ਼ਰਨ ਸਿੰਘ ਚੋਣ ਹਾਰ ਗਏ ਤੇ ਉਹਨਾਂ ਦੀ ਦੋ-ਤਿਹਾਈ ਟੀਮ ਹਾਰ ਗਈ। ਭਾਵ ਸ੍ਰੀ ਤਰਸੇਮ ਦੇ ਅੱਠ ਮੈਂਬਰ ਚੁਣ ਕੇ ਆ ਗਏ ਹਨ। ਦੇਖਣ ਵਾਲੀ ਗੱਲ ਇਹ ਹੈ ਕਿ ਸ੍ਰੀ ਗੁਰਸ਼ਰਨ ਸਿੰਘ ਦੀ ਟੀਮ ਚੋਣ ਕਿਉਂ ਹਾਰ ਗਈ ? ਚੋਣ ਕਿਵੇਂ ਹਾਰ ਗਈ ? ਚੋਣ ਕਿਵੇਂ ਹਰਾ ਦਿੱਤੀ ਗਈ ? ਇਸ ਸੰਬੰਧੀ ਸਾਨੂੰ ਕੁਝ ਕਹਿਣ ਦੀ ਲੋੜ ਤਾਂ ਨਹੀਂ ਹੈ ਕਿਉਂਕਿ ਚੋਣਾਂ ਤੋਂ ਪਹਿਲਾਂ ਪੰਜਾਬੀ ਮੀਡੀਏ ਵਿਚ ਲਗਾਤਾਰ, ਖ਼ਬਰਾਂ, ਬਿਆਨ ਤੇ ਟਿੱਪਣੀਆਂ ਛਪਦੀਆਂ ਰਹੀਆਂ ਹਨ, ਜਿਨ੍ਹਾਂ ਵਿੱਚ ਪਿਛਲੇ ਦਸ ਸਾਲਾਂ ਤੋਂ ਸਭਾ ਦੀ ਕਾਰਗੁਜ਼ਾਰੀ ਤੋਂ ਪ੍ਰਸਿੱਧ ਪ੍ਰਤਿਸ਼ਤ ਅਤੇ ਸੂਝਵਾਨ ਲੇਖਕਾਂ ਦੇ ਸਭਾ ਤੋਂ ਪਰੇ ਰਹਿਣ ਉਪਰ ਚਿੰਤਾ ਪ੍ਰਗਟ ਕੀਤੀ ਗਈ ਸੀ। ਇਹ ਸਤਿਕਾਰੇ ਸਾਹਿਤਕਾਰ ਇਸ ਤਰ੍ਹਾਂ ਦੀ ਦਿੱਖ ਵਾਲੀ ਸਭਾ ਵਿੱਚ ਆਉਣ ਤੋਂ ਇਸ ਲਈ ਕੰਨੀ ਕਤਰਾ ਰਹੇ ਹਨ ਕਿ ਸਭਾ ਤਾਂ ਅਲੇਖਕ ਮੈਂਬਰਾਂ ਦੀ ਸਭਾ ਬਣ ਗਈ ਹੈ। ਅਹੁਦਿਆਂ ਉਪਰ ਕਾਬਜ਼ ਹੋਣ ਲਈ ਸੈਂਕੜੇ ਅਲੇਖਕ ਮੈਂਬਰ ਬਣਾਏ ਗਏ ਹਨ। ਸ੍ਰੀ ਗੁਰਸ਼ਰਨ ਸਿੰਘ ਦੀ ਟੀਮ ਨੇ ਅਲੇਖਕ ਮੈਂਬਰਾਂ ਦੀ ਸਮੱਸਿਆ ਦੇ ਮੁੱਦੇ ਨੂੰ ਆਪਣੇ ਚੋਣ ਪ੍ਰੋਗਰਾਮ ਵਿੱਚ ਸ਼ਾਮਲ ਕੀਤਾ ਹੋਇਆ ਸੀ। ਸਿਰਮੌਰ ਲੇਖਕਾਂ ਅਤੇ ਪੰਜਾਬੀ ਮੀਡੀਏ ਨੇ ਵੀ ਇਸ ਸਮੱਸਿਆ ਨੂੰ ਦਰੁਸਤ ਤੌਰ ਤੇ ਪਛਾਣ ਕੇ ਉਭਾਰਿਆ ਹੈ। ਇਸ ਨਾਲ ਇਹ ਮੁੱਦਾ ਬੜਾ ਹੀ ਅਹਿਮ ਬਣ ਗਿਆ ਹੈ ਕਿਉਂਕਿ ਇਸ ਨਾਲ ਸਭਾ ਦੀ ਪ੍ਰਤਿਸ਼ਟਤਾ, ਮਹਾਨਤਾ, ਗੌਰਵ ਅਤੇ ਉਚਿਤਾ ਨੂੰ ਵੱਡੀ ਸੱਟ ਵੱਜ ਰਹੀ ਹੈ।

ਜਿਹੜੇ ਲੋਕ ਅਲੇਖਕਾਂ ਦੀ ਵੋਟ ਦੇ ਸਹਾਰੇ ਸਭਾ ਉਪਰ ਕਾਬਜ਼ ਹੋਏ ਹਨ, ਉਹ ਅਲੇਖਕਾਂ ਦੀ ਸਮੱਸਿਆ ਨੂੰ ਪੈਦਾ ਕਰਨ ਵਾਲੇ ਤੇ ਕਾਇਮ ਰੱਖਣ ਵਾਲੇ ਹਨ ਅਤੇ ਇਸ ਦੇ ਵਧਣ ਫੁੱਲਣ ਵਿਚ ਨਿਸਚੇ ਹੀ ਖੁਸ਼ ਹਨ। ਚੋਣ ਦੀ ਜਿੱਤ ਹਾਰ ਇੰਨੀ ਵੱਡੀ ਗੱਲ ਨਹੀਂ ਹੁੰਦੀ ਜਿੰਨੀ ਚੋਣ ਵਿੱਚ ਭਾਗ ਲੈਣ ਵਾਲੇ ਅਜਿਹੇ ਵਿਅਕਤੀ ਦੇ ਪੰਜਾਬੀ ਸੱਭਿਆਚਾਰ, ਭਾਸ਼ਾ ਤੇ ਸਾਹਿਤ ਪ੍ਰਤੀ ਜੀਵਨ ਭਰ ਦੀ ਪ੍ਰਤੀਬੱਧਤਾ ਨੂੰ ਅਣਗੌਲਿਆਂ ਕਰਨਾ ਹੈ। ਸ੍ਰੀ ਗੁਰਸ਼ਰਨ ਸਿੰਘ ਪ੍ਰਗਤੀਵਾਦੀ ਹੋਣ ਦੇ ਨਾਤੇ ਸਭਾ ਨੂੰ ਇਸ ਦੇ ਮੋਢੀਆਂ ਗਿਆਨੀ ਹੀਰਾ ਸਿੰਘ ਦਰਦ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਆਦਿ ਦੇ ਪੈਰ ਚਿੰਨ੍ਹਾਂ ਉਪਰ ਚਲਣ ਲਈ ਪ੍ਰਤੀਬੱਧ ਹਨ। ਕੁਝ ਹਲਕੇ ਦਿੱਲੀ ਦੇ ਉਤਰ ਆਧੁਨਿਕਤਾਵਾਦੀ ਵਿਸ਼ਵੀਕਰਨ ਦੀਆਂ ਲੀਹਾਂ ਉਪਰ ਪੰਜਾਬੀ ਸਾਹਿਬ ਤੇ ਸੱਭਿਆਚਾਰ ਨੂੰ ਤੋਰਨਾਂ ਚਾਹੁੰਦੇ ਹਨ ਤੇ ਪ੍ਰਗਤੀਵਾਦ ਨੂੰ ਵੇਲਾ ਵਿਹਾ ਚੁੱਕਾ ਸਮਝਦੇ ਹਨ। ਉਹਨਾਂ ਦੀ ਇਹ ਪਹੁੰਚ ਕਿਸੇ ਤਰ੍ਹਾਂ ਵੀ ਵਿਸ਼ਾਲ ਜਨ-ਸਮੂਹ ਦੇ ਸੱਭਿਆਚਾਰਕ ਵਿਕਾਸ ਨੂੰ ਵਿਕਸਤ ਹੁੰਦਾ ਦੇਖਣ ਦੀ ਥਾਂ ਤੇ ਉਹਨਾਂ ਨੂੰ ਪੂੰਜੀਵਾਦੀ ਉਪਭੋਗਤਾ ਵਾਦ ਦੇ ਕੁਰਾਹੇ ਉਪਰ ਪਾਉਣ ਦੇ ਅਨੁਕੂਲ ਹੈ। ਅਸੀਂ ਇਸ ਤਰ੍ਹਾਂ ਦੀ ਵਿਚਾਰਧਾਰਾ ਦਾ ਵਿਰੋਧ ਜਨਵਾਦੀ ਵਿਚਾਰਧਾਰਾ ਨਾਲ ਹੀ ਕਰਨਾ ਹੈ।

ਸ੍ਰੀ ਐਸ. ਤਰਸੇਮ, ਜੋ ਕੇਂਦਰੀ ਸਭਾ ਦੇ ਜਨਰਲ ਸਕੱਤਰ ਤੋਂ ਸਭਾ ਦੀ ਪ੍ਰਧਾਨਗੀ ਪ੍ਰਾਪਤ ਕਰਨ ਵਿਚ ਸਫਲ ਹੋਏ ਹਨ, ਆਪਣੀ "ਪ੍ਰਗਤੀਸ਼ੀਲਤਾ" ਦੀ ਸਫਲਤਾ ਲਈ ਵਿਸ਼ਵੀਕਰਨ ਵਿਚੋਂ ਉਪਜ ਰਹੇ ਉਪ-ਭੋਗਤਾਵਾਦੀ ਸੱਭਿਆਚਾਰ ਦੇ ਸਾਰੇ ਅੰਗਾਂ, ਕੂਟ ਨੀਤੀਆਂ ਤੇ ਸ਼ਕਤੀਆਂ ਨੂੰ ਵਰਤ ਕੇ ਤੇ ਅਪਣਾ



ਕੇ ਨਿਰਸੰਦਿਹ ਵੱਡੀ ਮੱਲ ਮਾਰ ਗਏ ਹਨ। ਉਹਨਾਂ ਇਕ ਰਾਜਨੀਤਕ ਪਾਰਟੀ ਦੀ ਗ਼ੈਰ ਜ਼ਰੂਰੀ ਦਖ਼ਲ ਅੰਦਾਜ਼ੀ ਹੀ ਨਹੀਂ ਸਗੋਂ ਖੁਲ੍ਹੀ ਅਗਵਾਈ ਪ੍ਰਾਪਤ ਕਰਕੇ, ਸਥਾਪਤ ਭਰਿਸ਼ਟ ਪ੍ਰਬੰਧ ਦੀਆਂ ਲੀਹਾਂ ਉਪਰ ਚੱਲਣ ਨੂੰ ਪਹਿਲ ਦਿੱਤੀ।

ਸ੍ਰੀ ਐਸ. ਤਰਸੇਮ ਨੇ ਇਕ ਚਿੱਠੀ ਕੱਢ ਕੇ ਸ੍ਰੀ ਗੁਰਸ਼ਨ ਸਿੰਘ ਉਪਰ ਇਹ ਇਲਾਂਜ਼ਾਮ ਲਾਉਂਦਿਆਂ ਸਦਾਚਾਰਤਾ ਨੂੰ ਤਿਲਾਂਜਲੀ ਹੀ ਦੇ ਦਿੱਤੀ। ਜਦ ਉਹਨਾਂ ਸ੍ਰੀ ਗੁਰਸ਼ਰਨ ਸਿੰਘ ਨੂੰ ਇਕ ਤਰ੍ਹਾਂ ਸਭਾ ਦੇ ਖ਼ਜ਼ਾਨੇ ਨੂੰ ਖਾਲੀ ਕਰਨ ਦਾ ਦੋਸ਼ੀ ਠਹਿਰਾ ਦਿੱਤਾ ਹੈ। ਜਦੋਂ ਉਹ ਇਕ ਵਾਰ ਸਭਾ ਦੇ ਪ੍ਰਧਾਨ ਸਨ। ਨਾਲ ਹੀ ਚਿੱਠੀ ਵਿੱਚ ਲਿਖਦੇ ਹਨ ਉਹਨਾਂ ਸਿਰਫ ਡੇਢ ਮੀਟਿੰਗ ਵਿਚ ਹੀ ਹਾਜ਼ਰੀ ਦਿੱਤੀ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਭਾ ਦਾ ਸਾਰਾ ਕੰਮਕਾਜ ਤੇ ਖ਼ਰਚ ਉਸ ਸਮੇਂ ਸਭਾ ਦੇ ਜਨਰਲ ਸਕੱਤਰ ਤਾਰਾ ਸਿੰਘ ਸੰਧੂ ਚਲਾ ਰਹੇ ਸਨ। ਕੀ ਫਿਰ ਸਭਾ ਦਾ ਖ਼ਰਚ ਸ੍ਰੀ ਸੰਧੂ ਰਾਹੀਂ ਹੋਇਆ ਜਾਂ ਸ੍ਰੀ ਗੁਰਸ਼ਰਨ ਸਿੰਘ ਦੁਆਰਾ ਜੋ ਮੀਟਿੰਗ ਵਿਚ ਹਾਜ਼ਰ ਨਹੀਂ ਸਨ ਹੋ ਸਕੇ ? ਇਕ ਕੁਚੱਜੀ ਜ਼ਨਾਨੀ ਵਾਂਗ ਘਟੀਆ ਕਿਸਮ ਦਾ ਮਿਹਣਾ ਇਸ ਲਈ ਦੇਣਾ ਪਿਆ ਕਿ ਸ੍ਰੀ ਗੁਰਸ਼ਰਨ ਸਿੰਘ ਨੇ ਉਹਨਾਂ ਦੇ ਖ਼ਿਲਾਫ ਚੋਣ ਲੜਨ ਦਾ ਆਪਣਾ ਅਧਿਕਾਰ ਕਿਉਂ ਵਰਤਿਆ ? ਫਿਰ ਤਰਸੇਮ ਜੀ, ਸ੍ਰੀ ਤਾਰਾ ਸਿੰਘ ਸੰਧੂ ਦਾ ਨਾ ਲੈਣੋਂ ਕਿਉਂ ਸ਼ਰਮਾ ਗਏ ? ਖ਼ੈਰ ਕੀ ਐਸ. ਤਰਸੇਮ ਦੱਸ ਸਕਦੇ ਹਨ ਕਿ ਲੰਘੇ ਚਾਰ ਸਾਲਾਂ ਵਿੱਚ ਜਦੋਂ ਉਹ ਜਨਰਲ ਸਕੱਤਰ ਰਹੇ ਸਨ, ਉਸ ਸਮੇਂ ਸਭਾ ਦਾ ਖ਼ਰਚ ਸ੍ਰੀ ਧੀਰ ਤੇ ਸ੍ਰੀ ਜਗਤਾਰ ਕਰਦੇ ਰਹੇ ਸਨ ? ਇਸ ਅਨੁਸਾਰ ਤਾਂ ਲੰਘੇ ਦੋ ਸਾਲਾਂ ਵਿੱਚ ਸਭਾ ਦੀ 534207 ਰੁਪਏ ਆਮਦਨ ਵਿਚੋਂ 406377 ਰੁ. ਦਾ ਖ਼ਰਚ ਪ੍ਰਧਾਨ ਜਗਤਾਰ ਨੇ ਕੀਤਾ ਹੋਇਆ ? ਜੇ ਇਹ ਗੱਲ ਦਰੁਸਤ ਹੈ ਤਾਂ ਫਿਰ ਸ੍ਰੀ ਗੁਰਸ਼ਰਨ ਸਿੰਘ ਜ਼ਿੰਮੇਂ ਦੋਸ਼ ਲਗਦਾ ਹੈ। ਨਹੀਂ ਤਾਂ ਸ੍ਰੀ ਐਸ ਤਰਸੇਮ ਦੱਸਣ ਕਿ ਉਹਨਾਂ ਸ੍ਰੀ ਤਾਰਾ ਸਿੰਘ ਦਾ ਨਾਂ ਕਿਉਂ ਨਹੀਂ ਲਿਆ ? ਕੀ ਇਹਨਾਂ ਦੀ ਨਜ਼ਰ ਭਵਿੱਖ ਵਿਚ ਸ੍ਰੀ ਤਾਰਾ ਸਿੰਘ ਸੰਧੂ ਦੀ ਪਾਰਟੀ ਦੀ ਸੰਭਾਵੀ ਸਰਕਾਰ ਤੋਂ ਕੋਈ ਲਾਹਾ ਖੱਟਣ ਦੀ ਪਹਿਲਾਂ ਹੀ ਵਿਉਂਤ ਬਣਾਈ ਹੋਈ ਹੈ ? ਅਸੀਂ ਪੁਛਣਾ ਚਾਹਾਂਗੇ ਕਿ ਲੰਘੇ ਦੋ ਸਾਲਾਂ ਵਿੱਚ ਦਿੱਤਾ ਹਿਸਾਬ, ਜੋ ਵੋਟਾਂ ਦੀ ਗਿਣਤੀ ਸਮੇਂ ਰਾਤ ਨੂੰ 10 ਵਜੇ ਤੋਂ ਪਿਛੋਂ ਪੰਜ ਚਾਰ ਮੈਂਬਰਾਂ ਦੇ ਮੰਗਣ ਉਪਰ ਕਿਉਂ ਦਿੱਤਾ ਗਿਆ ਤੇ ਇਜਲਾਸ ਕਰਨ ਤੋਂ ਕਿਉਂ ਕੰਨੀ ਕਤਰਾਈ ਗਈ ? ਕੀ ਹਿਸਾਬ ਕਿਤਾਬ ਵਿੱਚ ਕਿਸੇ ਤਰ੍ਹਾਂ ਦੀ ਕੋਈ ਗੜਬੜ ਤਾਂ ਨਹੀਂ ? ਕੀ ਸੱਚਮੁੱਚ ਹੀ ਪ੍ਰਿੰਟਿੰਗ, ਸਟੇਸ਼ਨਰੀ, ਟੈਲੀਫੂਨ ਤੇ ਦਫਤਰੀ ਅਮਲੇ ਦਾ ਖ਼ਰਚ 81134 ਰੁ. 50 ਪੈਸੇ ਹੋਇਆ ਹੈ? ਕੀ ਸਮਾਗਮਾਂ ਤੇ ਪੰਜਾਬੀ ਲੇਖਕ ਪੁਸਤਕਾਂ ਉਪਰ 115591 ਰੁ. 50 ਪੈਸੇ ਖ਼ਰਚ ਹੋਇਆ ਹੈ ? ਤੇ ਕੀ ਡਾਕ ਉਪਰ ਸਿਰਫ 27462 ਰੁ. ਖ਼ਰਚ ਹੋਇਆ ਹੈ ? ਇਹ ਸਾਰੇ ਖ਼ਰਚ ਭਰੋਸੇਯੋਗ ਨਹੀਂ ਜਾਪਦੇ। ਇਹਨਾਂ ਰਕਮਾਂ ਉਪਰ ਚਾਰਟਿਡ ਅਕਾਊਂਟੈਂਟ ਰਾਕੇਸ਼ ਕੁਮਾਰ ਜਿੰਦਲ ਦੀ ਮੋਹਰ ਲੱਗਣ ਨਾਲ ਇਹ ਕੀਤੇ ਖ਼ਰਚਾਂ ਦੀ ਪੜਤਾਲ ਨਹੀਂ ਹੋ ਜਾਂਦੀ। ਪੜਤਾਲ ਲਈ ਤਾਂ ਵਿਰੋਧੀ ਤੇ ਇਹਨਾਂ ਦੇ ਮੈਂਬਰਾਂ ਦੀ ਇਕ ਕਮੇਟੀ ਹੀ ਦੱਸ ਸਕਦੀ ਹੈ ਤੇ ਇਹ ਪੜਤਾਲ ਹੋਣੀ ਹੀ ਚਾਹੀਦੀ ਹੈ।

ਅਲੇਖਕ ਮੈਂਬਰਾਂ ਦੀਆਂ ਵੋਟਾਂ ਦੀ ਗੱਲ ਤਾਂ ਇਕ ਸਮੱਸਿਆ ਦੇ ਰੂਪ ਵਿੱਚ ਹੈ ਹੀ, ਇਸ ਬਾਰ ਤਾਂ ਜਾਅਲੀ ਵੋਟਾਂ, ਗੈਰਹਾਜ਼ਰ ਮੈਂਬਰਾਂ ਦੀਆਂ ਵੋਟਾਂ ਪਾਉਂਦੇ ਹੋਏ, ਇਕ ਜਾਂ ਦੋ ਨੂੰ ਨਹੀਂ ਅਨੇਕਾਂ ਮੈਂਬਰਾਂ ਨੂੰ ਰੋਕਿਆ ਗਿਆ। ਚੋਣ ਅਧਿਕਾਰੀਆਂ ਦੇ ਵੱਲੋਂ, ਉਹਨਾਂ ਦਾ ਪਿੰਡ, ਪਤਾ ਜਾਂ ਟੈਲੀਫੂਨ ਪੁੱਛਣ ਉਪਰ ਉਹ ਕੁਝ ਨਾ ਦੱਸ ਸਕੇ ਤੇ ਬਿਨਾਂ ਵੋਟ ਪਾਉਣ ਦੇ ਮੋੜੇ ਗਏ। ਏਥੋਂ ਤੱਕ ਕਿ ਕਈ ਤਾਂ ਆਪਣਾ ਨਾਂ ਵੀ ਥਥਲਾਉਂਦੇ ਹੋਏ ਦੱਸ ਰਹੇ ਸਨ। ਇਕ ਨੂੰ ਤਾਂ ਅਧਿਕਾਰੀਆਂ ਵੱਲੋਂ ਬੈਠਾਉਣਾ ਪਿਆ। ਪਰ ਇਥੇ ਕੋਈ ਪੁਲਸੀ ਅਧਿਕਾਰ ਤਾਂ ਹੈ ਨਹੀਂ ਸਨ ਕਿ ਸਜ਼ਾ ਹੁੰਦੀ। ਇਹ ਤਾਂ ਜਿੱਤ ਨੂੰ ਹਰ ਹਰਬੇ ਪ੍ਰਾਪਤ ਕਰਨ ਦੀ ਅਨੈਤਿਕ ਤੇ ਹਰ ਵਾਰ ਕੀਤੀ ਜਾਂਦੀ ਮੁਹਾਰਤ ਦਾ ਪ੍ਰਦਰਸ਼ਨ ਮਾਤਰ ਹੀ ਹੈ।

ਫਿਰ ਸਾਡੇ ਜਨਰਲ ਸਕੱਤਰ ਸਾਹਿਬ ਗ਼ੈਰਵਿਧਾਨਿਕ ਕੰਮ ਕਰਨ ਤੋਂ ਵੀ ਨਹੀਂ ਰੁਕੇ। ਉਹਨਾਂ ਦੋ ਸੌ ਦੇ ਕਰੀਬ ਉਹ ਨਵੇਂ ਮੈਂਬਰ ਵੀ ਵੋਟ ਸੂਚੀ ਵਿੱਚ ਸ਼ਾਮਲ ਕਰ ਲਏ ਜੋ ਉਹਨਾਂ, ਪ੍ਰਾਧਨਗੀ ਤੇ ਜਨਰਲ

ਸਕੱਤਰੀ ਜਿੱਤਣ ਲਈ ਭਰਤੀ ਕੀਤੇ ਸਨ। ਇਹਨਾਂ ਵਿਚ ਵੀ ਮੈਂਬਰ ਬਣਨ ਦੀ, ਪੰਜ ਕਵਿਤਾਵਾਂ ਛਾਪ ਕੇ, ਚੋਰ ਮੋਰੀ ਵਾਲੀ ਸ਼ਰਤ ਰਾਹੀਂ ਮੈਂਬਰ ਬਣੇ ਵੱਡੀ ਗਿਣਤੀ ਹਨ। ਉਹ ਨਵੇਂ ਮੈਂਬਰ ਦੀ ਪੜਤਾਲ ਦੇ ਦਿਨ ਮੈਂਬਰ ਬਣੇ ਸਨ ਜਦੋਂ ਕਿ ਸਭਾ ਦੇ ਸੰਵਿਧਾਨ ਦੀ ਧਾਰਾ 8 (ੳ) ਵਿਚ ਦਰਜ ਹੈ :

"ਕੇਂਦਰੀ ਸਭਾ ਦੇ ਨਵੇਂ ਬਣਨ ਵਾਲੇ ਜੀਵਨ ਮੈਂਬਰਾਂ, ਸਿੱਧੇ ਮੈਂਬਰਾਂ ਤੇ ਕੇਂਦਰੀ ਸਭਾ ਨਾਲ ਸੰਬੰਧਤ ਸਭਾਵਾਂ ਰਾਹੀਂ ਬਣੇ ਮੈਂਬਰਾਂ ਦਾ ਜੀਵਨ ਮੈਂਬਰ/ਵਾਰਸ਼ਿਕ ਚੰਦਾ 'ਕੇਂਦਰੀ ਸਭਾ' ਦੇ ਦਫ਼ਤਰ ਵਿੱਚ 31 ਅਗਸਤ ਤੱਕ ਪੁੱਜਣਾ ਲਾਜ਼ਮੀ ਹੋਵੇਗਾ। ਇਸ ਤਾਰੀਖ ਤੋਂ ਪਿਛੋਂ ਚੰਦਾ ਤਾਰਨ ਵਾਲਾ ਵਿਅਕਤੀ ਮੈਂਬਰ ਤਾਂ ਬਣ ਸਕੇਗਾ, ਬਣਿਆ ਰਹਿ ਸਕੇਗਾ, ਪਰ ਉਹ ਉਸ ਵਰ੍ਹੇ ਵਾਲੀ ਚੋਣ ਪ੍ਰਕਿਰਿਆ ਵਿਚ ਭਾਗ ਨਹੀਂ ਲੈ ਸਕੇਗਾ।"

ਜਨਰਲ ਸਕੱਤਰ ਸ੍ਰੀ ਐਸ ਤਰਸੇਮ ਨੇ 28 ਅਕਤੂਬਰ 2001 ਦੇ ਦਿਨ ਮੈਂਬਰ ਬਣੇ ਸੈਂਕੜੇ ਮੈਂਬਰਾਂ ਨੂੰ ਕੇਵਲ ਤੇ ਕੇਵਲ ਚੋਣ ਜਿੱਤਣ ਲਈ ਹੀ ਪੰਜਾਬੀ ਲੇਖਕ ਦੇ ਚੋਣ ਮੈਂਬਰਸ਼ਿਪ ਅੰਕ ਦੀ ਲੜੀ : 55 ਨਵੰਬਰ 2001 ਵਿੱਚ ਛਾਪ ਕੇ ਇਸ ਉੱਚੇ ਅਹੁਦੇ ਦੀ ਕੀ ਦੁਰਵਰਤੋਂ ਨਹੀਂ ਕੀਤੀ ? ਅਸੀਂ ਸਭਾ ਦੀ ਪ੍ਰਤਿਸ਼ਤਾ ਦਾ ਅਤੇ ਵਿਰਸੇ ਦੀ ਰਾਖੀ ਕਰਨ ਦੀ ਕਿਵੇਂ ਆਸ ਰੱਖ ਸਕਦੇ ਹਾਂ।

ਕਿਤਾਬ ਤੋਂ ਬਿਨਾਂ ਮੈਂਬਰ ਬਣਨ ਵਾਲਿਆਂ ਲਈ ਅਖ਼ਬਾਰਾਂ ਰਸਾਲਿਆਂ ਵਿੱਚ ਛਪਦੇ ਰਹਿਣ ਦੀ ਸ਼ਰਤ, ਚੋਣ ਜਿੱਤਣ ਵਾਲਿਆਂ ਦੇ ਲਈ ਪੂਰੀ ਕਰਨੀ ਔਖੀ ਨਹੀਂ, ਕਿਉਂਕਿ ਉਹ ਤਾਂ ਕਾਲਮ ਲਿਖ ਲਿਖ ਕਾਗਜ਼ ਕਾਲੇ ਕਰਨ ਦਾ ਸ਼ੌਕ ਧੰਦਾ ਕਰਨ ਦੇ ਆਦੀ ਹੋਏ ਹੁੰਦੇ ਹਨ। ਕਿਸੇ ਲਈ ਦਸ-ਬਾਰਾਂ ਤੁਕਾਂ ਛਾਪ, ਛਪਵਾ ਦੇਣੀਆਂ ਉਹਨਾਂ ਲਈ ਕਿਹੜੀਆਂ ਔਖੀਆਂ ਹੁੰਦੀਆਂ ਹਨ। ਜਦੋਂ ਸਭਾ ਦੀ ਮੀਟਿੰਗ ਵਿੱਚ ਇਹ ਸਵਾਲ ਉਠਾਇਆ ਤੇ ਕਾਫੀ ਮੈਂਬਰ ਸਹਿਮਤ ਸਨ ਕਿ ਮੈਂਬਰ ਬਣਨ ਦੀ ਸ਼ਰਤ ਕਿਤਾਬ ਛਪਣੀ ਹੋਣੀ ਜ਼ਰੂਰੀ ਹੋਣੀ ਚਾਹੀਦੀ ਹੈ ਤਾਂ ਨਵੇਂ ਚੁਣੇ ਜ. ਸਕੱਤਰ ਸ੍ਰੀ ਜੌੜਾ ਨੇ ਰਾਏ ਪੇਸ਼ ਕੀਤੀ ਕਿ ਪਹਿਲੇ ਬਣੇ ਮੈਂਬਰ ਰਹਿਣੇ ਚਾਹੀਦੇ ਹਨ। ਅਗੋਂ ਬੇਸ਼ੱਕ ਪਾਬੰਦੀ ਲਾ ਦੇਵੋ। ਕੀ ਇਸ ਤੋਂ ਅਸਲੀਅਤ ਦਾ ਪਤਾ ਲੱਗਣਾ ਲੁਕਿਆ ਰਹਿੰਦਾ ਹੈ ਕਿ ਉਹਨਾਂ ਦੀ ਇਸ ਪਰਥਾਏ ਪਹਿਲਾਂ ਕੀਤੀ ਘਾਲਣਾ ਅਜਾਈਂ ਨਾ ਜਾਵੇ। ਇਹਨਾਂ ਲੋਕਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ ? ਕਿਉਂਕਿ ਕਿ ਅਲੇਖਕ ਤਾਂ ਇਹਨਾਂ ਲਈ ਵਰਦਾਨ ਹਨ।

ਇਸ ਬਾਰੇ ਤਾਂ ਕਹਿੰਦੇ ਚੰਗੇ ਵੀ ਨਹੀਂ ਲੱਗਦੇ ਕਿ ਕਿਸੇ ਦੇ ਨਿਜੀ ਜੀਵਨ ਜਾਂ ਨਿਜੀ ਆਜ਼ਾਦੀਆਂ ਤੇ ਇਹ ਕਹਿ ਕੇ ਕਿੰਤੂ ਕਰੀਏ ਕਿ ਵੋਟਾਂ ਦੇ ਦਿਨ ਜਿੱਤਣ ਵਾਲੇ ਮੈਂਬਰ ਤਰਾਰੇ ਵਿਚ ਫਿਰ ਰਹੇ ਸਨ। ਤੇ ਗਿਣਤੀ ਸਮੇਂ ਤੇ ਸੂਰਜ ਛੁਪਣ ਸਮੇਂ ਤਾਂ ਸ਼ਾਇਦ ਘੁਟ ਪੀਣੀ ਅਜੋਕੇ ਉਪ-ਭੋਗਤਾਵਾਦੀ ਸੱਭਿਆਚਾਰ ਦਾ ਅੰਗ ਹੀ ਹੈ ਪਰ ਚੋਣ ਜਿੱਤ ਕੇ ਰਾਤ ਨੂੰ 12 ਵਜੇ ਖੰਗੂਰੇ, ਲਲਕਾਰੇ ਮਾਰਨੇ ਭਾਵੇਂ ਕਿਸੇ ਆਮ ਸਾਹਿਤਕਾਰ ਲਈ ਵੀ ਸੁਹੰਦੇ ਨਹੀਂ, ਪਰ ਪੰਜਾਬੀ ਭਵਨ ਵਿੱਚ ਅਜਿਹਾ ਕੀਤਾ ਜਾਣਾ ਕਿਸੇ ਤਰ੍ਹਾਂ ਵੀ ਪ੍ਰਸੰਸਾ ਯੋਗ ਨਹੀਂ ਹੈ।

ਅੰਤ ਉਪਰ ਅਸੀਂ ਨਵੇਂ ਚੁਣੇ ਗਏ ਸਾਰੇ ਦੇ ਸਾਰੇ ਬਾਰਾਂ ਮੈਂਬਰਾਂ ਤੇ ਉਹਨਾਂ ਵਲੋਂ ਨਾਮਜ਼ਦ ਕੀਤੇ ਜਾਣ ਵਾਲੇ ਮੈਂਬਰਾਂ ਦੀ ਸਮੁੱਚੀ ਕਮੇਟੀ ਤੋਂ ਮੰਗ ਕਰਦੇ ਹਾਂ ਕਿ ਅਲੇਖਕ ਮੈਂਬਰਾਂ ਦੇ ਰੋਗ ਦੀ ਸਮੱਸਿਆ ਨੂੰ ਪਹਿਲ ਦੇ ਆਧਾਰ ਉਪਰ ਨਜਿੱਠਿਆ ਜਾਵੇ ਅਤੇ ਉਹਨਾਂ ਨੂੰ ਸਾਹਿਤ ਪ੍ਰੇਮੀ ਵਜੋਂ ਮੈਂਬਰ ਬਣਨ ਦੇ ਲਈ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਪ੍ਰੰਤੂ ਵੋਟਰ ਵਜੋਂ ਉਹਨਾਂ ਦੀ ਅਯੋਗ ਢੰਗ ਨਾਲ ਵਰਤੋਂ ਸਭਾ ਦੇ ਜੀਵਨ ਲਈ ਘਾਤਕ ਹੈ। ਜੋ ਕਿ ਗੈਰਜਮਹੂਰੀ, ਅਨਿਆਂਭਰੀ ਅਤੇ ਚੋਣਾਂ ਵਿੱਚ ਹੇਰਾ ਫੇਰੀ ਤੋਂ ਘੱਟ ਨਹੀਂ ਸਮਝੀ ਨਹੀਂ ਜਾਣੀ ਚਾਹੀਦੀ। ਕਿਸੇ ਇਕ ਦੋ ਮੈਂਬਰਾਂ ਦੀ ਅਣਜਾਣੇ ਬਣੀ ਵੋਟ ਤਾਂ ਸਮਝ ਵਿਚ ਆ ਸਕਦੀ ਹੈ ਪ੍ਰੰਤੂ ਚੋਣਾਂ ਜਿੱਤਣ ਲਈ ਥੋਕ ਵਿੱਚ ਬਣੀਆਂ ਸੈਂਕੜੇ ਵੋਟਾਂ ਚੋਣ ਬੇਜ਼ਾਬਤਗੀ ਹੀ ਸਮਝੀ ਜਾਣੀ ਚਾਹੀਦੀ ਹੈ। —*ਸੰਪਾਦਕੀ ਮੰਡਲ*

❖❖❖



**ਨਜ਼ਮ**

## ਦਲਿਤ / *ਅਜਾਇਬ ਕਮਲ*

1.

ਉਸ ਨੂੰ
ਜੀਵਤ ਮਨੁੱਖ ਨਹੀਂ
ਮੁਰਦਾ ਪੱਥਰ ਸਮਝਿਆ ਗਿਆ
ਸਮਾਜਕ ਜੀਵ ਨਹੀਂ
ਅਕਲੋਂ ਕੋਰਾ
ਜੰਗਲੀ ਜਾਨਵਰ ਆਖਿਆ ਗਿਆ

ਮੰਨੂੰ ਵਿਚ ਸਿਰਭਾਰ ਉਲਟੇ
ਪੁੱਠੀ ਖੋਪਰੀ ਵਾਲੇ ਬ੍ਰਾਹਮਣ ਦੀ
ਕੂਟ ਨੀਤੀ ਨੇ
ਉਸ ਦੁਆਲੇ ਜ਼ਾਤਪਾਤ ਦਾ
ਐਸਾ ਲੋਹ ਜਾਲ ਫੈਲਾ ਦਿਤਾ
ਸਦੀਆਂ ਲਈ ਉਸ ਭੋਲੇ ਭਾਲੇ
ਪਵਿੱਤਰ ਮਨੁੱਖ ਨੂੰ
ਭਿੱਟਿਆ ਹੋਇਆ ਅਛੂਤ ਬਣਾ ਦਿਤਾ
ਵੈਦਕ ਵਿਦਿਆ ਨਾਲ ਉਸਦੇ ਮੱਥੇ ਤੇ
ਨੀਚਜ਼ਾਤ ਦਾ ਕਲੰਕੀ ਠੱਪਾ ਲਾ ਦਿੱਤਾ

ਇਤਹਾਸ ਸਾਖੀ ਹੈ
ਹਰ ਯੁਗ 'ਚ ਸੱਤਾਧਾਰੀਆਂ ਵਲੋਂ
ਦੁਰਬਲਾਂ ਦੀ ਮੈਂ ਨੂੰ
ਭਾਰੀ ਬੂਟਾਂ ਦੇ ਤਲਿਆਂ ਹੇਠ
ਲਤਾੜਿਆ ਜਾਂਦਾ ਰਿਹਾ
ਅੰਨਾਂ ਗੂੰਗਾ ਬੋਲਾ ਬਣਾ
ਸਵਰਨ ਜਾਤੀਆਂ ਵੱਲੋਂ
ਉਸਦੀ ਨਿਰਛਲ ਆਤਮਾ ਨੂੰ
ਤਸੀਹੇ ਦੇ ਬੇਕਿਰਕ ਹੋ
ਮਾਰਿਆ ਜਾਂਦਾ ਰਿਹਾ
ਸ਼ਾਸਤਰੀ ਪਰਚਾਰ ਨਾਲ
ਉਸਨੂੰ ਅਧਰਮੀ ਅਸਭਯ
ਕਮੀਣੇ ਕਹਿ ਕੇ
ਦੁਰਕਾਰਿਆ ਜਾਂਦਾ ਰਿਹਾ

2.

ਦਿਨ ਦਿਹਾੜੇ
ਸਮਾਜਕ ਹਿੰਸਾਵਾਦੀ
ਉਸ ਤੋਂ ਉਸਦੀ ਹਓਂ, ਉਸਦੀ ਭੋਂ
ਉਸ ਦਾ ਸੱਚ ਖੋਹੰਦੇ ਰਹੇ
ਉਸਦੀ ਮਰਜ਼ੀ
ਉਸ ਦਾ ਰੱਬ ਖੋਹੰਦੇ ਰਹੇ
ਧਰਮ ਵਿਦਿਆ ਗਿਆਨ ਖੋਹੰਦੇ ਰਹੇ
ਸ਼ਕਲ ਚਿਹਰਾ, ਪਛਾਣ ਖੋਹੰਦੇ ਰਹੇ
ਕ੍ਰਿਤ, ਰੋਟੀ, ਮਾਨਵੀ ਅਧਿਕਾਰ ਖੋਹੰਦੇ ਰਹੇ
ਸਮਾਜਕ ਸਤਿਕਾਰ ਖੋਹੰਦੇ ਰਹੇ

3.

ਉਹ ਬੁਧ ਸੀ
ਜਿਸਨੂੰ ਪਹਿਲੀ ਵਾਰ ਇਸਦਾ ਲਹੂ
ਸਵਰਨ ਜਾਤੀਆਂ ਵਾਂਗ
ਸ਼ੁੱਧ ਤੇ ਪਵਿੱਤਰ ਦਿਸਿਆ
ਉਹ
ਕਬੀਰ ਤੇ ਨਾਨਕ ਸਨ
ਜਿਨ੍ਹਾਂ ਨੂੰ ਇਸਦੀ ਆਤਮਾ 'ਚ
ਜੀਉਂਦਾ ਜਾਗਦਾ ਰੱਬ ਬੋਲਦਾ ਸੁਣਿਆ
ਉਹ ਗੋਬਿੰਦ ਸਿੰਘ ਸੀ
ਜਿਸਨੇ ਇਸਨੂੰ ਆਪਣੇ
ਚਮਤਕਾਰੀ ਰੂਪ ਵਿਚ ਸਜਾਇਆ
ਸਰਦਾਰ ਕਹਿਕੇ ਬੁਲਾਇਆ
ਸਵਰਨ ਜਾਤੀਆਂ ਬਰਾਬਰ ਬਿਠਾਇਆ
ਉਹ ਗਾਂਧੀ ਸੀ
ਜਿਸਨੇ ਇਸਨੂੰ ਅਧਿਕਾਰਹੀਣ ਦੇਖ
ਵੋਟ ਦਾ ਅਧਿਕਾਰ ਦਿਵਲਾਇਆ
ਉਹ ਬਾਬਾ ਅੰਬੇਡਕਰ ਸੀ
ਜਿਸਨੇ
ਸਦੀਆਂ ਦੇ ਦੱਬੇ ਕੁਚਲੇ
ਤ੍ਰਿਸਕਾਰੇ ਮਨੁੱਖ ਨੂੰ
ਮੁੜਕੇ ਇਸਦਾ ਅਸਲੀ ਚਿਹਰਾ ਦਿਖਾਇਆ
ਘੂੱਕ ਸੁਤੇ, ਘੁਰਾੜੇ ਮਾਰਦੇ ਨੂੰ
ਅਧਿਕਾਰ ਪ੍ਰਾਪਤੀ ਲਈ ਮੁੜਕੇ ਜਗਾਇਆ
ਇਸ ਦੀ ਮਿੱਟੀ ਹੋਈ ਮੁਰਦਾ ਰੂਹ ਨੂੰ
ਉਪਰ ਉਠਾਇਆ
ਗੁਰਬੱਤ ਦੀ ਚੱਕੀ 'ਚ ਪਿਸਦੇ ਨੂੰ
ਮਾਨਵੀ ਸਮਾਨਤਾ ਵਾਲੇ ਰਾਹ ਪਾਇਆ
ਪਰ ਅਸਲੀਅਤ ਇਹ ਹੈ
ਦਲਿੱਤ ਹਾਲੇ ਵੀ ਖੰਡਤ ਹੈ
ਜਿਸਮ ਟੁਕੜਿਆਂ 'ਚ ਵੰਡਿਆ ਪਿਆ
ਸੱਚ ਹਾਲੇ ਵੀ ਵਿਖੰਡਤ ਹੈ
ਸੋਧ ਤੇ ਸੋਝੀ ਬਿਨ
ਇਸਦਾ ਵਿਅਕਤਿਵ
ਹਾਲੇ ਵੀ ਅਧੂਰਾ ਹੈ
ਸੰਘਰਸ਼ ਹਾਲੇ ਵੀ 'ਅਧੂਰਾ' ਹੈ
ਇਸ ਦੀ ਜੀਵਨ ਰੇਖਾ
ਹਾਲੇ ਵੀ ਟੇਢੀ ਏ
ਸਫ਼ਰ ਹਾਲੇ ਵੀ ਬਿਖੜਾ
ਮੰਜ਼ਲ ਹਾਲੇ ਵੀ ਦੁਰੇਡੀ ਏ।

✪

## ਕੰਮੀ ਦੀ ਧੀ / *ਹਬੀਬ ਜਾਲਿਬ*

ਧੀ ਕੰਮੀ ਦੀ
ਵੱਡੇ ਘਰ ਵਿਚ
ਬੁੱਤੀਆਂ ਕਰਦੀ
ਹੰਝੂ ਪੀਂਦੀ, ਹਉਕੇ ਭਰਦੀ,
ਬੁੱਢੇ ਖ਼ਾਨ ਦਾ ਹੁੱਕਾ
ਦਿਨ ਵਿਚ
ਸੌ ਸੌ ਵਾਰੀ ਤਾਜ਼ਾ ਕਰਦੀ
ਸਭ ਦੀ ਗੋਲੀ
ਸਭ ਤੋਂ ਡਰਦੀ

ਖ਼ਾਨ ਦਾ ਪੁੱਤਰ
ਬੈਠਕ ਦੇ ਵਿੱਚ
ਹਾਸੇ ਭਾਣੇ ਬਾਂਹ ਫੜ ਲੈਂਦਾ
ਐਵੇਂ ਹੱਸਦਾ ਐਵੇਂ ਖਹਿੰਦਾ
ਕੀ ਦੱਸਾਂ ਉਹ ਕੀ ਕੀ ਕਹਿੰਦਾ

ਅੱਧੀ ਰਾਤੀ ਛੋਟੀ ਬੀਬੀ ਕਹਿੰਦੀ
ਉੱਠ ਤਕੀਏ ਵੱਲ ਚੱਲੀਏ

ਜੇ ਕੰਮੀ ਨੇ ਪਿੰਡ ਵਿਚ ਰਹਿਣਾ
ਫਿਰ ਇਹ ਸਭ ਕੁਝ ਕਰਨਾ ਪੈਣਾ।

✡✡✡

## ਟੁੰਡੇ ਹੱਥ ਦਾ ਬਿੰਬ / *ਹਰਭਜਨ ਸਿੰਘ ਹੁੰਦਲ*

ਮੈਂ ਕਾਹਦਾ ਕਲਾਕਾਰ ਹਾਂ ਯਾਰੋ
ਮੈਥੋਂ ਤਾਂ ਅਜੇ ਤੀਕ
ਅਜੇਹਾ ਇੱਕ ਵੀ ਬੰਦ ਨਹੀਂ ਰਚਿਆ ਗਿਆ
ਕਿ ਜਿਹੜਾ ਨਾਮ੍ਹੇ ਮਜ਼ਹਬੀ ਦੇ ਉਮਰ ਭਰ ਦੇ
ਦਰਦ ਦੀ ਦਵਾ ਬਣ ਸਕਦਾ।

ਨਾ ਹੀ ਅਜੇਹਾ ਬਿੰਬ ਸਿਰਜ ਹੋਇਆ ਹੈ
ਜੋ ਉਸ ਦੀ ਬੰਸੋ ਦੇ ਘਾਹ ਖੋਤਰਦੇ
ਟੁੰਡੇ ਹੱਥ ਦੇ ਹਾਣ ਦਾ ਹੁੰਦਾ।

ਮੈਨੂੰ ਤਾਂ ਹਾਲੀ ਤੀਕ ਵੀ ਸਮਝ ਨਹੀਂ ਆਈ
ਕਿ ਬੰਸੋ, ਜਿਸ ਨੂੰ ਕੱਲ ਖਲੋਤਾ ਆਦਮੀ ਨਹੀਂ ਦਿਸਦਾ,



ਘਾਹ ਦੀਆਂ ਤ੍ਰਿੜਾਂ ਲੱਭ ਕਿਵੇਂ ਲੈਂਦੀ ਹੈ।
ਦਿਨ ਭਰ ਦੀ ਸਾਰੀ ਤਲਖ਼ੀ ਤੇ ਥਕੇਵਾਂ
ਨਾਮ੍ਹਾਂ ਉਹਨੂੰ ਗਾਲਾਂ ਕੱਢ ਕੇ ਹਜ਼ਮ ਕਰਦਾ ਹੈ।

ਪਰ ਉਹ ਪਿਉ ਦੀ ਧੀ
ਸ਼ਾਮ ਨੂੰ ਘਾਹ ਦੀ ਪੰਡ ਲਿਆਉਣਾ ਨਹੀਂ ਭੁੱਲਦੀ।

ਕਦੇ ਵਕਤ ਸੀ
ਬੰਸੋ ਦੀਆਂ ਅੱਖਾਂ ਵਿਚ ਵੀ ਸੂਰਜ ਦਗਦਾ ਸੀ
ਜਿਸ ਵੱਟ-ਬੰਨੇ ਤੇ ਪੈਰ ਧਰਦੀ
ਕਿਰਨਾਂ ਦੇ ਬਲੌਰ ਲਿਸ਼ਕ ਪੈਂਦੇ

ਬੱਗੇ ਬਲਦਾਂ ਦੀ ਜੋੜੀ ਨਾਲ ਹਲ ਵਾਹੁੰਦਾ ਹਰਨਾਮਾ
ਗੀਤ ਗਾਉਂਦਾ, ਹਵਾ ਵਿਚ ਸ਼ਹਿਦ ਘੋਲ ਦਿੰਦਾ
ਤੇ ਛਾਹ-ਵੇਲਾ ਲਿਆਈ ਬੰਸੋ
ਬੰਨੇ ਤੇ ਬੈਠ ਉਡੀਕਦੀ ਰਹਿੰਦੀ।
ਪਰ ਉਸ ਦੀ ਹੇਕ ਨਾ ਟੁੱਟਦੀ।

ਖੌਰੇ ਕਿਸ ਚੰਦਰੀ ਘੜੀ
ਧੂੜਾਂ ਪੁੱਟਦੇ ਟਰੈਕਟਰ ਪਿੰਡ ਆ ਵੜੇ
ਕਿ ਨਾਮੇ ਨੂੰ ਬੱਗੇ ਬਲਦਾਂ ਦੀ ਜੋੜੀ ਵੇਚ
ਦਿਹਾੜੀਦਾਰ ਬਣਨਾ ਪਿਆ।

ਤੇ ਬੰਸੋ ਨੂੰ ਘਾਹ ਦੇ ਰੁੱਗ ਰੁੱਗ ਲਈ
ਮੁਸ਼ਟੰਡੇ ਮੁੰਡਿਆਂ ਦੀਆਂ ਮਸ਼ਕਰੀਆਂ
ਦਾ ਜ਼ਹਿਰ ਪੀਣਾ ਪਿਆ

ਉਹ ਪੁਰਾਣੇ ਵਕਤਾਂ ਨੂੰ ਯਾਦ ਕਰਦੀ ਹੈ
ਵਰਤਮਾਨ ਨੂੰ ਕੋਸਦੀ ਹੈ
ਸੋਚਦੀ ਹੈ
ਪਰ ਉਸ ਦੇ ਪਿੜ-ਪੱਲੇ ਕੁਝ ਨਹੀਂ ਪੈਂਦਾ
ਕਿ ਮਸ਼ੀਨਾਂ ਮਨੁੱਖੀ ਰਿਸ਼ਤਿਆਂ ਦਾ
ਕਿਵੇਂ ਕੁਤਰਾ ਕਰਦੀਆਂ ਨੇ

## ਮੀਤੋ ਮਜ਼੍ਹਬਣ / *ਸੁਖਵੰਤ ਕੌਰ ਮਾਨ*

ਆਂਹਦੇ ਨੇ ਉਹਦਾ ਖ਼ਸਮ ਰਾਤ ਪਾਣੀ ਲਾਉਂਦਾ
ਸਰਦਾਰਾਂ ਦੀ ਬੰਬੀ 'ਤੇ ਸੱਪ ਲੜ ਕੇ ਮਰ ਗਿਆ ਸੀ
ਆਂਹਦੇ ਨੇ ਉਹ ਸੱਪਾਂ ਦੀ ਪੂਜਾ ਕਰਿਆ ਕਰਦਾ ਸੀ.....
ਤੇ ਕਾਲੇ ਨਾਗ ਦੀ ਖੁੱਡ ਤੇ ਉਹ ਕੱਚਾ ਦੁੱਧ ਪਾਉਣਾ

ਕਦੀ ਨਹੀਂ ਸੀ ਭੁੱਲਦਾ......
ਸੱਪੀਂ ਦੁੱਧ ਪਿਆਈਏ ਕਦੇ ਨਾ ਹੁੰਦੇ ਮਿੱਤ,
ਬੱਗਿਆ ਕਾਲੇ ਨਾਗਾਂ ਨੂੰ ਮਿੱਤ ਨਾ ਜਾਣੀਏਂ।'
ਸੁਣਕੇ ਉਹ ਸਿਰਫ਼ ਹੱਸ ਛੱਡਦਾ,
ਆਖ਼ਰ ਜੋ ਹੋਣਾ ਸੀ ਹੋ ਗਿਆ
ਸ਼ਾਹ ਕਾਲੀ ਭਾਦਰੋਂ ਦੀ ਇਕ ਰਾਤੇ
ਕਾਲੇ ਨਾਗ ਦੀ ਖੁੱਡ ਕੋਲ ਉਹ ਮਰਿਆ ਪਿਆ ਸੀ
ਤੇ ਪਿੰਡ 'ਚ ਸੱਪ ਦੇ ਡੰਗ ਨਾਲ ਮਰਨਾ
ਇੱਕ ਆਮ ਜਿਹੀ ਗੱਲ ਸੀ।
ਫਿਰ ਮੀਤੋ ਮਜ਼ੂਬਣ ਸੀ ਉਹਦਾ ਇੱਕ ਅੰਞਾਣਾ ਜਿਹਾ ਛੋਹਰ
ਤੇ ਇਕ ਨਿੱਕੀ ਜਿਹੀ ਨਕਚੋਚੋ ਕੁੜੀ......
ਇਕ ਘੁਣ ਖਾਧੀਆਂ ਕੜੀਆਂ ਵਾਲਾ ਕੋਠਾ ਸੀ
ਜਾਂ ਫਿਰ ਮੀਤੋ ਮਜ਼ੂਬਣ ਦੀ ਨਿਮਾਣੀ ਜਹੀ ਜਿੰਦ

✡ ✡ ✡

ਕੱਲੀ ਮੀਤੋ ਸੀ ਤੇ ਸਾਰਾ ਪਿੰਡ ਸੀ,
ਬਨੇਰੇ ਤੇ ਕਾਵਾਂ ਦੀ ਹੇੜ ਸੀ
ਤੇ ਅੰਦਰ ਚੂਹਿਆਂ ਦੀ ਕੁਰਬਲ ਕੁਰਬਲ
ਪਰ ਸਰਦਾਰ ਦੀ ਹੁਣ ਉਹਦੇ 'ਤੇ ਖ਼ਾਸ ਈ ਮਿਹਰ ਸੀ
ਮੀਤੋ ਦੇ ਦੋਹਾਂ ਅੰਞਾਣਿਆਂ ਲਈ ਹੁਣ
ਦੁੱਧ ਦੀ ਗਿਲਾਸੀ ਮਿਲ ਜਾਂਦੀ
ਗਊ ਲਈ ਹਰਿਆ ਉਹ ਜਿਵੇਂ ਬਿਣ ਪੁਛਿਆਂ ਹੀ ਵੱਢ ਲਿਆਉਂਦੀ........
ਘਰ ਹਾੜ੍ਹੀ ਸਾਉਣੀ ਦਾਣਿਆਂ ਦੀ ਪੰਡ ਆ ਟਿਕਦੀ
ਤੇ ਬਨੇਰੇ ਤੇ ਬੈਠੇ ਕਾਵਾਂ ਨੂੰ ਉਡਾਉਣ ਲਈ
ਸਰਦਾਰ ਨੇ ਆਪਣੀ ਬੰਦੂਕ ਨਾਲ
ਕਾਂ ਮਾਰਕੇ ਮੀਤੋ ਦੇ ਘਰ ਦੀ ਕਿੱਕਰੀ 'ਤੇ ਟੰਗ ਦਿੱਤਾ ਸੀ......
'ਤੇ ਉਹਦੀ ਘਚੋਰ ਕੋਠੜੀ 'ਚ
ਹੁਣ ਫੇਰ ਦੀਵਾ ਬਲਣ ਲੱਗ ਪਿਆ ਸੀ
ਆਉਂਦੇ ਸਾਲ ਉਹਨੇ ਫਿਰ ਆਪਣੇ ਚੌਂਕੇ 'ਚ
ਮੋਰਨੀਆਂ ਵਾਲਾ ਆਲਾ ਪਾ ਲਿਆ ਸੀ
ਪਿੰਡੋਂ ਪਾਰਲੇ ਟੋਭੇ ਦੀ ਚਿੱਟੀ ਚੀਕਣੀ
ਮਿੱਟੀ ਦਾ ਪੋਚਾ ਫੇਰ ਉਤੇ ਨਜ਼ਰ ਟਪਾਰ ਲਈ
ਉਹਨੇ ਕਾਲੀ ਹਾਂਡੀ ਮੂਧੀ ਮਾਰ ਦਿੱਤੀ ਸੀ।

✡ ✡ ✡

ਭੋਲੀਏ ਮੀਤੀਏ! ਨਹੀਂ ਸਾਏਂ ਜਾਣਦੀ,
ਤੇਰਾ ਆਬਨੂਸੀ ਰੰਗ ਦਾ ਬੁੱਤ ਤਾਂ
ਇੱਕ ਸ਼ਾਹਕਾਰ ਸੀ!
ਲੰਮੀ ਸਿੱਧੀ ਗ਼ਰਦਨ, ਸਿੱਧਾ-ਸਤੂਰ ਤਣਿਆਂ ਹੋਇਆ ਜਿਸਮ
ਤੁਰਦੀ ਤਾਂ ਬਨਿਸਤ ਮੋਰਨੀ ਲਗਦੀ
ਹੱਸਦੀ ਤਾਂ ਜਿਵੇਂ ਚੰਬਾ ਖਿੜ ਖਿੜ ਪੈਂਦਾ



(ਭਾਵੇਂ ਹੱਸਣਾ ਮਮਨੂਹ ਸੀ)
ਤੇ ਆਖ਼ਰ ਰੋ ਵੀ ਕੋਈ ਕਿੰਨਾ ਕੁ ਚਿਰ ਸਕਦਾ ਏ
ਨਾਲੇ ਮਰਨ ਵਾਲੇ ਕਿਹੜਾ ਮੁੜਦੇ ਨੇ....
ਖ਼ੈਰ ਮੀਤੋ ਖ਼ੁਸ਼ ਸੀ,
ਮੀਤੋ ਲਈ ਤਾਂ ਸਰਦਾਰਨੀ ਦਾ ਪਾਟਾ ਪੁਰਾਣਾ ਈ ਬੜਾ ਸੀ
ਮੁੰਡੇ ਤੇ ਕੁੜੀ ਕੋਲੋਂ ਸਰਦਾਰ ਦੇ ਅੰਞਾਣਿਆਂ ਦਾ
ਉਤਾਰ ਨਹੀਂ ਸੀ ਮੁੱਕਦਾ......
(ਨਾਲੇ ਖ਼ਸਮ ਦੇ ਵਾਰੇ ਉਹ ਕਿਹੜਾ
ਪੱਟ ਝੂਟਦੀ ਸੀ)
ਸੂਰਜ ਉਗਦੇ ਹੀ ਮੁੰਡੇ ਤੇ ਕੁੜੀ ਨੂੰ ਉਂਗਲ ਲਾਈ
ਉਹ ਸਰਦਾਰ ਦੇ ਘਰ ਨੂੰ ਛਿੜ ਜਾਂਦੀ
ਬਹੁਕਰ ਮਾਰਦੀ ਤਾਂ ਵਿਹੜਾ ਝੰਮ ਝੰਮ ਕਰਨ ਲਗਦਾ!
ਭਾਂਡੇ ਮਾਂਜਦੀ ਤਾਂ ਵਿਚੋਂ ਮੂੰਹ ਦਿਸਦਾ!
ਕੱਪੜੇ ਧੋਂਦੀ ਤਾਂ ਚਿੱਟ-ਚਟੈਣ!
ਪੀਹਣ ਕਰਦੀ ਤਾਂ ਮੋਤੀਆਂ ਹਾਰ!
ਸਰਦਾਰਣੀ ਨੂੰ ਉਹਦੇ ਬਗ਼ੈਰ ਸਬਰ ਨਾ ਆਉਂਦਾ
ਸੁਖ ਨਾ ਮਿਲਦਾ.......'ਮੀਤੋ ਮੀਤੋ' ਕਰਦੀ ਦਾ ਮੂੰਹ ਸੁੱਕਦਾ

✡ ✡ ✡

ਉਵ ਲੋਕ ਤਾਂ ਆਖਦੇ.....
ਖ਼ੈਰ ਮੂੰਹ ਤਾਂ ਕਿਸੇ ਦਾ ਫੜਿਆ ਨਹੀਂ ਜਾਂਦਾ
'ਤੇ ਜੱਗ ਹਸਾਈ ਨੂੰ ਮੀਤੋ ਟਿੱਚ
ਨਹੀਂ ਸੀ ਜਾਣਦੀ.....
ਆਕੜ ਕੇ ਉਹ ਗਲੀ 'ਚੋਂ ਲੰਘਦੀ
ਤੀਵੀਆਂ ਨੱਕ-ਬੁੱਲ੍ਹ ਵੱਟਦੀਆਂ, ਕੰਧੋਲੀ ਤੋਂ ਸਿਰ ਕੱਢ
ਆਂਹਦੇ ਸਰਦਾਰ ਵੱਲ ਝਾਕਦੀਆਂ
ਪਰ ਫਿਰ ਝੱਟ ਈ.....

✡ ✡ ✡

ਆਂਹਦੇ ਨੇ ਧੀਆਂ ਤੇ ਧਰੇਕਾਂ ਵਧਦੀਆਂ
ਦੇਰ ਨਹੀਂ ਲਾਉਂਦੀਆਂ
ਦਿਨਾਂ 'ਚ ਈ ਮੀਤੋ ਦੀ ਕੁੜੀ ਪਾਰੋ ਵੀ
ਕੱਦ ਕੱਢ ਆਈ ਸੀ
ਮਾਂ ਵਰਗੀ ਹੁੰਦੜ-ਹੇਲ
ਲੰਮੀ ਜਿਵੇਂ ਸਰੂ ਦਾ ਬੂਟਾ
ਸ਼ਰਬਤੀ ਕਣਕ-ਵੰਨਾ ਰੰਗ
ਤਿੱਖੇ ਨੱਕ-ਸ਼ਿਕ, ਅੱਖਾਂ 'ਚ ਟੰਗੇ ਹੋਏ ਤਾਰੇ
ਚਿੜੀਆਂ ਵਾਂਙ ਚਹਿਕਦੀ....

✡ ✡ ✡

ਤੇ ਗਿੰਦਿਆਂ ਤੂੰ ਤਾਂ ਫੇਰ ਸਰਦਾਰਾਂ ਦੀ ਮੋਟਰ
ਚਲਾਉਣ ਜਾ ਲੱਗਿਆ ਸਾਏਂ

ਓਏ ਗਿੰਦਿਆ ਖੁੱਡ ਤਾਂ ਉਥੇ ਈ ਸੀ
ਮੀਤੀਏ ਨਹੀਂ ਸਾਏਂ ਜਾਣਦੀ
ਭੁੱਜੇ ਮੋਠ ਕਦੀ ਨਹੀਂ ਉੱਗਦੇ!

✡✡✡

ਮੀਤੋ ਤੇ ਪਾਰੋ, ਹੁਣ ਦੋਹਾਂ ਦੀ
ਭੋਏਂ ਤੇ ਅੱਡੀ ਨਾ ਲੱਗਦੀ
ਮੀਤੋ ਨਾ ਜਾਂਦੀ ਤਾਂ ਪਾਰੋ ਜਾ ਆਉਂਦੀ
ਘਰ ਵਰਗੀ ਗੱਲ ਸੀ
ਪਿਓਆਂ ਵਰਗਾ ਸਰਦਾਰ ਸੀ
ਤੇ ਭਰਾਵਾਂ ਵਰਗੇ ਮੁੰਡੇ......
ਸਰਦਾਰ ਵੀ ਹੁਣ ਪਾਰੋ ਬਗ਼ੈਰ
ਸਾਹ ਨਾ ਭਰਦਾ......
ਲੋਕੀਂ ਆਖਦੇ ਮੀਤੋ ਮੋਮ-ਠਗਣੀ ਨੇ ਤਾਂ
ਸਰਦਾਰਾਂ ਦਾ ਘਰ ਕਲੁੰਜ ਲਿਆ ਈ.......

✡✡✡

ਸੱਪੀ ਦੁੱਧ ਪਿਆਈਏ ਕਦੇ ਨਾ ਹੁੰਦੇ ਮਿੱਤ
ਗਿੰਦਿਆ ਬਚ ਕੇ ਰਹੀਂ, ਸਹੁਰਾ ਕਾਲੇ ਨਾਗ ਦਾ ਡੰਗਿਆ।
ਪਾਣੀ ਨਹੀਓਂ ਮੰਗਦਾ.....
ਪਾਰੀਏ ਨੀ ਕੁੜੀਏ
ਅੜੀਏ ਸੰਭਲ ਕੇ ਪੈਰ ਪੁੱਟੀਏ
ਅੜੀਏ ਬਹੁਤ ਨਾ ਹੱਸੀਏ!
ਮਾਂ ਹੁਣ ਪਾਰੋ ਨੂੰ ਆਖਦੀ
ਕਦੀ ਕਦੀ ਫ਼ਿਕਰ-ਮੰਦ ਜਿਹੀ ਹੋ ਜਾਂਦੀ।

✡✡✡

ਕਾਂ ਹੁਣ ਫੇਰ ਉਹਦ ਬਨੇਰੇ ਤੇ ਬੈਠਣ ਲੱਗ ਪਏ ਸਨ
ਤੇ ਚੂਹਿਆਂ ਦੀ ਹੇੜ੍ਹ ਵੀ ਪਤਾ ਨਹੀਂ
ਕਿੱਥੋਂ ਆ ਗਈ ਸੀ......?
ਫੇਰ ਇਕ ਦਿਨ....
ਕਮਲਿਆਂ ਹਾਰ ਚੀਕਦੀ ਹੋਈ ਪਾਰੋ
ਬੁੱਢੇ ਖੂਹ 'ਚ ਡੁੱਬ ਮੋਈ ਸੀ
ਤੇ ਸਭ ਕੁਝ ਖ਼ਤਮ ਹੋ ਗਿਆ ਸੀ।
ਫੇਰ ਇਕ ਦਿਨ....
ਪੱਕੇ ਪੁਲ ਤੇ ਸਵਾ-ਮਣ ਰੇਤ
ਭਿੱਜੀ ਪਈ ਸੀ.....
ਜਾਂ ਭੱਜਦੇ ਹਏ ਗਿੰਦੇ ਦਾ ਪਾਟਾ ਪੱਲਾ ਸੀ.....

✡✡✡

ਮੀਤੋ ਹੁਣ ਵੀ ਸਵੇਰੇ ਸਵੇਰੇ ਸਰਦਾਰਾਂ ਦੇ
ਘਰ ਵੱਲ ਜਾਂਦੀ ਵੇਖੀ ਜਾ ਸਕਦੀ ਏ....
ਪਾਰੋ ਤੇ ਗਿੰਦੇ ਨੂੰ ਝੱਲਿਆਂ ਹਾਰ



ਆਵਾਜ਼ਾਂ ਮਾਰਦੀ ਹੋਈ, ਗਾਲ੍ਹਾਂ ਕਢਦੀ ਹੋਈ......
ਪਾਰੋ ਜੋ ਡੁੱਬ ਮੋਈ ਏ,
ਗਿੰਦਾ ਜੋ ਸ਼ਾਇਦ ਡਾਕੂ ਬਣ ਗਿਆ ਏ,
ਰੋਜ਼ ਇਕ ਖ਼ੌਫਨਾਕ ਭੂਰਾ ਕੁੱਤਾ ਭੌਂਕਦਾ ਹੋਇਆ ਨਿਕਲੇਗਾ
ਪਰ ਬਾਹਰ ਆਉਂਦਿਆਂ ਹੀ ਭੌਂਕਣਾ ਬੰਦ ਕਰ ਦੇਵੇਗਾ

✡✡✡

ਮੀਤੋ ਮੁੜ ਪਵੇਗੀ
ਸਿਰਫ਼ ਕਮਾਦ ਦੀ ਨੁੱਕਰ ਕੋਲ ਖਲੋਅ ਕੇ
ਇੱਕ ਲੰਮੀ ਲੇਹਰ ਜਿਹੀ ਛੱਡੇਗੀ
ਜੋ ਹਵਾ ਨੂੰ ਚੀਰਦੀ ਹੋਈ,
ਖੇਤ ਦੇ ਪਰਲੇ ਪਾਸੇ, ਕਮਾਦ ਨੂੰ
ਗੋਡੀ ਕਰਦੇ ਮਜ਼ਦੂਰਾਂ ਦੇ
ਕੰਨਾਂ ਨਾਲ ਟਕਰਾਂਦੀ ਹੋਈ ਦੂਰ ਹੀ ਦੂਰ
ਹੁੰਦੀ ਜਾਏਗੀ।
ਫਿਰ ਉਹ ਬੁੱਢੇ ਖੂਹ ਵੱਲ ਮੁੜਦੀ ਹੋਈ
ਇਕ ਹੋਰ ਚੀਕ ਛੱਡੇਗੀ ਤੇ ਪੱਕੇ ਪੁਲ ਵੱਲ ਨੂੰ
ਦੌੜ ਪਵੇਗੀ
ਗੋਡੀ ਕਰਦੇ ਮਜ਼ਦੂਰ ਸਿਰਫ਼ ਥੋੜ੍ਹੇ ਚਿਰ ਲਈ
ਚੁੱਪ ਕਰ ਜਾਣਗੇ......
ਸਿਰ ਸੁੱਟੀ ਰਤਾ ਕੁ ਸੋਚਣਗੇ.....
ਫਿਰ ਐਵੇਂ ਈ ਉਹਨਾਂ ਦਾ ਧਿਆਨ
ਪੱਕੇ ਪੁਲ ਵੱਲ ਜਾ ਪਵੇਗਾ
ਜਾਂ ਫਿਰ ਬੁੱਢੇ ਖੂਹ ਵੱਲ
ਇੱਕ ਦੂਜੇ ਤੋਂ ਨਜ਼ਰਾਂ ਬਚਾਂਦੇ ਹੋਏ
ਸਿਰ ਨੂੰ ਝਟਕਾ ਜਿਹਾ ਮਾਰਦੇ
ਖੁਰਪੀ ਤੋਂ ਗਿੱਲੀ ਮਿੱਟੀ ਦਾ ਗੋਬਾ ਜਿਹਾ ਪੂੰਝਦੇ
ਮਢ 'ਤੇ ਰੱਖੇ ਪਰਨੇ ਨੂੰ ਰੁਖ-ਸਿਰ ਕਰਦੇ
ਝੂਠੀ ਜਿਹੀ ਖੰਘ ਖੰਘਦੇ....
ਕਮਲਿਆਂ ਹਾਰ ਭੱਜੀ ਜਾਂਦੀ ਮੀਤੋ ਵੱਲ
ਨਾ ਵੇਖਣ ਦਾ ਸਾਂਗ ਜਿਹਾ ਭਰਦੇ ਹੋਏ
ਉਹ ਕਾਹਲੀ ਕਾਹਲੀ ਖੁਰਪੀ ਮਾਰਨ ਲੱਗ ਜਾਣਗੇ.....।

## ਸਵਾਲ / *ਬਾਬਾ ਨਜਮੀਂ*

ਇੱਕੋ ਤੇਰਾ ਮੇਰਾ ਪਿਓ
ਇੱਕ ਤੇਰੀ ਮੇਰੀ ਮਾਂ
ਇਕ ਸਾਡੀ ਜੰਮਣ ਭੋਂ
ਤੂੰ ਸਰਦਾਰ
ਮੈਂ ਕੰਮੀਂ ਕਿਓਂ ?

## ਖੋਤਦੀ ਬਗਾਨੇ ਖੇਤੀਂ ਕੱਖ / *ਇੰਦਰਜੀਤ ਹਸਨਪੁਰੀ*

ਤੇੜ ਲੀਰਾਂ, ਢਿੱਡੋਂ ਭੁੱਖੀ
ਰਹੇ ਜਾਨ ਮੇਰੀ ਸੁੱਕੀ
ਮੈਂ ਖਜ਼ਾਨਾ ਫਿਰਾਂ ਚੁੱਕੀ
ਲੱਗੇ ਚੋਰਾਂ ਜਿਹੀ ਰਾਖਿਆਂ ਦੀ ਅੱਖ ਅੰਮੀਏਂ
ਨੀ ਮੈਂ ਖੋਤਦੀ ਬਗਾਨੇ ਖੇਤੀਂ ਕੱਖ ਅੰਮੀਏਂ

ਕੱਖ ਖੋਤਦੀ ਨੂੰ ਡਰ ਪਾਈ ਰਖਦਾ ਏ ਘੇਰਾ
ਕਈ ਵਾਰ ਖੁਰਪੇ ਨੇ ਹੱਥ ਵੱਢਿਆ ਏ ਮੇਰਾ
ਝੋਲੀ ਕੱਖਾਂ ਦੀ ਲਿਜਾਣੀ
ਬਣ ਜਾਵੇ ਨਾ ਕਹਾਣੀ
ਹੋਈ ਜਾਵਾਂ ਪਾਣੀ ਪਾਣੀ
ਨੀ ਮੈਂ ਕੱਲੀ ਨਹੀਓਂ ਮੇਰੇ ਜਿਹੀਆਂ ਲੱਖ ਅੰਮੀਏ
ਨੀ ਮੈਂ ਖੋਤਦੀ ਬਗਾਨੇ........................

ਪਾਕ ਪਾਣੀਆਂ ਨੂੰ ਭੈੜੇ ਮਨਾ ਚ ਹੰਗਾਲਦੇ
ਇਹਨਾ ਕੱਖਾਂ ਵੱਟੇ ਟੁੱਟ ਪੈਣੇ ਸੋਨਾ ਭਾਲਦੇ
ਹਾਏ ਹਾਏ ਇਹ ਗਰੀਬੀ
ਕੈਸੀ ਮੇਰੀ ਬਦ ਨਸੀਬੀ
ਕੋਈ ਨਾ ਕਹੇ ਭੈਣ, ਬੀਬੀ
ਸਗੋਂ ਕਰਦੀ ਮਖੌਲ ਏ ਮਲੱਖ ਅੰਮੀਏ
ਨੀ ਮੈਂ ਖੋਤਦੀ ਬਗਾਨੇ.............

ਜਿਵੇਂ ਹੱਲਟ ਦੀ ਨਾ ਲੋੜ ਨਾ ਹੀ ਟਿੰਡ ਦੀ ਰਹੀ
ਧੀ ਕਿਸੇ ਦੀ ਨਾ ਹੁਣ ਧੀ ਪਿੰਡ ਦੀ ਰਹੀ
ਕੱਖ ਲੈਣ ਜਦੋਂ ਜਾਵਾਂ
ਵੈਰੀ ਜਾਪਣ ਹਵਾਵਾਂ
ਕੱਖੋਂ ਹੌਲੀ ਹੋ ਨਾ ਜਾਵਾਂ
ਮੇਰੇ ਮਗਰ ਨਾ ਪੈ ਜੇ ਕਿਤੇ ਮੱਖ ਅੰਮੀਏ
ਨੀ ਮੈਂ ਖੋਤਦੀ ਬਗਾਨੇ...............

ਨੇਰ ਪਾਉਂਦੇ ਕਦੋਂ ਤੀਕ ਇਹ ਨਪੁੱਤੇ ਰਹਿਣਗੇ
ਪੁੱਤ ਪੁੰਨਿਆਂ ਦੇ ਕਦੋਂ ਤੱਕ ਸੁੱਤੇ ਰਹਿਣਗੇ।
ਖੌਰੇ ਕਿਹੜੀ ਕਿਹੜੀ ਕੂੰਜ
ਜੀਵੇ ਅੱਖਾਂ ਪੂੰਝ ਪੂੰਝ



ਉੱਠੂ ਹੱਕਾਂ ਵਾਲੀ ਗੂੰਜ
ਸਾਡੇ ਸੁਪਨੇ ਵੀ ਹੋਣੇ ਪਰਤੱਖ ਅੰਮੀਏ
ਨੀ ਮੈਂ ਖੋਤਦੀ ਬਗਾਨੇ.............

ਮਾੜੇ ਧੀੜੇ ਦੀਆਂ ਏਥੇ ਇਜ਼ੱਤਾਂ ਨੇ ਕਿਹੜੀਆਂ
ਜ਼ੋਰਾਵਰ ਤਾਂ ਸੁਗੰਧਾਂ ਨੂੰ ਵੀ ਪਾਉਣ ਬੇੜੀਆਂ
'ਹਸਨਪੁਰੀ' ਨਹੀਓ ਦੇਰ
ਮੁੱਕ ਜਾਣਾ ਏਂ ਹਨੇਰ
ਆਈ ਸਮਝੋ ਸਵੇਰ
ਪੁੱਟ ਲਈ ਹੁਣ ਚਾਨਣਾ ਨੇ ਅੱਖ ਅੰਮੀਏ
ਸਾਨੂੰ ਮਿਲ ਕੇ ਰਹੂਗਾ ਸਾਡਾ ਹੱਕ ਅੰਮੀਏ
ਨਹੀਓਂ ਖੋਤਣੇ ਬਗਾਨੇ ਖੇਤੀਂ ਕੱਖ ਅੰਮੀਏ

## ਦੋ ਕਵਿਤਾਵਾਂ / *ਮਦਨ ਵੀਰਾ*

ਸੰਵਾਦ -1
ਆਪਾਂ ਦੋਵੇ ਇੱਕੋ ਪਿੰਡ ਦੇ ਹਾਂ
ਤੂੰ ਵੀ ਮੁੜ੍ਹਕਾ ਵੇਚਦਾ ਏਂ
ਮੇਰੀ ਵੀ ਮਿਹਨਤ ਨਿਲਾਮ ਹੁੰਦੀ ਏ
ਮੇਰੀਆ ਅੱਖਾ 'ਚ ਜੇ
ਉਨੀਂਦਰੇ ਤੇ ਭੁੱਖ ਦੀ ਰੜਕ ਹੈ
ਤਾਂ ਤੂੰ ਵੀ ਉਸੇ ਮਰਜ਼ ਦਾ ਮਰੀਜ਼ ਏ
ਮੈਂ ਜਾਣਦਾ ਹਾਂ
ਕਿ ਤੇਰੇ ਘਰ ਦੇ ਕੰਧਾਂ ਕੌਲੇ ਵੀ ਤਿੜਕੇ ਪਏ ਨੇ
ਮੇਰੇ ਘਰ ਦੀਆਂ ਥੰਮੀਆਂ ਦੇ ਘੁਣ ਦਾ
ਤੈਨੂੰ ਵੀ ਇਲਮ ਹੈ
ਤੂੰ ਵੀ ਆਪਣੇ ਵਿਕਾਊ ਹੋਣ ਦਾ
ਇਸ਼ਤਿਹਾਰ ਲਈ ਖੜਾ ਏਂ
ਮੈਂ ਵੀ ਵਿਕਣ ਲਈ ਤਿਆਰ ਬਰ ਤਿਆਰ,
ਆਪਾਂ ਦੋਵੇ
ਆਉਂਦੇ ਜਾਂਦੇ ਹਰ ਚਿਹਰੇ ਨੂੰ
ਚਾਅ ਨਾਲ ਉਡੀਕਦੇ ਹਾਂ
ਸੱਧਰ ਨਾਲ ਤੱਕਦੇ ਹਾਂ
ਜਾਣਦਾ ਹਾਂ ਮੀਂਹ ਕਣੀ ਦੇ ਦਿਨੀਂ
ਤੇਰੇ ਘਰ ਵੀ ਚੁੱਲ੍ਹਾ ਨਹੀਂ ਬਲਦਾ
ਮੇਰੇ ਕੱਚੇ ਬਨੇਰੇ ਵੀ ਧੂੰਏ ਨੂੰ ਤਰਸਦੇ ਨੇ
ਤੇਰੇ ਵੀ ਪੁਰਖੇ

ਹਵੇਲੀ ਦੇ ਮੁਜਾਰੇ ਸਨ
ਮੇਰੇ ਬਜ਼ੁਰਗ ਵੀ ਉੱਥੇ ਵਗਾਰੀ ਰਹੇ
ਤੇਰੀ ਪਤਨੀ ਵੀ ਗੰਢ ਤੁੱਪਕੇ
ਟੱਬਰ ਦਾ ਨੰਗ ਢੱਕਦੀ ਏ
ਮੇਰੀ ਵੀ ਫਟੇ ਪੁਰਾਣਿਆਂ ਨੂੰ
ਵੱਡੇ ਛੋਟੇ ਕਰਕੇ ਬੁੱਤਾ ਸਾਰਦੀ ਏ
ਨਾ ਮੈਂ ਸਰਦੇ ਪੁੱਜਦੇ ਘਰ ਜੰਮਿਆ ਹਾਂ
ਨਾ ਤੇਰਾ ਰੱਜੇ ਪੁੱਜੇ ਘਰ ਨਾਲ ਨਾਤਾ ਏ

-2-

ਇਹ ਚੌਕ ਤੇਰੀ ਵੀ ਰੋਜ਼ੀ ਦਾ ਮਰਕਜ਼ ਏ
ਮੇਰੇ ਟੱਬਰ ਦੇ ਵੀ ਦੋ ਡੰਗ ਦਾ ਜੁਗਾੜ
ਇੱਥੇ ਤੇਰਾ ਵੀ ਭਾਅ ਲੱਗਦਾ ਏ
ਮੇਰੀ ਮੁਸ਼ੱਕਤ ਦਾ ਵੀ ਸੌਦਾ ਹੁੰਦਾ ਏ

ਤੇਰੇ ਤੇ ਮੇਰੇ 'ਚ ਕਿੰਨੀ ਸਾਂਝ ਏ
ਤੇਰੇ ਤੇ ਮੇਰੇ 'ਚ ਕਿੰਨੀ ਨੇੜਤਾ ਏ
ਫਿਰ ਆਪਾਂ ਇੱਕੋ ਪਿੰਡ ਦੇ ਹਾਂ
ਕਦੀ ਕਦੀ ਇੱਕੋ ਸੈਕਲ ਤੇ ਸ਼ਹਿਰ ਆਉਂਦੇ ਹਾਂ
ਅਕਸਰ ਇੱਕ ਹੀ ਮਾਲਕ ਦਾ
ਕੰਮ ਕਰਦੇ ਹਾਂ
ਪਰ ਫੇਰ ਵੀ
ਤੂੰ ਸਿਰਫ 'ਤੂੰ' ਬਣ ਜਾਂਦਾ ਏ
ਮੈਂ ਸਿਰਫ 'ਮੈਂ' ਰਹਿ ਜਾਂਦਾ ਹਾਂ
ਤੇਰੀ ਧੌਣ ਚ ਆ ਫਸਦਾ ਏ
ਉੱਚੀ ਕੁੱਲ ਦਾ ਫਾਨਾ
ਮੇਰੇ ਵੀ ਮੱਥੇ ਤੇ ਮੜ੍ਹਿਆ ਜਾਂਦਾ ਏ
ਨਿਮਨ ਜਾਤ ਦਾ ਕਲੰਕ.......
ਤੂੰ ਮੇਰੀ ਕਤਾਰ 'ਚ ਹੋ ਕੇ ਵੀ
ਮੇਰੇ ਤੋਂ ਵੱਖਰਾ ਏ
ਮੈਂ ਤੇਰੇ ਨਾਲ ਹੋ ਕੇ ਵੀ
ਤੇਰੇ ਤੋਂ ਓਪਰਾ ਹਾਂ— ਦੂਰ ਹਾਂ
ਇਹ ਕਿਹੜੀਆ ਦੂਰੀਆਂ ਨੇ
ਇਹ ਕੈਸੀ ਨੇੜਤਾ ਏ
ਆਪਾਂ ਕਿੰਨੇ ਪਾਸ ਪਾਸ ਹਾਂ ?
ਕਿੰਨੇ ਦੂਰ ਦੂਰ ਹਾਂ ?





## ਨੇਕੀ ਬਦਲੇ ਸਜ਼ਾ / ਬ੍ਰਤੋਲਤ ਬ੍ਰੈਖ਼ਤ

ਖਾਂਦੇ ਪੀਂਦੇ ਘਰ ਦੇ ਬੱਚਿਆਂ ਵਾਂਗੂੰ
ਮੈਨੂੰ ਗਿਆ ਪਾਲਿਆ
ਮੇਰੇ ਮਾਂ ਬਾਪ ਨੇ ਮੇਰੇ ਗਲਮੇਂ ਦੁਆਲੇ
ਇਕ ਕਾਲਰ ਬੰਨ੍ਹਿਆਂ ਤੇ
ਖ਼ੂਬ ਟਹਿਲ-ਖ਼ਿਦਮਤ ਕਰਦਿਆਂ
ਮੈਨੂੰ ਪਾਲਿਆ ਤੇ ਵੱਡਾ ਕੀਤਾ
ਉਹਨਾਂ ਮੈਨੂੰ ਐਸੀ ਸਿੱਖਿਆ ਦਿੱਤੀ ਤਾਂ ਜੋ
ਮੈਂ ਦੂਜਿਆਂ ਉਪਰ ਹੁਕਮ ਚਲਾਵਾਂ
ਆਪਣਾ ਰੋਹਬ ਜਮਾਵਾਂ
ਪਰ ਮੈਂ ਜਦੋਂ ਸਿਆਣਾ ਹੋਇਆ
ਤੇ ਮੈਂ ਆਲਾ-ਦੁਆਲਾ ਡਿੱਠਾ ਤਾਂ
ਆਪਣੇ ਮਹੱਲੇ ਦੇ ਲੋਕੀਂ
ਮੈਨੂੰ ਉੱਕਾ ਹੀ ਚੰਗੇ ਨਾ ਲੱਗੇ
ਨਾ ਮੈਨੂੰ ਹੁਕਮ ਚਲਾਉਣ ਭਾਉਂਦਾ
ਨਾ ਆਪਣੀ ਖ਼ਿਦਮਤ ਹੀ
ਸੋ ਆਪਣੇ ਮਹੱਲੇ ਦੇ ਲੋਕਾਂ ਨਾਲੋਂ ਨਾਤਾ ਤੋੜਕੇ
ਮੈਂ ਦਲਿਤ ਸ਼੍ਰੇਣੀ ਦੇ ਲੋਕਾਂ ਵਿਚ ਜਾ ਬੈਠਾ।

ਏਸ ਤਰਾਂ ਉਹਨਾਂ
ਇਕ ਵਿਸ਼ਵਾਸ਼ਘਾਤੀ ਨੂੰ ਪਾਲਿਆ ਪੋਸਿਆ
ਆਪਣੀਆਂ ਸੱਭੇ ਚਾਲਾਂ ਸਿਖਲਾਈਆਂ
ਉਸ ਨੇ ਸਾਰੇ ਭੇਤ ਦੁਸ਼ਮਣ ਨੂੰ ਜਾ ਖੋਹਲੇ।

ਹਾਂ ਮੈਂ ਉਹਨਾਂ ਦੇ ਭੇਤ ਖੋਹਲ ਕੇ ਰੱਖ ਦਿੰਦਾ ਹਾਂ
ਮੈਂ ਲੋਕਾਂ ਵਿਚ ਜਾ ਕੇ, ਉਹਨਾਂ ਦੀ
ਠੱਗੀ ਦਾ ਪਰਦਾ ਫਾਸ਼ ਕਰ ਦਿੰਦਾ ਹਾਂ
ਮੈਂ ਪਹਿਲਾਂ ਹੀ ਦੱਸ ਆਉਂਦਾ ਹਾਂ
ਕਿ ਅੱਗੇ ਕੀ ਹੋਵੇਗਾ, ਕਿਉਂਕਿ ਮੈਨੂੰ
ਉਹਨਾਂ ਦੀਆਂ ਵਿਉਂਤਾਂ ਦੀ ਅੰਦਰੂਨੀ ਜਾਣਕਾਰੀ ਜੋ ਹੈ।

ਉਹਨਾਂ ਦੇ ਭਰਿਸ਼ਟ ਪੰਡਤਾਂ ਦੀ ਸੰਸਕ੍ਰਿਤ
ਮੈਂ ਬਦਲ ਦਿੰਦਾ ਹਾਂ ਅੱਖਰ ਅੱਖਰ
ਆਮ ਬੋਲਚਾਲ ਵਿਚ ਅਤੇ ਉਹ
ਦਿਸਣ ਲਗਦੀ ਹੈ ਸਾਫ਼-ਸਾਫ਼ ਗੱਪ-ਗੀਤਾ।
ਇਨਸਾਫ਼ ਦੀ ਤੱਕੜੀ ਤੇ
ਉਹ ਕਿਵੇਂ ਮਾਰਦੀ ਡੰਡੀ
ਇਹ ਪੋਲ ਮੈਂ ਖੋਹਲ ਹਾਂ ਦਿੰਦਾ।
ਤੇ ਉਹਨਾਂ ਦੇ ਮੁਖ਼ਬਰ ਦੱਸ ਆਉਂਦੇ ਉਹਨਾਂ ਨੂੰ
ਕਿ ਮੈਂ ਐਸੇ ਸਮਿਆਂ ਉਤੇ ਬੇਦਖ਼ਲ ਲੋਕਾਂ ਵਿਚ
ਬਹਿੰਦਾ ਹਾਂ, ਜਦ ਉਹ ਬਗ਼ਾਵਤ ਦੀ
ਯੋਜਨਾ ਬਣਾਉਂਦੇ ਹੁੰਦੇ ਹਨ।

ਉਹਨਾਂ ਮੈਨੂੰ ਚੇਤਾਵਨੀ ਦਿੱਤੀ
ਮੈਂ ਜੋ ਕੁਝ ਮਿਹਨਤ ਕਰਕੇ ਜੋੜਿਆ ਹੈ ਸੀ
ਉਹਨਾਂ ਕੁਰਕ ਕਰ ਲਿਆ
ਇਸ ਤੇ ਵੀ ਜਦ ਮੈਂ ਬਾਜ਼ ਨਾ ਆਇਆ
ਉਹ ਮੈਨੂੰ ਪਕੜਨ ਲਈ ਆਏ
ਹਾਲਾਂਕਿ ਉਹਨਾਂ ਨੂੰ ਮੇਰੇ ਘਰੋਂ ਕੁਝ ਨਾ ਮਿਲਿਆ
ਸਿਵਾਏ ਉਹਨਾਂ ਇਸ਼ਤਾਹਾਰਾਂ ਦੇ
ਜਿਨ੍ਹਾਂ ਵਿੱਚ ਜਨਤਾ ਦੇ ਖ਼ਿਲਾਫ
ਉਹਨਾਂ ਦੀਆਂ ਕਾਲੀਆਂ ਕਰਤੂਤਾਂ ਦਾ ਖੁਲਾਸਾ ਸੀ
ਤਾਂ, ਝਟ ਪਟ ਉਹਨਾਂ ਮੇਰੇ ਖ਼ਿਲਾਫ
ਇਕ ਵਰੰਟ ਕੱਢ ਧਰਿਆ
ਜਿਸ ਵਿਚ ਦੋਸ਼ ਸੀ ਕਿ ਮੈਂ ਤੁੱਛ ਵਿਚਾਰਾਂ ਵਾਲਾ ਹਾਂ
ਭਾਵ ਕਿ ਤੁੱਛ ਲੋਕਾਂ ਤੇ ਤੁੱਛ ਵਿਚਾਰਾਂ ਵਾਲਾ।

ਮੈਂ ਜਿਥੇ ਕਿਧਰੇ ਜਾਂਦਾ ਹਾਂ
ਧਨੀਆਂ ਦੀ ਅੱਖ ਦਾ ਕੰਡਾ ਬਣ ਚੁਭਦਾ ਹਾਂ
ਪਰ ਜੋ ਖਾਲੀ ਹੱਥਾਂ ਵਾਲੇ ਹੁੰਦੇ
ਉਹ ਮੇਰੇ ਖਿਲਾਫ ਜਾਰੀ ਵਰੰਟ ਪੜ੍ਹ ਕੇ
ਮੈਨੂੰ, ਇਹ ਕਹਿੰਦਿਆਂ ਹੋਇਆ
ਲੁਕਣ ਲਈ ਥਾਂ ਦਿੰਦੇ :
"ਤੈਨੂੰ ਚੰਗੇ ਕੰਮਾਂ ਦੇ ਕਾਰਨ
ਬਾਹਣੀਂ ਪਾਇਆ ਹੋਇਐ।"





# ਜਾਤੀਵਾਦ ਦੇ ਜੰਗਲ 'ਚ / ਨਵੇਂਦੂ ਮਹਰਸ਼ੀ

ਜਾਤੀਵਾਦ ਦੇ ਜੰਗਲ 'ਚ
ਸਵਰਣ ਸੰਨਾਟੇ ਵਿਚ
ਦਲਿਤ ਸੁਰ ਦੀ
ਇਕ ਨੰਨ੍ਹੀ ਸਰਸਵਤੀ
ਚੁਪਚਾਪ ਵਗ ਰਹੀ

ਹਰ ਪਲ ਅਲਗ ਰਾਹ 'ਤੇ
ਵਧ ਰਹੀ

ਵਰਜਨਾਵਾਂ ਦੀ
ਨਿੱਤ ਨਵੀਂ ਮਿੱਟੀ ਤੋੜ ਰਹੀ
ਖ਼ੁਦ ਨੂੰ ਹੋਰ ਅਧਿਕ ਡੂੰਘੀ
ਤੇ ਵੱਧ ਵਿਸ਼ਾਲ
ਹੋਣ ਦੇ ਰਹੀ

ਮੁਕਤ ਕਰ ਰਹੀ
ਖ਼ੁਦ ਨੂੰ ਦੁਨੀਆਂ ਦੇ ਤਮਾਮ
ਬੰਧਨਾਂ ਤੋਂ

ਜਦ ਕਿ ਸਾਹਮਣੇ ਖੜ੍ਹੀਆਂ
ਅਨੇਕ ਉੱਚੀਆਂ ਚੱਟਾਨਾਂ
ਬਾਵਜੂਦ ਇਸ ਦੇ ਪਰ
ਉਹ ਕਰਮਰਤ
ਆਪਣੀ ਧੁਨ 'ਚ ਮਗਨ
ਵਧਦੀ ਜਾ ਰਹੀ

ਹਰ ਛਿਣ
ਅਗਾਂਹ ਹੋਰ ਅਗਾਂਹ
ਉਸ ਨੂੰ ਕੀ......
2.
ਦਲਿਤ ਹੀ ਤਾਂ ਹਾਂ
ਤਮਾਮ ਵਿਰੋਧਾਂ ਦੇ ਬਾਵਜੂਦ

## ਉਨ੍ਹਾਂ ਦੀ ਬਾਤ ਪਾਉਂਦਾ ਹਾਂ / *ਸਿਰੀ ਰਾਮ 'ਅਰਸ਼'*

ਉਨ੍ਹਾਂ ਦੀ ਬਾਤ ਪਾਉਂਦਾ ਹਾਂ
ਜਿਨ੍ਹਾਂ ਦੇ ਮਸਤਕਾਂ ਅੰਦਰ, ਹਨੇਰਾ ਹੀ ਹਨੇਰਾ ਹੈ।
ਜਿਨ੍ਹਾਂ ਦੇ ਮੰਦਭਾਗਾਂ ਤੋਂ
ਮੁਨੱਵਰ ਨੂਰ ਦਾ ਪ੍ਰਕਾਸ਼ ਡਾਹਢਾ ਦੂਰ ਰਹਿੰਦਾ ਹੈ।
ਉਹਨੂੰ ਭੈਅ ਹੈ :
ਉਨ੍ਹਾਂ ਬਦਬਖ਼ਤ ਮੱਥਿਆਂ ਨਾਲ ਖਹਿ ਖਹਿ ਕੇ,
ਪਵਿੱਤਰ ਨੂਰ ਦਾ ਸੋਮਾ ਕਿਤੇ ਮੈਲਾ ਨਾ ਹੋ ਜਾਵੇ।
ਜਾਂ ਨ੍ਹੇਰੇ ਦੇ ਵਣਾਂ ਅੰਦਰ
ਉਹਦੀ ਆਭਾ ਨਾ ਖੋ ਜਾਵੇ।
ਉਨ੍ਹਾਂ ਦੀ ਬਾਤ ਪਾਉਂਦਾ ਹਾਂ।
ਜਿਨ੍ਹਾਂ ਦੇ ਨਾਲ ਜੰਮਦੀ ਹੈ ਮੁਥਾਜੀ, ਬੇਬਸੀ, ਪੀੜਾ,
ਜਿਨ੍ਹਾਂ ਦੇ ਨਾਲ ਪਲਦੇ ਹਨ ਤਸੀਹੇ, ਕਸ਼ਟ ਤੇ ਸ਼ੋਸ਼ਣ।
ਗ਼ੁਲਾਮੀ ਤੇ ਵਗਾਰਾਂ ਦੇ ਅਨੇਕਾਂ ਬੰਧਨਾਂ ਅੰਦਰ,
ਜਿਨ੍ਹਾਂ ਲਾਚਾਰ ਲੋਕਾਂ ਦੀ ਗੁੱਸੀ ਹੌਂਦ ਰਹਿੰਦੀ ਹੈ।
ਜੁਗਾਦਾਂ ਤੋਂ ਨਪੀੜੇ ਜਾ ਰਹੇ ਹਨ, ਬਿਨ ਵਜ੍ਹਾ ਜਿਹੜੇ।

ਉਨ੍ਹਾਂ ਦੀ ਬਾਤ ਪਾਉਂਦਾ ਹਾਂ :
ਜਿਨ੍ਹਾਂ ਦੀ ਆਤਮਾ ਨੂੰ, ਹੀਣਤਾ ਅਸਪਰਸ਼ਤਾ ਦੇ ਨਾਗਪਾਸ਼ਾਂ ਨੇ,
ਜਕੜ ਰੱਖਿਐ ਕੁੜਿੱਕੀ ਵਿਚ।
ਸੁਤੰਤਰਤਾ ਦੀ ਪਾਵਨ ਲੋਅ,
ਜਿਨ੍ਹਾਂ ਨਿਸਤੇਜ ਲੋਕਾਂ ਨੂੰ
ਘਿਨਾਉਣੇ ਨੇਰਿਆਂ ਦੇ ਦੈਂਤ-ਪੰਜਿਆਂ ਤੋਂ,
ਅਜੇ ਮੁਕਤੀ ਦਿਲਾਵਣ ਵਿਚ,
ਨਿਰੀ ਅਸਮਰਥ ਭਾਸੀ ਹੈ।

ਉਨ੍ਹਾਂ ਦੀ ਬਾਤ ਪਾਉਂਦਾ ਹਾਂ।
ਤੁਸੀਂ ਵਿਗਿਆਨ ਦੇ ਜੁਗ ਵਿਚ,
ਚੌਮੁਖੀਏ ਬਾਲ ਕੇ ਦੀਵੇ,
ਟਿਕਾ ਕੇ ਵਕਤ ਦੀ ਹਿੱਕ ਤੇ,
ਦਿਲਾਂ ਵਿਚ ਕਾਮਨਾ ਕੀਤੀ :



ਕਿ ਜੁੱਗਾਂ ਦੀ ਜਹਾਲਤ ਕੁਝ ਛਿਣਾਂ ਵਿਚ ਦੂਰ ਹੋ ਜਾਵੇ।
ਤੁਸੀਂ ਇਹ ਕਾਮਨਾ ਕੀਤੀ।
ਮਹਾਂ ਮੁਨੀਆਂ ਦੀਆਂ ਰਚੀਆਂ ਰਿਚਾਵਾਂ
ਮਾਨਵੀ ਪ੍ਰਤਿਭਾ ਦੇ ਸੂਰਜ ਨੂੰ,
ਲਗਾ ਕੇ ਗ੍ਰਹਿਣ ਜੁੱਗਾਂ ਤੋਂ,
ਕਲੰਕਿਤ ਕਰਦੀਆਂ ਆਈਆਂ।
ਚੌਮੁਖੀਏ ਦੀਵਿਆਂ ਦੀ ਪੋਤਲੀ ਛੋਕੀ ਹੋਈ ਅਗਨੀ,
ਮਨੁੱਖੀ ਕਿਰਤ ਦੇ ਵਿਪਰੀਤ 'ਸੂਤਰ' ਦੀ ਪਟਾਰੀ ਨੂੰ
ਅਜੇ ਫੂਕਣ ਜਾਂ ਡੰਮ੍ਹਣ ਤੋਂ ਰਤਾ ਕਮਜ਼ੋਰ ਨਿਕਲੀ ਹੈ।
ਤੁਹਾਡੀ ਦੇਣ ਹੈ ਏਹੋ : ਤੁਸੀਂ ਦੀਵੇ ਜਗਾਏ ਹਨ।
ਚਿਰਾਗ਼ਾਂ ਦੀ ਸਰਾਪੀ ਟਿਮਟਿਮਾਉਂਦੀ ਰੋਸ਼ਨੀ ਅੰਦਰ।
ਵਿਸ਼ੈਲੇ ਨਾਗਪਾਸ਼ਾਂ ਨੂੰ ਉਧੇੜਨ ਵਾਸਤੇ
ਇਕ ਵੀ ਗਰੁੜ ਅਵਤਾਰ ਨਾ ਲੱਭਿਆ
ਸਹੰਸਰ ਨਾਗਪਾਸ਼ਾਂ ਵਿਚ
ਨਿਤਾਣੇ ਲੋਕ ਮਰਯਾਦਾ ਦੇ ਵਿਚ ਜਕੜੇ,
ਉਠਾ ਕੇ ਭਾਰ ਵਿਰਸੇ ਦਾ
ਸਲੀਬਾਂ ਵਾਂਗ ਆਪਣੇ ਮੋਢਿਆਂ 'ਤੇ
ਮੌਤ ਦੇ ਨਿਸ਼ਚਿਤ ਹੋਏ ਦਿਨ ਤੋਂ ਬਹੁਤ ਪਹਿਲਾਂ,
ਨਿਰੰਤਰ ਵਧ ਰਹੇ ਹਨ
ਕਾਲ ਦੇ ਮਨਹੂਸ ਜੰਗਲ ਵਲ,
ਉਨ੍ਹਾਂ ਦੀ ਬਾਤ ਪਾਉਂਦਾ ਹਾਂ।

*—204 ਸੈਕਟਰ-65,*
*ਮੁਹਾਲੀ-160062*
*ਫੋਨ ਨੰ. 0172-214929*

### ਮੁਬਾਰਕਬਾਦ

ਉੱਘੇ ਕਵੀ ਤੇ ਚਿੱਤਰਕਾਰ ਦੇਵ ਨੂੰ ਉਸ ਦੇ ਕਾਵਿ-ਸੰਗ੍ਰਹਿ 'ਸ਼ਬਦਾਂਤ' ਉੱਤੇ ਇਸ ਵਰ੍ਹੇ ਦਾ ਭਾਰਤੀ ਸਾਹਿਤ ਅਕਾਡਮੀ ਦਿੱਲੀ ਵਲੋਂ ਮਿਲੇ ਪੁਰਸਕਾਰ ਦਾ ਸੁਆਗਤ ਹੈ। ਇਂਞ ਹੀ ਪ੍ਰਸਿੱਧ ਗਲਪਕਾਰ ਡਾ. ਦਲੀਪ ਕੌਰ ਟਿਵਾਣਾ ਨੂੰ ਉਹਨਾਂ ਦੇ ਨਾਵਲ, 'ਕਥਾ ਕਹੋ ਉਰਵਸ਼ੀ' ਲਿਖਣ ਤੇ 'ਸਰਸਵਤੀ ਪੁਰਸਕਾਰ' ਦਿੱਤਾ ਗਿਆ ਹੈ। ਅਦਾਰਾ ਚਿਰਾਗ਼ ਦੋਹਾਂ ਲੇਖਕਾਂ ਨੂੰ ਮੁਬਾਰਕਬਾਦ ਭੇਜਦਾ ਹੈ।

# ਤੁਸੀ ਨਹੀਂ ਸਮਝੋਗੇ / *ਗੁਰਮੇਲ ਸਿੰਘ ਮਡਾਹੜ*

ਸ਼ੰਕਰਪੁਰੀ ਦਾ ਫੈਸਲਾ ਸੁਣਕੇ ਸਾਰੇ ਪਰਿਵਾਰ ਦੇ ਜੀਅ ਹੈਰਾਨ ਹੀ ਰਹਿ ਗਏ ਸੀ। ਪਰ ਕਿਸੇ ਦੀ ਉਸਦੇ ਫੈਸਲੇ ਸਬੰਧੀ ਕਿੰਤੂ ਪ੍ਰੰਤੂ ਕਰਨ ਦੀ ਹਿਮੰਤ ਨਹੀਂ ਪਈ ਸੀ। ਚੰਡੀਗੜ੍ਹ ਵਰਗੇ ਖੂਬਸੂਰਤ ਸ਼ਹਿਰ ਨੂੰ ਛੱਡ ਕੇ ਪੰਜਾਬ ਦੇ ਇਕ ਅਤਿ ਪਿਛੜੇ ਇਲਾਕੇ ਦੇ ਪਿਛੜੇ ਹੋਏ ਪਿੰਡ ਸ਼ੰਕਰਪੁਰ ਵਿੱਚ ਜਾਕੇ ਇਨਾ ਵੱਡਾ ਕਾਰਜ ਕਰਨ ਦੀ ਕਿਧਰ ਦੀ ਅਕਲਮੰਦੀ ਸੀ ?

ਪਰ ਸ਼ੰਕਰਪੁਰੀ ਸਾਹਿਬ ਨੂੰ ਕੌਣ ਸਮਝਾਵੇ ? ਉਸਨੂੰ ਤਾਂ ਆਪਣੇ ਪਿੰਡ ਨਾਲ ਬਹੁਤ ਹੀ ਲਗਾਵ ਹੈ। ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਹ ਆਪਣੇ ਪਿੰਡ ਨਾਲੋਂ, ਆਪਣੇ ਪਿਛੋਕੜ ਨਾਲੋਂ ਟੁੱਟ ਨਹੀਂ ਸਕਿਆ। ਉਸਦਾ ਅਤੀਤ ਹਮੇਸ਼ਾ ਉਸਦੇ ਵਰਤਮਾਨ ਦੀ ਬਾਂਹ ਫੜਕੇ ਨਾਲ ਨਾਲ ਤੁਰਿਆ ਹੈ। ਮੌਜੂਦਾ ਨਾਮ ਕੇ.ਐਸ ਸ਼ੰਕਰਪੁਰੀ ਵੀ ਇਸੇ ਕੜੀ ਦੀ ਇੱਕ ਅੜੀ ਹੈ। ਘਰਦਿਆਂ, ਨਹੀਂ ਸੱਚ ਪਿੰਡ ਵਾਲਿਆਂ ਨੇ ਉਸਦਾ ਨਾਮ ਕਾਲਾ ਰੱਖਿਆ ਤੇ ਪਕਾਇਆ ਸੀ। ਜਦ ਉਸਦੀ ਮਾਂ ਚਿੰਤੀ ਨੂੰ ਮਲਕੀਤ ਸਿੰਘ ਦੀ ਪਤਨੀ ਜਿਨ੍ਹਾਂ ਨਾਲ ਉਸਦਾ ਪਤੀ ਮਾਘ ਸਿੰਘ ਸੀਰੀ ਰਲਿਆ ਹੋਇਆ ਸੀ ਕਹਿਦੀ "ਕੁੜੇ ਚਿੰਤੀ, ਤੂੰ ਲੋਕਾਂ ਨੂੰ ਰੋਕਦੀ ਕਿਉਂ ਨਹੀਂ। ਇਹੀ ਨਾਉਂ ਪੱਕ ਜਾਊ.... ਵੱਡਾ ਹੋ ਕੇ ਭੈੜਾ ਲੱਗੂ" ਤਾਂ ਉਹ ਉੱਤਰ ਦਿੰਦੀ "ਕੀਹਦੇ-ਕੀਹਦੇ ਨਾਲ ਲੜਾਂ ਭੈਣੇ ..ਫੇਰ ਲੋਕ ਕਾਲੇ ਨੂੰ ਕਾਲਾ ਨਹੀਂ ਆਖਨਗੇ ਤਾਂ ਹੋਰ ਕੀ ਆਖਨਗੇ....?

ਉਸਦੇ ਪਿਉ ਮਾਘ ਸਿੰਘ ਨੂੰ ਤਾਂ ਇਨ੍ਹਾਂ ਗੱਲਾਂ ਬਾਰੇ ਸੋਚਣ ਦੀ ਵਿਹਲ ਹੀ ਕਿੱਥੇ ਸੀ? ਉਹ ਤਾਂ ਵੱਡੇ ਤੜਕੇ ਹਲ ਲੈ ਕੇ ਖੇਤ ਨੂੰ ਚਲਿਆ ਜਾਂਦਾ, ਕਿਤੇ ਦਿਨੇ ਛਿਪੇ ਪਿੰਡ ਮੁੜਦਾ। ਮਲਕੀਤ ਸਿੰਘ ਡੰਗਰਾਂ ਲਈ ਹਰਾ ਚਾਰਾ ਕੁਤਰਦਾ। ਸੰਨ੍ਹੀ ਰਲਾਉਂਦਾ। ਸਾਰਿਆਂ ਨੂੰ ਥਾਓਂ ਥਾਈਂ ਬੰਨ੍ਹ ਕੇ ਉਥੇ ਹੀ ਰੋਟੀ ਖਾ ਕੇ ਫੇਰ ਕਿਤੇ ਗਈ ਰਾਤ ਘਰ ਵੜਦਾ। ਉਦੋਂ ਤੱਕ ਉਹ ਸੌਂ ਚੁੱਕਿਆ ਜਾਂ ਸੌਂ ਰਿਹਾ ਹੁੰਦਾ।

ਮਾਘ ਸਿੰਘ ਪਿੰਡ ਦਾ ਮੰਨਿਆ ਦੰਨਿਆ ਹਾਲੀ ਸੀ। ਉਸ ਜਿਸ ਕਿਸੇ ਨਾਲ ਵੀ ਸੀਰੀ ਰਲਿਆ ਉਸੇ ਦਾ ਹੋ ਕੇ ਬਹਿ ਗਿਆ। ਤਨੋਂ ਮਨੋ ਜਾਨ ਤੋੜ ਕੇ ਆਪਣਾ ਕੰਮ ਸਮਝਕੇ ਸਿਰ ਪੁਗਾਇਆ, ਜਿਸ ਕਰਕੇ ਅਗਲਿਆਂ ਲਗਦੀ ਵਾਹ ਉਸਨੂੰ ਨਿਖੜਨ ਨਾ ਦਿੱਤਾ। ਮੂੰਹੋਂ ਮੰਗੇ ਪੈਸੇ ਸੀਰ ਦਿੱਤਾ। ਮਲਕੀਤ ਸਿੰਘ ਕਿਆਂ ਨਾਲ ਉਸਦਾ ਪ੍ਰੇਮ ਕੁਝ ਜ਼ਿਆਦਾ ਹੀ ਪੈ ਗਿਆ ਸੀ। ਉਸਦੇ ਮੁੰਡੇ ਮਾਘ ਨੂੰ ਤਾਇਆ ਆਖਕੇ ਬੁਲਾਉਂਦੇ ਉਸਦੀ ਪਤਨੀ ਮਾਘ ਤੋਂ ਘੁੰਡ ਕੱਢਦੀ ਤੇ ਮੁੰਡਿਆਂ ਰਾਹੀਂ ਜੇ ਮਾਘ ਨੂੰ ਕੋਈ ਕੰਮ ਕਹਿਣਾ ਹੁੰਦਾ ਕਹਿੰਦੀ "ਵੇ ਤੇਰੇ ਤਾਏ ਨੂੰ ਕਹਿ ਆਹ ਕਰੇ....ਔਹ ਕਰੇ..." ਜੇ ਸਿੱਧਾ ਬੁਲਾਉਣ ਦੀ ਲੋੜ ਪੈਂਦੀ ਤਾਂ ਆਖਦੀ "ਰਘਬੀਰ ਦੇ ਤਾਇਆ ਆਹ ਕਰਿਓ...ਔਹ ਕਰਿਓ..." ਮਾਘ ਸਿੰਘ ਦੀ ਪਤਨੀ ਘਰ ਦਾ ਸਾਰਾ ਸੰਬਰ ਸੁਹਰ ਕਰਦੀ। ਗੋਹਾ ਕੂੜਾ ਚੁਕਦੀ। ਤਾਂ ਪਾਲੋ ਉਸਦੀ ਵੱਡੀ ਭੈਣ ਦੀ ਤਰ੍ਹਾਂ ਮਦਦ ਕਰਦੀ। ਕਾਲਾ ਉਹਨਾ ਦੇ ਘਰ ਮਲਕੀਤ ਦੇ ਮੁੰਡੇ ਰਘਬੀਰ ਨਾਲ ਖੇਡਦਾ ਰਹਿੰਦਾ। ਜਦੋਂ ਮਲਕੀਤ ਸਿੰਘ ਨੇ ਰਘਬੀਰ ਨੂੰ ਸਕੂਲ ਪੜ੍ਹਣ ਪਾਉਣਾ ਚਾਹਿਆ ਤਾਂ ਪਾਲੋ ਬੋਲ ਉਠੀ "ਮੈ ਕਿਹਾ, ਰਘਬੀਰ ਦੇ ਬਾਪੂ ਕਾਲੇ ਨੂੰ ਵੀ ਨਾਲ ਹੀ ਲੈ ਜਾ, ਨਾਲੇ ਤਾਂ ਦੋਹਾਂ ਦਾ ਜੀਅ ਲਗਿਆ ਰਹੂ. ਨਾਲ ਮੁੰਡਾ ਦੋ ਅੱਖਰਾਂ ਦਾ ਸਿਆਣੂੰ ਹੋ ਗਿਆ ਤਾਂ ਸ਼ੈਤ ਵਿਚਾਰੇ ਦੀ ਜੂਨ ਵੀ ਸੁਧਰ ਜਾਵੇ"

"ਗੱਲ ਤਾਂ ਤੇਰੀ ਠੀਕ ਹੈ, ਮਾਘ ਤੋਂ ਹੀ ਪੁੱਛ ਲਈਏ..."

" ਉਹਤੋਂ ਕੀ ਪੁੱਛਣੈ। ਉਹ ਕਿਹੜਾ ਥੋਡੇ ਤੋਂ ਬਾਹਰ ਐ..."

"ਚੰਗਾ ਫੇਰ ਪਰਸੋਂ ਨੂੰ ਬੁੱਧਵਾਰ ਨੂੰ ਬਠਾ ਆਊਂ ..ਦਿਨ ਵੀ ਚੰਗੇ...ਤੂੰ, ਐਂ ਕਰੀਂ ਛੀਬਿਆਂ ਦੇ ਦੋਹਾਂ ਵਾਸਤੇ ਝੱਗੇ ਅਤੇ ਨੀਕਰਾਂ ਸਿਊਣੀਆਂ ਦੇ ਆਈਂ.."



ਮਲਕੀਤ ਸਿੰਘ ਨੂੰ ਖੇਤ ਤੋਰਕੇ ਪਾਲੋ ਦੋਹਾਂ ਨੂੰ ਨਾਲ ਲੈ ਕੇ ਚਿੱਟੇ ਲੱਠੇ ਦੇ ਕੁਰਤੇ ਅਤੇ ਬੋਸ਼ਕੀ ਦੀਆਂ ਨੀਕਰਾਂ ਦਾ ਮੇਚ ਦਰਜ਼ੀ ਨੂੰ ਦੇ ਕੇ ਦੂਜੇ ਦਿਨ ਸਵੇਰੇ ਹੀ ਕੱਪੜੇ ਦੇਣ ਲਈ ਜ਼ੋਰ ਪਾ ਕੇ ਆਈ ਸੀ।

ਬੁੱਧਵਾਰ ਨੂੰ ਜਦੋਂ ਮਲਕੀਤ ਸਿੰਘ ਰਘਬੀਰ ਤੇ ਕਾਲੇ ਨੂੰ ਚਿੱਟੇ ਦੁੱਧ ਵਰਗੇ ਲੱਠੇ ਦੇ ਕੁੜਤੇ ਅਤੇ ਬੋਸ਼ਕੀ ਦੀਆਂ ਨਵੀਆਂ ਨੀਕਰਾਂ ਪਵਾਕੇ, ਸਕੂਲ ਦਾਖਲ ਕਰਾਉਣ ਲਈ ਜਾ ਰਿਹਾ ਸੀ ਤਾਂ ਰਾਹ ਵਿੱਚ ਮਲਕੀਤ ਸਿੰਘ ਦਾ ਵੱਡਾ ਭਰਾ ਜਗਜੀਤ ਸਿੰਘ ਮਿਲ ਗਿਆ ਸੀ।

"ਕਿਧਰ ਲੈ ਚਲਿਐਂ ਮੰਡੀਆਲੇ ਬੋਤਕਿਆਂ ਵਾਗੂੰ ਸਜਾਕੇ ਇਹ ਜੋੜੀ?" ਜਗਜੀਤ ਸਿੰਘ ਨੇ ਪੁੱਛਿਆ।

"ਸਕੂਲ ਬਿਠਾਉਣ"

"ਰਘਬੀਰ ਤਾਂ ਭਲਾ ਠੀਕ ਐ....ਆਹ ਕਾਲਾ ਕੀ ਸਾਲਾ ਪੜ੍ਹਕੇ ਡੀ. ਸੀ. ਬਣਜੂ...ਕਿਉਂ ਮਾਘੇ ਦਾ ਨੁਕਸਾਨ ਕਰਾਉਨੈ...ਪਰੈ ਪਾਲੀ ਰਲਾ ਦਿਉ...ਚਾਰ ਪੈਸੇ ਕਮਾਊ, ਖਾਣ ਜੋਗੇ ਦਾਣੇ ਲਿਆਊ...."

"ਆਪਾਂ ਕਿਹੜਾ ਇਹਦੀ ਤਕਦੀਰ ਫਰੋਲਕੇ ਦੇਖੀਐ...ਖਬਰੈ..."ਮਲਕੀਤ ਸਿੰਘ ਨੇ ਬੜੀ ਨਿਮਰਤਾ ਸਾਹਿਤ ਉੱਤਰ ਦਿਤਾ।

"ਉਏ ਨਹੀਂ ਰੂੜੀ ਦਾ ਕੂੜਾ ਤਾਂ ਰੂੜੀ ਤੇ ਹੀ ਡਿਗਦੈ..."

"ਪਹਿਲਾਂ ਦਾ ਤਾਂ ਕੁਛ ਨਹੀਂ ਕਹਿ ਸਕਦਾ ਹੁਣ ਤਾਂ ਇਹ ਮੇਰੇ ਵਾਸਤੇ ਜਿਹਾ ਰਘਬੀਰ ਐ, ਉਹੋ ਜਿਹਾ ਇਹ ਐ.." ਕਹਿ ਕੇ ਮਲਕੀਤ ਸਿੰਘ ਅਗੇ ਲੰਘ ਗਿਆ ਸੀ।

ਸ਼ੰਕਰਪੁਰੀ ਨੂੰ ਇਹ ਗੱਲ ਅੱਜ ਤੱਕ ਵੀ ਯਾਦ ਹੈ ਕਿ ਮਲਕੀਤ ਸਿੰਘ ਨੇ ਜਗਜੀਤ ਸਿੰਘ ਨੂੰ ਇਹ ਗੱਲ ਸਿਰਫ ਕਹਿਣ ਲਈ ਹੀ ਨਹੀਂ ਕਹਿ ਸੀ, ਸਗੋਂ ਉਸਤੇ ਪਾਲਣ ਕਰਕੇ ਵੀ ਦਿਖਾਇਆ ਸੀ। ਆਥਣੇ ਖੇਤੋਂ ਆਏ ਮਾਘ ਸਿੰਘ ਨੂੰ ਦੱਸਿਆ ਸੀ "ਮਾਘ ਮੈਂ ਕਾਲੇ ਨੂੰ ਤੇਰੇ ਬਿਨਾਂ ਪੁੱਛੇ ਸਕੂਲ ਬਹਾ ਆਇਆਂ....ਇਸਦੇ ਕੱਪੜੇ ਲੀੜੇ ਪੜ੍ਹਾਈ ਦੇ ਖਰਚੇ ਦਾ ਤੂੰ ਫਿਕਰ ਨਾ ਕਰੀਂ...ਜਿਥੇ ਤੱਕ ਪੜ੍ਹੂ ਇਹਨੂੰ ਮੈ ਪੜ੍ਹਾਊਂ....ਇਹਦਾ ਪੂਰਾ ਖਰਚਾ ਕਰੂੰ...."

"ਬਹੁਤ ਅੱਛਾ ਜੀ..." ਕਹਿਕੇ ਮਾਘ ਸਿੰਘ ਫੇਰ ਕੰਮ ਤੇ ਲੱਗ ਗਿਆ ਸੀ।

ਮਲਕੀਤ ਸਿੰਘ ਨੇ ਉਸਦੀ ਮੰਜੀ ਰਾਜਬੀਰ, ਰਘਬੀਰ ਹੋਰਾਂ ਦੇ ਨਾਲ ਹੀ ਬੈਠਕ ਵਿੱਚ ਡਾਹ ਦਿੱਤੀ ਸੀ। ਸ਼ਹਿਰੋਂ ਇੱਕ ਚਿਮਨੀ ਵਾਲਾ ਮਿੱਟੀ ਦੇ ਤੇਲ ਦਾ ਲੈਂਪ ਲਿਆ ਦਿੱਤਾ ਸੀ, ਜਿਸ ਦੇ ਦੁਆਲੇ ਬਹਿ ਕੇ ਗਈ ਰਾਤ ਤੱਕ ਤਿੰਨੇ ਪੜ੍ਹਦੇ। ਜਦ ਨੀਂਦ ਦਾ ਦਬਾਵ ਆਉਂਦਾ ਤਾਂ ਸੌਂ ਜਾਂਦੇ। ਰਘਬੀਰ ਨਾਲ ਰਹਿਣ ਕਰਕੇ ਉਸਦੇ ਘਰ ਹੀ ਖਾਣ ਪੀਣ, ਉਠਣ ਬੈਠਣ, ਪੈਣ ਸੌਣ ਕਰਕੇ ਉਹ ਕੁਝ ਹੱਦ ਤੱਕ ਆਪਣੇ ਆਪ ਬਾਰੇ ਆਪਣੀ ਔਕਾਤ ਬਾਰੇ ਭੁਲਦਾ ਹੀ ਜਾ ਰਿਹਾ ਸੀ। ਜਿਸ ਦੀ ਯਾਦ ਉਸਨੂੰ ਪੰਡਤ ਕਿਸ਼ੋਰੀ ਰਾਮ ਨੇ ਚੰਗੀ ਤਰ੍ਹਾਂ ਦਵਾ ਦਿੱਤੀ ਸੀ।

ਕਿਸ਼ੋਰੀ ਰਾਮ ਦਾ ਮੁੰਡਾ ਰਾਮਜੀ ਦਾਸ ਰਘਬੀਰ ਹੋਰਾਂ ਨਾਲ ਪੜ੍ਹਦਾ ਸੀ। ਸਕੂਲ ਵਿਚੋਂ ਹੀ ਉਹ ਕਾਲੇ ਦੀ ਕਾਪੀ ਕੰਮ ਕਰਨ ਲਈ ਆਪਣੇ ਘਰ ਲੈ ਗਿਆ ਸੀ। ਰਾਤ ਨੂੰ ਉਸਨੇ ਉਸ ਕਾਪੀ ਤੇ ਘਰ ਦਾ ਨਵਾਂ ਕੰਮ ਕਰਨਾ ਸੀ. ਜਿਸ ਕਰਕੇ ਉਸ ਤੇ ਰਘਬੀਰ ਰਾਮ ਜੀ ਤੋਂ ਕਾਪੀ ਲੈਣ ਲਈ ਚਲੇ ਗਏ। ਰਾਮ ਜੀ ਉਹਨਾਂ ਨੂੰ ਆਪਣੇ ਘਰ ਅੰਦਰ ਲੈ ਗਿਆ ਅਤੇ ਆਪਣੀ ਮੰਜੀ ਉੱਤੇ ਬਿਠਾ ਕੇ ਗੱਲਾਂ ਕਰਨ ਲਗ ਪਿਆ ਸੀ। ਉਤੋਂ ਪੰਡਤ ਕਿਸ਼ੋਰੀ ਲਾਲ ਜੀ ਵੀ ਪਹੁੰਚ ਗਏ। ਰਘਬੀਰ ਤੇ ਕਾਲੇ ਨੇ ਉੱਠ ਕੇ ਹੱਥ ਜੋੜ ਕੇ ਨਮਸਕਾਰ ਕੀਤੀ। ਕਿਸ਼ੋਰੀ ਲਾਲ ਇਕ ਵਾਰ ਤਾਂ ਨਮਸ਼ਕਾਰ ਮੰਨ ਕੇ ਅੱਗੇ ਲੰਘ ਗਿਆ ਪਰ ਫੇਰ ਕੁਝ ਸੋਚਕੇ ਪਿੱਛਾ ਮੁੜਕੇ ਬੋਲਿਆ" ਰਘਬੀਰ ਇਹ ਕੀਹਦਾ ਮੁੰਡੈ ..?"

"ਸਾਡੈ..."

"ਥੋੜਾ ਤਾਂ ਲਗਦਾ ਨ੍ਹੀਂ...ਇਹ ਤਾਂ ਐਂ ਲਗਦਾ ਜਿਵੇ ਥੋਡੇ ਕਿਸੇ ਸੀਰੀ ਦਾ ਮੁੰਡਾ ਹੋਵੇ ਕਾਲਾ..."

"ਹਾਂ.."

ਰਘਬੀਰ ਦੀ ਗੱਲ ਸੁਣ ਕੇ ਕਿਸ਼ੋਰੀ ਲਾਲ ਨੂੰ ਗੁੱਸਾ ਚੜ੍ਹ ਗਿਆ। ਉਸਨੇ ਰਾਮ ਜੀ ਨੂੰ ਡੌਲੇ ਤੋਂ ਫੜਕੇ ਆਪਣੇ ਵੱਲ ਖਿੱਚ ਕੇ ਦੋ ਤਿੰਨ ਥੱਪੜ ਜੜ ਦਿੱਤੇ। ਘਸੁੰਨ ਮੁੱਕੀ ਵੀ ਕਰ ਦਿੱਤੀ। ਇਕ ਦੋ ਲੱਤਾਂ ਵੀ ਲਗਾ ਦਿੱਤੀਆ ਤੇ ਬੋਲਿਆ "ਸਾਲਿਆ ਤੈਨੂੰ ਚੂੜ੍ਹਿਆਂ ਦੇ ਜੁਆਕ ਮੰਜੇ ਤੇ ਬੈਠਾਉਣ ਲਈ ਕੀਹਨੇ ਆਖਿਆ ਸੀ। ਸਾਲੇ ਨੇ ਸਾਰਾ ਮੰਜਾ ਬਿਸਤਰਾ ਖਰਾਬ ਕਰ ਕੇ ਰੱਖ ਦਿੱਤਾ...."

ਘਰ ਵਿਚ ਚੀਕ ਚਿਹਾੜਾ ਸੁਣ ਕੇ ਪੰਡਤਾਣੀ ਆਈ ਤੇ ਬੋਲੀ, "ਕੀ ਹੋਇਆ...?"

"ਸੁਆਹ.... ਆਹ ਚੱਕ ਪਹਿਲਾਂ ਇਸਨੂੰ ਫੂਕ..... ਸਾਲੇ ਨੇ ਢੇਡ ਲਿਆਕੇ ਮੰਜੇ ਤੇ ਬੈਠਾ ਦਿੱਤਾ...।" ਕਹਿਕੇ ਉਸਨੇ ਮੰਜੇ ਤੇ ਪਿਆ ਬਿਸਤਰਾ ਚੁੱਕ ਕੇ ਪਰੇ ਵਗਾਹ ਮਾਰਿਆ। ਰਘਬੀਰ ਤੇ ਕਾਲਾ ਭੈਭੀਤ ਖੜੇ ਸੋਚ ਰਹੇ ਸੀ ਕਿ ਉਹ ਹੁਣ ਕੀ ਕਰਨ ਤਾਂ ਕਿਸ਼ੋਰੀ ਲਾਲ ਨੇ ਆਪਣੇ ਗੁੱਸੇ ਦਾ ਰੁਖ ਉਹਨਾਂ ਵੱਲ ਮੋੜਿਆ "ਭਾਜਾ ਐਥੋਂ... ਖਬਰਦਾਰ ਜੇ ਮੁੜਕੇ ਏਸ ਘਰੇ ਪੈਰ ਪਾਇਆ..।"

ਕਿਸ਼ੋਰੀ ਲਾਲ ਦਾ ਪਾਰਾ ਚੜ੍ਹਿਆ ਹੋਇਆ ਦੇਖ ਕੇ ਉਹਨਾਂ ਉਥੋਂ ਫਟਾਫਟ ਖਿਸਕਣ ਦੀ ਕੀਤੀ। ਘਰ ਆ ਕੇ ਉਸਦਾ ਪੜ੍ਹਨ ਨੂੰ ਬਿਲਕੁਲ ਹੀ ਜੀਅ ਨਹੀਂ ਕੀਤਾ। ਪੰਡਤ ਕਿਸ਼ੋਰੀ ਲਾਲ ਦਾ ਗੁੱਸੇ ਵਿੱਚ ਤੰਦੂਰ ਵਾਂਗ ਭਖਿਆ ਚਿਹਰਾ ਉਸਦਾ ਰਾਮ ਜੀ ਦਾਸ ਨੂੰ ਕੁਟਣਾ ਤੇ ਉਹਨਾਂ ਨੂੰ ਤਾੜਨਾ ਉਸਦੀਆਂ ਅੱਖਾਂ ਅੱਗੇ ਬਾਰ ਬਾਰ ਘੁੰਮ ਰਿਹਾ ਸੀ। ਰਘਬੀਰ ਨੇ ਜਦ ਰਾਜਬੀਰ ਨੂੰ ਇਸਦਾ ਕਾਰਨ ਦੱਸਿਆ ਤਾਂ ਉਸਨੇ ਕਿਹਾ " ਇਹ ਗੱਲ ਬਾਪੂ ਜੀ ਨੂੰ ਨਾ ਦਸੀਏ...ਐਵੇਂ ਕੋਈ ਪੰਗਾ ਪੈ ਜਾਊ.....। ਅੱਗੇ ਨੂੰ ਕਿਸੇ ਦੇ ਘਰ ਜਾਣ ਦੀ ਕੋਈ ਜ਼ਰੂਰਤ ਨਹੀਂ। ਨਾ ਕਿਸੇ ਨੂੰ ਕੋਈ ਚੀਜ਼ ਦਿਉ ਨਾ ਲਉ......ਆਪਣੇ ਕਿਸ ਚੀਜ਼ ਦਾ ਘਾਟਾ ਹੈ..." ਇਹ ਗੱਲ ਸਿਰਫ ਕਹਿਣ ਲਈ ਨਹੀਂ ਕਹੀ ਗਈ ਸੀ ਸਗੋਂ ਇਸ ਤੇ ਪੂਰੀ ਤਰ੍ਹਾਂ ਉਹਨਾ ਵਲੋਂ ਅਮਲ ਵੀ ਕੀਤਾ ਗਿਆ ਸੀ। ਪੰਜਵੀਂ ਪਾਸ ਕਰਨ ਤੋਂ ਬਾਅਦ ਉਹਨਾਂ ਨੂੰ ਨਾਲ ਦੇ ਪਿੰਡ ਮਿਡਲ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਰਾਜਬੀਰ ਅੱਠਵੀਂ ਪਾਸ ਕਰਕੇ ਨੌਵੀਂ ਵਿੱਚ ਸ਼ਹਿਰ ਦੇ ਸਕੂਲ ਵਿਚ ਚਲਾ ਗਿਆ ਸੀ। ਜਿਸ ਕਰਕੇ ਮਲਕੀਤ ਸਿੰਘ ਨੇ ਰਾਜਬੀਰ ਵਾਲਾ ਸਾਈਕਲ ਰਘਬੀਰ ਹੋਰਾਂ ਨੂੰ ਦੇ ਕੇ ਰਾਜਬੀਰ ਨੂੰ ਨਵਾਂ ਸਾਈਕਲ ਲੈ ਦਿੱਤਾ ਸੀ।

ਖੇਤੀ ਵਿੱਚ ਨਵੀ ਤਕਨੀਕ ਦੇ ਆ ਜਾਣ ਕਰਕੇ ਹੱਲ ਨਾਲ ਖੇਤੀ ਕਰਨੀ ਮੁਸ਼ਕਲ ਹੋ ਗਈ। ਮਾਘ ਸਿੰਘ ਵੀ ਹੁਣ ਸਰੀਰਕ ਪੱਖੋਂ ਦਬਦਾ ਹੀ ਜਾ ਰਿਹਾ ਸੀ। ਵੱਡੇ ਦੋਵੇਂ ਮੁੰਡੇ ਵਿਆਹ ਦਿੱਤੇ ਸੀ। ਜੋ ਸੀਰ ਕਰਨਾ ਛੱਡਕੇ ਸ਼ਹਿਰ ਦਿਹਾੜੀ ਕਰਨ ਲੱਗ ਪਏ ਸੀ ਤੇ ਕਿਰਾਏ ਦੇ ਮਕਾਨ ਲੈ ਕੇ ਉਥੇ ਹੀ ਰਹਿਣ ਲੱਗ ਪਏ ਸੀ। ਕੁੜੀ ਦੇ ਵਿਆਹ ਵਾਲੇ ਦਿਨ ਦੋਵੇਂ ਭਾਈ ਦਿਨ ਦੇ ਦਿਨ ਹੀ ਆਏ ਸੀ। ਖਾਲੀ ਹੱਥ। ਉਹ ਵੀ ਲੋਕਾਚਾਰੀ। ਵਿਆਹ ਦਾ ਸਾਰਾ ਖਰਚਾ ਮਲਕੀਤ ਸਿੰਘ ਨੇ ਹੀ ਕੀਤਾ ਸੀ। ਰਾਜਬੀਰ ਤੇ ਰਘਬੀਰ ਨੇ ਵਿਆਹ ਵਿੱਚ ਪੂਰੀ ਨੱਠ ਭੱਜ ਕਿੱਤੀ। ਕਾਲੇ ਦੀ ਪੜ੍ਹਾਈ ਲਿਖਾਈ ਦਾ ਖਰਚ ਵੀ ਮਲਕੀਤ ਸਿੰਘ ਹੀ ਉਠਾ ਰਿਹਾ ਸੀ। ਇਸ ਲਈ ਘਰੇਲੂ ਜ਼ੁੰਮੇਵਾਰੀਆ ਤੋਂ ਸੁਰਖਰੂ ਹੋ ਕੇ ਮਾਘ ਸਿੰਘ ਤੇ ਚਿੰਤੀ ਮਲਕੀਤ ਸਿੰਘ ਹੋਰਾਂ ਜੋਗੇ ਹੀ ਰਹਿ ਗਏ ਸੀ। ਮਲਕੀਤ ਸਿੰਘ ਨੇ ਖੇਤ ਮੋਟਰ ਤੇ ਕਮਰਾ ਪਾ ਕੇ ਉਸਦੇ ਨਾਲ ਹੀ ਇੱਕ ਗੈਰਜ ਬਣਾ ਕੇ ਉੱਪਰ ਚੁਬਾਰਾ ਛੱਤ ਦਿੱਤਾ ਸੀ। ਜਿੱਥੇ ਚਿੰਤੀ ਅਤੇ ਮਾਘ ਸਿੰਘ ਨੇ ਆ ਡੇਰੇ ਲਾਏ ਸੀ। ਉਥੇ ਹੀ ਉਹਨਾਂ ਨੇ ਮੋਟਰ ਦੇ ਦੁਆਲੇ ਸਬਜ਼ੀ ਲਗਾਣੀ ਸ਼ੁਰੂ ਕਰ ਦਿੱਤੀ ਸੀ। ਮਾਘ ਸਿੰਘ ਰੁੱਤ ਅਨੁਸਾਰ ਰੋਜ਼ ਹਰੀ ਸਬਜ਼ੀ, ਸਾਗ, ਗੰਨੇ ਆਦਿ ਲੈ ਕੇ ਪਿੰਡ ਆਉਂਦਾ। ਡੰਗਰਾਂ ਨੂੰ ਕੱਖ ਕੰਡਾ ਪਾ ਕੇ ਧਾਰਾਂ ਕੱਢਕੇ ਆਪਣੇ



ਜੋਗਾ ਡੋਲੂ ਵਿਚ ਦੁੱਧ ਲੈ ਜਾਂਦਾ।

ਰਾਜਬੀਰ ਨੇ ਦਸਵੀਂ ਪਾਸ ਕਰਕੇ ਅੱਗੇ ਪੜ੍ਹਾਈ ਕਰਨੀ ਛੱਡ ਦਿੱਤੀ ਸੀ। ਉਸਨੇ ਡੀ. ਟੀ.14 ਟਰੈਕਟਰ ਲੈ ਕੇ ਖੁੱਦ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਸੀ। ਰਘਬੀਰ ਤੇ ਕਾਲਾ ਦੋਵੇਂ ਸ਼ਹਿਰ ਹਾਇਰ ਸੈਕੰਡਰੀ ਸਕੂਲ ਵਿੱਚ ਜਾ ਦਾਖਲ ਹੋਏ ਸੀ। ਦੋਹਾਂ ਨੂੰ ਵੱਖ ਵੱਖ ਰਘਬੀਰ ਨੂੰ ਰਾਜਬੀਰ ਵਾਲਾਂ ਨਵਾਂ ਤੇ ਕਾਲੇ ਨੂੰ ਪੁਰਾਣਾ ਸਾਈਕਲ ਮਿਲ ਗਏ ਸੀ। ਦੋਵੇਂ ਮਨ ਲਗਾਕੇ ਪੜ੍ਹਾਈ ਕਰ ਰਹੇ ਸੀ।

"ਵੇ ਰਘਬੀਰ ਅੱਜ ਤੇਰਾ ਤਾਇਆ ਨਈਂ ਆਇਆ ਖੇਤੋਂ.... "ਧਾਰਾਂ ਵੇਲਾ ਹੋ ਜਾਣ ਮਗਰੋਂ ਪਾਲੋ ਨੇ ਕਿਹਾ।

"ਕੋਈ ਨਹੀਂ ਆਜੂ" ਕਾਲੇ ਨੇ ਉੱਤਰ ਦਿੱਤਾ।

"ਨਹੀਂ ਉਹ ਐਨਾ ਕੁਵੇਲਾ ਕਰਨ ਆਲਾ ਤਾਂ ਹੈ ਨੀਂ...ਪਤਾ ਕਰੋ ਕਿਤੇ ਢਿੱਲਾ ਮੱਠਾ ਈ ਨਾ ਹੋ ਗਿਆ ਹੋਵੇ। "ਪਾਲੋ ਨੇ ਫੇਰ ਆਪਣੇ ਮਨ ਦਾ ਤੌਖਲਾ ਜ਼ਾਹਿਰ ਕੀਤਾ।

"ਬਾਪੂ ਤੇ ਵੀਰ ਖੇਤ ਨਹੀਂ ਗਏ?" ਰਘਬੀਰ ਨੇ ਸਵਾਲ ਕੀਤਾ।

"ਨਹੀਂ ਉਹ ਤਾਂ ਸ਼ਹਿਰ ਗਏ ਹੋਏ ਨੇ... ਜਾਓ ਜਾ ਕੇ ਪਤਾ ਕਰਕੇ ਆਓ..."

"ਰਘਬੀਰ ਤੂੰ ਧਾਰਾਂ ਕੱਢ ਮੈਂ ਬਾਪੂ ਦਾ ਪਤਾ ਕਰ ਆਉਨਾ" ਕਹਿਕੇ ਕਾਲੇ ਨੇ ਸਾਈਕਲ ਚੁੱਕਿਆ ਅਤੇ ਖੇਤ ਮੋਟਰ ਤੇ ਜਾ ਕੇ ਜਦੋਂ ਦੇਖਿਆ ਤਾਂ ਮਾਘ ਸਿੰਘ ਤੇਜ਼ ਬੁਖਾਰ ਵਿੱਚ ਹੂੰਘਾਰ ਰਿਹਾ ਸੀ। ਉਸਨੇ ਮੱਥੇ ਤੇ ਹੱਥ ਲਾਕੇ ਦੇਖਿਆ। ਮੱਥਾ ਤੰਦੂਰ ਵਾਂਗ ਤਪ ਰਿਹਾ ਸੀ। "ਕਦੋਂ ਦਾ ਚੜ੍ਹਿਐ...?" ਕਾਲੇ ਨੇ ਮਾਂ ਨੂੰ ਪੁਛਿਆ।

"ਰਾਤ ਦਾ"

"ਫੇਰ ਦਿਨੇ ਪਤਾ ਨਹੀਂ ਦਿੱਤਾ"

"ਬਾਪੂ ਸਾਈਕਲ ਤੇ ਬਹਿਜੇਂ ਗਾ ਜਾਂ ਟਰੈਕਟਰ ਕੱਢਾਂ?"

"ਉੱਤਰ ਵਿੱਚ ਮਾਘ ਸਿੰਘ ਨੇ ਇਕ ਵਾਰ ਤਾਂ ਅੱਖਾਂ ਪੱਟੀਆਂ ਫੇਰ ਬੰਦ ਕਰ ਲਈਆਂ।"

"ਸੈਕਲ ਤੇ ਬਹਿਣ ਜੋਗਾ ਕਿਥੇ ਐ... ਚੱਲ ਟਰੈਕਟਰ ਈ ਕੱਢ ਲੈ" ਚਿੰਤੋ ਨੇ ਫੈਸਲਾ ਸੁਣਾਇਆ।

ਕਾਲੇ ਨੇ ਟਰੈਕਟਰ ਕੱਢਿਆ। ਟਰਾਲੀ ਜੋੜੀ ਤੇ ਮੰਜਾ ਟਰਾਲੀ ਵਿੱਚ ਪਾ ਕੇ ਪਿੰਡ ਦੇ ਡਾਕਟਰ ਕੋਲ ਲੈ ਗਿਆ। ਰਾਹ ਵਿੱਚ ਮਲਕੀਤ ਸਿੰਘ ਨੇ ਘਰ ਦ ਬਾਹਰ ਮੂਹਰੇ ਟਰੈਕਟਰ ਰੋਕ ਕੇ ਕਾਲੇ ਨੇ ਮਾਂ ਨੂੰ ਕਿਹਾ ਸੀ। "ਬੇਬੇ ਚਾਚੀ ਨੂੰ ਦੱਸ ਆ ਕਿ ਅਸੀਂ ਬਾਪੂ ਨੂੰ ਸ਼ਮਸ਼ੇਰ ਡਾਕਟਰ ਕੋਲ ਲੈ ਕੇ ਚੱਲਿਆਂ"

ਚਿੰਤੋ ਨੇ ਜਦ ਪਾਲੋ ਨੂੰ ਮਾਘ ਦੇ ਬੁਖਾਰ ਬਾਰੇ ਦੱਸਿਆ ਤਾਂ ਉਹ ਬੋਲੀ "ਰੁਕੋ ਮੈਂ ਆਹ ਦੁੱਧ ਸਾਂਭਲਾਂ ....ਫੇਰ ਚਲਦੀਆਂ ਥੋਡੇ ਨਾਲ ਈ.."

"ਨਹੀਂ ਬੇਬੇ ਤੂੰ ਘਰ ਹੀ ਰਹਿ...ਏਹਨਾ ਨੂੰ ਜਾਣਦੇ..ਮੈਂ ਆਹ ਆਖਰਲੀ ਧਾਰ ਚੋ ਕੇ ਮਗਰੇ ਪਹੁੰਚਦਾ.." ਰਘਬੀਰ ਧਾਰ ਚੋਂਦਾ ਚੋਂਦਾ ਹੀ ਬੋਲਿਆ।

"ਚੰਗਾ ਤੁਸੀ ਚਲੋ ਭੈਣੇ.." ਕਹਿਕੇ ਪਾਲੋ ਚਿੰਤੋ ਨੂੰ ਟਰਾਲੀ ਤੱਕ ਛੱਡਣ ਆਈ ਤੇ ਟਰਾਲੀ ਤੋਂ ਦੀ ਸਿਰ ਚੁੱਕ ਕੇ ਬੋਲੀ" ਕੀ ਹਾਲ ਐ ਰਘਬੀਰ ਦੇ ਤਾਇਆ?"

ਪਰ ਉਹ ਕੁਝ ਨਾ ਬੋਲਿਆ।

ਪਾਲੋ ਨੇ ਗੀਝੇ ਚੋਂ ਕੱਢਕੇ ਦੋ ਨੋਟ ਚਿੰਤੋ ਵੱਲ ਵਧਾਉਂਦੇ ਹੋਏ ਆਖਿਆ" ਦ ਸ ਨ. ਹੋਰ ਰਘਬੀਰ ਹੱਥ ਭੇਜਦੀਆਂ।"

ਕਾਲੇ ਨੇ ਟਰੈਕਟਰ ਤੋਰ ਲਿਆ ਤੇ ਚਿੰਤੀ ਭੱਜਕੇ ਟਰਾਲੀ ਵਿੱਚ ਚੜ੍ਹ ਗਈ

ਡਾ. ਸ਼ਮਸ਼ੇਰ ਚੰਦ ਨੇ ਦਸਵੀਂ ਪਾਸ ਕਰਨ ਤੋਂ ਬਾਅਦ ਸ਼ਹਿਰ ਵਿੱਚ ਇਕ ਡਾਕਟਰ ਕੋਲ ਚਾਰ ਪੰਜ ਸਾਲ ਪਰੈਕਟਿਸ ਕਰਕੇ, ਆਰ. ਐਮ. ਪੀ ਦਾ ਸਰਟੀਫਿਕੇਟ ਲੈ ਕੇ, ਪਿੰਡ ਆਪਣੀ ਬੈਠਕ ਵਿੱਚ ਹੀ ਦੁਕਾਨ ਖੋਲ੍ਹ ਲਈ ਸੀ। ਦੇਸ਼ ਦੇ ਬਟਵਾਰੇ ਤੋਂ ਬਾਅਦ ਉਸਦਾ ਪਰਿਵਾਰ ਇੱਥੇ ਆ ਕੇ ਰਹਿਣ ਲੱਗ ਪਿਆ ਸੀ। ਉਸਦੇ ਬਾਬੇ ਨੇ ਆ ਕੇ ਪ੍ਰਚੂਨ ਦੀ ਦੁਕਾਨ ਖੋਲ੍ਹੀ ਸੀ, ਫੇਰ ਉਸਦੇ ਬਾਪ ਨੇ ਅੱਗੇ ਕੱਪੜੇ ਦਾ ਤੇ ਹੁਣ ਉਸਨੇ ਇਹਨਾਂ ਦੁਕਾਨਾਂ ਦੇ ਨਾਲ ਹੀ ਡਾਕਟਰੀ ਦੀ...। ਬੂਹੇ ਵਿੱਚ ਟਰੈਕਟਰ ਰੁਕਣ ਤੇ ਸ਼ਮਸ਼ੇਰ ਬਾਹਰ ਆਇਆ।

"ਕੀ ਗੱਲ?" ਉਹ ਕਾਲੇ ਨੂੰ ਸੰਬੋਧਨ ਹੋਇਆ।"

"ਬਾਪੂ ਨੂੰ ਤਾਪ ਚੜ੍ਹ ਗਿਐ.."

ਸ਼ਮਸ਼ੇਰ ਨੇ ਟਰਾਲੀ ਵਿੱਚ ਨਿਗਾਹ ਮਾਰੀ। ਮੰਜੇ ਤੇ ਪਏ ਮਾਘ ਸਿੰਘ ਨੂੰ ਹੰਘੂਰ ਮਾਰਦਾ ਦੇਖ ਕੇ ਕਿਹਾ "ਹੇਠਾਂ ਲਾਹੋ"

ਕਾਲੇ ਨੇ ਟਰਾਲੀ ਦਾ ਡਾਲਾ ਖੋਲਿਆ। ਤਿੰਨਾਂ ਨੇ ਰਲ ਮਿਲਕੇ ਮੰਜਾ ਲਾਹ ਕੇ ਦੁਕਾਨ ਵਿੱਚ ਡਾਹ ਦਿੱਤਾ। ਥਰਮਾਮੀਟਰ ਦਾ ਪਾਰਾ ਨਾਰਮਲ ਕਰਕੇ ਜਦੋਂ ਸ਼ਮਸ਼ੇਰ ਮਾਘ ਸਿੰਘ ਦੇ ਥਰਮਾਮੀਟਰ ਲਾਉਣ ਲਗਿਆ ਤਾਂ ਬਾਹਰੋਂ ਆਵਾਜ਼ ਆਈ, ਡਾਕਟਰ ਸਾਹਿਬ.."

ਸ਼ਮਸ਼ੇਰ ਚੰਦ ਦਾ ਹੱਥ ਉੱਥੇ ਹੀ ਰੁਕ ਗਿਆ। ਆਵਾਜ਼ ਮਾਰਨ ਵਾਲਾ ਬਲਬੀਰ ਸਿੰਘ ਸਰਪੰਚ ਦਾ ਵੱਡਾ ਮੁੰਡਾ ਸ਼ੀਸ਼ਾ ਸਿੰਘ ਅੰਦਰ ਲੰਘ ਆਇਆ ਅਤੇ ਬੋਲਿਆ "ਫਟਾ ਫਟ ਚਲੋ ਬਾਪੂ ਨੂੰ ਤਾਪ ਚੜ੍ਹ ਗਿਐ..."

"ਚੱਲਦਿਆਂ ਪਹਿਲਾਂ ਆਹ ਮਰੀਜ਼ ਦੇਖ ਲਾਂ"

ਸ਼ੀਸ਼ਾ ਸਿੰਘ ਨੇ ਮਾਘ ਸਿੰਘ ਵੱਲ ਦੇਖਦਿਆ ਕਿਹਾ "ਇਹਨੂੰ ਫੇਰ ਦੇਖ ਲਈਂ। ਪਹਿਲਾਂ ਓਧਰ ਚੱਲ ਜੇ ਬਾਪੂ ਨੂੰ ਕੁਝ ਹੋ ਗਿਆ ਤਾਂ..."

"ਜੇ ਏਹਨੂੰ ਕੁਝ ਹੋ ਗਿਆ ਫੇਰ" ਸ਼ਮਸ਼ੇਰ ਬੋਲਿਆ

"ਏਹਨਾ ਜਾਤਾਂ ਨੂੰ ਕੁਝ ਨੀਂ ਹੁੰਦਾ ਤੂੰ ਸਿੱਧਾ ਹੋ ਕੇ ਤੁਰ ਨਹੀਂ..."ਸ਼ੀਸ਼ਾ ਸਿੰਘ ਨੇ "ਨਹੀਂ" ਤੇ ਇਸ ਤਰ੍ਹਾਂ ਜ਼ੋਰ ਦਿੱਤਾ ਜਿਵੇਂ ਕਹਿ ਰਿਹਾ ਹੋਵੇ "ਨਹੀਂ ਜੇ ਨਾ ਗਿਆ ਤਾਂ ਆਹ ਦਵਾਈਆਂ ਬੂਟੀਆਂ ਜੀਆਂ ਦੁਕਾਨ ਤੋਂ ਬਾਹਰ ਵਗਾਹ ਮਾਰੂੰ"

ਸ਼ਮਸੇਰ ਚੰਦ ਨੇ ਪਹਿਲਾਂ ਸ਼ੀਸ਼ਾ ਸਿੰਘ ਦੇ ਚਿਹਰੇ ਵੱਲ ਤੱਕਿਆ ਜਿਸ ਦੀਆਂ ਅੱਖਾਂ ਵਿਚੋਂ ਗੁੱਸਾ ਟਪਕ ਰਿਹਾ ਸੀ ਫੇਰ ਉਸਨੇ ਕਾਲੇ ਵੱਲ ਦੇਖਿਆ ਜਿਸ ਦੀਆਂ ਅੱਖਾਂ ਵਿੱਚ ਬੇਬਸੀ ਦੀ ਝਲਕ ਮਾਰਦੀ ਸੀ।

"ਛੋਟੇ ਵੀਰ ਮੈਂ ਬੱਸ ਗਿਆ ਤੇ ਆਇਆ। ਐਨੇ ਤੁਸੀ ਇਹਦੇ ਮੱਥੇ ਤੇ ਪਾਣੀ ਪੱਟੀਆਂ ਰੱਖੀ ਜਾਓ।" ਕਹਿਕੇ ਸ਼ਮਸ਼ੇਰ ਸ਼ੀਸ਼ਾ ਸਿੰਘ ਨਾਲ ਚਲਾ ਗਿਆ ਸੀ। ਏਨੇ ਵਿੱਚ ਰਘਬੀਰ ਵੀ ਆ ਗਿਆ। ਉਸਨੇ ਮਾਘ ਸਿੰਘ ਦੀ ਹਾਲਤ ਦੇਖੀ। ਸ਼ਮਸ਼ੇਰ ਨੇ ਜਾਣ ਦੀ ਕਹਾਣੀ ਸੁਣੀ ਤੇ ਆਖਿਆਂ "ਚਲੋ ਚੁੱਕੋ ਆਪਾਂ ਸ਼ਹਿਰ ਚੱਲਦੇ ਆਂ ਡਾ. ਬਾਂਸਲ ਕੋਲ..ਇਹਨੂੰ ਕੀ ਪਤੈ... ਨਾਲੇ ਗਏ ਬੰਦੇ ਦਾ ਕੀ ਪਤੈ ਕਦੋਂ ਮੁੜਕੇ ਆਵੇ...ਉਦੋਂ ਤੱਕ ਆਪਾਂ ਸ਼ਹਿਰ ਪਹੁੰਚ ਜਾਵਾਂਗੇਂ....."ਕਹਿਕੇ ਰਘਬੀਰ ਨੇ ਮੰਜੇ ਦਾ ਸਿਰਹਾਣਾ ਫੜਿਆ। ਕਾਲੇ ਨੇ ਪੈਂਦ ਤੇ ਉਹ ਮਾਘ ਸਿੰਘ ਦਾ ਮੰਜਾ ਟਰਾਲੀ ਵਿੱਚ ਲੱਦ ਕੇ ਸ਼ਹਿਰ ਲੈ ਗਏ ਸੀ।

ਸ਼ੀਸ਼ੇ ਦੇ ਕਹੇ ਸ਼ਬਦ "ਇਹਨਾਂ ਜਾਤਾਂ ਨੂੰ ਕੁਝ ਨਹੀਂ ਹੁੰਦਾ" ਕਿੰਨਾ ਚਿਰ ਉਸਦੇ ਕੰਨਾਂ ਵਿੱਚ ਗੂੰਜਦੇ ਰਹੇ ਸੀ। ਜੋ ਅੱਜ ਤੱਕ ਗੂੰਜ ਰਹੇ ਸਨ।

ਕਹਿੰਦੇ ਨੇ ਕਿਸੇ ਦਾ ਕੀਤਾ ਤਲਵਾਰ ਦਾ ਫੱਟ ਰਾਜੀ ਹੋ ਕੇ ਭੁੱਲ ਜਾਂਦਾ ਹੈ ਪਰ ਸ਼ਬਦਾਂ ਦਾ ਕੀਤਾ ਫੱਟ ਕਦੇ ਨਹੀਂ ਭੁੱਲਦਾ। ਇਹ ਗੱਲ ਸੌ ਫੀਸਦੀ ਸਹੀ ਹੈ। ਅਜਿਹਾ ਹੀ ਸ਼ਬਦਾਂ ਰਾਹੀ ਜਿਊਣੇ ਕੌੜੇ ਦਾ.



ਉਸਦੇ ਮਨ ਤੇ ਕੀਤਾ ਫੱਟ ਭਾਵੇਂ ਭਰ ਗਿਆ ਹੈ। ਖਰੀਂਡ ਵੀ ਆ ਗਏ ਹਨ ਪਰ ਚੇਤਿਆਂ ਤੇ ਪਿਆ ਦਾਗ ਉਸਨੂੰ ਉਹ ਘਟਨਾ ਮੁੜ ਮੁੜ ਕੇ ਯਾਦ ਦਵਾਉਂਦਾ ਆ ਰਿਹਾ ਹੈ ਜਦ ਉਸਨੇ ਹਾਇਰ ਸਕੈਂਡਰੀ ਪਹਿਲੇ ਦਰਜੇ ਵਿੱਚ ਪਾਸ ਕੀਤੀ ਸੀ ਤਾਂ ਸਾਰੇ ਪਿੰਡ ਵਿੱਚ ਸ਼ੋਰ ਮੱਚ ਗਿਆ ਸੀ। ਉਸਦੀ ਬਰਾਦਰੀ ਵਾਲੇ ਤਾਂ ਇਸ ਗੱਲੋਂ ਚਰਚਾ ਕਰ ਰਹੇ ਕਿ ਸਾਡੇ ਨਾਲੋਂ ਇਹ ਅੱਗੇ ਕਿਵੇਂ ਨਿਕਲ ਗਿਆ। ਜੱਟ ਜ਼ਿਮੀਂਦਾਰ ਇਸ ਕਰਕੇ ਕਿ ਜੇ ਕੰਮੀਆਂ ਦੇ ਜੁਆਕ ਇਸ ਤਰ੍ਹਾਂ ਪੜ੍ਹਨ ਲਿਖਣ ਲੱਗ ਪਏ ਤਾਂ ਉਹਨਾਂ ਦੇ ਡੰਗਰ ਕੌਣ ਚਾਰਿਆ ਕਰੂ ਤੇ ਸੀਰ ਕੌਣ ਕਮਾਇਆ ਕਰੂ। ਇਹ ਜ਼ਹਿਰ ਉਗਲਦੇ ਬੋਲ ਉਸਨੂੰ ਉਦੋਂ ਸੁਣਾਈ ਦਿੱਤੇ ਸੀ ਜਦੋਂ ਉਹ ਇਕ ਦਿਨ ਆਪਣੇ ਘਰ ਵੱਲ ਆ ਰਿਹਾ ਸੀ ਤਾਂ ਦਰਵਾਜ਼ੇ ਬੈਠੇ ਵਿਹਲੇ ਬੰਦਿਆਂ ਵਿੱਚ ਘੁਸਰ ਮੁਸਰ ਚੱਲ ਰਹੀ ਸੀ। ਪਰ ਅਚਾਨਕ ਜਿਉਣਾ ਕੌੜਾ ਉੱਚੀ ਦੇ ਕੇ ਬੋਲਿਆ ਸੀ" ਮੇਰੇ ਆਰ ਫੇਰ ਕੀ ਹੋ ਗਿਆ ਜੇ ਚਾਰ ਅੱਖਰ ਪੜ੍ਹ ਗਿਆ, ਗਧੇ ਨੂੰ ਜਿਨਾਂ ਮਰਜ਼ੀ ਸਨਲਾਈਟ ਨਾਲ ਨਮਾਈ ਜਾਵੇ ਉਹ ਘੋੜਾ ਨਹੀਂ ਬਣ ਸਕਦਾ ਰਹੂ ਤਾਂ ਗਧਾ ਈ..."ਕੌੜੇ ਦੀ ਗੱਲ ਸੁਣ ਕੇ ਸਾਰੇ ਠਹਾਕਾ ਮਾਰ ਕੇ ਉੱਚੀ ਉੱਚੀ ਹੱਸਣ ਲੱਗ ਪਏ ਸੀ। ਕਾਲੇ ਦੇ ਤੁਰੇ ਜਾਂਦੇ ਦੇ ਕਦਮ ਉਥੇ ਹੀ ਰੁੱਕ ਗਏ ਸੀ। ਉਸਦੇ ਦਿਲ ਵਿਚ ਆਇਆ ਸੀ ਕਿ ਉਹ ਜਿਉਣੇ ਨੂੰ ਕਹੇ "ਸਰਦਾਰ ਜੀ ਤੇਰੇ ਘੋੜੇ ਨੂੰ ਤਾਂ ਸਨਲਾਈਟ ਨਾਲ ਵੀ ਨਵਾਉਣ ਦੀ ਲੋੜ ਨਹੀਂ ਸੀ, ਤਾਂ ਫੇਰ ਉਹ ਗਧਾ ਕਿਉਂ ਬਣ ਗਿਆ। ਜਦੋਂ ਤਿੰਨ ਸਾਲਾਂ 'ਚ ਅੱਠਵੀਂ ਪਾਸ ਵੀ ਨਾ ਹੋਈ, ਤਾਂ ਫੇਰ ਪੜ੍ਹਾਈ ਛੱਡਕੇ ਹਲ ਦਾ ਮੁੰਨਾ ਕਿਉਂ ਫੜ ਲਿਆ ?" ਪਰ ਉਹ ਇਹ ਸੋਚਕੇ ਕਿ ਜਿਹੋ ਜਿਹਾ ਭਾਂਡਾ ਸੀ, ਉਸਨੇ ਓਹੋ ਜਿਹੀ ਹੀ ਅਵਾਜ਼ ਕੱਢ ਦਿੱਤੀਐ ਤੇ ਅੱਗੇ ਨਿਕਲ ਗਿਆ ਸੀ।

ਇਸ ਤਰ੍ਹਾਂ ਬਚਪਨ ਤੋਂ ਲੈ ਕੇ ਨੌਕਰੀ ਲੱਗਣ ਤੱਕ ਉਸਨੇ ਪਿੰਡ ਦੇ ਲੋਕਾਂ ਤੋਂ ਬਹੁਤ ਕੁਝ ਸੁਣਿਆ ਸੀ, ਸਹਿਆ ਸੀ। ਜਿਸ ਕਰਕੇ ਉਸਦੇ ਮਨ ਅੰਦਰ ਇਹਨਾਂ ਪ੍ਰਤੀ ਹਮੇਸ਼ਾ ਬਦਲੇ ਦੀ ਜਵਾਲਾ ਭੜਕਦੀ ਰਹੀ ਸੀ, ਜਿਸ ਨੂੰ ਠੰਡਾ ਕਰਨ ਲਈ ਉਹ ਉਹਨਾਂ ਨੂੰ ਕੁਝ ਕਰਕੇ ਹੀ ਦਿਖਾਉਣ ਤੇ ਲੱਗਿਆ ਰਿਹਾ ਸੀ। ਹਾਇਰ ਸਕੈਂਡਰੀ ਕਰਦੇ ਹੀ ਉਸਨੇ ਪੜ੍ਹਾਈ ਛੱਡ ਦਿੱਤੀ। ਰੋਜ਼ਗਾਰ ਦਫ਼ਤਰ ਵਿਚ ਨਾ ਦਰਜ ਕਰਵਾਕੇ ਪਿਉ ਨਾਲ ਮਲਕੀਤ ਸਿੰਘ ਖੇਤ ਮੋਟਰ ਤੇ ਕੰਮ ਕਰਾਉਣ ਲੱਗ ਪਿਆ ਸੀ। ਪਿੰਡ ਆਉਣ ਨੂੰ ਉਸਦੀ ਵੱਢੀ ਰੂਹ ਸੀ ਕਰਦੀ। ਰਘਬੀਰ ਨੇ ਜੇ. ਬੀ. ਟੀ ਵਿਚ ਦਾਖਲਾ ਲੈ ਗਿਆ ਸੀ। ਰਾਜਬੀਰ ਮਲਕੀਤ ਤੇ ਚਾਚੀ ਪਾਲੋ ਉਸਨੂੰ ਖੇਤ ਹੀ ਮਿਲ ਜਾਂਦੇ ਸੀ ਫੇਰ ਉਸਨੇ ਪਿੰਡ ਕੀ ਕਰਨ ਜਾਣਾ ਸੀ?

ਕੁਛ ਦਿਨਾਂ ਬਾਅਦ ਹੀ ਉਸਨੂੰ ਰੁਜ਼ਗਾਰ ਦਫਤਰ ਵੱਲੋਂ ਕਲਰਕ ਦੀ ਆਸਾਮੀ ਲਈ ਸੱਦਾ ਆ ਗਿਆ। ਚੰਗੇ ਨੰਬਰ ਤੇ ਰਿਜ਼ਰਵ ਸ਼੍ਰੇਣੀ ਵਿਚ ਹੋਣ ਕਰਕੇ ਝੱਟ ਨੌਕਰੀ ਵੀ ਮਿਲ ਗਈ ਪਰ ਪੜ੍ਹਾਈ ਉਸਨੇ ਫੇਰ ਵੀ ਜਾਰੀ ਰੱਖੀ। ਗਿਆਨੀ ਪਾਸ ਕਰਕੇ, ਪ੍ਰਾਈਵੇਟ ਹੀ ਬੀ.ਏ. ਪਾਸ ਕਰ ਲਈ। ਇਸ ਸਮੇਂ ਵਿਚ ਉਸਨੇ ਮਿਹਨਤੀ ਅਤੇ ਨੇਕ ਸੁਭਾਅ ਦਾ ਹੋਣ ਕਰਕੇ ਆਪਣੇ ਮਹਿਕਮੇ ਵਿਚ ਚੰਗਾ ਨਾਂ ਬਣਾ ਲਿਆ ਸੀ। ਜਿਸ ਕਰਕੇ ਚੰਡੀਗੜ੍ਹ ਉਸਨੇ ਮਹਿਕਮੇ ਦੇ ਸੁਪਰਡੈਂਟ ਵਲੋਂ ਲੜਕੀ ਦੇ ਰਿਸ਼ਤੇ ਲਈ ਜਦੋਂ ਉਸਦੇ ਦਫਤਰ ਦੇ ਸੁਪਰਡੈਂਟ ਨੇ ਦੱਸ ਪਾਈ ਸੀ ਤਾਂ ਉਸਨੇ ਉਸਨੂੰ ਦੇਖਦੇ ਸਾਰ ਹੀ ਬਿਨਾ ਉਸਦੇ ਘਰ ਬਾਰ ਨੂੰ ਦੇਖੇ ਰਿਸ਼ਤੇ ਦੀ ਪੇਸ਼ਕਸ਼ ਕਰ ਦਿੱਤੀ ਸੀ। ਜਿਸਨੂੰ ਉਸਨੇ ਦਫਤਰ ਦੇ ਸੁਪਰਡੈਂਟ ਵਲੋਂ ਸਮਝਾਉਣ ਤੇ ਕਿ ਕੁੜੀ ਐਮ. ਏ. ਫਸਟ ਕਲਾਸ ਹੈ। ਸੋਹਣੀ ਹੈ, ਤਕੜੇ ਘਰ ਦੀ ਹੈ, ਤੇਰੀ ਅਗਲੀ ਜ਼ਿੰਦਗੀ ਵਿੱਚ ਸੁਪਰਡੈਂਟ ਸਾਹਿਬ ਤੇਰੇ ਮਦਦਗਾਰ ਬਣਨਗੇ, ਤਾਂ ਉਸਨੇ ਪ੍ਰਵਾਨ ਕਰ ਲਿਆ ਸੀ। ਤੇ ਸ਼ਹਿਰ ਹੀ ਆਪਣੇ ਮਾਂ ਬਾਪ ਸ਼. ਮਲਕੀਤ ਸਿੰਘ ਦੇ ਟੱਬਰ ਅਤੇ ਬਹੁਤ ਨੇੜੇ ਦੇ ਦਸ ਪੰਦਰਾਂ ਰਿਸ਼ਤੇਦਾਰ ਸੱਦਕੇ ਗੁਰਦੁਆਰੇ ਨੰਦ ਲੈ ਲਏ ਸੀ। ਫੇਰ ਉਸਨੂੰ ਆਪਣੀ ਇਕ ਧੁੰਨ ਵਿੱਚ ਅਜਿਹਾ ਮਗਨ ਹੋ ਗਿਆ ਸੀ ਕਿ ਮਹੀਨੇ ਦੋ ਮਹੀਨੇ ਮਗਰੋਂ ਉਸਦੇ ਮਾਂ ਜਾਂ ਪਿਉ ਉਸਨੂੰ ਮਿਲਣ ਆਉਂਦੇ। ਜਿਨਾਂ ਕੁ ਉਸ ਕੋਲ ਖਰਚਾ ਦੇਣ ਲਈ ਪੈਸ ਹੁੰਦੇ ਦੇ ਕੇ ਤੋਰ ਦਿੰਦਾ।

ਇਸੇ ਦੌਰਾਨ ਉਸਦੇ ਉਪਰੋਂ ਥੱਲੀ ਦੇ ਦੋ ਮੁੰਡੇ ਹੋ ਗਏ ਤੇ ਇਕ ਕੁੜੀ। ਪਰ ਉਹ ਪਿੰਡ ਨਾ ਜਾ ਸਕਿਆ ਕਿਉਂਕਿ ਉਹ ਛੁੱਟੀ ਲੈ ਕੇ ਆਈ. ਏ. ਐਸ. ਦੀ ਤਿਆਰੀ ਕਰਨੀ ਲਈ ਅਕੈਡਮੀ ਜੁਆਇਨ ਕਰ ਲਈ ਸੀ ਤੇ ਫੇਰ ਇਸ ਮੁਕਾਬਲੇ ਵਿਚੋਂ ਚੰਗੇ ਨੰਬਰ ਲੈ ਕੇ ਸਫਲਤਾ ਵੀ ਹਾਸਲ ਕਰ ਲਈ ਸੀ। ਫਰ ਉਸ ਨੂੰ ਅਚਾਨਕ ਪਿੰਡ ਦੀ ਯਾਦ ਆਈ। ਟ੍ਰੇਨਿੰਗ ਤੇ ਜਾਣ ਤੋਂ ਪਹਿਲਾਂ .. ਉਹ ਇਕ ਵਾਰ ਪਿੰਡ ਜਾਣਾ ਚਾਹੁੰਦਾ ਸੀ। ਕਿਉਂਕਿ ਇਹਨਾਂ ਸੰਘਰਸ਼ ਦੇ ਸਮਿਆਂ ਵਿੱਚ ਉਹ ਰਾਜਵੀਰ ਸਿੰਘ ਤੇ ਰਘਵੀਰ ਹੋਰਾਂ ਨੂੰ ਚੰਗੀ ਤਰ੍ਹਾਂ ਮਿਲ ਵੀ ਨਹੀਂ ਸਕਿਆ ਸੀ। ਉਸਨੇ ਆਪਣੀ ਪਤਨੀ ਨਾਲ ਗੱਲ ਕੀਤੀ ਜੋ ਸਰਕਾਰੀ ਸਕੂਲ ਵਿੱਚ ਲੈਕਚਰਾਰ ਲੱਗ ਚੁੱਕੀ ਸੀ। ਉਸਨੇ ਅਣਮੰਨੇ ਜਿਹੇ ਮਨ ਨਾਲ ਹਾਂ ਕਰ ਦਿੱਤੀ। ਸ਼ਹਿਰ ਤਾਂ ਕਾਲਾ ਸਿੰਘ ਨੇ ਪਤਨੀ ਦੇ ਲੈਕਚਰਾਰ ਬਣਨ ਸਾਰ ਹੀ ਇੱਕ ਚੰਗਾ ਕੋਠੀਨੁਮਾ ਮਕਾਨ ਕਰਾਏ ਤੇ ਲੈ ਲਿਆ ਸੀ ਅਤੇ ਪਿੰਡ ...ਉਹ ਬੱਸ ਵਿਚ ਜਾਂਦਾ ਸੋਚ ਰਿਹਾ ਸੀ ਕਿ ਬੱਚਿਆਂ ਨੂੰ ਬੇਬੇ ਤੇ ਬਾਪੂ ਕੋਲ ਮੋਟਰ ਤੇ ਹੀ ਲੈ ਜਾਵੇ ਜਾਂ ਮਲਕੀਤ ਸਿੰਘ ਦੇ ਘਰ ਠਹਿਰਾਵੇ ਜਾਂ ਫੇਰ ਸ਼ਾਮ ਨੂੰ ਵਾਪਸ ਪਰਤ ਆਵੇ....ਸ਼ਾਮ ਨੂੰ ਵਾਪਸ ਪਰਤਣ ਵਾਲੀ ਗੱਲ ਉਸਨੂੰ ਜ਼ਿਆਦਾ ਚੰਗੀ ਲੱਗੀ ਸੀ।

ਪਿੰਡ ਜਾਕੇ ਪਹਿਲਾਂ ਉਹ ਸਿੱਧਾ ਮਲਕੀਤ ਸਿੰਘ ਦੇ ਘਰ ਗਿਆ ਸੀ। ਸਮਾਨ ਉੱਥੇ ਰੱਖ ਕੇ ਆਪਣੇ ਭਰਾਵਾਂ ਦੇ, ਚਾਚੇ, ਤਾਇਆਂ ਦੇ ਘਰੀਂ ਫੇਰਾ ਪਾ ਕੇ ਮਲਕੀਤ ਸਿੰਘ ਦੇ ਘਰੋਂ ਸਕੂਟਰ ਲੈ ਕੇ ਮੋਟਰ ਤੇ ਚਲਿਆ ਗਿਆ ਸੀ। ਪਿੰਡ ਘਰਾਂ ਵਿਚ ਮੱਖੀਆਂ ਤੇ ਗਰਮੀ ਨੇ ਬੱਚਿਆਂ ਨੂੰ ਅਕਲਕਾਣ ਕਰ ਦਿੱਤਾ। ਬੱਚੇ ਉਕਤਾ ਗਏ ਸਨ। ਖੇਤ ਭਾਵੇਂ ਗਰਮੀ ਘੱਟ ਸੀ ਪਰ ਮਿੱਟੀ ਉੱਡ ਰਹੀ ਸੀ। ਆਲੇ ਦੁਆਲੇ ਸੁੰਨਸਾਨ ਸੀ। ਖੇਤਾਂ ਵਿੱਚ ਵਢਾਵੇ ਕਣਕ ਵੱਢ ਰਹੇ ਸੀ। ਬੱਚਿਆਂ ਨੇ ਧਰਤੀ ਸਿਰ ਤੇ ਚੁੱਕ ਲਈ "ਚਲੋ ਘਰ ...ਚਲੋ ਘਰ..ਦੀ ਰੱਟ ਲਾਉਣ ਲੱਗ ਪਏ ਸੀ। ਕਾਲਾ ਸਿੰਘ ਨੇ ਉਹਨਾਂ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਮੰਨੇ ਹੀ ਨਹੀਂ। ਆਖਿਰ ਮਾਂ ਬਾਪ ਤੋਂ ਇਜਾਜ਼ਤ ਲੈ ਕੇ ਉਹ ਘਰ ਵਾਪਸ ਆ ਗਏ ਸੀ।

ਰਘਬੀਰ ਰਾਜਬੀਰ ਦੇ ਵਿਆਹਾਂ ਵਿਚ ਵੀ ਜਦ ਉਸਨੇ ਆਪਣੀ ਪਤਨੀ ਨੂੰ ਨਾਲ ਜਾਣ ਲਈ ਕਿਹਾ ਸੀ ਤੇ ਬੱਚੇ ਅੜ ਗਏ ਸੀ ਕਿ ਤੁਸੀਂ ਜਾ ਆਉ ਅਸੀਂ ਨਹੀਂ ਜਾਣਾ। ਜਿਸ ਕਰਕੇ ਉਹ ਉਹਨਾਂ ਨੂੰ ਨਾਨਕੇ ਨਾਨਾ ਨਾਨੀ ਕੋਲ ਛੱਡ ਕੇ ਵਿਆਹਾਂ ਵਿੱਚ ਜਾਂਦੇ ਰਹੇ ਸੀ। ਮਾਘ ਸਿੰਘ ਤੇ ਚਿੰਤੋ ਕਾਲਾ ਸਿੰਘ ਦੀ ਪਤਨੀ ਨੇ ਪਹਿਲਾਂ ਹੀ ਬੇ-ਪਸੰਦ ਕਰ ਦਿੱਤੇ ਸੀ, ਜਦੋਂ ਉਸਨੂੰ ਉਸਦੇ ਪਹਿਲੇ ਮੁੰਡੇ ਜਗਤ ਪ੍ਰਕਾਸ਼ ਸਿੰਘ ਦੇ ਪੈਦਾ ਹੋਣ ਤੇ ਉਸਦੀ ਸੰਭਾਲ ਲਈ ਬੁਲਾਇਆ ਗਿਆ ਸੀ। ਇਕ ਦਿਨ ਉਸਨੂੰ ਦੁਪਿਹਰੇ ਖਾਣਾ ਖਾਣ ਆਏ ਨੂੰ ਕਿਹਾ ਸੀ। "ਦੇਖੋ ਜੀ ਆਪਣੀ ਮਾਂ ਜੀ ਨੇ ਪੇਂਡੂ ਤੇ ਦੇਸੀ ਔਰਤ। ਨਾ ਇਹਨਾਂ ਨੂੰ ਬੱਚਾ ਸੰਭਾਲਣਾ ਆਉਂਦਾ ਹੈ, ਨਾ ਖਾਣਾ ਬਨਾਉਣਾ ਤੇ ਨਾ ਹੀ ਇਹਨਾਂ ਦੀ ਬੋਲਚਾਲ ਤੇ ਨਾ ਹੀ ਇਹਨਾਂ ਦਾ ਰਹਿਣ ਸਹਿਣ ਚੰਗਾ ਹੈ, ਜਿਸ ਕਰਕੇ ਆਪਣੇ ਆਏ ਗਏ ਨੂੰ ਵੀ ਜਦ ਆਪਣੇ ਰਿਸ਼ਤੇ ਬਾਰੇ ਪਤਾ ਚਲਦਾ ਹੈ, ਤਾਂ ਬਹੁਤ ਹੀ ਬੁਰਾ ਪ੍ਰਭਾਵ ਪੈਂਦਾ ਹੈ। ਪਰਸੋਂ ਜਦ ਮੇਰੀਆਂ ਕੁਲੀਗਜ਼ ਜਗਤ ਪ੍ਰਕਾਸ਼ ਨੂੰ ਦੇਖਣ ਆਈਆਂ ਤਾਂ ਉਸਨੂੰ ਚਾਹ ਸਰਵ ਕਰਨ ਵੇਲੇ ਏਨੇ ਏਨਾ ਪੂਅਰ ਸ਼ੋ ਕੀਤਾ ਕਿ ਮੈਂ ਸ਼ਰਮ ਨਾਲ ਧਰਤੀ ਵਿਚ ਗਰਕ ਹੋਣ ਵਾਲੀ ਹੋ ਗਈ। ਜਦ ਉਹਨਾਂ ਨੇ ਉਸ ਬਾਰੇ ਪੁੱਛਿਆ, ਨਾ ਮੈਂ ਕੁਝ ਦੱਸਣ ਜੋਗੀ, ਨਾ ਛੱਡਣ ਜੋਗੀ। ਏਸ ਨਾਲੋਂ ਤਾਂ ਕੋਈ ਸ਼ਹਿਰ ਦੀ ਬੱਚਾ ਸੰਭਾਲਣ ਤੇ ਮਾਈ ਹੀ ਰੱਖ ਲਉ...ਘੱਟ ਘੱਟ ਉਸਨੂੰ ਸ਼ਹਿਰ ਦੀਆਂ ਰਹੁ ਰੀਤਾਂ ਦਾ, ਮੈਨਰਜ਼ ਦਾ ਤਾਂ ਪਤਾ ਹੋਵੇਗਾ...ਫੇਰ ਜੇ ਕੋਈ ਘਾਟ ਵਾਧ ਹੋ ਜਾਵੇਗੀ ਤਾਂ ਕਹਿਣ ਜੋਗੇ ਤਾਂ ਹੋਵਾਂਗੇ ਕਿ ਨੌਕਰਾਣੀ ਹੈ ਅੱਕਲ ਘਟ ਹੈ... ਕਈ ਚੰਗੀ ਮਾਈ ਮਿਲਦੀ ਨਹੀਂ"

ਤੇ ਫੇਰ ਕਾਲਾ ਸਿੰਘ ਨੇ ਆਉਂਦੇ ਐਤਵਾਰ ਸਵੇਰੇ ਹੀ ਮਾਂ ਨੂੰ ਕਿਹਾ ਸੀ "ਬੇਬੇ ਚੱਲ ਤੈਨੂੰ ਪਿੰਡ ਛੱਡ ਆਵਾਂ।"

"ਅਜੇ ਤਾਂ ਪੁੱਤ ਸੁੱਖ ਨਾਲ ਕਾਕਾ ਸਵਾ ਮਹੀਨੇ ਦਾ ਵੀ ਨਹੀਂ ਹੋਇਆ, ਬਹੂ ਔਖੀ ਹਊ ..."



"ਕੋਈ ਨੀ ਬੇਬੇ ਕੋਈ ਮਾਈ ਰੱਖ ਲਾਂਗੇ ਪਿੰਡ ਬਾਪੂ ਵੀ..."

ਮਾਂ ਸਮਝ ਗਈ ਸੀ ਕਿ ਬਹੂ ਨੂੰ ਉਸਦਾ ਏਥੇ ਰਹਿਣਾ ਮੇਚ ਨਹੀਂ ਆਇਆ ਸੀ। ਉਹ ਦੇਖ ਰਹੀ ਸੀ ਕਿ ਬੱਚਾ ਹੋਣ ਤੋਂ ਬਾਅਦ ਜਦੋਂ ਦੀ ਬਹੂ ਕੁਝ ਆਪਣੇ ਆਪ ਵਿੱਚ ਆਈ ਸੀ ਉਦੋਂ ਦੀ ਹੀ ਉਹ ਉਸਦੇ ਕੀਤੇ ਕੰਮ ਵਿੱਚ ਟੋਕਾ ਟੋਕੀ ਕਰਦੀ ਰਹਿੰਦੀ ਸੀ। ਜਿਸ ਦਿਨ ਉਸਦੀਆਂ ਸਹੇਲੀਆਂ ਆਈਆਂ ਸੀ ਉਸ ਦਿਨ ਉਸ ਕੋਲੋਂ ਚਾਹ ਵਿਚ ਕੁਝ ਮਿੱਠਾ ਜ਼ਿਆਦਾ ਪੈ ਗਿਆ ਸੀ। ਉਸ ਦਿਨ ਤਾਂ ਉਹਨਾਂ ਦੇ ਜਾਣ ਮਗਰੋਂ ਉਸਨੇ ਹੱਦ ਹੀ ਕਰ ਦਿੱਤੀ ਸੀ। "ਸਾਰੀ ਉਮਰ ਬੀਤ ਗਈ ਪਰ ਬੇਬੇ ਜੀ ਤੇਰਾ ਚਾਹ ਬਣਾਉਂਦੀ ਦੀ ਪਰ ਤੈਨੂੰ ਅੱਕਲ ਨਾ ਆਈ ...ਆਹ ਕੀ ਗਡਾਣਾ ਬਣਾ ਕੇ ਰੱਖ ਦਿੱਤਾ ਸੀ...ਮਣ ਮਣ ਮਿੱਠਾ ਮੂੰਹ ਭਰ ਭਰ ਆਵੇ...ਕੀ ਕਹਿਣਗੀਆਂ ਉਹ...?

"ਅੱਗੇ ਨੂੰ ਪੁੱਤ ਘੱਟ ਪਾ ਦਿਆ ਕਰੂੰ...." ਉਸਨੇ ਸੰਖੇਪ ਜਿਹਾ ਉੱਤਰ ਦਿੱਤਾ ਸੀ।

"ਹਾਂ ਮਾਂ ਫੇਰ ?" ਕਾਲਾ ਸਿੰਘ ਨੇ ਉਸਨੂੰ ਸੋਚਾਂ ਵਿਚ ਡੁੱਬੀ ਨੂੰ ਦੇਖਕੇ ਫੇਰ ਪੁੱਛਿਆ ਸੀ।

"ਚੱਲ" ਕਹਿਕੇ ਉਸਨੇ ਆਪਣੇ ਕੱਪੜੇ ਝੋਲੇ ਵਿਚ ਪਾ ਲਏ ਸੀ। ਤੁਰਨ ਤੋਂ ਪਹਿਲਾਂ ਉਹ ਬਹੂ ਨੂੰ ਫੇਰ ਮਿਲਣ ਗਈ ਸੀ। ਬੱਚੇ ਨੂੰ ਪਿਆਰ ਦਿੱਤਾ ਤੇ ਪੰਜਾਹ ਰੁਪੇ ਸ਼ਗਨ ਦੇ ਉਸਦੀ ਮੁੱਠੀ ਵਿਚ ਦੇ ਦਿੱਤੇ ਸੀ। ਬਹੂ ਨੇ ਇਸ ਸਭ ਕਾਸੇ ਦਾ ਕੋਈ ਚੱਜ ਨਾਲ ਹੁੰਘਾਰਾ ਨਹੀਂ ਭਰਿਆ ਸੀ।

ਮਾਂ ਨੂੰ ਛੱਡਕੇ ਉਹ ਉਸੇ ਦਿਨ ਹੀ ਵਾਪਸ ਆ ਗਿਆ ਸੀ। ਬਾਪੂ ਜੀ ਨੇ, ਚਾਚਾ ਮਲਕੀਤ ਸਿੰਘ ਰਘਬੀਰ ਤੇ ਰਾਜਬੀਰ ਨੇ ਉਸਨੂੰ ਰਾਤ ਰਹਿਣ ਲਈ ਬਹੁਤ ਜ਼ੋਰ ਪਾਇਆ ਸੀ ਪਰ ਉਹ ਪਤਨੀ ਦੇ ਇਕੱਲੀ ਹੋਣ ਦਾ ਕਾਰਨ ਦੱਸ ਕੇ ਉਹਨਾਂ ਤੋਂ ਆਗਿਆ ਲੈਣ ਵਿਚ ਸਫਲ ਹੋ ਗਿਆ ਸੀ।

ਹੁਣ ਜਦ ਮਾਘ ਸਿੰਘ ਚਿੰਤੋ ਮਲਕੀਤ ਸਿੰਘ, ਪਾਲੋ ਰਘਬੀਰ ਤੇ ਰਾਜਬੀਰ ਨੂੰ ਇਸ ਗੱਲ ਦਾ ਪਤਾ ਚੱਲਿਆ ਸੀ ਕਿ ਕਾਲਾ ਸਿੰਘ ਆਪਣੇ ਪਿੰਡ ਆਪਣੇ ਪੁੱਤਰ ਜਗਤ ਪ੍ਰਕਾਸ਼ ਦਾ ਵਿਆਹ ਕਰਨ ਆ ਰਿਹਾ ਹੈ ਤਾਂ ਸਾਰਿਆਂ ਨੂੰ ਚਾਅ ਚੜ੍ਹ ਗਿਆ ਸੀ।

ਕੁੜੀ ਵਾਲਿਆਂ ਨੇ ਜਦ ਜਗਤ ਪ੍ਰਕਾਸ਼ ਸਿੰਘ ਦੇ ਰਿਸ਼ਤੇ ਦੀ ਗੱਲ ਕਰਦਿਆਂ ਕੋਈ ਲੈਣ ਦੇਣ ਬਾਰੇ ਵਿਸ਼ੇਸ਼ ਮੰਗ ਬਾਰੇ ਗੱਲ ਤੋਰੀ ਸੀ ਤਾਂ ਸ਼ੰਕਰਪੁਰੀ ਸਾਹਿਬ ਨੇ ਉੱਤਰ ਦਿੱਤਾ ਸੀ। "ਲੈਣ ਦੇਣ ਦੀ ਮੈਨੂੰ ਕੋਈ ਲਾਲਚ ਨਹੀ...ਵਾਹਿਗੁਰੂ ਨੇ ਬਹੁਤ ਬਖਸ਼ਿਸ਼ ਕੀਤੀ ਹੋਈ ਹੈ, ਘਰ ਦਾਤੇ ਦੀ ਮਿਹਰ ਨਾਲ ਕਿਸੇ ਚੀਜ਼ ਦਾ ਕੋਈ ਘਾਟਾ ਨਹੀਂ.....ਹਾਂ ਮੇਰੀ ਇਕ ਬੇਨਤੀ ਜ਼ਰੂਰ ਹੈ।"

"ਹੁਕਮ ਕਰੋ"

"ਹੁਕਮ ਨਹੀਂ ਬੇਨਤੀ...।"

"ਦੱਸੋ"

"ਵਿਆਹ ਤੁਸੀਂ ਮੇਰੇ ਪਿੰਡ ਆ ਕੇ ਕਰਨਾ ਹੋਵੇਗਾ...ਭਾਵੇਂ ਉਥੇ ਕੋਈ ਮੈਰਿਜ ਪੈਲਿਸ ਤਾਂ ਨਹੀਂ ਹੈ ਪਰ ਮੈਂ ਮੈਰਿਜ ਪੈਲਸ ਲਈ ਕਿਸੇ ਪੈਲਿਸ ਤੋਂ ਵਧੀਆ ਪ੍ਰਬੰਧ ਕਰ ਦਿਆਂਗਾ।"

"ਇਹ ਵੀ ਕੋਈ ਗੱਲ ਹੈ...ਜਿੱਥੇ ਤੁਸੀਂ ਕਹੋ ਉਥੇ ਆ ਜਾਵਾਂਗੇ...।"

ਤੇ ਸ਼ੰਕਰਪੁਰੀ ਨੇ ਆਪਣੇ ਪਿੰਡ ਸ਼ੰਕਰਪੁਰ ਦੇ ਹਾਈ ਸਕੂਲ ਦੇ ਖੇਡ ਮੈਦਾਨ ਵਿਚ ਕਿਸੇ ਬਹੁਤ ਹੀ ਵਧੀਆ ਮੈਰਿਜ ਨਾਲੋਂ ਵਧੀਆ ਪ੍ਰਬੰਧ ਕਰ ਦਿੱਤਾ ਸੀ। ਦੂਰ ਦੂਰ ਤੋਂ ਟੈਂਟ ਕਨਾਤਾਂ ਨਜ਼ਰ ਆ ਰਹੀਆਂ ਸਨ। ਬਿਜਲੀ ਦੀ, ਰੋਸ਼ਨੀ ਲਈ ਰੱਜਕੇ ਵਰਤੋਂ ਕੀਤੀ ਗਈ ਸੀ। ਬਿਜਲੀ ਦੇ ਚਲੇ ਜਾਣ ਤੋਂ ਬਾਅਦ ਜਨਰੇਟਰਾਂ ਦਾ ਵੱਖਰਾ ਪ੍ਰਬੰਧ ਕੀਤਾ ਗਿਆ ਸੀ। ਮਲਕੀਤ ਸਿੰਘ ਦਾ ਘਰ ਕਾਲਾ ਸਿੰਘ ਦੇ ਭਾਈਆਂ ਦੇ ਘਰ ਬਿਜਲੀ ਦੇ ਲਾਟੂਆਂ ਦੀਆਂ ਲੜੀਆਂ ਨਾਲ ਜਗਮਗਾ ਰਹੇ ਸੀ। ਇਲਾਕੇ ਦੇ ਮੰਤਰੀ ਨੂੰ ਕਹਿਕੇ

ਸ਼ਹਿਰ ਤੋਂ ਪਿੰਡ ਤੱਕ ਜਾਣ ਵਾਲੀ ਸੜਕ ਤੇ ਪ੍ਰੀਮਿਕਸ ਪਵਾ ਦਿੱਤੀ ਸੀ। ਸੜਕ ਦੇ ਦੋਹੀਂ ਪਾਸੀਂ ਕਲੀ ਦੀਆਂ ਲਾਈਨਾਂ ਨਜ਼ਰ ਆ ਰਹੀਆਂ ਸਨ। ਸੜਕ ਤੋਂ ਵਿਆਹ-ਮੰਡਪ ਤੱਕ ਦੇ ਰਾਹ ਤੇ ਵੱਡੇ-ਵੱਡੇ ਰੰਗ ਬਰੰਗੇ ਝੰਡੇ ਲਹਿਰਾ ਰਹੇ ਸੀ। ਇਲਾਕੇ ਦੇ ਸਿਰਕੱਢ ਰਾਜਨੀਤਕ ਲੋਕ, ਪੰਚ, ਸਰਪੰਚ, ਐਮ.ਐਲ.ਏ. ਮੰਤਰੀ, ਡਿਪਟੀ ਕਮਿਸ਼ਨਰ, ਐਸ.ਐਸ.ਪੀ. ਤੱਕ ਪਹੁੰਚ ਚੁੱਕੇ ਸਨ।

ਪਿੰਡ ਦੇ ਲੋਕ ਤਾਂ ਇਸ ਕਾਰਜ ਵਿਚ ਮੁੱਢ ਤੋਂ ਹੀ ਸ਼ਰੀਕ ਹੋ ਗਏ ਸੀ। ਸ੍ਰ. ਕਾਲਾ ਸਿੰਘ ਆਈ.ਏ.ਐਸ. ਖੁਦ ਮਲਕੀਤ ਸਿੰਘ, ਮਾਘ ਸਿੰਘ ਨਾਲ ਜਾਕੇ ਆਪਣ ਹੱਥੀਂ ਸੱਦਾ ਪੱਤਰ ਜੋ ਦੇ ਕੇ ਆਇਆ ਸੀ। ਫੇਰ ਉਹ ਕਿਵੇਂ ਨਾ ਆਉਂਦੇ ?

ਸਭ ਤੋਂ ਪਹਿਲਾਂ ਉਹ ਚਾਚਾ ਜਗਜੀਤ ਸਿੰਘ ਦੇ ਘਰ ਗਿਆ ਸੀ, ਉਸ ਵਕਤ ਸ਼ਾਮ ਦਾ ਘੁਸਮੁਸਾ ਹੋ ਰਿਹਾ ਸੀ। ਇਹ ਵਕਤ ਉਸਨੇ ਜਾਣਕੇ ਚੁਣਿਆ ਸੀ। ਕਾਰਡ ਤਾਂ ਉਹ ਦਿਨੇ ਵੀ ਦੇ ਕੇ ਆ ਸਕਦਾ ਸੀ ਜਾਂ ਕਿਸੇ ਦੇ ਹੱਥ ਭੇਜ ਸਕਦਾ ਸੀ ਪਰ ਨਹੀਂ ਉਹ ਤਾਂ ਖੁਦ ਅਤੇ ਸਾਵੇਂ ਬੰਦੇ ਨੂੰ ਜਿਸਨੂੰ ਉਹ ਉਚੇਚੇ ਤੌਰ ਤੇ ਸੱਦਾ ਪੱਤਰ ਦੇਣਾ ਚਾਹੁੰਦਾ ਸੀ, ਦੇਣ ਦੀ ਧਾਰੀ ਬੈਠਾ ਸੀ। ਉਸ ਵਕਤ ਜਿਨ੍ਹਾਂ ਨੂੰ ਉਹ ਉਚੇਚੇ ਤੌਰ ਤੇ ਮਿਲਣਾ ਚਾਹੁੰਦਾ ਸੀ ਉਹਨਾਂ ਦਾ ਖੇਤ ਬੰਨੇ, ਬਾਹਰ ਅੰਦਰ ਗਏ ਹੋਣ ਦਾ ਖਤਰਾ ਸੀ। ਇਸ ਵਕਤ ਤਾਂ ਸਾਰੇ ਆਪੋ ਆਪਣੇ ਘਰ ਪਹੁੰਚ ਹੀ ਜਾਂਦੇ ਸਨ ਜਾਂ ਪਹੁੰਚਣ ਵਾਲੇ ਹੁੰਦੇ ਹਨ। ਜਿਨ੍ਹਾਂ ਦੀ ਬਿੰਦ ਝੱਟ ਉਡੀਕ ਵੀ ਕੀਤੀ ਜਾ ਸਕਦੀ ਸੀ।

"ਆਇਆ..." ਮਾਘ ਸਿੰਘ ਵਲੋਂ ਜਗਜੀਤ ਸਿੰਘ ਦੇ ਦਰਵਾਜ਼ੇ ਦਾ ਕੁੰਡਾ ਖੜਕਾਉਣ ਦੇ ਉੱਤਰ ਵਿਚ ਜਗਜੀਤ ਸਿੰਘ ਦੀ ਆਵਾਜ਼ ਆਈ ਸੀ। ਜਗਜੀਤ ਸਿੰਘ ਨੇ ਜਦ ਦਰਵਾਜ਼ੇ ਦੇ ਛੋਟੇ ਬੂਹੇ ਨੂੰ ਖੋਲ੍ਹਕੇ ਸਿਰ ਬਾਹਰ ਕੱਢ ਕੇ ਦੇਖਿਆ ਸੀ ਤਾਂ ਅੱਗੇ ਕਾਲਾ ਸਿੰਘ, ਮਲਕੀਤ ਸਿੰਘ ਤੇ ਮਾਘ ਸਿੰਘ ਨੂੰ ਖੜਾ ਦੇਖਕੇ ਉਸਦੇ ਚਿਹਰੇ ਦਾ ਰੰਗ ਹੀ ਬਦਲ ਗਿਆ ਸੀ।

"ਮਾਘ ਸਿੰਘ ਦੇ ਪੋਤੇ ਦਾ ਵਿਆਹ ਹੈ..ਆਪਣੇ ਸਾਰੇ ਟੱਬਰ ਨੇ ਹੁੰਮ ਹੁਮਾ ਕੇ ਪਹੁੰਚਣੈ...।" ਮਲਕੀਤ ਸਿੰਘ ਨੇ ਵਿਆਹ ਦਾ ਕਾਰਡ ਉਸ ਅੱਗੇ ਕਰਦਿਆਂ ਆਖਿਆ ਸੀ।

"ਪਹੁੰਚਾਂਗੇ ਕਿਉਂ ਨਹੀਂ...ਇਕ ਕੱਲਾ ਮਾਘ ਸਿੰਘ ਦਾ ਪੋਤੇ ਥੋੜ੍ਹੇ ਆਪਣਾ ਵੀ ਤਾਂ ਕੁਛ ਲਗਦੈ..।" ਜਗਜੀਤ ਸਿੰਘ ਨੇ ਕਾਰਡ ਫੜਕੇ ਆਪਣਾਪਣ ਜਿਤਾਉਂਦਿਆਂ ਕਿਹਾ ਸੀ "ਅੰਦਰ ਤਾਂ ਆਓ...ਕੋਈ ਚਾਹ ਚੂਹ...ਨਾਲੇ ਬਿੰਦ ਗੱਲਬਾਤ ਕਰਲਾਂਗੇ...ਮਸਾਂ ਤਾਂ ਸ੍ਰ. ਕਾਲਾ ਸਿੰਘ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਐ।"

"ਬਸ ਚਾਚਾ ਜੀ ਤੁਹਾਡੀ ਹੀ ਪੀਈਦੀ ਐ। ਬੜੀ ਮਿਹਰਬਾਨੀ..ਥੋੜ੍ਹੀ ਕਾਹਲੀ ਐ...ਫੇਰ ਕਦੇ ਸਹੀ ਤੁਹਾਡਾ ਇਹ ਉਲਾਂਭਾ ਵੀ ਲਾਹ ਦਿਆਂਗੇ।" ਕਹਿਕੇ ਕਾਲਾ ਸਿੰਘ ਤੁਰ ਪਿਆ ਸੀ। ਮਗਰ ਮਗਰ ਉਸਦੇ ਮਾਘ ਸਿੰਘ ਤੇ ਮਲਕੀਤ ਸਿੰਘ ਵੀ..।

"ਹੁਣ ਕੀਹਦੇ ਚਲਣੈ ? ਸ਼ੀਸ਼ੇ ਕੇ, ਕਿ ਪੰਡਤ ਜੀ ਕੇ... ?" ਮਲਕੀਤ ਸਿੰਘ ਨੇ ਥੋੜਾ ਅੱਗੇ ਜਾਕੇ ਕਾਲਾ ਸਿੰਘ ਤੋਂ ਪੁਛਿਆ।

"ਜਾਣਾ ਤਾਂ ਤਿੰਨਾ ਦੇ ਈ ਐ....ਬਾਕੀ ਤੁਸੀਂ ਦੇਖ ਲਓ...।" "ਚੰਗਾ ਫੇਰ ਪਹਿਲਾਂ ਸ਼ੀਸ਼ੇ ਕੇ ਹੋ ਆਉਂਨਿਆਂ। ਇਹਨਾਂ ਦਾ ਘਰ ਏਸੇ ਪਾਸੇ ਐ..।" ਪੰਡਤ ਜੀ ਤੇ ਜਿਉਣੇ ਕਾ ਪਿੰਡ ਦੇ ਪਰਲੇ ਪਾਸੇ ਐ। ਅੰਦਰਲੇ ਘਰ ਤਾਂ ਉਹਨਾਂ ਦੀ ਭਾਈ ਵੰਡ ਵਿਚ ਭਾਈਆਂ ਦੇ ਹਿੱਸੇ ਆ ਗਏ ਸੀ" ਕਹਿਕੇ ਮਲਕੀਤ ਸਿੰਘ ਸ਼ੀਸ਼ਾ ਸਿੰਘ ਦੇ ਘਰ ਵੱਲ ਤੁਰ ਪਿਆ ਸੀ।

ਥੋੜ੍ਹਾ ਅੱਗੇ ਜਾ ਕੇ ਅਗਲੀ ਵੀਹੀ ਦਾ ਮੜ ਮੁੜਕ ਪਹਿਲੇ ਘਰ ਦੇ ਲੋਹੇ ਦੇ ਤਖਤਿਆਂ ਨੂੰ ਜਾ



ਖੜਕਾਇਆ ਸੀ।

ਤਖਤੇ ਖੁੱਲੇ। ਇਕ ਨੌਜੁਆਨ ਮੁੰਡਾ ਬਾਹਰ ਆਇਆ "ਕਾਕਾ ਤੇਰਾ ਬਾਪੂ ?" ਮਲਕੀਤ ਸਿੰਘ ਨੇ ਸਵਾਲ ਕੀਤਾ।

"ਘਰੇ ਈ ਐ"

"ਉਹਨੂੰ ਕਹਿ ਕਿ ਮਾਘ ਸਿੰਘ ਦਾ ਮੁੰਡਾ ਕਾਲਾ ਸਿੰਘ ਆਇਐ।"

"ਉਏ ਸਰਦਾਰ ਜੀ ਨੂੰ ਅੰਦਰ ਈ ਲੈ ਆ...।" ਅੰਦਰੋਂ ਆਵਾਜ਼ ਆਈ।

"ਆਜੋ ਜੀ"

"ਨਹੀਂ ਉਹਨਾਂ ਨੂੰ ਬਾਹਰ ਹੀ ਬੁਲਾ ਦੇ.... ਅਸੀਂ ਅੱਗੇ ਵੀ ਜਾਣੈ।" ਮਲਕੀਤ ਸਿੰਘ ਨੇ ਕਿਹਾ "ਉਹ ਤਾਂ ਜੀ ਆ ਨਹੀਂ ਸਕਦੇ...ਢਿੱਲੇ ਨੇ...।"

"ਚਲੋ ਫੇਰ ਆਪਾਂ ਚੱਲਦੇ ਆਂ" ਕਹਿਕੇ ਕਾਲਾ ਸਿੰਘ ਮੁੰਡੇ ਦੇ ਪਿੱਛੇ ਪਿੱਛੇ ਤੁਰ ਪਿਆ। ਘਰ ਵਿਚ ਵੜਦਿਆਂ ਸਾਰ ਖੱਬੇ ਹੱਥ ਦੀ ਬੈਠਕ ਵਿਚ ਮੁੰਡਾ ਜਾ ਵੜਿਆ।

ਕਾਲਾ ਸਿੰਘ, ਮਲਕੀਤ ਸਿੰਘ ਤੇ ਮਾਘ ਸਿੰਘ ਨੇ ਬੈਠਕ ਵਿਚ ਵੜਨ ਤੋਂ ਪਹਿਲਾਂ ਹੀ ਸ਼ੀਸ਼ਾ ਸਿੰਘ ਉਠਕੇ ਬੈਠ ਗਿਆ ਸੀ। ਕਾਲਾ ਸਿੰਘ ਨੂੰ ਯਾਦ ਆਇਆ ਸੌ ਕਿਲੋ ਤੋਂ ਉਪਰ ਦੀ ਦੇਹ ਵਾਲਾ ਸ਼ੀਸ਼ਾ ਸਿੰਘ ਅੱਜ ਸੁੱਕਕੇ ਹੱਡੀਆਂ ਦੀ ਮੁੱਠੀ ਬਣਿਆ ਪਿਆ ਸੀ।

"ਆਓ ਬੈਠੋ...।" ਸ਼ੀਸ਼ਾ ਸਿੰਘ ਬੋਲਿਆ।

"ਮਲਕੀਤ ਸਿੰਘ ਨੇ ਕਾਰਡ ਉਸ ਵੱਲ ਵਧਾਕੇ ਆਖਿਆ ਸੀ। "ਸ੍ਰ. ਮਾਘ ਸਿੰਘ ਦੇ ਪੋਤੇ ਕਾਲਾ ਸਿੰਘ ਦੇ ਲੜਕੇ ਦਾ ਵਿਆਹ ਹੈ ਪਰਿਵਾਰ ਸਮੇਤ ਦਰਸ਼ਨ ਦੇਣਾ।"

ਕਾਰਡ ਫੜਕੇ ਆਪਣੇ ਸੱਜੇ ਹੱਥ ਰੱਖਕੇ ਥੋੜੇ ਅੱਗੇ ਲਿਫਕੇ ਕਾਲਾ ਸਿੰਘ ਦੀ ਬਾਂਹ ਫੜਕੇ ਬੋਲਿਆ, "ਬੈਠੋ ਦੋ ਮਿੰਟ....ਓਏ ਮੁੰਡਿਆ ਜਾ ਭੱਜਕੇ ਜਾ...ਦੇਖ ਕਿਡੇ ਕਿਡੇ ਬੰਦੇ ਆਏ ਨੇ...ਇਹਨਾਂ ਦੀ ਕਮਲਿਆ ਕੋਈ ਸੇਵਾ ਕਰ...ਫਟਾ ਫੱਟ ਲਿਆ...ਪੀਟਰ ਸਕਾਚ ਲੈ ਆਈ ਦੇਖੀਂ ਕਿਤੇ....।"

"ਨਹੀਂ ਸਰਦਾਰ ਜੀ ਅਸੀਂ ਕੁਝ ਨਹੀਂ ਲੈਣਾ...ਥੋੜ੍ਹੀ ਕਾਹਲੀ ਵਿਚ ਆਂ..ਹੋਰ ਵੀ ਕਈ ਘਰਾਂ ਵਿਚ ਜਾਣੈ। ਨਾਲੇ ਮੈਂ ਵਿਸਕੀ ਨਹੀਂ ਲੈਂਦਾ...।"

"ਫੇਰ ਦੁੱਧ ਤਾਂ ਪੀ ਕੇ ਹੀ ਜਾਇਓ...।"

"ਉਹ ਚਾਚਾ ਜੀ ਘਰੋਂ ਪੀ ਕੇ ਆਇਆ....ਨਾਲੇ ਸਾਨੂੰ ਪਾਣੀ ਵਾਲਾ ਦੁੱਧ ਪੀਣ ਵਾਲਿਆਂ ਨੂੰ ਪਿੰਡਾਂ ਦਾ ਖਾਲਸ ਦੁੱਧ ਹਜ਼ਮ ਕਰਨਾ ਬਹੁਤ ਔਖੇ...ਇਹਨੂੰ ਹਜ਼ਮ ਕਰਨ ਲਈ ਸਾਨੂੰ ਤਾਂ ਹਾਜ਼ਮੇ ਦੀ ਦਵਾਈ ਲੈਣੀ ਪਵੇਗੀ...।" ਕਹਿਕੇ ਉਹ ਖਿੜਖਿੜਾ ਕੇ ਹੱਸ ਪਿਆ ਸੀ। ਉਸਦੇ ਨਾਲ ਹੀ ਸਾਰੇ ਠਹਾਕਾ ਮਾਰਕੇ ਹੱਸ ਪਏ ਸੀ।

"ਕੀ ਗੱਲ ਹੋ ਗਈ ਸ਼ੀਸ਼ਾ ਸਿੰਘਾ... ? ਬੜਾ ਲਿਸਾ ਹੋ ਗਿਐਂ ?" ਮਲਕੀਤ ਸਿੰਘ ਨੇ ਸਵਾਲ ਕੀਤੇ। "ਸ਼ੂਗਰ ਬਹੁਤ ਵੱਧ ਗਈ ਐ...।" ਸ਼ੀਸ਼ਾ ਸਿੰਘ ਨੇ ਉੱਤਰ ਦਿੱਤਾ।

"ਇਹ ਤਾਂ ਕੰਟਰੋਲ ਹੋ ਜਾਂਦੀ ਐ..।" ਕਾਲਾ ਸਿੰਘ ਬੋਲਿਆ।

"ਬਲੱਡ ਪ੍ਰੈਸ਼ਰ ਅਤੇ ਸਾਹ ਦੀ ਵੀ ਸ਼ਕੈਤ ਐ...।" ਉਸਨੇ ਕਾਲਾ ਸਿੰਘ ਦਾ ਉੱਤਰ ਬੜੀ ਢਿੱਲੀ ਜਿਹੀ ਆਵਾਜ਼ ਵਿਚ ਦਿੱਤਾ।

"ਚਾਚਾ ਜੀ ਮੈਂ ਬਚਪਨ ਤੋਂ ਹੀ ਸੋਚਦਾ ਆ ਰਿਹਾਂ (ਕਾਲਾ ਸਿੰਘ ਮਲਕੀਤ ਸਿੰਘ ਨੂੰ ਸੰਬੋਧਨ ਹੋਇਆ) ਕਿ ਸਾਡੀਆਂ ਨਿੱਕੀਆਂ ਜਾਤਾਂ ਨੂੰ 'ਕੁਛ' ਕਿਉਂ ਨਹੀਂ ਹੁੰਦਾ। ਇਹ ਸਭ ਕੁਝ ਵੱਡੀਆਂ ਜਾਤਾਂ

ਨੂੰ ਹੀ ਕਿਉਂ ਹੁੰਦੈ...?" ਕਾਲਾ ਸਿੰਘ ਨੇ ਇਸ ਤਰ੍ਹਾਂ ਵਿਅੰਗਾਤਮਕ ਲਹਿਜੇ ਵਿਚ ਸਵਾਲ ਕੀਤਾ ਜਿਵੇਂ ਉਹ ਕੋਈ ਪਿਛਲੀ ਭੁੱਲੀ ਹੋਈ ਗੱਲ ਅਸਿੱਧੇ ਤੌਰ ਤੇ ਸ਼ੀਸ਼ਾ ਸਿੰਘ ਨੂੰ ਚੇਤੇ ਕਰਵਾ ਰਿਹਾ ਹੋਵੇ। ਇਸਤੋਂ ਪਹਿਲਾਂ ਕਿ ਸ਼ੀਸ਼ਾ ਸਿੰਘ ਉਸਦੀ ਗੱਲ ਦਾ ਉਤਰ ਦੇਵੇ ਮਾਘ ਸਿੰਘ ਨੇ ਕਿਹਾ "ਚੱਲ ਬੇਟੇ...।"

"ਨਹੀਂ ਬੈਠੋ....ਬੱਸ ਮੁੰਡਾ ਦਸ ਮਿੰਟਾ ਵਿਚ ਹੀ ਆਉਂਦੈ..।" ਪਤਾ ਨਹੀਂ ਸ੍ਰ. ਕਾਲਾ ਸਿੰਘ ਕਿਵੇਂ ਆ ਗਏ ਗਰੀਬ ਖਾਨੇ ਵਿਚ....।"

"ਨਹੀਂ ਸਰਦਾਰ ਜੀ, ਮੈਂ ਪਹਿਲਾਂ ਵੀ ਆਖ ਚੁਕਿਆ ਕਿ ਮੈਂ ਕੁਝ ਨਹੀਂ ਲੈਣਾ...। ਫੇਰ ਆਵਾਂਗੇ ਵਿਆਹ ਤੋਂ ਬਾਅਦ। ਤੁਸੀਂ ਜ਼ਰੂਰ ਆਉਣਾ ਸਾਰੇ ਪਰਿਵਾਰ ਸਮੇਤ।" ਕਾਲਾ ਸਿੰਘ ਨੇ ਆਖਿਆ।

"ਉਹ ਤਾਂ ਆਵਾਂਗੇ ਹੀ ਪਰ ਤੁਸੀਂ ਬੈਠੋ ਤਾਂ ਸਹੀ...।" ਸ਼ੀਸ਼ਾ ਸਿੰਘ ਨੇ ਹੋਰ ਜ਼ੋਰ ਨਾਲ ਕਿਹਾ ਪਰ ਉਹ ਅਣਸੁਣੀ ਕਰਕੇ ਹੀ ਤੁਰ ਪਏ।

ਸ਼ੀਸ਼ਾ ਸਿੰਘ ਦੇ ਘਰੋਂ ਚੱਲਕੇ ਉਹ ਸਿੱਧੇ ਜਿਉਣ ਸਿੰਘ ਦੇ ਘਰ ਗਏ। ਅੱਗੇ ਜਿਉਣੇ ਅਤੇ ਜਿਉਣੇ ਦੇ ਮੁੰਡਿਆਂ ਵਿਚ ਤਤਰਾਰ ਚਲ ਰਿਹਾ ਸੀ। ਘਰ ਵਿਚੋਂ ਉੱਚੀਆਂ ਉੱਚੀਆਂ ਆਵਾਜ਼ਾਂ ਆਉਂਦੀਆਂ ਸੁਣਕੇ ਉਹ ਘਰ ਦੇ ਬੂਹੇ ਅੱਗੇ ਹੀ ਰੁਕ ਗਏ।

ਕਾਲਾ ਸਿੰਘ ਨੇ ਮਲਕੀਤ ਸਿੰਘ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਿਆ। "ਜਿਸ ਦਿਨ ਦਾ ਇਹਨੇ ਆਪਣੇ ਮੁੰਡੇ ਦੇ ਨਾਉਂ ਜ਼ਮੀਨ ਦਾ ਬੇ-ਨਾਮਾ ਕਰਵਾਇਐ ਉਸ ਦਿਨ ਦਾ ਹੀ ਘਰ ਵਿਚ ਕਲੇਸ਼ ਚਲ ਰਿਹੈ... ਨੂੰਹ ਪੁੱਤ ਨੇ ਬੈਨਾਮਾਂ ਹੋਣ ਸਾਰ ਹੀ ਵੀਹ ਖੌਸੜੇ ਮਾਰੇ...ਕੁੜੀਆਂ ਸਿਆਣਦੀਆਂ ਨਹੀਂ। ਕਹਿੰਦੀਆਂ, ਜਿਨੂੰ ਜ਼ਮੀਨ ਦਿੱਤੀਐ ਉਸੇ ਤੋਂ ਹੀ ਰੋਟੀ ਲੈ...ਬੱਸ...।"

ਕਾਲਾ ਸਿੰਘ ਦੇ ਦਿਲ ਵਿਚ ਆਇਆ ਕਿ ਬਿਨਾਂ ਕਾਰਡ ਦਿੱਤੇ ਮੁੜ ਜਾਵੇ ਪਰ ਫੇਰ ਉਸਨੇ ਅੱਗੇ ਵੱਧਕੇ ਬੂਹੇ ਤੇ ਥਾਪ ਦੇ ਦਿੱਤੀ।

ਅੰਦਰੋਂ ਜਿਉਣ ਸਿੰਘ ਦਾ ਮੁੰਡਾ ਬਾਹਰ ਆਇਆ।

"ਮਾੜਾ ਜਾਅ ਜਿਉਣ ਸੂੰ ਨੂੰ ਤਾਂ ਭੇਜੀਂ।" ਮਲਕੀਤ ਸਿੰਘ ਬੋਲਿਆ।

"ਅੰਦਰ ਹੀ ਆ ਜਾਓ...।"

'ਨਹੀਂ ਉਸੇ ਨੂੰ ਹੀ ਭੇਜਦੇ...।" ਮਲਕੀਤ ਸਿੰਘ ਨੇ ਜਰਾ ਖਰ੍ਹਵੇਪਣ ਵਿਚ ਕਿਹਾ, ਕੁਝ ਚਿਰ ਮਗਰੋਂ ਜਿਊਣ ਸਿੰਘ ਬਾਹਰ ਆਇਆ। ਖੂੰਡੀ ਹੱਥ ਵਿਚ, ਹੜਬਾਂ ਨਿਕਲੀਆਂ ਹੋਈਆਂ। ਅੱਖਾਂ ਤੇ ਮੋਟੇ ਸ਼ੀਸ਼ਿਆਂ ਵਾਲੀ ਸਸਤੇ ਜਿਹੇ ਫਰੇਮ ਦੀ ਐਨਕ, ਜਿਸ ਦੀ ਇਕ ਡੰਡੀ ਟੁੱਟੀ ਹੋਈ ਹੋਣ ਕਰਕੇ ਧਾਗਾ ਬੰਨ੍ਹਕੇ ਕੰਨ ਤੋਂ ਦੀ ਵਲੇਟਿਆ ਹੋਇਆ। ਐਨਕ ਦੀ ਨੱਕ ਤੇ ਟਿਕਣ ਵਾਲੀ ਜਗ੍ਹਾ ਤੇ ਲੀਰ ਲਪੇਟੀ ਹੋਈ। ਕੱਪੜਿਆਂ ਵਿਚ ਮਣ-ਮਣ ਮੈਲ। ਚਿੱਟੀ ਦਾਹੜੀ ਦਾ ਰੰਗ ਸਣ ਵਰਗਾ ਹੋਇਆ।

"ਜਿਉਣ ਸਿਆਂ ਆਹ ਭਾਈ ਨੂੰ ਸਿਆਣਦੈ ?" ਮਲਕੀਤ ਸਿੰਘ ਨੇ ਪੁੱਛਿਆ

"ਨਹੀਂ"

"ਇਹ ਮਾਘ ਸੂੰ ਦਾ ਛਟਾ ਮੁੰਡੇ ਕਾਲਾ ਸਿੰਘ..।"

"ਅੱਛਾ...ਅੱਛਾ...ਹੁਣ ਯਾਦ ਆਇਆ...ਇਹ ਤਾਂ ਭਾਈ ਕਹਿੰਦੇ ਨੇ ਬਹੁਤ ਵੱਡਾ ਅਫ਼ਸਰ ਬਣ ਗਿਐ...। ਆਪਣੇ ਪਿੰਡ ਦਾ ਨਾਂ ਉਂਘਾ ਕਰਤੈ ਜੱਗ ਜਹਾਨ 'ਚ ਧੰਨ-ਭਾਗ ਤੁਸੀਂ ਬਾਹਰ ਕਿਉਂ ਖੜ੍ਹੇ ਓ...ਅੰਦਰ ਆਜ..।"

"ਨਹੀਂ ਬੱਸ, ਅਸੀਂ ਤਾਂ ਤਨੂੰ ਵਿਆਹ ਦਾ ਸੱਦਾ ਦੇਣ ਆਏ ਆਂ। ਮਾਘ ਸਿੰਘ ਦੇ ਪਤ ਦਾ ਵਿਆਹ ਐ. ਸਾਰੇ ਟੱਬਰ ਸਮੇਤ ਦਰਸ਼ਨ ਦਣੇ... ਜ਼ਰੂਰ-ਬਰ-ਜ਼ਰੂਰ...।" ਮਲਕੀਤ ਸਿੰਘ ਨੇ ਕਾਰਡ ਉਸਦੇ ਹੱਥ



ਵਿਚ ਦਿੰਦਿਆਂ ਕਿਹਾ:

"ਕਿਉਂ ਨਹੀਂ ਜ਼ਰੂਰ ਆਵਾਂਗੇ.. ਭਾਗਾਂ ਆਲੇ ਮਾਘ ਸੂੰ ਜੀਹਨੇ ਅਲਾਦ ਅਜੀ ਲ ਕੋ.."

"ਸਭ ਥੋਡੇ ਵਰਗੇ ਭਾਈਆਂ ਦਾ ਪਰਤਾਪ...।" ਮਾਘ ਸਿੰਘ ਨੇ ਉੱਤਰ ਦਿੱਤਾ

"ਬਹੁਤ ਬਹੁਤ ਸ਼ੁਕਰ ਜਿਹੜਾ ਤੁਸੀਂ ਮੈਨੂੰ ਯਾਦ ਕੀਤਾ..।"

"ਸਰਦਾਰ ਜੀ ਤੁਹਾਨੂੰ ਤਾਂ ਮੈਂ ਕਦੇ ਵੀ ਨਹੀਂ ਭੁੱਲਿਆ...ਤੁਹਾਡੀਆਂ ਦਿੱਤੀਆਂ ਸਨਲਾਈਟ ਦੀਆਂ ਟਿੱਕੀਆਂ ਨੇ ਹੀ ਤਾਂ ਇਕ ਨਿਮਾਣੇ ਜਿਹੇ ਗਧੇ ਨੂੰ ਚਮਕਾ ਕੇ ਘੜਾ ਬਣਾ ਦਿੱਤਾ...।" ਕਾਲਾ ਸਿੰਘ ਨੇ ਇਸ ਤਰ੍ਹਾਂ ਮਖੌਲੀਆ ਜਿਹੇ ਢੰਗ ਨਾਲ ਕਿਹਾ ਕਿ ਜਿਉਣ ਸਿੰਘ ਅੰਦਾਜ਼ਾ ਹੀ ਨਾ ਲਾ ਸਕਿਆ ਕਿ ਕਾਲਾ ਸਿੰਘ ਨੇ ਉਸਨੂੰ ਮਖੌਲ ਕੀਤਾ ਹੈ ਜਾਂ ਕੋਈ ਪੁਰਾਣੀ ਉਸ ਦੀ ਕਹੀ ਗੱਲ ਦਾ ਚੇਤਾ ਕਰਵਾਇਆ ਹੈ। ਜਿਸ ਕਰਕੇ ਉਹ ਵੀ ਆਪਣੇ ਕਰੜਾਂ ਲੱਗੇ ਦੰਦਾਂ ਨੂੰ ਕੱਢਦਾ ਉੱਚੀ-ਉੱਚੀ ਹੱਸਣ ਲੱਗ ਪਿਆ। ਪਰ ਕਾਲਾ ਸਿੰਘ ਨੇ ਮੁੜਦੇ ਹੋਏ ਕਿਹਾ "ਸ੍ਰ. ਜਿਉਣ ਸਿੰਘ ਜੀ ਜ਼ਰੂਰ ਆਉਣਾ।"

"ਬਹੁਤ ਅੱਛਾ ਜੀ" ਜਿਊਣ ਸਿੰਘ ਦਾ ਉੱਤਰ ਸੀ।

"ਨਲਾਇਕ ਔਲਾਦ ਬੰਦੇ ਨੂੰ ਕਿਵੇਂ ਤੋੜਕੇ ਰੱਖ ਦਿੰਦੀਐ..." ਮਲਕੀਤ ਸਿੰਘ ਮੁੜਦਾ ਹੋਇਆ ਬੁੜਬੁੜਾ ਰਿਹਾ ਸੀ।

"ਇਹ ਕਿਹੜਾ ਘੱਟ ਸੀ ਚਾਚਾ ਜੀ...ਰੱਬ ਨੂੰ ਇਹ ਵੀ ਟੱਪ ਹੀ ਦਸਦਾ ਸੀ।" ਕਾਲਾ ਸਿੰਘ ਬੋਲਿਆ।

"ਰਾਮ ਜੀ.....।" ਉਹਨਾਂ ਦੇ ਕੋਲਦੀ ਲੰਘ ਰਹੇ ਆਦਮੀ ਨੂੰ ਮਾਘ ਸਿੰਘ ਦੀ ਮਾਰੀ ਆਵਾਜ਼ ਨੇ ਸਾਰਿਆਂ ਦਾ ਧਿਆਨ ਉਸ ਆਦਮੀ ਵੱਲ ਮੋੜ ਦਿੱਤਾ।

"ਤੇਰੇ ਪਿਤਾ ਜੀ ਘਰੇ ਈ ਨੇ...?" ਮਾਘ ਸਿੰਘ ਨੇ ਫੇਰ ਉਸਨੂੰ ਸਵਾਲ ਕੀਤਾ।

"ਹਾਂ ਜੀ"

"ਉਏ ਰਾਮ ਜੀ ਤੂੰ ਮੈਨੂੰ ਪਹਿਚਾਣਿਆਂ ਨਹੀਂ ?" ਕਾਲਾ ਸਿੰਘ ਨੇ ਅੱਗੇ ਵਧਕੇ ਰਾਮ ਜੀ ਵੱਲ ਹੱਥ ਵਧਾਇਆ ਪਰ ਉਸਨੇ ਦੋਵੇਂ ਹੱਥ ਜੋੜਕੇ ਕਿਹਾ "ਮੈਂ ਤਾਂ ਜੀ ਤੁਹਾਨੂੰ ਦੂਰੋਂ ਹੀ ਪਛਾਣ ਲਿਆ ਸੀ ਪਰ ਡਰ ਗਿਆ ਸੀ ਕਿ...।"

"ਕਾਹਤੋਂ ਡਰ ਗਿਆ ਸੀ ? ਚਲ ਅਸੀਂ ਤਾਂ ਤੇਰੇ ਘਰ ਚੱਲੇ ਹਾਂ...।" ਮਲਕੀਤ ਸਿੰਘ ਨੇ ਉਸਨੂੰ ਬਾਹੋਂ ਫੜਕੇ ਵਾਪਸ ਮੋੜਦਿਆਂ ਆਖਿਆ ਸੀ।

"ਸਾਡੇ ?" ਰਾਮ ਜੀ ਦਾਸ ਦਾ ਹੈਰਾਨੀ ਨਾਲ ਮੂੰਹ ਖੁੱਲ੍ਹ ਦਾ ਖੁੱਲ੍ਹਾ ਹੀ ਰਹਿ ਗਿਆ ਸੀ।

"ਆਹੋ" ਕਾਲਾ ਸਿੰਘ ਨੇ ਹਾਮੀ ਭਰੀ। ਜਿਸਨੂੰ ਸੁਣਕੇ ਉਹ ਵਾਪਸ ਮੁੜ ਪਿਆ।

ਘਰ ਦੇ ਬੂਹੇ ਅੱਗੇ ਜਾਕੇ ਰਾਮ ਜੀ ਦਾਸ ਕੁਝ ਪਲ ਲਈ ਰੁਕ ਗਿਆ ਸੀ। ਸ਼ਾਇਦ ਉਹ ਕਿਸੇ ਦੁਬਿਧਾ ਵਿਚ ਪੈ ਗਿਆ ਸੀ, ਜਿਸਨੂੰ ਦੇਖਕੇ ਕਾਲਾ ਸਿੰਘ ਬੋਲਿਆ ਸੀ "ਫਿਕਰ ਨਾ ਕਰ, ਤੈਨੂੰ ਕੋਈ ਖੇਚਲ ਨਹੀਂ ਦੇਣੀ, ਬੱਸ ਬਜ਼ੁਰਗਾਂ ਨੂੰ ਹੀ ਬਾਹਰ ਭੇਜਦੇ।"

ਰਾਮ ਜੀ ਦਾਸ ਹਰਾਂ ਨੂੰ ਬਾਹਰ ਖੜ੍ਹ ਗੱਲਾਂ ਕਰਦਾ ਸੁਣਕੇ ਪੰਡਤ ਕਿਸ਼ੋਰੀ ਲਾਲ ਜੀ ਵੀ ਬਾਹਰ ਆ ਗਏ ਸੀ। ਮਲਕੀਤ ਸਿੰਘ ਨੇ ਕਾਰਡ ਉਸਦੇ ਵੱਲ ਵਧਾਕੇ ਕਿਹਾ ਸੀ "ਪੰਡਤ ਜੀ ਆਪਣੇ ਸ੍ਰ. ਮਾਘ ਸਿੰਘ ਦੇ ਪੋਤੇ ਕਾਲਾ ਸਿੰਘ ਦੇ ਬੇਟੇ ਦਾ ਵਿਆਹ ਹੈ ਤੁਸੀਂ ਸਾਰੇ ਪਰਿਵਾਰ ਸਮੇਤ ਜੇ ਮੁਨਾਸਬ ਸਮਝੋ ਤਾਂ ਜ਼ਰੂਰ ਆਉਣਾ।"

"ਕਿਉਂ ਨਹੀਂ ਜ਼ਰੂਰ ਆਵਾਂਗੇ...ਪਹਿਲਾਂ ਮੇਰੇ ਘਰ ਚਰਨ ਪਾਓ...।" ਪੰਡਤ ਕਿਸ਼ੋਰੀ ਰਾਮ ਨੇ ਕਾਲਾ ਸਿੰਘ ਦੀ ਬਾਂਹ ਫੜਕੇ ਘਰ ਅੰਦਰ ਖਿੱਚਣਾ ਸ਼ੁਰੂ ਕਰ ਦਿੱਤਾ। ਕਾਲਾ ਸਿੰਘ ਵੀ ਬਿਨਾਂ ਕਿਸੇ ਹੀਲ ਹੁਜਤ

ਕੀਤੇ ਉਸਦੇ ਮਗਰ ਮਗਰ ਚੱਲ ਪਿਆ ਸੀ ਤੇ ਪੰਡਤ ਬੋਲਦਾ ਰਿਹਾ ਸੀ।"ਇਹ ਸ੍ਰ. ਮਾਘ ਸਿੰਘ ਦੇ ਇਕੱਲੇ ਪੋਤੇ ਦਾ ਹੀ ਨਹੀਂ ਸਾਡੇ ਵੀ ਪੋਤੇ ਦਾ ਵਿਆਹ ਹੈ...ਛੋਟੇ ਹੁੰਦੇ ਸ੍ਰ. ਕਾਲਾ ਸਿੰਘ ਆਪਣੇ ਰਾਮ ਜੀ ਨਾਲੇ ਤਾਂ ਪੜ੍ਹਦੇ ਰਹੇ ਹਨ...ਕਿੰਨਾ ਪਿਆਰ ਹੁੰਦਾ ਸੀ ਦੋਹਾਂ ਦਾ...।"

"ਹਾਂ ਉਹ ਤਾਂ ਸੀ ਹੀ...." ਕਾਲਾ ਸਿੰਘ ਬੋਲਿਆ।

ਬੈਠਕ ਵਿਚ ਜਾ ਕੇ ਕਾਲਾ ਸਿੰਘ ਖੜ੍ਹਾ ਹੀ ਰਿਹਾ।

"ਬੈਠੋ...ਬੈਠੋ....।" ਪੰਡਤ ਕਿਸ਼ੋਰੀ ਲਾਲ ਨੇ ਮੋਢੇ ਤੋਂ ਪਰਨਾ ਲਾਹ ਕੇ ਉਸ ਨਾਲ ਮੰਜੇ ਤੇ ਵਿਛੀ ਚਾਦਰ ਝਾੜਦਿਆਂ ਆਖਿਆ। ਕਾਲਾ ਸਿੰਘ ਫੇਰ ਵੀ ਖੜਾ ਰਿਹਾ। "ਬੈਠੋ ਨਾ...ਖੜੇ ਕਿਉਂ ਹੋ।" ਪੰਡਤ ਜੀ ਨੇ ਕਾਲਾ ਸਿੰਘ ਨੂੰ ਮੋਢੇ ਤੋਂ ਫੜਕੇ ਮੰਜੇ ਤੇ ਧੱਕੇ ਨਾਲ ਬਠਾਉਣ ਦੀ ਕੋਸ਼ਿਸ਼ ਕਰਦਿਆਂ ਰਾਮ ਜੀ ਦਾਸ ਨੂੰ ਹੁਕਮ ਚਾੜਿਆ।" ਜਾਅ ਓਏ ਦੇਖਦਾ ਕੀ ਐਂ ਤੇਰੀ ਮਾਂ ਨੂੰ ਕਹਿ ਫਟਾ ਫਟ ਦੁੱਧ ਤੱਤਾ ਕਰਕੇ ਲਿਆਵੇ" ਪਰ ਕਾਲਾ ਸਿੰਘ ਫੇਰ ਵੀ ਨਹੀਂ ਬੈਠ ਰਿਹਾ ਸੀ।

"ਕਾਕਾ ਜੀ ਮੰਨਿਆ ਸਾਡੇ ਗੱਦਿਆਂ ਵਾਲੇ ਬੈਡ ਨਹੀਂ ਪਰ ਸਾਫ ਤਾਂ ਹਨ..ਬੈਠੋ ਨਾ...।" ਇਸ ਵਾਰ ਪੰਡਤ ਜੀ ਗਿੜਗੜਾਉਣ ਵਾਂਗ ਬੋਲੇ।

"ਨਹੀਂ ਅਜਿਹੀ ਗੱਲ ਤਾਂ ਨਹੀਂ ਮੈਂ ਤਾਂ ਸਗੋਂ ਡਰਦਾ ਹਾਂ ਕਿ ਕਿਤੇ ਮੇਰੇ ਬੈਠਣ ਨਾਲ ਤੁਹਾਡੀ ਚਾਦਰ ਹੀ ਨਾ ਖਰਾਬ ਹੋ ਜਾਵੇ....।"

"ਹੀ...ਹੀ....ਹੀ...ਹੀ ਕੇਹੋ ਜੀਆਂ ਗੱਲਾਂ ਕਰਦੇ ਓ ਕਾਕਾ ਜੀ...ਤੁਹਾਡੇ ਚਰਨ ਪਾਉਣ ਨਾਲ ਤਾਂ ਸਾਡੇ ਘਰ ਨੂੰ ਭਾਗ ਲੱਗ ਗਏ ਨੇ....।" ਕਹਿਕੇ ਪੰਡਤ ਜੀ ਨੇ ਕਾਲਾ ਸਿੰਘ ਨੂੰ ਮੋਢੇ ਤੋਂ ਫੜਕੇ ਪੂਰੇ ਜ਼ੋਰ ਨਾਲ ਦੱਬ ਦਿੱਤਾ। ਜਿਸ ਤੇ ਕਾਲਾ ਸਿੰਘ ਮੰਜੇ ਤੇ ਬੈਠ ਗਿਆ। ਉਸਦੇ ਮਗਰ ਹੀ ਮਲਕੀਤ ਸਿੰਘ ਤੇ ਮਾਘ ਸਿੰਘ ਵੀ। ਏਨੇ ਵਿਚ ਰਾਮ ਜੀ ਦਾਸ ਦੋ ਕੁਰਸੀਆਂ ਲੈ ਆਇਆ ਤੇ ਮੰਜੇ ਤੇ ਸਾਹਮਣੇ ਡਾਹ ਕੇ ਫਿਰ ਛੋਟਾ ਮੇਜ਼। ਇਕ ਹੋਰ ਕੁਰਸੀ ਵੀ ਲੈ ਆਂਦੀ। ਪੰਡਤਾਣੀ ਜੀ ਟਰੇ ਵਿਚ ਚਾਰ ਗਲਾਸ ਦੁੱਧ ਦੇ ਬਿਸਕੁਟ ਤੇ ਭੂਜੀਆ ਲੈ ਆਈ।

"ਐਥੇ ਆਓ..." ਕਹਿੰਦਿਆਂ ਪੰਡਤ ਜੀ ਨੇ ਕੁਰਸੀਆਂ ਵੱਲ ਇਸ਼ਾਰਾ ਕੀਤਾ। ਤਿੰਨੇ ਕੁਰਸੀਆਂ ਤੇ ਆ ਬੈਠੇ। ਪੰਡਤਾਣੀ ਜੀ ਨੇ ਟਰੇ ਵਾਰੀ ਵਾਰੀ ਸਾਰਿਆਂ ਦੇ ਅੱਗੇ ਕਰ ਦਿੱਤੀ। ਉਹ ਦੁੱਧ ਪੀਣ ਲੱਗ ਪਏ ਤੇ ਨਾਲ ਹੀ ਪੰਡਤਾਣੀ ਜੀ ਕਾਲਾ ਸਿੰਘ ਦੇ ਪਰਿਵਾਰ ਦੀ ਸੁਖਸਾਂਦ ਪੁੱਛਦੀ ਰਹੀ। ਬਿਧਕੁਟ ਖਾਣ ਤੇ ਭੂਜੀਆ ਲੈਣ ਲਈ ਮੁੜ ਮੁੜ ਕਹਿੰਦੀ ਰਹੀ ਸੀ।

ਵਿਆਹ ਬਹੁਤ ਧੂੰਮ ਧਾਮ ਨਾਲ ਸੰਪੰਨ ਹੋਇਆ ਸੀ। ਕਾਲਾ ਸਿੰਘ ਬੇਹੱਦ ਖੁਸ਼ ਸੀ। ਸਾਰੇ ਪਿੰਡ ਵਿਚ ਬੱਲੇ ਬੱਲੇ ਹੋਈ ਪਈ ਸੀ। ਅੱਜ ਤੱਕ ਅਜਿਹਾ ਸ਼ਾਨਦਾਰ ਵਿਆਹ ਪਿੰਡ ਦੇ ਤਾਂ ਕਿਸੇ ਕਹਿੰਦੇ ਕਹਾਂਉਂਦੇ ਖੱਬੀ-ਖਾਨ ਪਰਿਵਾਰ ਦੇ ਵੀ ਨਹੀਂ ਹੋਇਆ ਸੀ ਤੇ ਨਾ ਕਿਸੇ ਨੂੰ ਕੋਈ ਅੱਗੇ ਲਈ ਆਸ ਸੀ।

ਚੰਡੀਗੜ੍ਹ ਵਾਪਸ ਜਾਕੇ ਇਕ ਦਿਨ ਰਾਤ ਦੇ ਖਾਣੇ ਉੱਤੇ ਵਿਆਹ ਦੀਆਂ ਗੱਲਾਂ ਚਲ ਪਈਆਂ ਸਨ, ਜਗਤ ਪ੍ਰਕਾਸ਼ ਨੇ ਅਚਾਨਕ ਹੀ ਪੁੱਛ ਲਿਆ ਸੀ, "ਪਾਪਾ ਜੀ ਬਾਕੀ ਗੱਲਾਂ ਤਾਂ ਸਭ ਠੀਕ ਨੇ ਪਰ ਚੰਡੀਗੜ੍ਹ ਛੱਡਕੇ ਪਿੰਡ ਵਿਆਹ ਕਰਨ ਦਾ ਕਾਰਨ ਨਹੀਂ ਸਮਝ ਵਿਚ ਆਇਆ।

"ਇਹ ਤੁਸੀਂ ਨਹੀਂ ਸਮਝੋਗੇ....।" ਕਹਿੰਦਿਆਂ ਕਾਲਾ ਸਿੰਘ ਨੇ ਗਲ ਵਿਚ ਅਟਕੀ ਬੁਰਕੀ ਅੱਗੇ ਲੰਘਾਉਣ ਲਈ ਪਾਣੀ ਦਾ ਗਲਾਸ ਮੂੰਹ ਨੂੰ ਲਾ ਲਿਆ।

*(B 4/91, ਅਸਤਬਲ, ਪਟਿਆਲਾ ਗੇਟ, ਸੰਗਰੂਰ)*



*ਕਹਾਣੀ*

## ਪੌੜੀ / *ਲਾਲ ਸਿੰਘ*

ਉਸਦੀ ਤਿੱਖੀ-ਬਾਰੀਕ ਆਵਾਜ਼ ਮੈਨੂੰ ਜਾਣੀ-ਪਛਾਣੀ ਲੱਗੀ। ਪਰ ਉਸਦਾ ਘਨ-ਮੋਨ ਜਿਹਾ ਚਿਹਰਾ, ਭਰਵੀਂ-ਭਰਵੀਂ ਦੇਹ, ਢਿੱਲੜ ਜਿਹੇ ਅੰਗ-ਪੈਰ ਮੇਰੇ ਕਿਸੇ ਵੀ ਵਾਕਿਫ਼ਕਾਰ ਨਾਲ ਮੇਲ ਨਾ ਖਾਂਦੇ।

'ਕਿਥੇ ਜਾਣਾ ਬਾਊ...।' ਦਾ ਸੰਖੇਪ ਜਿਹਾ ਵਾਕ ਮੇਰੇ ਜ਼ਿਹਨ ਤੇ ਬੋਝ ਬਣਿਆ, ਇਕ-ਟੱਕ ਉਸ ਵੱਲ੍ਹ ਦੇਖਦਾ ਰਿਹਾ।

ਮੇਰੇ ਮੂੰਹੋਂ ਨਿਕਲਿਆ ਮੇਰੇ ਪਿੰਡ ਦਾ ਨਾਂ "ਫਤੇਪੁਰ" ਪਤਾ ਨਹੀਂ ਉਸ ਤੱਕ ਪੁੱਜਾ ਵੀ ਸੀ ਕਿ ਨਹੀਂ, ਪਰ ਇਕ ਛੀਟਕੜਾ ਜਿਹਾ ਮੁੰਡਾ ਖੱਬੇ ਹੱਥ ਦੀ ਤਾਕੀ ਖੋਲ੍ਹ ਝੱਟ ਮੇਰੇ ਸਾਹਮਣੇ ਆ ਖੜੋਇਆ—"ਐਹੋ ਜਿਹੀ ਨਿੱਕੀ ਮੋਟੀ ਸ਼ੈਅ ਕੋਈ ਨਈਂ ਖੜ੍ਹਦਾ, ਮੋਟੇ ਭਾੜੇ ਨੂੰ ਪੈਂਦੇ ਆ ਸਾਰੇ...।"

ਅਗਲੇ ਹੀ ਪਲ ਉਸਨੇ ਮੇਰੇ ਪੈਰਾਂ ਲਾਗੇ ਪਈ ਪੌੜੀ ਪਹਿਲਾਂ ਟਰੱਕ-ਬਾਡੀ ਨਾਲ ਢੋਅ ਲਾ ਕੇ ਖੜੀ ਕਰ ਲਈ। ਫਿਰ ਡਾਲੇ ਵੰਨੀਉਂ ਉੱਪਰ ਚੜ੍ਹ ਕੇ ਇਸ ਅੰਦਰ ਭਰੀ ਬੱਜਰੀ ਤੇ ਟਿਕਦੀ ਕਰ ਲਈ।

"ਤੁਸੀਂ ਅੰਦਰ ਆ ਜਾਉ ਐਥੇ, ਮੇਰੇ ਲਾਗੇ, "ਕਲੱਚ-ਰੇਸ ਦੀ ਤਰਤੀਬ ਮੁੜ ਤੋਂ ਜੋੜ ਕੇ ਸਹਿਜ ਚਾਲੇ ਤੁਰਨ ਲੱਗੇ ਟਰੱਕ-ਕੈਬਿਨ 'ਚ ਆਈ ਆਵਾਜ਼ ਇਸ ਵਾਰ ਬੇ-ਹੱਦ ਅਦਬ-ਭਰਪੂਰ ਸੀ। ਮੈਨੂੰ ਸਮਝ ਨਹੀਂ ਸੀ ਲੱਗੀ ਕਰੀਬ ਦੋ-ਘੰਟੇ ਦੇ ਉਡੀਕ ਨਾਟਕ ਦਾ ਅਗਲਾ ਸੀਨ ਪਲਾਂ—ਛਿਨਾਂ ਅੰਦਰ ਕਿਵੇਂ ਬਦਲ ਗਿਆ ਸੀ। ਆਪਣੇ ਆਪ।

ਇਸ ਨਵੇਂ-ਨਿਕੋਰ ਟਰੱਕ ਨੂੰ ਤਾਂ ਮੈਂ ਹੱਥ ਵੀ ਨਹੀਂ ਸੀ ਦਿੱਤਾ ਤੇ ਜਿਹਨਾਂ ਨੂੰ ਹੁਣ ਤੱਕ ਰਕਦਾ ਰਿਹਾ ਸਾਂ, ਉਹਨਾਂ ਵਿਚੋਂ ਕਈਆਂ ਨੇ ਤਾਂ ਮੇਰੀ ਉੱਪਰ-ਹੇਠਾਂ ਹਿਲਦੀ ਬਾਂਹ ਵੱਲ ਦੇਖਿਆ ਤੱਕ ਵੀ ਨਹੀਂ ਸੀ।

ਇਕਹਿਰੀ ਵੱਡੀ ਸੜਕ ਉੱਤੇ ਦੋ-ਪਹੀਆਂ, ਚਾਰ-ਪਹੀਆਂ ਵਾਹਿਨਾਂ ਦੀ ਦੋ-ਪਾਸੀ ਆਵਾਜਾਈ ਕਦੀ ਸੰਘਣੀ ਹੋ ਜਾਂਦੀ, ਕਦੀ ਥੋੜ੍ਹੀ ਕੁ ਜਿੰਨੀ ਪੇਤਲੀ ਪੈ ਜਾਂਦੀ।

ਇਸ ਘਟਦੇ-ਵਧਦੇ ਸ਼ੋਰ ਅੰਦਰ, ਮੇਰੇ ਸੱਜੇ ਹੱਥ ਬੈਠੇ ਟਰੱਕ-ਚਾਲਕ ਨੂੰ ਪਛਾਣ ਸਕਣ ਦੀ ਕੋਈ ਵੀ ਤੰਦ ਅਜੇ ਤੱਕ ਮੇਰੇ ਹੱਥ ਨਹੀਂ ਸੀ ਲੱਗੀ ਕਿ ਉਸਦੀ ਬਾਰੀਕ-ਸੁਰੀਲੀ ਆਵਾਜ਼ ਫਿਰ ਮੇਰੇ ਕੰਨਾਂ ਅੰਦਰ ਗੂੰਜੀ—"ਕਿੰਨੇ ਡੰਡੇ ਦੀ ਆ ਪੌੜੀ, ਬਾਊ ਜੀਈ....।"

"ਬਾਰਾਂ ਦੀ ਆ," ਮੈਨੂੰ ਲੱਗਾ ਉਸਨੇ ਮੇਰੇ ਨਾਲ ਬਾਤ-ਚੀਤ ਜਾਰੀ ਕਰਨ ਲਈ ਸਹਿਵਨ ਹੀ ਪੁੱਛਿਆ ਸੀ। ਪਰ ਅਗਲੇ ਹੀ ਪਲ ਉਸਦਾ ਖਿੜ-ਖਿੜਾ ਕੇ ਕੈਬਿਨ ਅੰਦਰ ਪਸਰਿਆ ਹਾਸਾ ਮੈਨੂੰ ਹੋਰ ਵੀ ਅਚੰਭਤ ਕਰ ਗਿਆ।

"ਕੀ ਗੱਲ ਹੋਈ! ਹੱਸਿਆ ਕਿਉਂ ਜੁਆਨ....?" ਹੈਰਾਨ-ਪ੍ਰੇਸ਼ਾਨ ਹੋਏ ਨੇ ਮੈਂ ਝੱਟ ਦੇਣੀ ਅਪਣਾ ਤੌਖਲਾ ਉਸ ਵੱਲ ਨੂੰ ਤੋਰ ਦਿੱਤਾ।

"ਬਸ ਐਵੇਂ ਈ....ਓਦਾਂ ਈ....।" ਉਸਦੇ ਬੁੱਲ੍ਹਾਂ ਤੇ ਪੱਸਰੀ ਖਚਰੀ ਜਿਹੀ ਮੁਸਕਾਨ ਅਜੇ ਵੀ ਉਵੇਂ ਖਿਲਰੀ ਪਈ ਸੀ।

"ਫਰ ਵੀ ਕਈ ਗੱਲ ਤਾਂ ਚੇਤੇ ਆਈ ਈ ਹੋਣੀ ਆ ਨਾ...।" ਮੈਨੂੰ ਉਸਦੀ ਪਛਾਣ ਦੇ ਥੋੜੇ ਥੋੜੇ ਚਿੰਨ੍ਹ ਲਭਦੇ ਲਭਦੇ ਆਖਿਰ ਸਾਰੇ ਹੀ ਲੱਭ ਪਏ...। ਉਹ ਇਕ ਸੀਨੀਅਰ ਕਲਾਸ ਦਾ ਵਿਦਿਆਰਥੀ ਸੀ, ਮੇਰੇ ਕਾਲਜ ਭੰਗੜਾ ਟੀਮ ਦਾ ਸਿਰਕੱਢ ਖਿਡਾਰੀ, ਪੜ੍ਹਾਈ ਪੱਖੋਂ ਇਕ ਨੰਬਰ, ਲੰਮੀਂ ਹੇਕ ਦਾ ਗੀਤ-ਗਾਇਕ। ਮਿਰਜ਼ਾ-ਹੀਰ, ਸੱਸੀ-ਪੁੰਨੂੰ ਇਸ ਦੇ ਮਨ-ਭਾਉਂਦੇ ਵਿਸ਼ੇ ਸਨ ਗਾਇਕੀ ਦੇ। ਜ਼ੋਨਲ, ਇੰਟਰ-ਜ਼ੋਨਲ ਮੁਕਾਬਲਿਆਂ 'ਚ ਇਸ ਦੇ ਬਰਾਬਰ ਕੋਈ ਨਾ ਖੜਦਾ। ਪਰ ਉਸ ਵਾਰ...ਉਸ ਵਾਰ ਇਸ ਨੂੰ ਇੰਟਰ

ਜ਼ੋਨਲ ਮੀਟ 'ਚ ਹੋਸਟ ਕਾਲਜ ਨੇ ਤੀਜੇ ਨੰਬਰ ਤੇ ਸੁੱਟ ਮਾਰਿਆ। ਇਹ ਤੜਫ ਉੱਠਿਆ ਸੀ। ਉਸ ਦੀ ਵਾਹ-ਪੇਸ਼ ਕੋਈ ਨਹੀਂ ਸੀ ਗਈ ਇਕੱਲੇ ਦੀ। ਗਰੁੱਪ ਇੰਨਚਾਰਜ ਮੈਂ ਤੇ ਮੈਡਮ ਗੁਪਤਾ ਕਿਧਰੇ ਐਧਰ ਓਧਰ ਸਾਂ। ਕਿਸੇ ਹੋਰ ਮੁਕਾਬਲੇ ਵਾਲੀ ਥਾਂ ਹਵਾਂਗੇ ਜਾਂ ...। ਇਹਨੇ ਸਾਰੀ ਰੀਪੋਰਟ ਪ੍ਰਿੰਸੀਪਲ ਨੂੰ ਆ ਦੱਸੀ, ਪੂਰੀ ਦੀ ਪੂਰੀ ਤਫ਼ਤੀਲ ਆ ਸੁਣਾਈ ਕਿ ਦੋਨੋਂ ਇੰਨਚਾਰਜ ਗਾਇਬ ਰਹੇ ਸਨ। ਕਿਧਰੇ, ਤਿੰਨੋਂ ਦਿਨ। ਤੁਰਦੀ ਤੁਰਦੀ ਗੱਲ ਪ੍ਰਬੰਧਕੀ ਕਮੇਟੀ ਤੱਕ ਪਹੁੰਚ ਗਈ। ਪੇਸ਼ੀ ਹੋਈ ਸਭ ਦੀ। ਪਰ ਅਸੀਂ, ਮੈਂ ਤੇ ਮੈਡਮ ਗੁਪਤਾ ਨੇ ਪੈਰਾਂ ਤੇ ਪਾਣੀ ਤੱਕ ਨਹੀਂ ਸੀ ਪੈਣ ਦਿੱਤਾ। ਉਂਝ ਵੀ ਅਧਿਆਪਕ ਸਾਂ ਅਸੀਂ। ਮੈਡਮ ਭਾਵੇਂ ਨਵੀਂ ਆਈ ਸੀ, ਐਡਹਾਕ ਤੇ ਸੀ. ਮੈਂ ਤਾਂ ਸੀਨੀਅਰ ਸਾਂ। ਵਰ੍ਹਿਆਂ ਤੋਂ ਇਨਚਾਰਜ ਚੱਲਿਆ ਆਉਂਦਾ ਸਾਂ। ਸਭਿਆਚਾਰਕ ਟੀਮਾਂ ਦਾ। ਕਈ ਸਾਰੇ ਇਨਾਮ ਸਨਮਾਨ ਲਿਆ ਕੇ ਦਿੱਤੇ ਸਨ ਕਾਲਜ ਨੂੰ। ਫਿਰ ਮਰ ਤੇ ਵਿਸ਼ਵਾਸ ਤਾਂ ਕਰਨਾ ਹੀ ਕਰਨਾ ਸੀ ਪ੍ਰਧਾਨ ਜੀ, ਮੈਨੇਜਰ ਸਾਬ੍ਹ ਨੇ ਤੇ ਹੋਰ ਵੀ ਸਭ ਨੇ। ਇਸ ਭਲੇਮਾਣਸ ਦੀ ਕਿਸੇ ਨੇ ਇਕ ਵੀ ਨਹੀਂ ਸੀ ਸੁਣੀ। ਉਲਟਾ ਇਸ ਨੂੰ ਦੋਸ਼ੀ ਹੋਣ ਦੇ ਇਲਜ਼ਾਮ 'ਚ ਸਸਪੈਂਡ ਕਰ ਦਿੱਤਾ ਸੀ ਕਾਲਜੋਂ। ....ਸੁਣਿਆ ਇਹ ਬੜਾ ਰੋਇਆ ਸੀ, ਬੜਾ ਤੜਫਿਆ ਸੀ। ਮਿੰਨਤਾਂ-ਤਰਲੇ ਕਰਦੇ ਦੀ ਹਾਲਤ ਪਾਗਲਾਂ ਵਰਗੀ ਹੋ ਗਈ ਸੀ ਇਸਦੀ। ਪ੍ਰਿੰਸੀਪਲ ਮੈਡਮ, ਸਾਰੇ ਪ੍ਰਬੰਧਕੀ ਅਮਲੇ ਦਾ ਦੋ-ਟੁੱਕ ਜਵਾਬ ਇਕ ਸੀ—"ਤੂੰ.. ਤੂੰ ਕਾਲਜ ਅਧਿਆਪਕਾਂ ਤੇ ਘਟੀਆ ਇਲਜ਼ਾਮ ਲਾਇਆ..। ਏਹ ਸਾਰੇ ਕਾਲਜ ਦੀ ਤੌਹੀਨ ਐ....ਏਹ ਗਲਤੀ ਨਹੀਂ ਜੁਰਮ ਕੀਤਾ ਐ ਤੂੰ, ਜੁਰਮ, ਨਾ ਬਖਸ਼ਣ ਯੋਗ ਗੁਨਾਹ।"

ਉਸ ਗੁਨਾਹਗਾਰ ਦੇ ਖੱਬੇ ਹੱਥ ਬੈਠਾ ਮੈਂ ਪਾਣੀਓਂ ਪਤਲਾ ਹੁੰਦਾ ਗਿਆ। ਫਿਰ ਝੱਟ ਹੀ ਮੈਨੂੰ ਉਸਦਾ ਰੋਲ ਨੰਬਰ ਯਾਦ ਆ ਗਿਆ... ਰੋਲ ਨੰਬਰ ਬਾਰਾਂ ਕਿੱਡਾ ਵੱਡਾ ਮੌਕਾ ਮੇਲ ਸੀ ਇਹ। ਸ਼ਾਇਦ ਏਸੇ ਲਈ ਪੌੜੀ ਦੇ ਡੰਡਿਆਂ ਦੀ ਗਿਣਤੀ ਬਾਰਾਂ ਸੁਣ ਕੇ ਹਾਸਾ ਆਇਆ ਸੀ ਉਸਨੂੰ। ਤਨਜ਼-ਭਰਪੂਰ ਹਾਸਾ, ਜਿਸ ਨੇ ਮੇਰੇ ਰੋਮ-ਰੋਮ ਨੂੰ ਨੱਪ-ਘੁੱਟ ਲਿਆ ਸੀ। ਇਕ ਤਰ੍ਹਾਂ ਦਾ ਲੇਪਣ ਸ਼ਰਮਿੰਦਗੀ ਦਾ ਸੀ ਜਾਂ ਪਛਤਾਵੇ ਦਾ, ਮੈਨੂੰ ਸਮਝ ਨਹੀਂ ਸੀ ਲੱਗ ਰਹੀ। ਪਰ ਜਿਸ ਗੱਲ ਦੀ ਸਮਝ ਲੱਗਦੀ ਮਹਿਸੂਸ ਹੋ ਰਹੀ ਸੀ, ਉਹ ਸੀ ਕਿ ਰੋਲ ਨੰਬਰ ਬਾਰਾਂ ਨੇ ਪਛਾਣਿਆਂ ਨਹੀਂ ਸੀ ਮੈਨੂੰ। ਮੈਨੂੰ ਆਪਣੇ ਸ਼ਰਮਾ ਸਰ ਨੂੰ। ਸਭਿਆਚਾਰਕ ਸਰਗਰਮੀਆਂ ਦੇ ਇੰਨਚਾਰਜ ਪ੍ਰੋਫੈਸਰ ਨੂੰ।

ਆਪਣੇ ਤਨ-ਬਦਨ ਤੇ ਛਾਈ ਸ਼ਰਮਿੰਦਗੀ ਤੋਂ ਖਹਿੜਾ ਛਡਾਉਣ ਲਈ ਮੈਂ ਉਚੇਚ ਨਾਲ ਉਸ ਵੱਲ ਨਿਗਾਹ ਘੁਮਾ ਲਈ। ਉਸਦਾ ਹੁਣੇ-ਹੁਣੇ ਖਿੜਿਆ ਹੱਸਿਆ ਚਿਹਰਾ ਇਕਦਮ ਹਰਖੀਲਾ ਹੋਇਆ ਪਿਆ ਸੀ। ਚਾਲਕ ਕਿਰਿਆ 'ਚ ਰੁੱਝਾ ਵੀ ਉਹ ਸਟੇਰਿੰਗ ਤੇ ਨਹੀਂ ਕਿਧਰੇ ਦੂਰ, ਕਾਫੀ ਦੂਰ ਬੈਠਾ ਜਾਪਿਆ ਮੈਨੂੰ।

ਸਾਹਮਣਿਉਂ ਆਉਂਦੀ ਸਰਕਾਰੀ ਬੱਸ ਨੂੰ ਓਵਰ ਟੇਕ ਕਰਦੀ ਤੇਜ਼ ਤਰਾਰ ਪ੍ਰਾਈਵੇਟ ਬੱਸ ਨੂੰ ਫਸਵਾਂ ਲਾਂਘਾ ਦਿੰਦਾ ਉਹ ਰਤੀ ਭਰ ਨਾ ਡੋਲਿਆ ਸੀ, ਨਾ ਘਬਰਾਇਆ।

ਕੱਚੇ ਲਾਹੇ ਟਾਇਰਾਂ ਨੂੰ ਮੁੜ ਪੱਕੀ ਚਾੜ੍ਹ ਕੇ ਉਸਨੇ ਜਿਵੇਂ ਜ਼ੋਰਦਾਰ ਹਉਕਾ ਭਰਿਆ—"ਕਿੰਨੇ ਘਟੀਆ ਲੋਕ ਆ ਸਾਲੇ, ਕਿੰਨਾ ਝੂਠ ਬਕਦੇ ਆ ...।"

ਮੇਰੇ ਤੇ ਜਿਵੇਂ ਨੀਲੇ ਅਸਮਾਨ ਤੋਂ ਬਿਜਲੀ ਆ ਡਿਗੀ। ਮੈਨੂੰ ਲੱਗਾ ਮੈਂ ਹੁਣ ਤੱਕ ਐਵੇਂ ਖੁਸ਼ਫਹਿਮੀ 'ਚ ਵਿਚਰਦਾ ਰਿਹਾ। ....ਉਸਨੇ ਐਵੇਂ ਨਹੀਂ ਸੀ ਰੋਕ ਲਈ ਗੱਡੀ। ਮੈਨੂੰ ਪਛਾਣ ਕੇ ਹੀ ਰੋਕੀ ਸੀ ਤੇ ਹੱਸਿਆ ਵੀ ਉਹ ਪੂਰੀ ਤਨਜ਼ ਨਾਲ ਮੇਰੇ ਉੱਤੇ ਹੀ ਸੀ ਤੇ ਹੁਣ ਸਿੱਧਾ ਵਾਰ ਵੀ ਉਸਨੇ ਮੇਰੇ ਤੇ ਹੀ ਕੀਤਾ ਸੀ, ਮੇਰੇ ਸਮੇਤ ਮਿਸ ਗੁਪਤਾ ਉੱਤੇ ਵੀ। ਇਸੇ ਲਈ ਉਸਨੇ ਆਪਣੇ ਵਾਕ ਨੂੰ ਇਕ-ਬਚਨੀ ਨਹੀਂ ਬਹੁਬਚਨੀ ਰੱਖਿਆ ਸੀ—'ਘਟੀਆ ਲੋਕ... ਝੂਠ ਬਕਦੇ ਆ...।'

ਉਸਦੇ ਰੁੱਖ-ਖਰ੍ਹਵੇ ਬੋਲਾਂ ਤੋਂ ਬੇ-ਅਸਰ ਹੋਣ ਲਈ, ਮੈਂ ਝੱਟ ਹੀ ਇਕ ਸ਼ਾਨਦਾਰ ਕਾਢ ਕੱਢ ਲਈ। ਆਪਣੇ ਵੱਡੇ ਭਰਾ ਦਾ ਹੁਲੀਆ ਉਸਨੂੰ ਦੱਸਣ ਲਈ ਝੱਟ ਤਿਆਰ ਹੋ ਗਿਆ। ਮੈਂ ਕਹਿਣਾ ਸੀ—"ਨੌਜਵਾਨ ਤੈਨੂੰ ਕੋਈ ਗਲਤ-ਫਹਿਮੀ ਹੋਈ ਐ। ਮੈਂ..ਮੈਂ ਤਾਂ ਕਰਿਆਨੇ ਦੀ ਦੁਕਾਨ ਕਰਦਾਂ ਪਿੰਡ 'ਚ। ਉਥੇ ਈ



ਰਹਿਨਾ ਛੋਟੇ ਜਿਹੇ ਘਰ 'ਚ। ਮੈਂ ਉਹ ਨਈਂ ਜਿਹਦੇ ਬਾਰੇ ਤੈਨੂੰ ਕੋਈ ਗਿਲਾ ਐ। ਮੈਂ ....ਮੈਂ ਪ੍ਰੋਫੈਸਰ ਸ਼ਰਮਾ ਨਹੀਂ ਆਂ, ਨਾ ਹੀ ਮੇਰੇ ਕਿਸੇ ਮਿਸ ਗੁਪਤਾ ਨਾਲ...।' ਪਰ ਝੱਟ ਹੀ ਮੈਂ ਆਪਣਾ ਆਪ ਸੰਭਾਲ ਲਿਆ। ਸੁੱਤੇ-ਸਿੱਧ ਹੋਣ ਲੱਗੀ ਬੇਵਕੂਫੀ ਨੂੰ ਕਾਬੂ ਕਰ ਲਿਆ।

ਇਉਂ ਤਾਂ ਆਪਣਾ ਪੋਲ ਆਪ ਹੀ ਖੁਲ੍ਹ ਜਾਣਾ ਸੀ ਮੇਰੇ ਤੋਂ।

ਆਪਣੀ ਸ਼ਾਨਦਾਰ ਕਾਢ ਨੂੰ ਮੋੜਾ ਦੇਣ ਤੋਂ ਪਹਿਲਾਂ ਮੈਂ ਇਹ ਪੱਕਾ ਕਰਨਾ ਚਾਹਿਆ ਕਿ ਸੱਚਮੁੱਚ ਹੀ ਉਸ 'ਸਾਨੂੰ' ਮੁਖਾਤਿਬ ਸੀ ਜਾਂ ਕਿਸੇ 'ਹੋਰ' ਨੂੰ।

ਆਪਣੇ ਅੰਦਰਲੇ ਕਾਂਬੇ ਨੂੰ ਥੋੜਾ ਕੁ ਸਹਿਜ ਕਰਦਿਆਂ ਮੈਂ ਉਸਦਾ ਚਿਹਰਾ ਫਿਰ ਧਿਆਨ ਨਾਲ ਵਾਚਿਆ। ਉਸਦੇ ਖਿਝੇ-ਖਫ਼ੇ ਬੋਲ ਲਗਾਤਾਰ ਕਿਰੀ ਜਾ ਰਹੇ ਸਨ। "ਸੈਂਕੜੇ ਪੌੜੀਆਂ ਉੱਤਰ ਕੇ ਰਾਤ ਭਰ ਖੇਹ ਖਾਂਦੇ ਰਹੇ, ਹੇਠਾਂ ਤ੍ਰਿਪਤੀ ਹੋਟਲ 'ਚ ਸਵੇਰੇ ਉੱਪਰ ਪਹੁੰਚ ਕੇ ਮੰਦਰ ਲਾਗਲੀ ਕੋਠੀ 'ਚ , ਬਾਲ ਬੱਚਿਆਂ ਨੂੰ ਘਰ-ਵਾਲੀਆਂ ਨੂੰ ਜਾ ਦੱਸਿਆ। ਅਸੀਂ ਤਾਂ ਬਾਲਾ ਜੀ ਦੇ ਦਰਸ਼ਨ ਕਰ ਵੀ ਆਏ। ਲੈਨ ਬੜੀ ਲੰਮੀ ਸੀ, ਸਾਰੀ ਰਾਤ ਖੜੋਣਾ ਪਿਆ, ਤਾਂ ਕਿਤੇ ਵਾਰੀ ਆਈ ਤੜਕ ਸਾਰ..। ਕਿੰਨੇ ਘਟੀਆ ਲੋਕ ਆ ਸਾਲੇ।"

ਮੇਰੇ ਅੰਦਰਲੇ ਤੌਖਲੇ ਨੂੰ ਢੇਰ ਸਾਰੀ ਢਾਰਸ ਮਿਲ ਗਈ। ਮੈਨੂੰ ਸੱਚ ਵਰਗਾ ਯਕੀਨ ਹੋਣ ਲੱਗਾ ਕਿ ਰੋਲ ਨੰਬਰ ਬਾਰਾਂ ਨੇ ਮੈਨੂੰ ਸੱਚ-ਮੁੱਚ ਨਹੀਂ ਸੀ ਪਛਾਣਿਆ 'ਤੇ ਮੈਂ ....ਮੈਂ ਹੁਣ ਤੱਕ ਖਾਹ-ਮਖਾਹ ਹੀ ਆਪਣੇ ਅੰਦਰ ਆਪ ਪਸਾਰੀ ਠੰਡ ਨਾਲ ਠਰਦਾ-ਕੰਬਦਾ ਰਿਹਾ।

ਇਕ ਨਿੱਘਾ-ਗਰਮ ਹਉਕਾ ਮੇਰੀ ਛਾਤੀ ਤੇ ਪਿਆ ਮਣੀ-ਮੂਹੀ ਭਾਰ ਆਪਣੀ ਬੁੱਕਲ 'ਚ ਲਕੋ ਕੇ ਮੇਰੇ ਅੰਦਰੋਂ ਬਾਹਰ ਕੱਢ ਲਿਆਇਆ।

ਮੈਂ ਬੜੇ ਇਤਮੀਨਾਨ ਨਾਲ ਰੋਲ ਨੰਬਰ ਬਾਰਾਂ ਦੀ ਹਾਂ 'ਚ ਹਾਂ ਮਿਲਾਉਣੀ ਚਾਹੀ—"ਕਿਹਦੀ ਗੱਲ ਕਰਦੇ ਆਂ ਉਸਤਾਦ ?" ਮੈਂ ਉਸਨੂੰ ਆਪਣੀ ਨਹੀਂ ਉਸਦੇ ਕਿੱਤੇ ਦੀ ਭਾਸ਼ਾ ਨਾਲ ਸੰਬੋਧਤ ਹੋਇਆ।

"ਛੋਟੇ ਮਾਲਕਾਂ ਦੀ ਹੋਰ ਕੇਹਦੀ। ਆਹ ਤਾਡੀ ਪੌੜੀ ਨੇ ਯਾਦ ਕਰਾਤੀ। ....ਦੇਖਣ ਨੂੰ ਸਾਲੇ ਮੇਰੇ ਐਂ ਲਗਦੇ ਆ, ਜਿਮੇਂ ਰਿਸ਼ੀਆਂ-ਮੁਨੀਆਂ ਦੀ ਜੋਠੀ ਲਾਦ ਹੋਣ ਲਿਸ਼ਕੇ-ਪੁਸ਼ਕੇ। ਊਂ ਵੀ ਆਏ ਦਿਨ ਤੁਰੇ ਈ ਰਹਿੰਦੇ ਆ, ਕਦੀ ਕਿਸੇ ਤੀਰਥ, ਕਦੀ ਕਿਸੇ ਮੰਦਰ। ਮੁੜਦੀ ਵੇਰ ਮੈਨੂੰ ਪੱਕ ਕਰਦੇ ਫਿਰਨਗੇ—ਪਾਲਾ ਸਿਆਂ ਦੱਸੀ ਨਾ ਕਿਸੇ ਨੂੰ, ਨਾ ਘਰ ਨਾ ਬਾਹਰ। ਲਓ ਸਾਬ੍ਹ ਮੈਂ ਭਲਾ ਦੱਸ ਕੇ ਛਿੱਕੂ ਲੈਣਾ।...ਅੱਗੋਂ ਦੇਖ ਈ ਲਈ ਸੀ, ਇਕ ਵਾਰ ਸ਼ਕੈਤ ਲਾ ਕੇ। ਕੀ ਲੱਭਾ ...ਜੂਆਂ।"

ਥੋੜ੍ਹਾ ਕੁ ਸਹਿਜ-ਚਿੱਤ ਹੋਇਆ ਮੈਂ ਉਸਦੇ ਮੂੰਹੋਂ ਉਸਦਾ ਨਾ ਪਾਲਾ ਸਿੰਘ ਸੁਣ ਕੇ ਫਿਰ ਬੇਚੈਨ ਹੋ ਗਿਆ। ਗੁਰਪਾਲ ਸਿੰਘ ਹਾਂ ਗੁਰਪਾਲ ਸਿੰਘ ਪਾਲ ਸੀ ਉਸਦਾ ਨਾਮ। ਪਾਲ ਨੇ ਬੜੇ ਤਰਲੇ ਕੀਤੇ ਸਨ ਸਾਡੇ ਦੋਨਾਂ ਦੇ। ਮੇਰੇ ਅਤੇ ਮਿਸ ਗੁਪਤਾ ਦੇ। ਪ੍ਰਿੰਸੀਪਲ ਮੈਡਮ ਸਮੇਤ ਕਮੇਟੀ ਮੈਂਬਰਾਂ ਆਖਿਰ ਏਨਾ ਕੁ ਛੋਟ ਦੇ ਦਿੱਤੀ—ਸਾਡੀ ਵਲੋਂ ਮੁਆਫੀ ਸਮਝ, ਬੱਸ ਆਪਣੇ ਇੰਚਾਰਜ ਸਰ ਤੋਂ ਮੁਆਫੀ ਨਾਮਾਂ ਲੈ ਲਾ। ਮੈਡਮ ਤੋਂ ਸੋਰੀਨਾਮਾ ਲਿਖਵਾ ਲਾ।

ਪ੍ਰਬੰਧਕਾਂ ਦੀ ਸੁਰ ਜਾਚ ਕੇ ਅਸੀਂ ਵੀ ਕਾਫੀ ਸਾਰੇ ਨਰਮ ਹੋ ਗਏ। ਅਸੀਂ ਵੀ ਸੋਚਿਆ—'ਛੱਡੋ ਪਰਾਂ ਵਿਦਿਆਰਥੀ ਹੋਣਹਾਰ ਐ, ਆਗਿਆਕਾਰ ਐ, ਗਾਇਕ ਇਕ ਨੰਬਰ ਦਾ। ਕਾਲਜ ਨੂੰ ਹੋਰ ਦੋ ਸਾਲ ਕਈ ਸਾਰੇ ਇਨਾਮ-ਸਨਮਾਨ ਮਿਲ ਸਕਦੇ ਆ। ਇਹਦੀ ਪ੍ਰਫਾਰਮੈਂਨਸ ਤੇ, ਛੱਡੋ ਪਰਾਂ ਕਾਹਨੂੰ ਏਦੀ ਜ਼ਿੰਦਗੀ ਤਬਾਹ ਕਰਨੀ ਐ। ਬੀ.ਏ., ਐਮ.ਏ. ਕਰਕੇ ਕਿਸੇ ਸਿਰੇ ਲੱਗੂ। ਸਾਡਾ ਕੀ ਸੀ, ਉਹਨੇ ਕਿਹੜਾ ਝੂਠ ਕਿਹਾ ਸੀ ਕੁਝ। ਸਾਡੇ ਬਾਰੇ, ਸਾਡੀ ਦੋਸਤੀ ਬਾਰੇ। ...ਫੇਰ ਜਦ ਸਾਨੂੰ ਪਤਾ ਲੱਗਾ ਇਹ ਮੁੰਡਾ ਚਮਾਰ ਐ, ਸਿੱਖ ਰਮਦਾਸੀਆ। ਫੇਰ ਸੱਚੀ ਗੱਲ ਐ ਸਾਡੇ ਤੋਂ ਰਿਹਾ ਨਹੀਂ ਗਿਆ ਸੀ, ਖਾਸ ਕਰਕੇ ਮੇਰੇ ਤੋਂ। ਮੈਂ ਲੋਹੇ ਦਾ ਕੀ ਸਟੀਲ ਦਾ ਥਣ ਬਣ ਗਿਆ। ਮੈਂ ਪੱਕ-ਠੱਕ ਫੈਸਲਾ ਕਰ ਲਿਆ-ਏਸ ਮੁੰਡੇ ਨੂੰ ਆਪਣੇ ਤਾਂ ਕੀ ਆਂਢ-

ਗੁਆਂਢ ਦੇ ਕਿਸੇ ਸ਼ਹਿਰ-ਕਸਬੇ 'ਚ ਪੜ੍ਹਨ ਜੋਗਾ ਨਹੀਂ ਛੱਡਣਾ। ਏਦੀ ਹਿੰਮਤ ਕਿੱਦਾਂ ਪਈ ਬ੍ਰਾਹਮਣਾਂ-ਬਾਣੀਆਂ ਵਲ ਉਂਗਲ ਚੁੱਕਣ ਦੀ। ਇਹ ਆਪਣੀ ਔਕਾਤ ਭੁੱਲ ਕਿਮੇਂ ਗਿਆ ਹੁਣੇ ਅਜੇ। ਅਜੇ ਬੀ.ਏ. ਟੂ 'ਚ ਆ ਏਹ। ਅੱਗੇ ਪੁੱਜ ਕੇ ਤਾਂ ਸਾਡੀ ਪਿੱਠ ਤੇ ਨਹੀਂ ਸਿਰ ਤੇ ਸਵਾਰ ਹੋ ਕੇ ਬੈਠੂ ਏਹ।

ਟਰੱਕ ਚਾਲਕ ਗੁਰਪਾਲ ਸਿੰਘ ਪਾਲ ਦੇ ਖੱਬੇ ਹੱਥ ਬੈਠੇ ਨੂੰ ਮੈਨੂੰ ਥੋੜ੍ਹਾ ਨਹੀਂ ਢੇਰ ਸਾਰਾ ਪਛਤਾਵਾ ਹੋਣ ਲੱਗਾ। ਪਛਤਾਵਾ ਹੀ ਨਹੀਂ ਬਹੁਤ ਵੱਡਾ ਗੁਨਾਹਗਾਰ ਸਮਝਣ ਲੱਗ ਪਿਆ ਸੀ। ਮੈਂ ਆਪਣੇ ਆਪ ਨੂੰ। ਏਹ ਮੈਂ ਹੀ ਸਾਂ ਜਿਸ ਨੇ ਉਸਨੂੰ ਅੱਧ-ਵਿਚਾਰੋਂ ਧੱਕਾ ਦਿੱਤਾ ਸੀ। ਹੇਠਾਂ ਡੇਗ ਦਿੱਤਾ ਸੀ ਕਰੜੀ-ਬੰਜਰ ਥਾਂ ਤੇ ਆਪਣੇ ਆਪ ਪੱਕੇ ਪੈਰੀਂ ਪੌੜੀਆਂ ਚੜ੍ਹਦੇ ਨੂੰ। ਇਹ ਮੈਂ ਹੀ ਸਾਂ ਜਿਸ ਨੇ ਕਿਸੇ ਅਫਸਰੀ/ਅਧਿਆਪਕੀ ਦੀ ਥਾਂ ਡਰਾਈਵਰੀ-ਸੀਟ ਰਾਖਵੀਂ ਕੀਤੀ ਸੀ ਉਸ ਲਈ। ਮੈਡਮ ਗੁਪਤਾ ਤਾਂ ਮੇਰੇ ਆਖੇ ਅਨੁਸਾਰ ਹੀ ਚੱਲੀ ਸੀ ਉਸਦੇ ਵਿਰੁੱਧ। ਉਂਝ ਸੀ ਉਹ ਬਹੁਤ ਨਰਮ ਦਿਲ ਔਰਤ। ਨਰਮ ਦਿਲ ਵੀ ਤੇ ਫ਼ਰਾਖ ਦਿਲ ਵੀ। ਉਸਨੇ ਤਾਂ ਕਈ ਵਾਰ ਆਖਿਆ ਸੀ ਮੈਨੂੰ—'ਛੱਡੋ ਪਰਾਂ ਸਰ, ਏਨਾ ਪੜ੍ਹ-ਲਿਖ ਕੇ ਵੀ ਤੁਸੀਂ ਜਾਤ-ਜੰਜਾਲ 'ਚ ਫਸੇ ਬੈਠੇ ਓ..। ਬਹੁਤ ਬੁਰੀ ਗੱਲ ਆ ਏਹ। ਤੋੜੋ ਪਰਾਂ ਇਸ ਨੂੰ ਤੇ ਮੁਆਫੀ ਦਿਉ ਇਸ ਮੁੰਡੇ ਨੂੰ। ....ਇਹ ਮੈਂ ਹੀ ਸਾਂ ਜਿਹੜਾ ਉਸ ਦੇਆਖੇ ਵੀ ਜਾਤ-ਜੰਜਾਲ ਨੂੰ ਤੋੜਕੇ ਰੋਲ ਨੰਬਰ ਬਾਰਾਂ ਨੂੰ ਮੁਆਫ ਨਹੀਂ ਸੀ ਕਰ ਸਕਿਆ।

ਪਰ ਹੁਣ ...ਹੁਣ ਕੁਝ ਵੀ ਨਹੀਂ ਸੀ ਹੋ ਸਕਦਾ। ਇਕ ਸੁੱਚੇ ਅਖਾਣ ਦੀ ਭਾਵਨਾ ਵਾਂਗ ਗੁਰਪਾਲ ਸਿੰਘ ਪਾਲ ਦੇ ਖੇਤ ਵਿਚੋਂ, ਬਾਜਰੇ ਦਾ ਇਕ-ਇਕ ਦਾਣਾ ਤਕ ਚਿੜੀਆਂ-ਛਾਰਕਾਂ ਚੁੱਗ ਗਈਆਂ ਸਨ, ਹੁਣ ਤੱਕ।

ਆਪਣੇ ਚਿਹਰੇ ਤੇ ਪੂਰੀ ਤਰ੍ਹਾਂ ਗੱਡ ਹੋਈ ਮੇਰੀ ਨਿਗਾਹ ਨੂੰ ਭਰਵਾਂ ਹੁੰਗਾਰਾ ਸਮਝ ਕੇ ਉਸਨੇ ਆਪਣੇ ਆਪ ਤੋਰੀ ਕਥਾ ਵਿਥਿਆ। ਥੋੜ੍ਹਾ ਕੁ ਅਟਕ ਕੇ ਫਿਰ ਅੱਗੇ ਤੋਰ ਲਈ ...'ਪਹਿਲਾਂ ਮੈਂ ਸੋਚਿਆ, ਕਾਲੇ-ਸੇਠਾਂ ਦੀ ਡਰੈਵਰੀ ਈ ਛੱਡ ਦਿਆਂ, ਹੋਰ ਥਾਂ ਕਿਤੇ ਲੱਭ ਲਾਂ। ਮੈਥੋਂ ਨਈਂ ਦੇਖ ਹੁੰਦਾ ਰੋਜ਼-ਰੋਜ਼ ਦਾ ਗੰਦ-ਗੁਬਾਰ।....ਫੇਰ ਸੋਚਿਆ, ਹੋਰ ਕੇੜ੍ਹੇ ਦੁੱਧ ਧੋਤੇ ਮਿਲਣੇ ਆਂ। ਉਹ ਵੀ ਐਹੋ ਜਿਹੇ ਹੋਣੇ ਆਂ ਇਹਨਾਂ ਵਰਗੇ। ਜਿਹੋ ਜਿਹੀ ਚਾਲ ਇਹਨਾਂ ਦੀ ਉਹੋ ਜਿਹੀ ਉਨ੍ਹਾਂ ਦੀ ਹੋਣੀ ਆਂ। ....ਊਂ ਸੱਚੀ ਗੱਲ ਆ ਬਾਊ ਜੀ ਈ, ਮੀਨ੍ਹਾਂ ਖੰਡ ਲਾਇਆ ਵੀ ਅੰਮਰਸਰੀਆਂ ਦੇ। ਐਧਰੋਂ ਲੁਕ-ਲੁਕਾ ਕੇ ਬਮਾਰ-ਠਮਾਰ ਹੋਣ ਦਾ ਬਹਾਨਾ ਮਾਰ ਕੇ। ਪਰ ਉਹ ਗਿੱਠ-ਮੁਠੀਏ ਜਿਹੇ ਭਾਪੇ ਸੌਹਰੀ ਦੇ ਨਿਰੇ ਈ ਚੋਰ। ਨਾਲੇ ਚੋਰ ਨਾਲੇ ਚਤਰ। ਮੂੰਹ ਦੇ ਜਿੰਨੇ ਮਿੱਠੇ, ਅੰਦਰੋਂ ਓਨੇ ਛੁਰੀ ਮਾਰ, ਅੰਦਰ ਸੜੀਏ। ਅੱਧੇ ਮਹੀਨੇ ਦੀ ਤਨਖਾਹ ਊਂਈ ਦੱਬ ਗਏ। ਅਖੇ ਤੂੰ ਪੁਜਦਾ ਨਈਂ ਰਿਹਾ ਟੈਮ ਸਿਰ ਸਕੂਲੇ ਛੁੱਟੀ ਵੇਲੇ, ਬੱਚੇ ਲੈਣ। ਮੈਂ ਕਿਹਾ ਮਨਾਂ ਕਿਥੇ ਆ ਫਸਿਆ। ਛੱਡ ਇਹਨਾਂ ਨੂੰ, ਚੱਲ ਓਸੇ ਈ ਟਿਕਾਣੇ। ਏਥੇ ਹੋਰ ਨਈਂ ਤਾਂ ਉਹੋ ਜਿਹੀ ਬੱਕ-ਬੱਕ ਤਾਂ ਕੋਈ ਨਈਂ ਕਰਦਾ। ਏਥੇ ਰੂਹ ਵੀ ਸਾਲੀ ਬਾਹਲੀ ਰਲੀਓ ਆ ਆਪੋ ਵਿਚਦੀ। ਸੋਹਰੀ ਦੀਆਂ ਗੁਪਤੀਆਂ ਮੋਹ ਵੀ ਬੜਾ ਕਰਦੀਆਂ ਆਪਣੇ ਨਾ। ਉਂਝ ਤਾਂ ਹੋਰ ਵੀ ਡਰੈਵਰ ਆ ਕਿੰਨੇ ਸਾਰੇ, ਪਰ ਕਾਰ-ਡਰੈਵਰੀ ਮੈਤੋਂ ਈ ਸਿੱਖੀ ਆ ਸਭ ਨੇ। .....ਧਰਮ ਨਾ ਪਹਿਲੇ ਤੋੜ ਦਾ ਨਸ਼ਾ ਰਹਿੰਦਾ ਉਨ੍ਹਾਂ ਨਾਲ ਜੁੜ ਕੇ ਬੈਠੇ ਨੂੰ।

ਘੜੀ ਪਲ ਪਹਿਲਾਂ ਗਹਿਰ-ਗੰਭੀਰ ਦਿਸਦਾ ਪਾਲਾ ਸਿੰਘ ਦਾ ਚਿਹਰਾ ਹੁਣ ਅੱਛੀ ਖਾਸੀ ਲਿਸ਼ਕ ਮਾਰਨ ਲੱਗ ਪਿਆ ਸੀ। ਉਸਦੀਆਂ ਰੁੱਖੀਆਂ-ਮਿੱਸੀਆਂ ਅੱਖਾਂ ਅੰਦਰ ਕਿੰਨੀ ਸਾਰੀ ਚਮਕ ਭਰ ਗਈ ਸੀ।

ਇਹੋ ਜਿਹੀ ਲਿਸ਼ਕ ਚਮਕ ਮੇਰੇ ਚਿਹਰੇ, ਮੇਰੀਆਂ ਅੱਖਾਂ ਅੰਦਰ ਵੀ ਛਾਈ ਰਹਿੰਦੀ ਸੀ। ਮਿਸ ਗੁਪਤਾ ਨੂੰ ਮਿਲਦਿਆਂ, ਉਸ ਨਾਲ ਬੈਠਦਿਆਂ-ਉਠਦਿਆਂ। ਮਨ-ਚਿਤ ਹਲਕਾ-ਫੁਲਕਾ, ਬਾਗੋ-ਬਾਗ ਹੋਇਆ ਰਹਿੰਦਾ ਸੀ। ਉਸ ਨਾਲ ਘੁੰਮਦਿਆਂ-ਫਿਰਦਿਆਂ। ਮੈਂ ਜਿਵੇਂ ਹਵਾ ਵਿਚ ਤਾਰੀਆਂ ਲਾਉਂਦਾ, ਨੀਲੇ ਅਕਾਸ਼ ਦੀਆਂ ਧੁਰ ਡੂੰਘਾਈ 'ਚ ਉਡਦਾ ਮਹਿਸੂਸ ਕਰਦਾ ਸਾਂ। ਪਰ, ਹੁਣ ਉਹੀ ਲਿਸ਼ਕ, ਓਸੇ ਤਰ੍ਹਾਂ ਦੀ ਚਮਕ ਪਾਲਾ ਸਿੰਘ ਦੀਆਂ ਅੱਖਾਂ 'ਚ ਤਰਦੀ ਦੇਖ ਮੈਨੂੰ ਢੇਰ ਸਾਰਾ ਭੈਅ ਆਉਣ ਲੱਗ ਪਿਆ। ...ਮੈਨੂੰ ਲੱਗਾ ਉਸਦੀਆਂ ਅੱਖਾਂ ਅੰਦਰਲੀ ਲਿਸ਼ਕ-ਚਮਕ ਕੜਕਦੀ ਅਸਮਾਨੀ ਬਿਜਲੀ ਬਣ ਕੇ ਮੇਰੇ ਉੱਪਰ



ਡਿੱਗੀ ਕਿ ਡਿੱਗੀ। ਉਸਦੇ ਚਾਲ-ਚੱਲਣ ਨੂੰ ਭੈੜਾ ਲਿਖਣ ਵਾਲੇ ਹੱਥਾਂ ਨੂੰ ਉਸਦੇ ਭਵਿੱਖ ਨੂੰ ਤਬਾਹ ਕਰਨ ਵਾਲੀ ਜ਼ਿਦ ਨੂੰ ਸਜ਼ਾ ਮਿਲੀ ਕਿ ਮਿਲੀ। ਉਸ ਵਲੋਂ ਕੀਤੀ ਜਾਣ ਵਾਲੀ ਕਾਰਵਾਈ ਤੋਂ ਬਚਾ ਕਰਨ ਦੇ ਇਰਾਦੇ ਨਾਲ, ਮੈਂ ਆਪਣੇ ਅੰਦਰਲੇ ਕਾਂਬੇ ਨੂੰ ਥੋੜ੍ਹਾ ਕੁ ਕਾਬੂ ਕਰਦਿਆਂ, ਗੁਰਪਾਲ ਸਿੰਘ ਪਾਲ ਨੂੰ ਕਹਿਣਾ ਚਾਹਿਆ—ਮੈਨੂੰ ਐਥੇ ਈ ਉਤਾਰ ਦਿਉ ਡਰੈਵਰ ਸਾਬ੍ਹ, ਬੱਸ ਲਾਗੇ ਹੀ ਆ ਪਿੰਡ ਫਤੇਪੁਰ ਚੜ੍ਹਦੇ ਬੰਨੇ। ਪਰ ਪਿੰਡ ਤਾਂ ਅਜੇ ਕਰੀਬ ਦਸ ਕਿਲੋਮੀਟਰ ਹੋਰ ਅਗਾਂਹ ਸੀ ਮੇਰਾ।

ਹੁਣੇ ਹੁਣੇ ਨਿਕਲੇ ਉਡੀਕ ਚੱਕਰ 'ਚ ਮੁੜਕੇ ਫਸ ਜਾਣ ਦੇ ਡਰ ਤੋਂ ਡਰਦੇ ਦੀ ਮੇਰੀ ਰੋਲ ਨੰਬਰ ਬਾਰਾਂ ਨੂੰ ਇਉਂ ਕਹਿਣ ਦੀ ਹਿੰਮਤ ਵੀ ਨਾ ਪਈ।

ਡੌਰ-ਭੌਰ ਹੋਇਆ ਮੈਂ ਕਦੀ ਸਾਹਮਣੇ ਦੂਰ ਤੱਕ ਪੱਕੀ ਸੜਕ ਵੱਲ ਦੇਖ ਲੈਂਦਾ, ਕਦੀ ਉਸਦੇ ਪਲੋ-ਪਲੀ ਰੰਗ ਬਦਲਦੇ ਚਿਹਰੇ ਵੱਲ।

ਉਸਦੇ ਮੂੰਹ-ਮੱਥੇ ਤੇ ਘੜੀ ਪਲ ਪਹਿਲਾਂ ਪਸਰਿਆ ਜਲ-ਜਲੌਅ ਫਿਰ ਕਿਧਰੇ ਓਝਲ ਹੋ ਗਿਆ ਇਕਦਮ। ਉਸਦਾ ਰੁੱਖਾ-ਮਿੱਸਾ ਚਿਹਰਾ ਹੋਰ ਵੀ ਖਰ੍ਹਵਾਂ ਲੱਗਣ ਲੱਗ ਪਿਆ। ਹੌਲੀ ਕੀਤੇ ਟਰੱਕ ਨੂੰ ਕੱਚੀ ਥਾਂ ਰੋਕ ਕੇ ਉਸਨੇ ਝੱਟ ਦੇਣੀ ਤਾਕੀਉਂ ਬਾਹਰ ਛਾਲ ਕੱਢ ਮਾਰੀ। ਮੇਰੇ ਅੰਦਰਲ ਡਰ-ਸਹਿਮ ਨੇ ਮੇਰੇ ਖ਼ੂਨ ਦੀ ਗਰਦਿਸ਼ ਥਾਏਂ ਰੋਕ ਦਿੱਤੀ। ਮੈਨੂੰ ਲੱਗਾ-ਰੋਲ ਨੰਬਰ ਬਾਰਾਂ ਨੇ ਮੈਨੂੰ **ਟਰੱਕ ਕੈਬਿਨ** 'ਚ ਧੂਹ ਕੇ ਹੇਠਾਂ ਖਿੱਚ ਲਿਆ ਹੈ। ਪੱਕੀ ਸੜਕ ਦੇ ਐਨ ਵਿਚਕਾਰ ਖੜ੍ਹਾ ਕਰਕੇ ਪਹਿਲਾਂ ਮੇਰੇ **ਤਨ ਦਾ ਸਾਰ ਕੱਪੜੇ** ਉਤਾਰ ਦਿੱਤੇ ਹਨ, ਫਿਰ ਜ਼ੋਰਦਾਰ ਧੱਕਾ ਦੇ ਕੇ ਕੱਚੀ ਲੀਹ ਤੇ ਸੁੱਟ ਲਿਆ ਹੈ। ਮੇਰੇ ਗਲ ਪਾਏ ਜਨੇਊ ਦਾ ਖੁੰਡ ਗਲਾਵਾਂ ਮੇਰੀ ਧੌਣ ਨੂੰ ਮਾਰ ਕੇ, ਉਹ ਮੈਨੂੰ ਕੱਚਿਉਂ ਪੱਕੀ ਵੱਲ ਨੂੰ ਤੇ ਪੱਕੀਉਂ ਕੱਚੇ ਵੱਲ ਨੂੰ ਖਿਚ ਰਿਹਾ ਹੈ ਤੇ ਮੈਂ ...ਮੈਂ ਆਪਣੇ ਢਿੱਲੇ-ਪਿੱਲੇ ਸਰੀਰ ਤੇ ਲੱਗਦੀਆਂ ਰਗੜਾਂ-ਸੱਟਾਂ ਦੀ ਪੀੜ ਨੂੰ ਦੜ ਵੱਟ ਕੇ ਸਹੀ ਜਾ ਰਿਹਾ ਹਾਂ, ਚੁੱਪ-ਚਾਪ।

" .....ਏ ਬਾਊ ਜੀਈ, ਬਾਊ ਜੀਈ ...ਕੀ ਗੱਲ ਆ ਨੀਂਦ ਆ ਗਈ, ਹਿਲਦੇ ਬੋਲਦੇ ਈ ਨਈਂ ...ਮੈਂ ਐਨੀਆਂ ਵਾਜਾਂ ਮਾਰੀਆਂ।" ਖੁੱਲ੍ਹੀ ਤਾਕੀ ਵਲੋਂ ਅੰਦਰ ਆਏ ਕਲੀਨਰ ਮੁੰਡੂ ਨੇ ਮੇਰਾ ਮੋਢਾ ਹਿਲੂਣਦਿਆਂ, ਮੇਰੀ ਗੁੰਮੀ-ਗੁਆਚੀ ਸੁਰਤੀ ਕਿਧਰੋਂ ਦੂਰੋਂ-ਪਾਰੋਂ ਲੱਭ ਲਿਆਂਦੀ। "ਉਸਤਾਦ 'ਵਾਜਾਂ ਮਾਰਦਾ, ਔਹ ਸਾਹਮਣੇ ...ਚਾਹ ਪੀ ਲਉ ...।"

ਮੇਰੀ ਨਾਂਹ ਦਾ ਉੱਤਰ, ਉੱਚੀ ਅਵਾਜ਼ ਨਾਲ ਮੁੰਡੂ ਨੇ ਰੋਲ ਨੰਬਰ ਬਾਰਾਂ ਤੱਕ ਅੱਪੜਦਾ ਕਰ ਦਿੱਤਾ ਸੜਕੋਂ ਪਾਰ। ਮੋਟੇ ਭਾਰੇ ਸਫੈਦੇ ਦੀ ਚਿੱਤਕਬਰੀ ਛਾਂ ਹੇਠਾਂ ਖੜੇ ਖੜੇ ਨੇ ਚਾਹ ਪੀਂਦੇ ਨੇ ਉਸਨੇ, ਖੋਖੇ ਤੇ ਬੈਠੀ ਥੱਕੀ-ਹਾਰੀ ਅੱਧਖੜ ਇਸਤਰੀ ਨਾਲ ਪੰਜ-ਸੱਤ ਮਿੰਟ ਕੋਈ ਬਾਤ-ਚੀਤ ਕੀਤੀ, ਫਿਰ ਮੁੜਦੇ ਪੈਰੀਂ ਉਹ ਸਟੇਰਿੰਗ ਸੀਟ ਤੇ ਆ ਬੈਠਾ।

ਘੜੀ-ਦੋ ਘੜੀਆਂ ਰੋਕੀ ਗੱਡੀ ਉਸਨੇ ਫਿਰ ਪਹਿਲੀ ਚਾਲੇ ਦੌੜਦੀ ਕਰ ਲਈ।

"ਏਨੂੰ ਜਾਣਦਿਆਂ ਬਾਊ, ਏਹ ਤੁਹਾਡੇ ਈ ਐਨਾਂ ਪਿੰਡਾਂ ਚੋਂ ਕਿਸੇ ਪਿੰਡ ਦੀ ਆ। ਏਦੀ ਬਾਰਾਂ ਚੋਦਾਂ ਸਾਲ ਦੀ ਧੀ ਪਰ੍ਹੂੰ-ਪਰਾਰ ਕਿਸੇ ਗੱਡੀ ਆਲੇ ਨੇ ਚੜ੍ਹਾ ਲਈ। ਅਜੇ ਤੱਕ ਕੋਈ ਉੱਘ-ਸੁੱਘ ਨਹੀਂ ਲੱਗੀ। ਚੰਗਾ-ਭਲਾ ਕੰਮ ਚਲਦਾ ਸੀ ਏਦਾ ਚਾਹ-ਖੋਖੇ ਦਾ, ਉਹ ਵੀ ਜਾਂਦਾ ਲੱਗਾ। ਬੰਦਾ ਏਦਾਂ ਊਈ ਕਿਸੇ ਕੰਮ ਦਾ ਨਈਂ ਅਮਲੀ ਜਿਆ। ਆਪ ਏਹ ਜਾਣ ਜੋਗੀ ਨਈਂ ਕਿਧਰੇ, ਲੰਗੜੀ ਆ ਇਕ ਲੱਤੋਂ। ਬੱਸ ਹਮਾਂ-ਤੁਮਾਂ ਨੂੰ ਆਖ ਛੱਡਦੀ ਆ—ਵੇ ਬੱਚਿਓ, ਵੇ ਪੁੱਤ ...ਮੇਰੀ ਧੀ ਰਾਣੀ ਨੂੰ ਕਿਥੋਂ ਲੱਭ ਲਿਆਓ ਵੇ, ਜੀਣ ਜੋਗਿਓ ...। ਮੈਂ ਜ਼ਿੰਦਗੀ ਭਰ ਸੀਸਾਂ ਦੇਊ ਵੇ ਤੁਆਨੂੰ ਸ਼ੇਰ ਬੱਚਿਆਂ ਨੂੰ ...।

ਮੇਰੀ ਜਿਵੇਂ ਇਕ-ਦਮ ਜਾਗ ਖੁੱਲ੍ਹ ਗਈ ਹੋਵੇ। ਮੇਰੇ ਕੰਨਾਂ 'ਚ ਗੂੰਜਦੇ ਬੋਲ ਮੇਰੇ ਸੱਜੇ ਹੱਥ ਬੈਠੇ ਟਰੱਕ ਚਾਲਕ ਦੇ ਸਨ ਜਾਂ ਚਾਹ ਵਾਲੇ ਖੋਖੇ ਤੇ ਬੈਠੀ ਇਸਤਰੀ ਦੇ, ਪਲ ਦੀ ਪਲ ਮੈਨੂੰ ਸਮਝ ਨਹੀਂ ਲੱਗੀ। ਆਪਣੇ ਅੰਦਰ ਬਾਹਰ ਪੱਸਰੇ ਡਰ-ਭੈਅ 'ਚੋਂ ਆਪਣਾ ਆਪ ਬਾਹਰ ਧੂਹ ਕੇ ਮੈਂ ਪਾਲਾ ਸਿੰਘ ਵੱਲ ਨੂੰ ਧਿਆਨ ਨਾਲ

ਦੇਖਿਆ। ਉਸਦਾ ਸਾਰਾ ਵਜੂਦ ਕਿਸੇ ਇਕ ਬਿੰਦੂ ਤੇ ਸਥਿਰ ਹੋਇਆ ਪਿਆ ਸੀ। ਖੋਖੇ ਵਾਲੀ ਇਸਤਰੀ ਦੀ ਕੁੱਲ ਵੇਦਨਾ ਉਸਦੇ ਆਪਣੇ ਚਿਹਰੇ ਤੇ ਚਿਪਕ ਗਈ ਸੀ। ਸਾਹਮਣੇ, ਪੱਕੀ ਪਟੜੀ ਉੱਤੇ ਟਿਕੀਆਂ ਅੱਖਾਂ ਖਾਰੇ ਪਾਣੀ ਨਾਲ ਤਰ ਹੋ ਗਈਆਂ ਸਨ।

ਬੇ-ਹੱਦ ਟਿਕਵੀਂ ਗਤੀ ਨਾਲ ਦੌੜਦੇ ਟਰੱਕ ਦੇ ਡੈਸ਼-ਬੋਰਡ ਤੇ ਪਿਆ ਧਾਰੀਦਾਰ ਪਰਨਾ ਚੁੱਕ ਕੇ ਪਾਲਾ ਸਿੰਘ ਨੇ ਪਹਿਲਾਂ ਮੂੰਹ-ਚਿਹਰੇ ਤੇ ਫੇਰਿਆ, ਫਿਰ ਪਲਕਾਂ 'ਚੋਂ ਡਿਗੂੰ-ਡਿਗੂੰ ਕਰਦੇ ਅੱਥਰੂ ਸਾਫ ਕੀਤੇ।

ਉਸਦੀ ਇਸ ਅਵਸਥਾ ਨੇ ਮੈਨੂੰ ਉਸ ਤੋਂ ਥੋੜ੍ਹੀ ਕੁ ਦੇਰ ਪਹਿਲਾਂ ਆਏ ਡਰ-ਭੈਅ ਤੋਂ ਮੁਕਤ ਕਰ ਦਿੱਤਾ। ਮੈਂ ਆਪਣੇ ਆਪ ਨੂੰ ਸਾਧਾਰਨ ਕਿਸਮ ਦਾ ਦੋਸ਼ੀ ਨਹੀਂ ਵੱਡਾ ਕਸੂਰਵਾਰ ਸਮਝਣ ਲੱਗ ਪਿਆ, ਉਸਨੂੰ ਗੁਰਪਾਲ ਸਿੰਘ ਪਾਲ ਦੀ ਸੰਗਿਆ ਦੇ ਕੇ। ਮੈਨੂੰ ਪੱਕ-ਠੱਕ ਨਿਸਚਾ ਹੋ ਗਿਆ ਸੀ, ਉਹ ਰੋਲ ਨੰਬਰ ਬਾਰਾਂ ਨਹੀਂ ਹੈ। ਉਹ....ਉਸਨੇ ਤਾਂ ਕਾਲਜੋਂ ਨਿਕਲ ਕੇ ਨੱਕ 'ਚ ਦਮ ਕਰ ਰੱਖਿਆ ਸੀ ਮੇਰਾ। ਮੇਰੇ ਟੱਬਰ-ਟੀਰ ਦਾ, ਬਾਲ-ਬੱਚੇ ਦਾ। ਉਸ ਅੰਦਰਲੀ ਸ਼ਰਾਫਤ, ਆਗਿਆਕਾਰਤਾ ਕਿਧਰੇ ਪਰ ਲਾ ਕੇ ਉੱਡ ਗਈ ਸੀ। ਗੇਟੋਂ ਬਾਹਰ ਨਿਕਲਦੇ ਨੇ ਪਹਿਲੇ ਦਿਨ ਹੀ ਜ਼ੋਰਦਾਰ ਤੜੀ ਦਿੱਤੀ ਸੀ ਮੈਨੂੰ—ਓਏ ਸਾਲਿਆ ਸ਼ਰਮਿਆਂ ਦਿਆਂ, ਹੁਣ ਦੇਖੀ ਰਮਦਾਸੀਏ ਚਮਾਰ ਦੇ ਹੱਥ...। ਅੱਗੋਂ ਇਸ ਤੋਂ ਵੀ ਮੋਟੀ ਭਾਰੀ ਵਲਾਵੇਂਦਾਰ ਗਾਲ੍ਹ ਕੱਢ ਕੇ ਉਸਨੇ ਹੋਰ ਵੀ ਖਤਰਨਾਕ ਬੋਲ ਬੋਲੇ ਸਨ, ਜਿਹੜੇ ਮੇਰੀ ਜ਼ੁਬਾਨ ਤੇ ਕਿਸੇ ਵੀ ਤਰ੍ਹਾਂ ਨਹੀਂ ਸੀ ਚੜ੍ਹ ਸਕੇ, ਸ਼ਿਕਾਇਤ ਕਰਦਿਆਂ ਵੀ ਨਹੀਂ। ਇਹ ਬੋਲ ਉਸਨੇ ਮੂੰਹ ਜ਼ਬਾਨੀ ਤੱਕ ਸੀਮਤ ਨਹੀਂ ਸੀ ਰੱਖੇ।....ਵੱਡੀ ਕੁੜੀ ਪਿੰਕੀ ਨਿੱਤ ਨਵੇਂ ਕੋਈ ਨਾ ਕੋਈ ਸ਼ਿਕਾਇਤ ਲੈ ਬੈਠਦੀ—'ਫਲਾਨੇ ਥਾਂ ਰੋਲ ਨੰਬਰ ਬਾਰਾਂ ਨੇ ਮੈਨੂੰ ਆਹ ਕਿਹਾ, ਔਕੜੀ ਥਾਂ ਆਹ ਕੀਤਾ।' ਉਸਦੇ ਉਜੱਡਪੁਣੇ ਤੋਂ ਤੰਗ ਆਏ ਨੇ ਮੈਂ ਉਸਦੀ ਦੋ ਕੁ ਵਾਰ 'ਸੇਵਾ' ਵੀ ਕਰਵਾਈ। ਪੁਲੀਸ ਤੇ ਆਪਣਾ ਅਸਰ ਰਸੂਖ ਵਰਤ ਕੇ, ਵਾਈਸਸ਼ਿਪ ਵਾਲਾ। ਪਰ ਉਹ ਸਿੱਧਾ ਹੋਣ ਦੀ ਥਾਂ ਹੋਰ ਵਿੰਗਾ ਹੁੰਦਾ ਗਿਆ। ਇਕਦਮ ਆਵਾਰਾ।

ਕਿਥੇ ਉਹ ਗੁਰਪਾਲ ਸਿੰਘ, ਕਿਥੇ ਆਹ ਪਾਲਾ ਸਿੰਘ। ਆਹ ਏਨੀ ਪਿਆਰੀ ਰੂਹ। ਹਰ ਜਾਣ-ਅਣਜਾਣ, ਗਰੀਬ-ਗੁਰਬੇ ਦੀ ਔਖ-ਮੁਸ਼ਕਿਲ ਨੂੰ, ਦੁੱਖ-ਦਰਦ ਨੂੰ ਆਪਣਾ ਦੁੱਖ-ਦਰਦ ਮਿੱਥ ਲੈਣ ਵਾਲਾ ਨੇਕ-ਦਿਲ ਨੌਜਵਾਨ। ...ਚਾਹ ਵਾਲੇ ਖੋਖੇ ਤੇ ਬੈਠੀ ਇਸਤਰੀ ਦੀ ਪੀੜ-ਵੇਦਨਾ, ਹੁਣ ਤੱਕ ਉਸਦੇ ਸਾਰੇ ਦੇ ਸਾਰੇ ਵਜੂਦ ਨੂੰ ਜ਼ਖਮੀ ਕਰ ਗਈ ਸੀ। ਉਸਦੀਆਂ ਮੋਟੀਆਂ ਅੱਖਾਂ ਅੰਦਰ ਵਗਦੇ ਪਾਣੀ ਦਾ ਵਹਾ ਹੋਰ ਵੀ ਭਰਵਾਂ ਹੋ ਗਿਆ।

ਇਕ ਵਾਰ ਫਿਰ ਉਸਦੇ ਉਸੇ ਪਰਨੇ ਨੇ ਪਹਿਲੀ ਕਿਰਿਆ ਦੁਹਰਾਈ।

ਮੈਨੂੰ ਲੱਗਾ ਇਹ ਪਾਲਾ ਸਿੰਘ ਡਰਾਈਵਰ ਨਹੀਂ, ਮੈਂ ਆਪਣੀਆਂ ਅੱਖਾਂ 'ਚੋਂ ਟੱਪਕ ਆਏ ਅੱਥਰੂ, ਉਸਦੇ ਧਾਰੀਦਾਰ ਪਰਨੇ ਨਾਲ ਸਾਫ ਕਰ ਰਿਹਾ ਹਾਂ। ਮੈਂ ਪ੍ਰੋਫੈਸਰ ਸ਼ਰਮਾ। ਵਾਈਸ ਪ੍ਰਿੰਸੀਪਲ ਡੀ.ਏ.ਵੀ. ਡਿਗਰੀ ਕਾਲਜ।

ਇਸ ਵਾਈਸਸ਼ਿਪ ਨੇ ਹੀ ਮੇਰੀ ਇਹ ਬਾਬ ਕੀਤੀ ਸੀ। ਇਕ ਤਰ੍ਹਾਂ ਨੀਵੇਂ ਲਾਹ ਛੱਡਿਆ ਸੀ ਮੈਨੂੰ ਪੈਰ-ਦਰ-ਪੈਰ ਉਪਰੋਂ ਵੱਲ ਨੂੰ ਚੜ੍ਹਦੇ ਨੂੰ। ...ਪਿੰਡ ਕਈ ਜਣੇ ਸਾਂ ਅਸੀਂ ਅਧਿਆਪਕੀ ਕਿੱਤੇ ਨਾਲ ਸੰਬੰਧਤ। ਪਰ, ਸਾਰੇ ਦੇ ਸਾਰੇ ਸਕੂਲ ਟੀਚਰ। ਬਹੁਤੇ ਜੇ.ਬੀ.ਟੀ. ਕਈ ਕੋਈ ਬੀ.ਐਡ.। ਕਾਲਜ ਪ੍ਰੋਫੈਸਰ ਮੈਂ ਹੀ ਸਾਂ ਇਕੱਲਾ, ਐਮ.ਏ.ਐਮ. ਫਿਲ। ਪਿੰਡ ਦੇ ਅਨਪੜ੍ਹਾਂ ਸਮੇਤ ਪੜ੍ਹੇ ਅੱਧ-ਪੜ੍ਹੇ ਲੋਕ ਮੈਨੂੰ ਵੀ ਮਾਸਟਰ ਹੀ ਸਮਝਦੇ। ਮਾਸਟਰ ਹੀ ਕਹਿ ਕੇ ਬੁਲਾਉਂਦੇ, 'ਵਾਜ ਮਾਰਦੇ। ਸੱਚੀ ਗੱਲ ਐ ਆਪਣੇ ਤੋਂ ਉਹਨਾਂ ਦੀ ਬੋਲਚਾਲ, ਗੱਲਬਾਤ ਬਰਦਾਸ਼ਤ ਹੋਣੋ ਹੱਟ ਗਈ। ਖਾਸ ਕਰ ਓਦੋਂ ਜਦੋਂ ਨੰਬਰ ਦੋ ਬਣਿਆ ਸੀ ਮੈਂ, ਸੈਕਿੰਡ-ਇਨਚਾਰਜ।

ਕਾਲਜ ਅੰਦਰ ਸਰ-ਜੀ, ਸਰ-ਜੀ ਹੁੰਦੀ, ਪਿੰਡ ਪੁੱਜਦਾ ਤਾਂ ਫਿਰ ਮਾਹਟਰ ਦਾ ਮਾਹਟਰ।



ਆਪਣੇ ਆਹੁਦੇ ਦੀ ਇੱਜ਼ਤ-ਆਬਰੂ ਸਾਂਭ ਰੱਖਣ ਲਈ ਆਖਿਰ ਮੈਂ ਪਿੰਡ ਹੀ ਛੱਡ ਦਿੱਤਾ। ਸ਼ਹਿਰ ਜਾ ਪੁੱਜਾ ਸੀ, ਜਲੰਧਰ। ਥੋੜ੍ਹਾ ਕੁ ਚਿਰ ਕਰਾਏ ਤੇ ਰਿਹਾ, ਫਿਰ ਨਵੀਂ ਨਿਕੋਰ ਕੋਠੀ ਖਰੀਦ ਲਈ, ਮਾਡਲ-ਗਰਾਮ 'ਚ ਪੋਸ਼ ਇਲਾਕੇ 'ਚ।

ਆਲੇ-ਦੁਆਲੇ ਰਹਿੰਦੇ-ਵਸਦੇ ਲੋਕ ਸਭ ਆਪਣੇ ਆਪਣੇ ਕਾਰ-ਕਿੱਤੇ 'ਚ ਮੌਜ-ਮੇਲੇ 'ਚ ਮਸਤ।

ਨਾ ਕਿਸੇ ਦੀ ਨਿੰਦਿਆ-ਚੁਗਲੀ, ਨਾ ਭੰਡੀ-ਪ੍ਰਚਾਰ। ਇਕ ਦੂਜੇ ਦੇ ਕੰਮ-ਕਾਜ, ਮੇਲ-ਜੋਲ 'ਚ ਕਿਸੇ ਦੀ ਕੋਈ ਦਖ਼ਲ ਅੰਦਾਜ਼ੀ ਨਹੀਂ। ਸ਼ਹਿਰੋਂ, ਕਾਲਜ ਆਉਣ ਜਾਣ ਕਰਦਿਆਂ ਮਿਸ ਗੁਪਤਾ ਨਾਲ ਸਾਂਝ ਪੈ ਗਈ। ਉਹ ਹੋਰ ਵੀ ਅਗਲੇ ਸ਼ਹਿਰੋਂ ਆਉਂਦੀ ਸੀ ਫਗਵਾੜਿਉਂ। ਮੈਂ ਉਸਦੀ ਉਡੀਕ ਬੱਸ ਅੱਡੇ ਤੇ ਖੜੋ ਕੇ ਕਰਦਾ। ਫਿਰ ਕਾਲਜ ਤੱਕ ਦਾ ਪੰਜਾਹ ਕਿਲੋਮੀਟਰ ਦਾ ਸਫਰ ਮੈਨੂੰ ਪੰਜ ਕਿਲੋਮੀਟਰ ਤੋਂ ਵੱਧ ਨਾ ਜਾਪਦਾ।

ਰੰਗ ਭਾਵੇਂ ਗੂੜ੍ਹਾ ਪੱਕਾ ਸੀ ਉਸਦਾ, ਪਰ ਨੈਣ-ਨਕਸ਼ ਤਿੱਖੇ। ਸੁਭਾ ਦੀ ਚੁਲਬਲੀ। ਸਿਰੇ ਦੀ ਚੁਸਤ-ਫੁਸਤ। ਸਫ਼ਰ ਕਰਦਾ ਤਿੰਨ ਸੈਸ਼ਨ ਜਿਵੇਂ ਧੁਰ ਅਸਮਾਨੀ ਉਡਿਆ ਰਿਹਾ।

ਹੁਣ....ਹੁਣ ਉਹਨਾਂ ਹੀ ਅਸਮਾਨਾਂ ਤੋਂ ਹੇਠਾਂ ਪਟਾਕ ਕਰਕੇ ਡਿਗਿਆ ਮੈਂ ਮੁੜ ਪਿੰਡ ਪਰਤ ਆਇਆ ਸਾਂ। ਪਿੰਡ ਦੇ ਅੱਧੇ ਘਰ 'ਚ। ਬੇ-ਬਸੀ, ਨਿਮੋਸ਼ੀ ਤੇ ਲਾਚਾਰਗੀ ਨਾਲ ਅੱਟੇ ਆਪਣੇ ਹਿੱਸੇ ਦੀ ਝਾੜ-ਪੂੰਝ ਕਰਦਾ ਮੈਂ ਕਦੀ ਹੁਬਕੀ ਰੋ ਲੈਂਦਾ, ਕਦੀ ਅੰਦਰੋਂ-ਅੰਦਰ ਨਪੀੜ ਹੋਇਆ। ਤਰਲੋ-ਮੱਛੀ ਹੋਇਆ ਰਹਿੰਦਾ।

ਇਹੋ ਹਾਲ ਮੇਰੀ ਪਤਨੀ ਸਮੇਤ ਛੋਟੀ ਬੇਟੀ ਦੀਪੀ ਦਾ ਸੀ। ਦੂਰ ਪਿਛਾਂਹ, ਵੱਡੇ ਸ਼ਹਿਰ ਰਹਿ ਗਈ ਵੱਡੀ ਕੁੜੀ ਪਿੰਕੀ ਦੇ ਕੋਰਟ-ਮੈਰਿਜ ਸਰਟੀਫਿਕੇਟ ਨੇ ਜਿਵੇਂ ਲੂੰ-ਲੂੰ ਪੱਛ ਕੇ ਰੱਖ ਦਿੱਤਾ ਸੀ, ਸਾਰੇ ਟੱਬਰ ਦਾ।...ਕਿੰਨੀ ਭਾਰੀ ਨਿਮੋਸ਼ੀ ਝੱਲਣੀ ਪਈ ਸੀ ਮੈਨੂੰ, ਪ੍ਰੋਫੈਸਰ ਸ਼ਰਮਾ ਨੂੰ। ਖਾਨਦਾਨੀ ਪੰਡਿਤ-ਪ੍ਰੋਹਤ ਬਾਪ ਨੂੰ। ਜ਼ਿਲ੍ਹਾ ਜੱਜ ਸਾਹਮਣੇ। ਉਸਦੀ ਇਕੋ-ਇਕ ਘੁਰਕੀ ਨੇ ਜ਼ੁਬਾਨ ਬੰਦ ਕਰ ਦਿੱਤੀ ਸੀ ਮੇਰੀ-'ਏਮਿਸਟਰ, ਅਟੈਚਮੈਂਟ ਇਜ਼ ਅਵੱਬ ਐਵਰੀ ਥਿੰਗ, ਕਾਸਟ-ਕਰੀਡ ਐਂਡ ਰਿਲੀਜ਼ਨ। ਮਾਈਂਡ ਇਟ।"

ਖਿੰਡੀ-ਬਿਖਰੀ ਬਚਦੀ ਹਿੰਮਤ ਇਕੱਠੀ ਕਰਕੇ ਮੈਂ ਰਿਹਾ ਬੱਚਿਆ ਬਚਾ-ਪੱਖ ਫਿਰ ਪੇਸ਼ ਕੀਤਾ ਸੀ ਕੋਰਟ 'ਚ। 'ਆਈ ਡੂ ਐਗਰੀ ਸਰ, ਬਟ ਮਾਈ ਕੰਨਸਰਨ ਇਜ਼ ਹਰ ਕੈਰੀਅਰ। ਸ਼ੀ ਇਜ਼ ਐਨ ਡਾਕਟਰ ਇੰਨ ਮੇਕਿੰਗ, ਐਂਡ ਹੀ...ਹੀ ਇਜ਼ ਮੀਅਰ ਏ ਮਾਲੀ।'

'ਡੋਂਟ ਬਓਦਰ, ਦੇ ਆਰ ਅਡਲਟਸ' ਆਖਦਿਆਂ ਜੱਜ ਨੇ ਭਾਵੇਂ ਆਪਣੀ ਵਲੋਂ ਕਿਸੇ ਸੰਭਾਵੀ ਸਭਿਅ-ਸਮਾਜ ਦੇ ਹੱਕ 'ਚ ਫੈਸਲਾ ਦਿੱਤਾ ਹੋਵੇ, ਪਰ ਮੈਂ.....ਮੈਂ ਜੱਦੀ-ਪੁਸ਼ਤੀ ਬ੍ਰਾਹਮਣ, ਜਾਤ-ਗੋਤ ਦਾ ਸ਼ਰਮਾ, ਕਿਸੇ ਪਾਸੇ ਮੂੰਹ ਦੇਣ ਜੋਗਾ ਨਹੀਂ ਸੀ ਰਿਹਾ।

ਪੋਸ਼ ਕਾਲੋਨੀ ਮਾਡਲ-ਗਰਾਮ ਸਮੇਤ ਸਾਰੇ ਸ਼ਹਿਰ 'ਚ ਮਿੱਟੀ ਪਲੀਤ ਕਰ ਦਿੱਤੀ ਸੀ ਮੇਰੀ, ਪੋਸਟ-ਗਰੈਜੂਏਟ ਲੈਕਚਰਾਰ ਪਿੰਕੀ ਨੇ।

ਮਹਿੰਗੇ ਭਾਅ ਖਰੀਦੀ ਕੋਠੀ ਕੌਡੀਆਂ ਘੱਟੇ ਕਰਕੇ ਪਿੰਡ ਮੁੜੇ ਨੂੰ ਮੈਨੂੰ ਵੱਡੇ ਭਾਈ ਨੇ ਵੀ ਰਤਾ ਭਰ ਮੂੰਹ ਨਹੀਂ ਸੀ ਲਾਇਆ। ਮੈਂ ਜਿਵੇਂ ਅਛੂਤ ਹੋ ਗਿਆ ਸਾਂ ਉਸ ਲਈ, ਉਸਦੇ ਬਾਲ-ਬੱਚੇ ਲਈ।

ਵਿਹੜਾ ਅੱਧ-ਵਿਚਕਾਰੋਂ ਚੀਰ ਕੇ ਉਸਨੇ ਕੰਧ ਮਾਰ ਲਈ। ਮੈਨੂੰ ਉਸਦੀ ਤਲਖ ਬਾਣੀ ਕੰਧ ਉਪਰੋਂ ਦੀ ਹਰ-ਰੋਜ਼ ਸੁਣਦੀ। ਉਸਦਾ ਹਿਰਖ ਸੀ—'ਪਿੰਡ ਹੋਰ ਨਈਂ ਤਾਂ ਗਲੀ-ਗੁਆਂਢ ਦੀ ਸ਼ਰਮ ਤਾਂ ਹੁੰਦੀ ਆ, ਕੋਈ ਕਿਸੇ ਨੂੰ ਉਲ੍ਹਾਮਾ ਦੇਣਜੋਗਾ ਤਾਂ ਬਣਦਾ ਈ ਨਾ....।' ਜਦ ਕੋਈ ਉਸਦਾ ਯਾਰ-ਬੇਲੀ ਉਹਦੀ ਹੱਟੀ ਤੇ ਆ ਬੈਠਦਾ ਤਾਂ ਉਸਦੀ ਸੁਰ ਹੋਰ ਵੀ ਗੁਸੈਲੀ ਹੋ ਜਾਂਦੀ—'ਐਥੇ ਕਰਨ ਕੀ ਆ ਬੈਠਾ, ਕਾਲਾ ਮੂੰਹ ਲੈ ਕੇ, ਸਾਡੇ ਸਰ੍ਹਾਣੇ...ਮਰ ਕਿਉਂ ਨਈਂ ਗਿਆ ਕਿਸੇ ਖੂਹ-ਖਾਤੇ 'ਚ ਡਿੱਗ ਕੇ...।'

ਤੇ ਸੱਚ-ਮੁੱਚ ਮੈਂ ਮਰਨ ਤੋਂ ਵੀ ਵੱਧ ਮਰਿਆ ਪਿਆ ਸਾਂ। ਖੂਹ-ਖਾਤੇ ਨਾਲੋਂ ਵੀ ਵੱਧ ਕਿਸੇ ਡੂੰਘੀ ਨਿਵਾਣ ਵਿਚ ਡਿਗਿਆ ਪਿਆ ਸਾਂ, ਪਿੰਕੀ ਕਾਰਨ। ਜਿਥੋਂ ਨਾ ਮੇਰਾ ਰੋਣ-ਧੋਣ ਸੁਣਾਈ ਦਿੰਦਾ ਸੀ ਕਿਸੇ

ਨੂੰ, ਨਾ ਹਉਕੇ-ਹਾਵੇ।

ਪਰ ਟਰੱਕ-ਚਾਲਕ ਪਾਲਾ ਸਿੰਘ ਨੇ ਤਾਂ ਜਿਵੇਂ ਮੇਰੇ ਅੰਦਰੋਂ ਨਿਕਲਿਆ ਹਰ ਗਰਮ ਸਾਹ, ਆਪਣੇ ਸਟੇਰਿੰਗ ਸਾਂਭਦੇ ਹੱਥਾਂ ਤੇ ਮਹਿਸੂਸ ਕਰ ਲਿਆ ਸੀ। ਮੇਰੀਆਂ ਅੱਖਾਂ 'ਚ ਧਾਰ ਬਣ ਕੇ ਵਗੇ ਹੰਝੂ ਆਪਣੇ ਧਾਰੀਦਾਰ ਪਰਨੇ ਤੇ ਬੋਚ ਲਏ ਸਨ।

"ਕੀ ਗੱਲ ਹੋਈ ਬਾਬੂ ਜੀਈ... ਤੁਹੀ ਤਾਂ ਰੋਈ ਜਾਨੇ ਓ ਕਿੰਨਾ ਚਿਰ ਤੋਂ। ਕਿਧਰੇ...ਕਿਧਰੇ ਤੁਆਡੇ ਨਾਲ ਵੀ ਹਭੀ ਨਭੀ ਤਾਂ ਨਈਂ ਹੋ ਗਈ ਸ਼ਾਹਣੀ ਅਰਗੀ...?"

"ਸ਼ਾਹਣੀ ਨਾਲੋਂ ਕਿਧਰੇ ਵੱਧ ਹੋਈ ਆ ਮੇਰੇ ਨਾਲ, ਮੇਰੀ ਪੀੜ-ਵੇਦਨਾ, ਮੇਰਾ ਦੁੱਖ-ਦਰਦ ਸ਼ਾਹਣੀ ਨਾਲੋਂ ਕਈ ਗੁਣਾਂ ਵੱਧ ਡੂੰਘਾ ਐ ਪਾਲਾ ਸਿਆਂ....!" ਮੇਰੇ ਅੰਦਰਲਾ ਗੁੱਭ-ਗੁਬਾਰ ਇਕਦਮ ਮੇਰੀ ਜੀਭ ਤੇ ਚੜ੍ਹ ਕੇ ਰੋਣ-ਹਾਕੇ ਬੋਲ ਬਣ ਉਤਰਿਆ। ਉਸਦੇ ਧਾਰੀਦਾਰ ਪਰਨੇ ਨਾਲ ਅੱਖਾਂ ਪੂੰਝ ਕੇ ਮੈਂ ਸਾਰਾ ਆਪਾ ਉਸ ਸਾਹਮਣੇ ਪਲਟ ਦੇਣਾ ਚਾਹਿਆ। ਪਰ ਮੇਰੇ ਵੱਲ ਤਾਂ ਉਸਦਾ ਰਤੀ ਭਰ ਵੀ ਧਿਆਨ ਨਹੀਂ ਸੀ ਰਿਹਾ।

ਉਸਦਾ ਹੁਣੇ-ਹੁਣੇ ਬੁਝਿਆ ਦਿਸਦਾ ਚਿਹਰਾ, ਹੁਣੇ-ਹੁਣੇ ਭਖਣ ਲੱਗ ਪਿਆ ਸੀ। ਸ਼ਾਹਣੀ ਦੇ ਰੋਣ-ਧੋਣ ਦਾ ਦੁਹਰਾਓ ਕਰਦੇ ਬੈਠਵੇਂ ਜਿਹੇ ਬੋਲ, ਇਕਦਮ ਭੜਕ ਉੱਠੇ ਸਨ।

ਆਪਣੇ ਪੇਸ਼ੇ ਦੇ ਸਾਰੇ ਬੰਦਿਆਂ ਨੂੰ ਉਸਨੇ ਇਕ ਭਰਵੀਂ ਜਿਹੀ ਗਾਲ੍ਹ ਕੱਢੀ—"ਭੈਣ....ਹਰਾਮਜ਼ਾਦੇ ਕੁੱਤੇ, ਗੁਪਤਿਆਂ-ਭਾਪਿਆਂ ਦੀ ਰੀਸ ਕਰਦੇ ਆ, ਸਾਲੇ ਰਾਣੀ ਖਾਂ ਦੇ।...ਪਤਾ ਲੱਗ ਜੇਏ ਸਈ ਮੈਨੂੰ ਕਿੰਨੇ ਮਾਂ...ਆ, ਮੈਂ ਤਾਂ ਬਣਾ ਦਊਂ ਉਂਨੂੰ ਬੰਦੇ ਦਾ ਪੁੱਤ। ਪਹਿਲਾਂ ਸੌ ਮਾਰੂੰ ਜੁੱਤੀਆਂ ਗਿਣ ਕੇ, ਫੇਅਰ ਪੁੱਛੂੰ ਉਹਨੂੰ ਮਾਮੇ ਨੂੰ—ਏਨੂੰ ਮਾਂ ਨੂੰ ਤਾਂ ਰੰਨ ਬਣਾਈ ਐਧਰ ਬੈਠਾਂ, ਪਿੱਛੇ ਤੇਰੀ ਧੀ ਭੈਣ ਕਿਧਰੇ ਹੋਰਦੇ ਤੁਰੀ ਫਿਰੇ ਫੇਅਰ ..!"

ਪਾਲਾ ਸਿੰਘ ਦੀ ਰੁੱਖੀ-ਗੁਸੈਲੀ ਬੋਲ-ਬਾਣੀ ਮੈਨੂੰ ਅੰਦਰੋਂ- ਬਾਹਰੋਂ ਹੋਰ ਵੀ ਵਿੰਨ ਗਈ। ਮੈਨੂੰ ਲੱਗਾ, ਉਸਨੇ ਚਾਹ ਵਾਲੇ ਖੋਖੇ ਤੇ ਬੈਠੀ ਇਸਤਰੀ ਦੀ ਬਾਲੜੀ ਜਿਹੀ ਧੀ ਨੂੰ ਅਗਵਾ ਕਰਨ ਵਾਲੇ ਨੂੰ ਕੱਢੀ ਗਾਲ੍ਹ, ਅਸਲ 'ਚ ਮੈਨੂੰ ਕੱਢੀ ਆ। ਪ੍ਰੋਫੈਸਰ ਸ਼ਰਮਾ ਨੂੰ, ਵਾਈਸ ਪ੍ਰਿੰਸੀਪਲ ਸ਼ਰਮਾ ਨੂੰ। ਮੈਨੂੰ ਜਿਵੇਂ ਉਸਨੇ ਮੇਰੇ ਆਪੇ ਸਾਹਮਣੇ ਨੰਗਾ ਕਰਕੇ ਕਿਹਾ ਹੈ—'ਆਪ ਵੀ ਤਾਂ ਤੂੰ ਗੁਪਤਾ ਮੈਡਮ ਨੂੰ ਲਈ ਈ ਫਿਰਦਾ ਰਿਹਾਂ ਐਧਰ ਓਧਰ, ਫੇਅਰ ਕੀ ਹੋਇਆ ਜੇ ਤੇਰੀ ਪਿੰਕੀ...!'

ਸ਼ਰਮ ਤੇ ਪਛਤਾਵੇ ਦੀ ਘੋਰ-ਸੰਘਣੀ ਪਰਤ ਹੇਠ ਦੱਬ ਹੋਏ ਦੀ ਮੇਰੀ ਖਾਲੀ ਖਾਲੀ ਨਿਗਾਹ ਅਚਾਨਕ ਹੀ ਪਾਲਾ ਸਿੰਘ ਤੇ ਟਿਕੀ ਰਹੀ। ਉਸਦੀ ਟਰੱਕ-ਚਾਲਕ ਕਿਰਿਆ ਤੇ। ....ਚਾਹ ਵਾਲੀ ਇਸਤਰੀ ਸਮੇਤ ਪਤਾ ਨਈਂ ਕਿਸ ਕਿਸ ਦੇ ਗਮ-ਦਰਦ ਨਾਲ ਠੰਡੇ ਹੋਏ ਉਸਦੇ ਸਟੇਰਿੰਗ ਸਾਂਭਦੇ ਹੱਥ ਲਗਾਤਾਰ ਕੰਬਣ ਲੱਗ ਪਏ ਸਨ। ਉਸਦੀ ਨਵੀਂ ਨਿਕੋਰ ਗੱਡੀ ਕਦੀ ਸੜਕ ਦੇ ਵਿਚਕਾਰ ਹੋ ਕੇ ਦੌੜਨ ਲੱਗਦੀ, ਕਦੀ ਸੱਜੇ-ਖੱਬੇ।

ਨਾ ਉਸਨੂੰ ਸਾਹਮਣਿਉ ਆਉਂਦੀਆਂ ਮੋਟਰਾਂ-ਗੱਡੀਆਂ ਨੂੰ ਲਾਂਘਾ ਦੇਣ ਦੀ ਸੁਰਤ ਸੀ, ਨਾ ਪਾਸ ਮੰਗਦੇ ਹਾਰਨਾਂ ਨੂੰ ਰਾਹ ਦੇਣ ਦੀ।

ਉਸਦੀ ਡਾਵਾਂਡੋਲ ਹਾਲਤ ਦੇਖ ਕੇ ਮੈਂ ਬਹੁਤ ਹੀ ਡਰ ਗਿਆ। ਮੈਨੂੰ ਆਪਣੀ ਉਲਝੀ-ਬਿਖਰੀ ਸਥਿਤੀ ਕਰੀਬ ਕਰੀਬ ਭੁੱਲ ਹੀ ਗਈ। ਉਸਦੇ ਹਰ-ਘੜੀ ਬਦਲਦੇ ਤੇਵਰ ਮੈਨੂੰ ਹੋਰ ਵੀ ਚਿੰਤਾਵਾਨ ਕਰਦੇ ਗਏ। ਮੈਨੂੰ ਫਿਕਰ ਸੀ, ਉਸਦਾ ਬੇ-ਤਹਾਸ਼ਾ ਦੌੜਦਾ ਟਰੱਕ, ਉਸਦੇ ਕਾਬੂ ਤੋਂ ਬਾਹਰ ਹੋ ਸਕਦਾ ਸੀ। ਕਿਸੇ ਵੀ ਮੋਟਰ-ਗੱਡੀ ਨਾਲ ਟੱਕਰਾ ਸਕਦਾ ਸੀ। ਜਾਂ, ਸੜਕ ਕੰਢੇ ਸ਼ਾਂਤ ਚਿਤ ਖੜੇ ਮੋਟੇ-ਭਾਰੇ ਸਫੈਦਿਆਂ ਵਿਚੋਂ ਕਿਸ ਵਿਚ ਵੱਜ ਕੇ ਫੀਤਾ-ਫੀਤਾ ਹੋ ਸਕਦਾ ਸੀ।

ਪਰ, ਇੰਝ ਹੋਇਆ ਨਹੀਂ। ਘੜੀ-ਦੋ ਘੜੀਆਂ ਪਿਛੋਂ ਉਹ ਬਿਲਕੁਲ ਸਹਿਜ ਸੀ। ਸਹਿਜ ਤੋਂ ਵੀ [illegible] ਉਹ ਕਾਫੀ ਸਾਰੇ ਰੰਗ 'ਚ ਰੰਗਿਆ ਗਿਆ ਸੀ। ਉਸਦੇ ਦੋਨੋਂ ਹੱਥਾਂ ਦੀਆਂ ਵੱਡੀਆਂ ਉਂਗਲਾਂ ਸਟੇਰਿੰਗ



ਵੀਲ੍ਹ ਤੇ ਜਿਵੇਂ ਨੱਚ ਰਹੀਆਂ ਸਨ। ਉਸਦੇ ਸੁਰਖ ਭਾਰੇ ਬੁੱਲ੍ਹ ਕਿਸੇ ਮਨ ਭਾਉਂਦੇ ਗੀਤ ਦੀ ਸੁਰ ਅਲਾਪ ਰਹੇ ਸਨ।

ਬੇ-ਤਮਾਸ਼ਾ, ਬੇ-ਹਿਸਾਬੀ ਦੌੜਦੀ ਗੱਡੀ ਮੁੜ ਠੀਕ-ਪਾਸੇ, ਠੀਕ ਲੀਹੇ ਚੱਲਣ ਲੱਗ ਪਈ ਸੀ, ਪੂਰੀ ਦੀ ਪੂਰੀ ਠਰੰਮੇ ਨਾਲ।

ਉਸਦੇ ਚਿਹਰੇ ਦਾ ਰੰਗ-ਤਰੰਗ ਇਕਦਮ ਬਦਲ ਗਿਆ ਸੀ। ਮੈਨੂੰ ਵੀ ਉਸਨੇ ਕਿਧਰੇ ਧੁਰ ਪਾਤਾਲ ਅੰਦਰ ਡਿੱਗੇ ਨੂੰ ਕਿੰਨਾ ਸਾਰਾ ਬਾਹਰ ਕੱਢ ਲਿਆਂਦਾ। ਪਰ ਮੈਂ ਆਪਣਾ ਰੰਗ-ਢੰਗ ਉਸ ਵਾਂਗ ਬਦਲ ਨਾ ਸਕਿਆ।

ਮੇਰਾ ਗਮ, ਮੇਰੀ ਪੀੜ ਕਿਸੇ ਵੀ ਤਰ੍ਹਾਂ ਘਟਣ ਦਾ ਨਾਂ ਨਹੀਂ ਸੀ ਲੈਂਦੀ। ਤਾਂ ਵੀ, ਪਾਲਾ ਸਿੰਘ ਦੇ ਅੰਗਾਂ-ਪੈਰਾਂ ਤੇ ਛਾਈ ਮਸਤੀ ਨੂੰ ਰਤਾ ਕੁ ਹੁੰਗਾਰਾ ਭਰਨ ਲਈ ਮੈਂ ਉਸਨੂੰ ਉਸਦੇ ਟਰੱਕ-ਮਾਲਕਾਂ ਦਾ ਨਾਂ-ਗਰਾਂ ਸਹਿਵਨ ਪੁੱਛ ਲਿਆ।

ਇਕਦਮ ਤਾਂ ਉਸਨੇ ਕੋਈ ਉੱਤਰ ਦਿੱਤਾ ਨਾ, ਪਰ ਥੋੜਾ ਕੁ ਚਿਰ ਅਟਕ ਕੇ ਮਿਲੇ ਉਸਦੇ ਦੋ-ਹਰਫੀ ਉੱਤਰ ਨੇ ਮੈਨੂੰ ਜਿਵੇਂ ਪਟਾਕ ਕਰਕੇ ਕਾਲੀ-ਪੱਕੀ ਸੜਕ ਤੇ ਸੁੱਟ ਦਿੱਤਾ ਹੋਵੇ।

ਪਾਲਾ ਸਿੰਘ ਡਰਾਈਵਰ ਦੀ ਟਰੱਕ-ਕੰਪਨੀ ਦੇ ਗੁਪਤਾ-ਮਾਲਕ ਲੈਕਚਰਾਰ ਮਿਸ ਗੁਪਤਾ ਦੇ ਭਰਾ ਭਾਈ ਸਨ।

ਮੇਰਾ ਸਾਰਾ ਵਜੂਦ ਜਿਵੇਂ ਕਿਸੇ ਤੇਜ਼-ਤਰਾਰ ਛੁਰੀ ਨਾਲ ਪੱਛ ਹੋ ਗਿਆ ਹੋਵੇ। ਪਾਲਾ ਸਿੰਘ ਦੇ ਲਾਗੇ ਬੈਠਣਾ, ਮੈਨੂੰ ਨੰਗੀ ਤਲਵਾਰ ਦੀ ਧਾਰ ਤੇ ਬੈਠਣ ਵਾਂਗ ਅਸਹਿ ਹੁੰਦਾ ਗਿਆ। ਫਤੇਪੁਰ ਨੂੰ ਜਾਂਦੀ ਲਿੰਕ-ਸੜਕ ਅਜੇ ਅੱਧਾ ਕੁ ਕਿਲੋਮੀਟਰ ਹੋਰ ਅਗਾਂਹ ਸੀ ਤਾਂ ਵੀ ਮੈਂ ਉਸਨੂੰ ਪਿੰਡ ਨੂੰ ਜਾਂਦੇ ਰਾਹ ਤੇ ਪੁੱਜ ਜਾਣ ਦੀ ਝੂਠੀ-ਮੂਠੀ ਸੂਚਨਾ ਦੇ ਦਿੱਤੀ।

ਸਹਿਜ-ਚਾਲੇ ਚਲਦੀ ਗੱਡੀ, ਉਸਨੇ ਕੱਚੀ ਵੱਨੀ ਤੇ ਲਾਹ ਕੇ ਰੋਕ ਲਈ। ਆਪਣੇ ਪਾਸੇ ਦੀ ਤਾਕੀ ਖੋਲ੍ਹ ਕੇ ਉਹ ਛਾਲ ਮਾਰ ਕੇ ਹੇਠਾਂ ਉੱਤਰ ਆਇਆ।

ਤਿੰਨ ਸੌ ਫੁੱਟ ਲੋਡ ਬੱਜਰੀ ਤੇ ਰੱਖੀ ਪੌੜੀ ਉਸਨੇ ਮੁੰਡੂ ਨੂੰ 'ਵਾਜ਼ ਦੇ ਕੇ ਹੇਠਾਂ ਉਤਰਵਾ ਲਈ। ਤੇ ਆਪ ਟਰੱਕ ਦੀ ਪਿਛਵਾੜੀ ਵੱਨੀਉਂ ਟਹਿਲਦਾ ਮੇਰੇ ਹੇਠਾਂ ਉਤਰਨ ਤੱਕ ਮੇਰੇ ਲਾਗੇ ਆ ਖੜੋਇਆ।

ਏਥੋਂ ਤੱਕ ਮੈਨੂੰ ਉਸਦਾ ਇਉਂ ਦਾ ਵਰਤਾਰਾ ਬਿਲਕੁਲ ਓਪਰਾ ਨਾ ਲੱਗਾ, ਪਰ ਦੋਨੋਂ ਹੱਥ ਜੋੜ ਕੇ, ਸਿਰ ਨਿਵਾ ਕੇ ਮੇਰੇ ਗੋਡੀ ਹੱਥ ਲਾਉਣ ਦੀ ਉਸਦੀ ਅਦਬੀ ਕਿਰਿਆ ਨੇ ਮੈਨੂੰ ਪਾਣੀਓਂ-ਪਾਣੀ ਕਰ ਦਿੱਤਾ।

ਉਸਦੀ ਹਲੀਮੀ ਨਾਲੋਂ ਵੱਧ ਉਸਦੀ ਆਵਾਜ਼ ਅੰਦਰ ਸ਼ਰਾਫਤ ਸੀ—"ਗੁਸਤਾਖੀ ਮੁਆਫ ਪ੍ਰੋਫੈਸਰ ਸਾਬ੍ਹ, ਰਮਦਾਸੀਏ ਚਮਾਰ ਰੋਲ ਨੰਬਰ ਬਾਰਾਂ ਲਾਗੇ ਬੈਠਕੇ ਤੁਹਾਨੂੰ ਭਿੱਟ ਤਾਂ ਜ਼ਰੂਰੀ ਚੜ੍ਹੀ ਹਓ, ਪਰ ਇਹ ਬਿਨਾਂ...!"

ਏਨੇ ਕੁ ਸ਼ਬਦ ਉਸਨੇ ਬੜੀ ਚੜ੍ਹਤ ਨਾਲ ਬੋਲੇ। ਉਸ ਅੰਦਰੋਂ ਨਿਕਲਣ ਵਾਲੇ ਅਗਲੇਰੇ ਬੋਲ, ਉਸਦੇ ਗਲੇ ਅੰਦਰ ਜਾਂ ਉਸਦੀ ਛਾਤੀ ਅੰਦਰ ਕਿਧਰੇ ਡੱਕੇ ਗਏ। ਨਾ ਉਸਤੋਂ, ਉਹਨਾਂ 'ਚੋਂ ਇਕ ਵੀ ਸ਼ਬਦ ਆਪਣੇ ਬੁੱਲਾਂ ਤੱਕ ਲਿਆਂਦਾ ਗਿਆ, ਨਾ ਮੇਰੇ ਅੰਦਰ ਉਸਦਾ ਇਕ ਵੀ ਬੋਲ ਸੁਣਨ-ਸਮਝਣ ਦੀ ਹਿੰਮਤ ਬਾਕੀ ਬਚੀ ਸੀ।

ਮੇਰੇ ਅੰਗ ਪੈਰ, ਰੂਹ ਦਿਲ ਜਿਵੇਂ ਸੁੰਨ ਹੋ ਗਏ ਸਨ, ਇਕਦਮ ਮੁਰਦਾ।

ਮੇਰੇ ਪੈਰਾਂ ਲਾਗੇ ਅਡਲ ਪਈ ਪੌੜੀ, ਮੇਰੀ ਸ਼ਰਮਾ ਪ੍ਰੋਫੈਸਰੀ ਦੇ ਬੌਣੇ ਕੱਦ ਨੂੰ ਪਾਲਾ ਸਿੰਘ ਦੇ ਕੱਦ-ਬੁੱਤ ਦੀ ਉਚਾਈ ਤੱਕ ਉੱਚਾ ਚਾੜ੍ਹਨ ਲਈ ਅਜੇ ਵੀ ਤਾਂਘ ਰਹੀ ਸੀ। ❖

*(ਨੇੜੇ ਐਸ.ਡੀ.ਐਮ. ਦਫਤਰ, ਦਸੂਹਾ)*

**ਲੇਖ**

# ਦਲਿਤ ਮੁਕਤੀ ਲਈ ਸਾਂਸਕ੍ਰਿਤਕ ਕਾਰਜ/ਡਾ. ਚਮਨ ਲਾਲ

ਇਕ ਪ੍ਰਵਿਰਤੀ ਦੇ ਰੂਪ ਵਿਚ ਦਲਿਤ ਸਾਹਿਤ ਨੂੰ ਸੱਤਵੇਂ ਦਹਾਕੇ ਦੇ ਨੇੜ ਤੇੜ ਮਾਨਤਾ ਪ੍ਰਾਪਤ ਹੋਈ, ਜਦੋਂ ਮਹਾਰਾਸ਼ਟਰ ਵਿਚ ਜੋਤੀ ਬਾ ਫੂਲੇ ਤੇ ਡਾ. ਅੰਬੇਦਕਰ ਦੇ ਪ੍ਰਭਾਵ ਹੇਠ ਉੱਠੇ ਵਿਆਪਕ ਸਮਾਜਿਕ ਅੰਦੋਲਨ ਨਾਲ ਦਲਿਤ ਸਾਹਿਤ ਵੀ ਇਕ ਸਾਂਸਕ੍ਰਿਤਕ ਅੰਦੋਲਨ ਦੇ ਰੂਪ ਵਿਚ ਉਭਰਿਆ। ਪ੍ਰੰਤੂ ਮਰਾਠੀ ਦਲਿਤ ਸਾਹਿਤ ਕੇਵਲ ਆਧੁਨਿਕ ਸਮਾਜਿਕ ਅੰਦੋਲਨ ਦੇ ਕਾਰਨ ਹੀ ਪੈਦਾ ਨਹੀਂ ਹੋਇਆ, ਸਗੋਂ ਮੱਧਕਾਲ ਦੇ ਮਰਾਠੀ ਸੰਤ ਸਾਹਿਤ ਤੇ ਇਸ ਦੇ ਨਾਲ ਹੀ ਪੂਰੇ ਭਾਰਤ ਵਿਚ ਉੱਠੇ ਭਗਤੀ ਅੰਦੋਲਨ ਨੂੰ ਵੀ ਦਲਿਤ ਸਾਹਿਤ ਨੇ ਪ੍ਰੰਪਰਾ ਦੇ ਅਰਥ ਦੇ ਰੂਪ ਵਿਚ ਦੇਖਿਆ ਹੈ। ਮਰਾਠੀ ਵਿਚ ਨਾਮਦੇਵ, ਚੋਖਾ ਮੇਲਾ ਗਿਆਨ-ਏਸ਼ਵਰ, ਸਮਰੱਥ ਰਾਮਦਾਸ, ਤੁੱਕਾ ਰਾਮ, ਏਕਨਾਥ ਆਦਿ ਸੰਤ ਕਵੀ, ਆਧੁਨਿਕ ਮਰਾਠੀ ਦਲਿਤ ਸਾਹਿਤਕਾਰਾਂ ਦੇ ਲਈ ਸਤਿਕਾਰਯੋਗ ਹਨ। ਏਸੇ ਤਰ੍ਹਾਂ ਉੱਤਰੀ ਭਾਰਤ ਵਿਚ ਸੰਤ ਕਬੀਰ, ਰਵੀਦਾਸ, ਮੀਰਾਂਬਾਈ, ਦਯਾਬਾਈ, ਸਹਿਜੋ ਬਾਈ ਤੇ ਹੋਰ ਅਨੇਕ ਭਗਤ ਕਵੀ ਸੈਨ, ਪੀਪਾ ਆਦਿ ਹਿੰਦੀ ਦੇ ਦਲਿਤ ਸਾਹਿਤ ਦੇ ਲਈ ਪ੍ਰੇਰਨਾ ਸਰੋਤ ਬਣੇ ਹਨ। ਥੋੜ੍ਹਾ ਜਿਹਾ ਇਸ ਤੋਂ ਵੀ ਪਿੱਛੇ ਜਾਈਏ ਤਾਂ ਹਿੰਦੀ ਸਾਹਿਤ ਦੇ ਆਦਿ ਕਾਲ ਵਿਚ ਹੀ ਅਨੇਕ ਨਾਥ ਤੇ ਸਿੱਧ ਕਵੀ ਦਲਿਤ ਭਾਵਨਾਵਾਂ ਦੀ ਅਭਿਵਿਅਕਤੀ ਕਰਦੇ ਪ੍ਰਤੀਤ ਹੁੰਦੇ ਹਨ। ਇਹਨਾਂ ਸਾਰਿਆਂ ਨਾਲੋਂ ਵੀ ਮਹੱਤਵਪੂਰਨ ਨਾਂ ਹੈ, ਜਿਸ ਨੇ ਪੂਰੇ ਭਾਰਤ ਦੀ ਦਲਿਤ ਸਾਹਿਤਧਾਰਾ ਨੂੰ ਪ੍ਰਭਾਵਿਤ ਕੀਤਾ ਹੈ, ਗੋਤਮ ਬੁੱਧ ਦਾ। ਸੋ ਪ੍ਰੰਪਰਾ ਦੇ ਰੂਪ ਵਿਚ ਦਲਿਤ ਸਾਹਿਤ ਆਪਣੀਆਂ ਜੜ੍ਹਾਂ ਗੋਤਮ ਬੁੱਧ ਦੇ ਚਿੰਤਨ ਵਿਚ ਖੋਜਦਾ ਹੈ। ਗੋਤਮ ਬੁੱਧ ਦੇ ਵਿਚਾਰਾਂ ਤੋਂ ਪੈਦਾ ਹੋ ਕੇ ਤੇ ਆਧੁਨਿਕ ਗਿਆਨ ਨਾਲ ਭਰਪੂਰ ਹੋਕੇ ਜਿਨ੍ਹਾਂ ਇਤਿਹਾਸ ਪੁਰਸ਼ਾਂ ਨੇ ਦਲਿਤ ਸਾਹਿਤ ਨੂੰ ਅਮੀਰ ਬਣਾਇਆ, ਉਹਨਾਂ ਵਿਚ ਦੱਖਣ ਵਿਚ ਡਾ. ਰਾਮਾ ਸਵਾਮੀ ਨਾਇਕਰ (ਪੇਰਿਆਰ) ਪੱਛਮ ਵਿਚ ਜੋਤੀ ਬਾਫੂਲੇ, ਸ਼ਾਹੂ ਜੀ ਮਹਾਰਾਜ ਤੇ ਸਭ ਤੋਂ ਮਹੱਤਵਪੂਰਨ ਨਾਂ ਹੈ—ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦਾ।

ਮਿਥਿਹਾਸ-ਇਤਿਹਾਸ ਦੇ ਸੰਯੋਗ ਨਾਲ ਜੋ ਚਰਿੱਤਰ ਦਲਿਤ ਅੰਦੋਲਨ ਤੇ ਦਲਿਤ ਸਾਹਿਤਕ ਅੰਦੋਲਨ ਦੇ ਪ੍ਰਤੀਕ ਚਿੰਨ੍ਹ ਤੇ ਦਲਿਤ ਸਾਹਿਤ ਦੇ ਲਈ ਸਿਰਜਣਾ ਦਾ ਸੋਮਾ ਬਣੇ ਹਨ, ਉਹ ਹਨ ਸਬਰੀ, ਸੰਬੂਕ, ਇਕਲੌਂਵਿਆ, ਝਲਕਾਰੀ ਬਾਈ ਆਦਿ। ਭਾਰਤ ਦੀਆਂ ਅਨੇਕਾਂ ਭਾਸ਼ਾਵਾਂ ਵਿਚ ਇਹਨਾਂ ਚਾਰ ਚਰਿੱਤਰਾਂ ਨੂੰ ਸਾਹਿਤ ਸਿਰਜਣਾ ਦੇ ਕੇਂਦਰ ਵਿਚ ਰਹੇ- ਡਾ. ਅੰਬੇਦਕਰ। ਸ਼ਾਇਦ ਹੀ ਕੋਈ ਦਲਿਤ ਰਚਨਾਕਾਰ ਅਜਿਹਾ ਹੋਵੇ, ਜਿਸ ਨੇ ਕਿਸੇ ਨਾਂ ਕਿਸੇ ਰੂਪ ਵਿਚ ਡਾ. ਅੰਬੇਦਕਰ ਨੂੰ ਆਪਣੀ ਰਚਨਾ ਵਿਚ ਚਿਤਰਿਆ ਨਾ ਹੋਵੇ।

ਦਲਿਤ ਅਤੇ ਕਾਲੇ- ਸਾਹਿਤ (ਅਫਰੀਕਨ) ਦੀ ਸਿਰਜਣਾ ਦਾ ਸਾਂਝਾ ਆਧਾਰ ਹੈ—ਦੋਵੇਂ ਹੀ ਸਮਾਜਿਕ ਵਰਗਾਂ ਦਾ ਆਪੋ ਆਪਣੇ ਸਮਾਜ ਵਿਚ ਵਰਗ ਜਾਂ ਰੰਗ ਦੇ ਅਧਾਰ ਉੱਪਰ ਸਮਾਜਿਕ ਉਤਪੀੜਨ। ਸਦੀਆਂ ਤੋਂ ਦੁਨੀਆਂ ਦੇ ਗੋਰੇ ਬਸਤੀਵਾਦੀ ਹਾਕਮਾਂ ਨੇ ਕਾਲੇ ਅਫਰੀਕਨ ਜਾਂ ਨੀਗਰੋ ਸਮੂਹਾਂ ਨੂੰ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜ ਕੇ ਉਹਨਾਂ ਉੱਪਰ ਅਜਿਹੇ ਭਿਅੰਕਰ ਅਤਿਆਚਾਰ ਕੀਤੇ। ਜਿਨ੍ਹਾਂ ਨੂੰ ਪੜ੍ਹ- ਸੁਣਕੇ ਜਾਂ ਸਕਰੀਨ ਉੱਪਰ ਦੇਖਕੇ ਰੌਂਗਟੇ ਖੜੇ ਹੋ ਜਾਂਦੇ ਹਨ। ਥੋੜ੍ਹੇ ਬਹੁਤੇ ਫਰਕ ਨਾਲ ਭਾਰਤ ਵਿਚ ਵੀ ਇਹੋ ਹੀ ਸਥਿਤੀ ਰਹੀ ਹੈ। ਵਿਚਿੱਤਰ ਗੱਲ ਇਹ ਹੈ ਕਿ ਜਿਥੇ ਅਫਰੀਕਾ ਵਿਚ ਬਸਤੀਵਾਦੀ ਪ੍ਰਕਿਰਿਆ ਨੇ ਕਾਲੇ ਲੋਕਾਂ ਉੱਪਰ ਅਕਹਿ ਅਤਿਆਚਾਰ ਕੀਤੇ, ਉਥੇ ਭਾਰਤ ਵਿਚ ਬਸਤੀਵਾਦੀ



ਪ੍ਰਕਿਰਿਆ, ਦਲਿਤ ਸਮੂਹਾਂ ਭਾਵ ਸ਼ੂਦਰਾਂ ਤੇ ਅਛੂਤਾਂ ਦੇ ਲਈ ਕੁਝ ਰਾਹਤ ਲੈ ਕੇ ਆਈ। ਇਸ ਬਾਹਰੀ ਤੱਥ ਦੇ ਲਈ ਕੁਝ ਕਥਿਤ "ਦੇਸ਼ ਭਗਤ" ਜੋ ਉੱਚ ਜਾਤੀ ਦੇ ਹੰਕਾਰ ਗ੍ਰੱਸਤ ਤੇ ਦਲਿਤਾਂ ਦੇ ਸਦੀਆਂ ਤੋਂ ਜਾਤੀਗਤ ਉਤਪੀੜਨ ਦੇ ਜ਼ਿੰਮੇਦਾਰ ਹਨ, ਦਲਿਤ ਰਾਸ਼ਟਰੀ ਨੇਤਾਵਾਂ ਉੱਪਰ ਅੰਗਰੇਜ਼ਾਂ ਦੇ ਪਿੱਠੂ ਹੋਣ ਦੇ ਬੇਤੁਕੇ ਤੇ ਹਾਸੋਹੀਣੇ ਦੋਸ਼ ਲਗਾਉਂਦੇ ਹਨ।

ਦਲਿਤ ਸਾਹਿਤ ਦਾ ਅਰੰਭ ਮਹਾਰਾਸ਼ਟਰ ਤੇ ਮਰਾਠੀ ਭਾਸ਼ਾ ਵਿਚ ਹੋਇਆ, ਇਥੇ ਇਸ ਸਾਹਿਤ ਦੇ ਆਰੰਭ ਤੋਂ ਪਹਿਲਾਂ ਇਕ ਸ਼ਕਤੀਸ਼ਾਲੀ ਸਮਾਜਿਕ ਅੰਦੋਲਨ ਉਭਰਿਆ। ਆਧੁਨਿਕ ਕਾਲ ਵਿਚ ਸਭ ਤੋਂ ਪਹਿਲਾਂ ਜੋਤੀਰਾਓ ਫੂਲੇ ਤੇ ਉਸ ਦੀ ਜੀਵਨ ਸਾਥਣ ਸਵਿੱਤਰੀ ਬਾਈ ਫੂਲੇ ਨੇ ਅਨੇਕ ਅਤਿਆਚਾਰ ਸਹਿ ਕੇ ਵੀ ਦਲਿਤਾਂ ਨੂੰ ਸਿਖਿਅਤ ਕਰਨ ਦਾ ਜ਼ੋਰਦਾਰ ਅੰਦੋਲਨ ਚਲਾਇਆ। ਇਸ ਵਿਚ ਦਲਿਤ ਇਸਤਰੀਆਂ ਦੀ ਸਿੱਖਿਆ ਵੀ ਸ਼ਾਮਲ ਸੀ। ਜੋਤੀ ਬਾ ਫੂਲੇ ਦੁਆਰਾ ਤਿਆਰ ਕੀਤੀ ਗਈ ਧਰਤੀ ਉੱਪਰ ਡਾ. ਅੰਬੇਦਕਰ ਨੇ ਦਲਿਤ ਜਾਂਗਰਤੀ ਦੇ ਬੀਜ ਬੀਜੇ ਜੋ ਉਹਨਾਂ ਦੇ ਜੀਵਨ ਸਮੇਂ ਹੀ ਵੱਧ ਫੁੱਲ ਕੇ ਇਕ ਸ਼ਕਤੀਸ਼ਾਲੀ ਦਲਿਤ ਸਮਾਜਿਕ-ਰਾਜਨੀਤਕ-ਸਾਂਸਕ੍ਰਿਤਕ ਅੰਦੋਲਨ ਦੇ ਰੂਪ ਵਿਚ ਉਸਰਿਆ। ਦਲਿਤਾਂ ਦੀ ਸਮਾਜਿਕ-ਸਾਂਸਕ੍ਰਿਤਕ ਮੁਕਤੀ ਦੇ ਇਤਿਹਾਸ ਵਿਚ 25 ਦਸੰਬਰ 1927 ਦਾ ਵਿਸ਼ੇਸ਼ ਮਹੱਤਵ ਹੈ। ਇਸ ਦਿਨ ਡਾ. ਅੰਬੇਦਕਰ ਨੇ ਪਹਾੜ ਨਾਮਕ ਸਥਾਨ ਉੱਪਰ ਧਵਾਦਾਰ ਝੀਲ ਤੋਂ ਪਾਣੀ ਲੈਣ ਦਾ ਅੰਦੋਲਨ ਕੀਤਾ। ਇਸ ਝੀਲ ਤੋਂ ਕੇਵਲ ਉੱਚੀ ਜਾਤੀ ਦੇ ਹਿੰਦੂਆਂ ਨੂੰ ਹੀ ਪਾਣੀ ਲੈਣ ਦਾ ਅਧਿਕਾਰ ਸੀ, ਜਿਵੇਂ ਅੱਜ ਵੀ ਅਨੇਕ ਮੰਦਰਾਂ ਵਿਚ ਦਲਿਤਾਂ ਦੇ ਦਾਖਲ ਹੋਣ ਦਾ ਅਧਿਕਾਰ ਨਹੀਂ ਹੈ।

ਇਸ ਦਿਨ ਤੋਂ ਦਲਿਤ ਸਮੁਦਾਏ ਵਿਚ ਜੋ ਜਾਗਰਤੀ ਦੀ ਲਹਿਰ ਸ਼ੁਰੂ ਹੋਈ, ਉਸਨੇ ਫਿਰ ਪਿੱਛੇ ਮੁੜਕੇ ਨਹੀਂ ਦੇਖਿਆ। ਡਾ. ਅੰਬੇਦਕਰ ਪੂਰੇ ਭਾਰਤ ਦੇ ਦਲਿਤ ਭਾਈਚਾਰੇ ਦੇ ਇਕ ਸਰਬ ਪ੍ਰਵਾਣਤ ਨੇਤਾ ਬਣੇ ਅਤੇ ਦਲਿਤ ਬੁੱਧੀਜੀਵੀ ਵਰਗ ਤੇ ਵੀ ਡਾ. ਅੰਬੇਦਕਰ ਦਾ ਡੂੰਘਾ ਪ੍ਰਭਾਵ ਪਿਆ। ਆਪ ਡਾ. ਅੰਬੇਦਕਰ ਦੀ ਦਿੱਖ ਇਕ ਸਿਰਕੱਢ ਬੁੱਧੀਜੀਵੀ ਦੀ ਸੀ, ਜਿਨ੍ਹਾਂ ਨੇ ਬਦੇਸ਼ ਤੋਂ ਕਾਨੂੰਨ ਵਿਚ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ ਸੀ। ਦੇਸ਼ ਦੇ ਸਵਾਧੀਨਤਾ ਅੰਦੋਲਨ ਵਿਚ ਡਾ. ਅੰਬੇਦਕਰ ਦੀ ਵੀ ਮਹੱਤਵ ਪੂਰਨ ਭੂਮਿਕਾ ਸੀ, ਪਰ ਸਵਾਧੀਨਤਾ ਅੰਦੋਲਨ ਦੇ ਆਗੂਆਂ ਵਿਸ਼ੇਸ਼ ਕਰਕੇ ਮਹਾਤਮਾ ਗਾਂਧੀ ਦੇ ਨਾਲ ਦਲਿਤ ਸਵਾਲ ਤੇ ਉਹਨਾਂ ਦੇ ਗਹਿਰੇ ਮੱਤਭੇਦ ਵੀ ਰਹੇ। 1927 ਵਿਚ ਚਵਾਉਰ ਝੀਲ ਤੇ ਜਿਹੜਾ ਭਾਸ਼ਨ ਡਾ. ਅੰਬੇਦਕਰ ਨੇ ਦਿੱਤਾ, ਉਹ ਫਰਾਂਸ ਦੀ 1789 ਦੀ ਕ੍ਰਾਂਤੀ ਤੋਂ ਪ੍ਰਭਾਵਿਤ ਸੀ ਅਤੇ ਉਸ ਵਿਚ ਛੂਤਛਾਤ ਖਤਮ ਕਰਨ ਦੇ ਵੱਲ ਅੰਦੋਲਨ ਦੇ ਸ਼ਾਂਤੀ ਪੂਰਨ ਜਾਂ ਹਿੰਸਕ ਹੋਣ-ਦੋਵਾਂ ਦੀ ਹੀ ਸੰਭਾਵਨਾ ਨੂੰ ਅੱਗੇ ਰੱਖਿਆ ਗਿਆ ਸੀ।

1927 ਦੇ ਨੇੜ ਤੇੜ ਹੀ ਦਲਿਤ ਭਾਵਨਾਵਾਂ ਦੀ ਅਭਿਵਿਅਕਤੀ ਪੰਡਤ ਕੌੜੀ ਰਾਮ, ਕਿਸ਼ਨ ਕਾਗੋਜੀ ਬਾਂਸੋੜ ਆਦਿ ਦੇ ਗੀਤਾਂ ਵਿਚ ਵੀ ਹੋਣ ਲੱਗੀ ਸੀ। 1931 ਤੱਕ ਪੁਜਦਿਆਂ ਡਾ. ਅੰਬੇਦਕਰ ਦਾ ਹਿੰਦੂ ਧਰਮ ਤੋਂ ਪੂਰੀ ਤਰ੍ਹਾਂ ਮੋਹ-ਭੰਗ ਹੋ ਗਿਆ ਸੀ, ਅਤੇ ਉਹਨਾਂ ਨੇ ਸਿੱਖ ਧਰਮ ਅਤੇ ਬੁੱਧ-ਧਰਮ ਦੇ ਡੂੰਘੇ ਅਧਿਅਨ ਤੋਂ ਪਿੱਛੋਂ, ਓੜਕ ਬੁੱਧ ਧਰਮ ਗ੍ਰਹਿਣ ਕਰਨਾ ਪ੍ਰਵਾਨ ਕਰ ਲਿਆ ਅਤੇ ਆਪਣੀ ਮਿਰਤੂ ਤੋਂ ਪੌਣੇ ਦੋ ਮਹੀਨੇ ਪਹਿਲਾਂ ਉਹ ਆਪਣੇ ਹਜ਼ਾਰਾਂ ਸਮਰਥਕਾਂ ਨਾਲ 14 ਅਕਤੂਬਰ 1956 ਨੂੰ ਨਾਗਪੁਰ ਵਿਚ ਬੁੱਧ ਧਰਮ ਵਿਚ ਸ਼ਾਮਲ ਹੋਏ।

ਗੋਤਮ ਬੁੱਧ ਦੇ ਹੋਰਨਾਂ ਸੰਦੇਸ਼ਾਂ ਦੇ ਨਾਲ ਨਾਲ 'ਆਪਣਾ ਦੀਪਕ ਆਪ ਬਣੋ' ਅਤੇ ਡਾ. ਅੰਬੇਦਕਰ ਦਾ ਸੰਦੇਸ਼ 'ਸਿਖਿਅਤ ਹੋਵੋ, ਸੰਗਠਿਤ ਹੋਵੋ ਤੇ ਸੰਘਰਸ਼ ਕਰੋ' ਪੂਰੇ ਦਲਿਤ ਸਮਾਜ ਲਈ ਮੁਕਤੀ ਦਾ ਸੰਦੇਸ਼ ਬਣ ਗਿਆ ਅਤੇ ਏਸੇ ਸੰਦੇਸ਼ ਨੇ ਦਲਿਤ ਸਾਹਿਤਕ-ਸਾਂਸਕ੍ਰਿਤਕ ਅੰਦੋਲਨ ਦੇ ਲਈ ਵੀ ਉਪਜਾਊ ਭੂਮੀ

ਤਿਆਰ ਕਰ ਦਿੱਤੀ।

ਆਧੁਨਿਕ ਮਰਾਠੀ ਦਲਿਤ ਸਾਹਿਤ ਦਾ ਸਾਰਥੀ ਸਭ ਤੋਂ ਪਹਿਲਾਂ ਬਣੀ "ਪ੍ਰਬੁੱਧ ਭਾਰਤ" ਪੱਤਰਿਕਾ, ਜੋ 1960 ਦੇ ਨੇੜ-ਤੇੜ ਸ਼ੁਰੂ ਹੋਈ ਤੇ ਜੋ ਰਿਪਬਲਕਿਨ ਪਾਰਟੀ ਦਾ ਮੁੱਖ ਪੱਤਰ ਵੀ ਬਣੀ। ਮਰਾਠੀ ਦਲਿਤ ਸਾਹਿਤ ਦੇ ਮੁੱਢਲੇ ਲੇਖਕਾਂ ਵਿਚ ਅੱਨਾ ਭਾਊ ਸਾਠੇ ਦਾ ਨਾਂ ਸਰਬ ਪ੍ਰਮੁੱਖ ਹੈ। ਆਰੰਭਿਕ ਮਰਾਠੀ ਦਲਿਤ ਲੇਖਕ ਪ੍ਰਗਤੀਸ਼ੀਲ ਅੰਦੋਲਨ ਵਿਚ ਵੀ ਉੱਨੇ ਹੀ ਸਨਮਾਨਿਤ ਹਨ, ਜਿੰਨੇ ਦਲਿਤ ਸਾਹਿਤਕ ਅੰਦੋਲਨ ਵਿਚ, ਜਿਵੇਂ ਅੱਨਾ ਭਾਊ ਸਾਠੇ ਅਤੇ ਨਾਰਾਇਣ ਸੁਰਵੇ।

ਦਲਿਤ ਲੇਖਕਾਂ ਦਾ ਪਹਿਲਾ ਸੰਮੇਲਨ ਬੰਬਈ ਵਿਚ 'ਦਲਿਤ ਸਾਹਿਤ ਸੰਘ' ਵਲੋਂ 1968 ਵਿਚ ਆਯੋਜਿਤ ਕੀਤਾ ਗਿਆ। ਇਸੇ ਸੰਮੇਲਨ ਵਿਚ ਪਹਿਲੀ ਵਾਰ 'ਦਲਿਤ ਸਾਹਿਤ' ਇਕ ਪਰਿਭਾਸ਼ਿਤ ਸ਼ਬਦ ਦੇ ਰੂਪ ਵਿਚ ਪ੍ਰਚਲਤ ਹੋਇਆ। ਅੱਜ ਚਾਲੀ ਵਰ੍ਹਿਆਂ ਪਿੱਛੋਂ ਜਿਨ੍ਹਾਂ ਮੁੱਦਿਆਂ ਉੱਤੇ ਹਿੰਦੀ ਦੇ ਦਲਿਤ ਲੇਖਕਾਂ ਵਿਚ ਬਹਿਸ ਹੋ ਰਹੀ ਹੈ, ਉਨ੍ਹਾਂ ਵਿਚੋਂ ਇਕ ਮਹੱਤਵਪੂਰਨ ਮੁੱਦੇ ਉੱਤੇ ਇਸ ਸੰਮੇਲਨ ਦੇ ਮਤਾ ਨੰਬਰ ਪੰਜ ਵਿਚ ਕਿਹਾ ਗਿਆ—"ਮਰਾਠੀ ਵਿਚ ਦਲਿਤਾਂ ਦੁਆਰਾ ਅਤੇ ਦਲਿਤਾਂ ਉੱਪਰ ਹੋਰਨਾਂ ਲੋਕਾਂ ਦੁਆਰਾ ਲਿਖੇ ਸਾਹਿਤ ਦੀ ਅਲੱਗ ਪਛਾਣ 'ਦਲਿਤ ਸਾਹਿਤ' ਦੇ ਰੂਪ ਵਿਚ ਸਵੀਕਾਰ ਕੀਤੀ ਜਾਣੀ ਚਾਹੀਦੀ ਹੈ। ਇਸ ਸਾਹਿਤ ਦੇ ਸਾਂਸਕ੍ਰਿਤਕ ਮਹੱਤਵ ਨੂੰ ਦੇਖਦੇ ਹੋਏ ਯੂਨੀਵਰਸਿਟੀਆਂ ਤੇ ਸਾਹਿਤਕ ਸੰਗਠਨਾਂ ਨੂੰ, ਇਸ ਨੂੰ ਸਮੁੱਚਿਤ ਸਥਾਨ ਦੇਣਾ ਚਾਹੀਦਾ ਹੈ।(ਪ੍ਰਬੁੱਧ ਭਾਰਤ 4/3/1968 (ਹਵਾਲਾ-ਅਰਜਨ ਡਾਂਗਲੇ, ਦਿ ਪਾਯਜ਼ੰਡ ਬ੍ਰੇਡ, ਪੰ. 242)

ਅੱਜ ਜਦੋਂ ਦਲਿਤ ਸਾਹਿਤ ਮਰਾਠੀ ਵਿਚ ਕੇਂਦਰੀ ਸਥਾਨ ਪ੍ਰਾਪਤ ਕਰ ਗਿਆ ਹੈ ਅਤੇ ਦੂਸਰੀਆਂ ਭਾਸ਼ਾਵਾਂ ਵਿਚ ਵੀ ਵਿਕਸਿਤ ਹੋਣ ਦੀ ਪ੍ਰਕਿਰਿਆ ਵਿਚ ਹੈ। ਉਹ ਮੁੱਦਾ ਹਿੰਦੀ ਤੇ ਕੁਝ ਹੋਰਨਾਂ ਭਾਸ਼ਾਵਾਂ ਵਿਚ ਉੱਠ ਰਿਹਾ ਹੈ ਕਿ ਦਲਿਤ ਸਾਹਿਤ ਦਾ ਰਚਨਹਾਰਾ ਕੌਣ ਹੋ ਸਕਦਾ ਹੈ ? ਹਿੰਦੀ ਸਾਹਿਤ ਦੇ ਬਹੁਤੇ ਲੇਖਕ ਇਸ ਮੱਤ ਦੇ ਪੱਖ ਦੇ ਹਨ, **"ਦਲਿਤਾਂ ਦੁਆਰਾ, ਦਲਿਤਾਂ ਦੇ ਜੀਵਨ ਉਪਰ, ਦਲਿਤਾਂ ਦੇ ਲਈ ਲਿਖਿਆ ਸਾਹਿਤ ਹੀ ਦਲਿਤ ਸਾਹਿਤ ਕਹਿਲਾਉਣ ਦਾ ਹੱਕਦਾਰ ਹੈ।"**

ਭਾਵੇਂ ਇਸ ਗੱਲ ਨੂੰ ਇਕ ਪੂਰੇ ਤਰਕ ਦੇ ਤੌਰ ਤੇ ਰੱਖਿਆ ਜਾ ਸਕਦਾ ਹੈ, ਪ੍ਰੰਤੂ ਇਸ ਤਰਕ ਦੇ ਕੁਝ ਆਂਤਰਿਕ ਅੰਤਰ ਵਿਰੋਧ ਹਨ। ਜਿਵੇਂ ਚਾਹੇ ਕੋਈ ਲੇਖਕ ਸਿਰਫ 'ਦਲਿਤਾਂ ਦੇ ਲਈ' ਹੀ ਲਿਖਣਾ ਚਾਹੇ, ਜਦ ਕੋਈ ਪੁਸਤਕ ਜਾਂ ਪੱਤ੍ਰਿਕਾ ਛਪ ਕੇ ਬਾਜ਼ਾਰ ਵਿਚ ਆ ਗਈ, ਭਲਾ ਉਸ ਤੇ ਇਹ ਲੇਬਲ ਹੀ ਲੱਗਿਆ ਹੋਵੇ 'ਕੇਵਲ ਦਲਿਤਾਂ ਦੇ ਲਈ' ਗੈਰ ਦਲਿਤ ਪਾਠਕਾਂ ਤੱਕ ਉਸ ਪੁਸਤਕ ਜਾਂ ਪੱਤ੍ਰਿਕਾ ਨੂੰ ਪਹੁੰਚਣ ਤੋਂ ਰੋਕਿਆ ਨਹੀਂ ਜਾ ਸਕਦਾ। ਦੂਜੇ, ਰੋਕਿਆ ਜਾਵੇਗਾ ਵੀ ਕਿਉਂ ?

ਦਲਿਤ ਸਮੁਦਾਏ ਵਿਸਤ੍ਰਿਤ ਸਮਾਜ ਦਾ ਅੰਗ ਹੈ। ਵਿਸਤ੍ਰਿਤ ਸਮਾਜ ਜੇਕਰ ਦਲਿਤ ਸਮੁਦਾਏ ਦੇ ਦੁੱਖ-ਸੁੱਖ ਤੋਂ ਅਣਜਾਣ ਹੈ ਤਾਂ ਉਸ ਨੂੰ ਸਾਹਿਤ ਜਾਂ ਹੋਰਨਾਂ ਮਾਧਿਅਮਾਂ ਦੁਆਰਾ ਜਾਣੂੰ ਹੋਣਾ ਚਾਹੀਦਾ ਹੈ ਅਤੇ ਦਲਿਤਾਂ ਦੀਆਂ ਮਾਨਵੀ ਲੋੜਾਂ ਦੇ ਪ੍ਰਤੀ ਵਿਸਤ੍ਰਿਤ ਸਮਾਜ ਦੀ ਸੰਵੇਦਨਾ ਜਾਗ੍ਰਿਤ ਹੋਣੀ ਹੀ ਚਾਹੀਦੀ ਹੈ, ਜਿਸ ਵਿਚ ਦਲਿਤ ਸਾਹਿਤ ਦੀ ਭੂਮਿਕਾ ਹੋ ਸਕਦੀ ਹੈ।

ਹੁਣ ਰਿਹਾ 'ਦਲਿਤਾਂ ਦੇ ਜੀਵਨ ਉੱਪਰ' ਲਿਖਣ ਦਾ ਅਧਿਕਾਰ। ਵਿਸਤ੍ਰਿਤ ਸਮਾਜ ਇਕ ਅਜਿਹੀ ਇਕਾਈ ਹੈ, ਜਿਸ ਵਿਚ ਵਿਭਿੰਨ ਸਮਾਜਿਕ ਸਮੁਦਾਏ ਇਕ ਦੂਜੇ ਨਾਲ ਲੈਣ-ਦੇਣ ਕਰਦੇ ਹਨ। ਇਹ ਲੈਣ ਦੇਣ ਆਪਣੀ ਪ੍ਰਕਿਰਤੀ ਵਿਚ ਸੰਘਰਸ਼ਾਤਮਿਕ ਵੀ ਹੋ ਸਕਦਾ ਹੈ, ਮਿੱਤਰਤਾ ਪੂਰਨ ਵੀ ਅਤੇ ਨਿਰੋਲ ਵਿਵਹਾਰਿਕ ਵੀ। ਕੋਈ ਵੀ ਲੇਖਕ ਜਦੋਂ ਸਮਾਜ ਨੂੰ ਆਪਣੀ ਰਚਨਾ ਦਾ ਹਿੱਸਾ ਬਣਾਵੇਗਾ, ਉਹ ਕਿਸੇ ਇਕ ਸਮੁਦਾਏ ਨੂੰ ਦੂਜੇ ਨਾਲੋਂ ਅਲੱਗ ਕਰਕੇ ਨਹੀਂ ਦੇਖ ਸਕਦਾ। ਹਾਂ, ਉਸ ਲੇਖਕ ਦੀ ਸੰਵੇਦਨਾ ਜਾਂ



ਹਮਦਰਦੀ ਸਮਾਜ ਦੇ ਕਿਸੇ ਵਿਸ਼ੇਸ਼ ਜਾਂ ਸਮੁਦਾਏ ਨਾਲ ਅਵੱਸ਼ ਹੋ ਸਕਦੀ ਹੈ। ਇਸ ਅਰਥ ਵਿਚ ਦਲਿਤ ਲੇਖਕ ਦੀ ਦਲਿਤ ਸਮੁਦਾਏ ਨਾਲ ਨੇੜਤਾ ਜਾਂ ਉਸ ਸਮੁਦਾਏ ਦਾ ਅੰਗ ਹੋਣ ਦੀ ਸਥਿਤੀ, ਆਪਣੇ ਸਮੁਦਾਏ ਨੂੰ ਵਧੇਰੇ ਸੰਵੇਦਨਾ, ਹਮਦਰਦੀ ਜਾਂ ਅਧਿਕ ਬਾਹਰ-ਮੁਖਤਾ ਨਾਲ ਚਿਤਰਤ ਕਰਨ ਵਿਚ ਸਹਾਇਕ ਹੋ ਸਕਦੀ ਹੈ। ਪ੍ਰੰਤੂ ਸਮਾਜ ਦੇ ਵੱਖ ਵੱਖ ਸਮੁਦਾਵਾਂ ਨੂੰ ਇਕ ਦੂਜੇ ਦੇ ਨਾਲ ਵਿਰੋਧ, ਸੰਘਰਸ਼ ਜਾਂ ਮਿੱਤਰਤਾ ਨਾਲ ਦੇਖ ਸਕਦਾ ਹੈ, ਪਰ ਇਕ ਦੂਜੇ ਨਾਲੋਂ ਤੋੜਕੇ ਨਹੀ ਦਖਿਆ ਜਾ ਸਕਦਾ। ਇਸ ਅਰਥ ਵਿਚ ਹਰ ਲੇਖਕ ਆਪਣੀ ਰਚਨਾ ਵਿਚ ਬਹੁਤ ਸਾਰੇ ਸਮੁਦਾਵਾਂ ਨੂੰ ਇਕ ਹੀ ਸਮੇਂ ਚਿਤਰਤ ਕਰੇਗਾ ਅਤੇ ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਕ ਲੇਖਕ ਦੀ ਅੰਤਰ ਦ੍ਰਿਸ਼ਟੀ, ਉਸ ਦੀ ਵਿਕਸਿਤ ਮਾਨਵੀ ਸੰਵੇਦਨਾ, ਉਸ ਨੂੰ ਉਸੇ ਸਮੁਦਾਏ ਨਾਲ ਜੋੜੇ ਜੋ ਮਾਨਵੀ ਪੱਧਰ ਤੋਂ ਬੇਹੱਦ ਉਤਪੀੜਤ ਹੈ (ਦੂਜੇ ਅਰਥਾਂ ਵਿਚ-ਵਰਗ, ਜਾਤੀ ਜਾਂ ਲਿੰਗ ਦੇ ਪੱਖੋਂ) ਹਿੰਦੀ ਵਿਚ ਪ੍ਰੇਮ ਚੰਦ, ਨਿਰਾਲਾ, ਨਾਗਾਰਜਨ, ਧੂਮਿਲ, ਜਗਦੀਸ਼ ਚੰਦਰ ਤੇ ਹੋਰ ਅਨੇਕਾਂ ਅਜਿਹੇ ਲੇਖਕ ਹਨ, ਜਿਨ੍ਹਾਂ ਆਪਣੀ ਵਿਕਸਿਤ ਮਾਨਵੀ ਸੰਵੇਦਨਾ ਅਤੇ ਅੰਦਰ ਦ੍ਰਿਸ਼ਟੀ ਨਾਲ ਆਪਣੀ ਰਚਨਾਤਮਿਕਤਾ ਵਿਚ ਦਲਿਤ ਸਮੁਦਾਏ ਨਾਲ ਆਪਣੇ ਆਪ ਨੂੰ ਜੋੜਿਆ ਹੈ। ਇਥੇ ਹਿੰਦੀ ਦੇ ਦਲਿਤ ਲੇਖਕ ਨਿੱਜੀ ਅਨੁਭਵ ਜਾਂ ਹਮਦਰਦੀ ਦਾ ਸਵਾਲ ਖੜ੍ਹਾ ਕਰ ਸਕਦੇ ਹਨ ਕਿ ਨਿੱਜੀ ਅਨੁਭਵ ਭਾਵ ਦਲਿਤ ਲੇਖਕ ਦੀ ਆਪ ਹੰਢਾਈ ਪੀੜ ਨਾਲ ਉਸ ਦੇ ਸਾਹਿਤ ਵਿਚ ਰੋਹ ਅਤੇ ਵਿਦਰੋਹ ਪੈਦਾ ਹੁੰਦਾ ਹੈ, ਜਦੋਂ ਕਿ ਗੈਰ-ਦਲਿਤ ਲੇਖਕਾਂ ਦੀ ਰਚਨਾਤਮਿਕਤਾ ਵਿਚ ਦਲਿਤ ਸਮੁਦਾਏ ਦੇ ਪ੍ਰਤੀ ਕੇਵਲ ਹਮਦਰਦੀ (ਕਈ ਬਾਰ ਉਹ ਵੀ ਦਿਖਾਵੇ ਦੀ) ਪੈਦਾ ਹੁੰਦੀ ਹੈ।

ਇਹ ਮੁੱਦਾ ਕਿਸੇ ਹੱਦ ਤੱਕ ਇਥੇ ਉਲਝ ਜਾਂਦਾ ਹੈ। ਜਨਮ ਤੇ ਸੰਸਕਾਰਾਂ ਦੀ ਪਿੱਠ ਭੂਮੀ ਵੀ ਏਥੇ ਵਿਚਕਾਰ ਆਉਂਦੀ ਹੈ। ਪਰ ਸਵਾਲ ਇਹ ਹੈ ਕਿ ਇਸ ਪੂਰੀ ਸਥਿਤੀ ਵਿਚ ਮਾਨਵੀ ਚੇਤਨਾ ਦੀ ਕੋਈ ਭੂਮਿਕਾ ਹੈ ? ਫਿਰ ਇਕ ਵਿਗਿਆਨਿਕ ਪ੍ਰਸ਼ਨ ਵੀ ਏਥੇ ਖੜ੍ਹਾ ਹੋ ਸਕਦਾ ਹੈ—ਕੁਲ ਅਨੁਸਾਰਤਾ ਦਾ। ਜਦੋਂ ਅਸੀਂ ਗਿਆਨ ਵਿਗਿਆਨ ਦੁਆਰਾ ਪ੍ਰਸਿੱਧ ਇਸ ਤਰਕ, ਤੱਥ ਤੇ ਸੱਚਾਈ ਨੂੰ ਮੰਨਦੇ ਹਾਂ ਕਿ ਮਨੁੱਖ ਦੇ ਵਿਅਕਤਿਤਵ ਦੇ ਵਿਕਾਸ ਵਿਚ ਕੁੱਲ ਦਾ ਘੱਟ ਅਤੇ ਸਮਾਜਿਕ ਵਾਤਾਵਰਨ ਤੇ ਸਿਖਿਆ ਦਾ ਯੋਗਦਾਨ ਜ਼ਿਆਦਾ ਹੈ ਤਾਂ ਏਸੇ ਤਰਕ ਨਾਲ ਏਸ ਗੱਲ ਨੂੰ ਮੰਨਣਾ ਪਵੇਗਾ ਕਿ ਮਨੁੱਖ ਦਾ ਜਨਮ ਕਿੱਥੇ ਹੋਵੇ, ਇਹ ਤਾਂ ਉਸ ਦੇ ਵੱਸ ਵਿਚ ਨਹੀਂ ਹੈ, ਪਰ ਜੀਵਨ ਵਿਚ ਆਪਣੇ ਵਿਅਕਤਿਤਵ ਦੀ ਦਿਸ਼ਾ ਆਪਣੀ ਚੇਤਨਾ ਦੇ ਸਹਾਰੇ ਨਿਰਧਾਰਤ ਕਰਨਾ ਤਾਂ ਕਾਫੀ ਹੱਦ ਤੱਕ ਉਸ ਦੇ ਵੱਸ ਵਿਚ ਹੈ। ਜੇਕਰ ਬੁੱਧ ਦਾ ਇਹ ਸੰਦੇਸ਼ ਸੱਚ ਹੈ—'ਅੱਪ ਦੀਪੋ ਭਵ' (ਆਪਣਾ ਦੀਪਕ ਆਪ ਬਣੋ) ਅਤੇ ਜੇਕਰ ਬੁੱਧ ਆਪ ਚੱਲੇ ਅਤੇ ਮਾਨਵਤਾ ਦੇ ਆਦਰਸ਼ ਬਣੇ ਤਾਂ ਆਧੁਨਿਕ ਸਮੇਂ ਵਿਚ ਗਿਆਨ-ਵਿਗਿਆਨ ਤੇ ਮਾਨਵੀ ਤੇ ਮਾਨਵਵਾਦੀ ਚੇਤਨਾ ਨਾਲ ਭਰਪੂਰ ਲੇਖਕ ਆਪ ਪੀੜਤ ਨਾ ਹੋ ਕੇ ਵੀ ਉਤਪੀੜਤਾਂ ਨਾਲ ਆਪਣੇ ਆਪ ਨੂੰ ਜੋੜੇ। ਇਸ ਗੱਲ ਵਿਚ ਉਸਦੀ ਲਿਖਤ ਦਾ ਹਿੱਤ ਵੀ ਹੈ, ਕਿਉਂਕਿ ਉਹੀ ਰਚਨਾ ਜ਼ਿਆਦਾ ਗਹਿਰੀ ਤੇ ਟਿਕਾਊ ਹੋਵੇਗੀ, ਜਿਸ ਵਿਚ ਮਨੁੱਖੀ ਸੰਵੇਦਨਾ ਵਧੇਰੇ ਟੁੰਬਣ ਵਾਲੀ ਹੋਵੇਗੀ।

ਇਹ ਪ੍ਰਸ਼ਨ ਕੇਵਲ ਦਲਿਤ ਸਾਹਿਤ ਦੇ ਸੰਦਰਭ ਵਿਚ ਹੀ ਨਹੀਂ, ਪ੍ਰਗਤੀਸ਼ੀਲ ਜਨਵਾਦੀ ਸਾਹਿਤ ਦੇ ਸੰਦਰਭ ਵਿਚ ਵੀ ਉਠਦਾ ਰਿਹਾ ਹੈ ਕਿ ਬਿਨਾ ਮਜ਼ਦੂਰ ਜਾਂ ਕਿਸਾਨ ਵਰਗ ਦੀ ਪੀੜ ਦਾ ਅਨੁਭਵ ਕੀਤਿਆਂ ਕੀ ਇਕ ਮੱਧ ਵਰਗੀ ਸੁਵਿਧਾ-ਸੰਪੰਨ ਲੇਖਕ ਮਜ਼ਦੂਰ ਕਿਸਾਨ ਇਨਕਲਾਬ ਦਾ ਸੱਚਾ ਸਮਰਥਕ ਹ ਸਕਦਾ ਹੈ, ਜਾਂ ਉਹਨਾਂ ਦੇ ਸੰਘਰਸ਼ਾਂ ਦਾ ਸੱਚਾ ਚਿਤਰਨ ਆਪਣੀ ਲਿਖਤ ਵਿਚ ਕਰ ਸਕਦਾ ਹੈ ? ਉਹ ਸੰਦਰਭ ਵਿਚ 'ਡੀ-ਕਲਾਸ' ਹੋਣਾ ਜਾਂ ਆਪਣੇ ਵਰਗ ਦੀ ਸੀਮਾਂ ਤੋਂ ਮੁਕਤ ਹੋਣ ਦੀ ਸਥਿਤੀ ਵਿਚ ਅਜਿਹਾ ਹੋਣਾ ਸੰਭਵ ਮੰਨਿਆ ਗਿਆ ਹੈ, ਜਦੋਂ ਕਿ 'ਡੀ-ਕਲਾਸ' ਹੋਣਾ ਅਤਿਅੰਤ ਕਠਿਨ ਤੇ ਜਟਿਲ

ਪ੍ਰਕਿਰਿਆ ਹੈ ਅਤੇ ਬਹੁਤ ਹੀ ਘੱਟ ਲੇਖਕ ਜਾਂ ਬੁੱਧੀਜੀਵੀ ਇਸ ਕਸੌਟੀ ਤੇ ਖਰੇ ਉਤਰਦੇ ਹਨ। ਬੁੱਧੀਜੀਵੀ ਜਾਂ ਲੇਖਕ ਤਾਂ ਦੂਰ ਦੀ ਗੱਲ ਹੈ, ਆਮ ਇਨਕਲਾਬੀ ਪਾਰਟੀਆਂ ਦੇ ਆਗੂ ਵੀ ਕਦੀ 'ਡੀ-ਕਲਾਸ' ਹੋ ਕੇ ਮਜ਼ਦੂਰ ਕਿਸਾਨ ਵਰਗ ਨਾਲ ਜੁੜਦੇ ਨਜ਼ਰ ਨਹੀਂ ਆਉਂਦੇ। ਦਲਿਤ ਲਿਖਤ ਦੇ ਸੰਬੰਧ ਵਿਚ ਵੀ ਏਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਬਹੁਤ ਥੋੜੇ ਲੇਖਕ ਅਜੇਹਾ ਕਰ ਸਕਦੇ ਹਨ, ਪਰ 'ਅਪ ਦੀਪਕ ਭਵ' ਨੂੰ ਮੰਨ ਕੇ ਗੈਰ -ਦਲਿਤ ਲੇਖਕ ਵੀ ਦਲਿਤ ਸਾਹਿਤ ਦੇ ਸਿਰਜਕ ਹੋ ਸਕਦੇ ਹਨ। ਏਸੇ ਪਰਕਰਨ ਵਿਚ ਜੇ ਪ੍ਰੇਮ ਚੰਦ ਦੇ ਪ੍ਰਗਤੀਸ਼ੀਲ ਲੇਖਕ ਸੰਮੇਲਨ ਵਿਚ ਦਿੱਤੇ 1936 ਦੇ ਭਾਸ਼ਨ ਅਤੇ ਮਰਾਠੀ ਦਲਿਤ ਲੇਖਕ ਬਾਬੂ ਰਾਓ ਬਾਗੁਲ ਦੇ ਕਥਨ "ਦਲਿਤ ਸਾਹਿਤ ਮਾਨਵਤਾਵਾਦੀ ਸਾਹਿਤ ਹੀ ਹੈ" ਨੂੰ ਨਾਲੋਂ ਨਾਲ ਪੜ੍ਹੀਏ ਤਾਂ ਇਕ ਹੀ ਆਤਮਾ ਦੋਵਾਂ ਲਿਖਤਾਂ ਵਿਚ ਗੂੰਜਦੀ ਹੋਈ ਦਿਸੇਗੀ।

ਦਲਿਤ ਸਾਹਿਤ ਉੱਤੇ ਵਿਚਾਰ ਕਰਦੇ ਹੋਏ ਦੂਸਰਾ ਮੁੱਦਾ ਇਸਦੇ ਆਧਾਰ ਦਾ ਹੈ। ਸਾਹਿਤ ਜਾਂ ਆਲੋਚਨਾ ਦੀ ਭਾਸ਼ਾ ਵਿੱਚ ਕਿਹਾ ਜਾਵੇ ਤਾਂ ਦਲਿਤ ਸਾਹਿਤ ਯਥਾਰਥਵਾਦੀ ਆਧਾਰ ਦਾ ਸਾਹਿਤ ਹੈ। ਦਲਿਤ ਸਾਹਿਤ ਭਾਰਤੀ ਸਮਾਜ ਦੇ ਯਥਾਰਥ ਨੂੰ ਚਿਤਰਨ ਵਾਲਾ ਸਾਹਿਤ ਹੈ। ਇਸ ਅਰਥ ਵਿਚ ਦਲਿਤ ਸਾਹਿਤ ਪ੍ਰਗਤੀਸ਼ੀਲ-ਜਨਵਾਦੀ ਸਾਹਿਤ ਦੇ ਨੇੜੇ ਹੈ, ਕਿਉਂਕਿ ਪ੍ਰਗਤੀਵਾਦੀ-ਜਨਵਾਦੀ ਸਾਹਿਤ ਵੀ ਯਥਾਰਥਵਾਦ ਨੂੰ ਆਪਣੀ ਰਚਨਾ ਦਾ ਆਧਾਰ ਮੰਨਦਾ ਹੈ। ਯਥਾਰਥਵਾਦ ਦੀਆਂ ਅੱਗੇ ਅਨੇਕ ਵਿਆਖਿਆਵਾਂ ਹੋਈਆਂ ਹਨ। ਪ੍ਰਕ੍ਰਿਤੀਵਾਦ, ਅਤਿਯਥਾਰਥਵਾਦ, ਸਮਾਜਵਾਦੀ ਜਾਂ ਕ੍ਰਾਂਤੀਕਾਰੀ ਯਥਾਰਥਵਾਦ, ਅਲੋਚਨਾਤਮਿਕ ਯਥਾਰਥਵਾਦ ਆਦਿ। ਦਲਿਤ ਸਾਹਿਤ ਦੀਆਂ ਕੁਝ ਰਚਨਾਵਾਂ ਕਈ ਬਾਰ ਪ੍ਰਕ੍ਰਿਤੀਵਾਦ ਜਾਂ ਅਤਿਯਥਾਰਥਵਾਦ ਦੀਆਂ ਸੀਮਾਵਾਂ ਨੂੰ ਛੂੰਹਦੀਆਂ ਨਜ਼ਰ ਆਉਂਦੀਆਂ ਹਨ, ਪ੍ਰੰਤੂ ਦਲਿਤ ਸਾਹਿਤ ਦੀਆਂ ਸ੍ਰੇਸ਼ਠ ਰਚਨਾਵਾਂ ਆਲੋਚਨਾਤਮਿਕ ਯਥਾਰਥਵਾਦੀ ਰਚਨਾਵਾਂ ਹਨ ਜ ਜੀਵਨ ਯਥਾਰਥ ਦਾ ਯਥਾਤੱਥ ਚਿਤਰਨ ਹੀ ਨਹੀਂ ਕਰਦੀਆਂ, ਸਗੋਂ ਉਸ ਯਥਾਰਥ ਉੱਤੇ ਅਲਚਨਾਤਮਿਕ ਦ੍ਰਿਸ਼ਟੀ ਪਾਉਂਦੀਆਂ ਹਨ ਅਤੇ ਦਲਿਤ-ਉਤਪੀੜਨ ਦੇ ਪ੍ਰਤੀ ਰੋਹ ਪੈਦਾ ਕਰਦੀਆਂ ਹਨ। ਆਮ ਕਰਕ ਪ੍ਰਗਤੀਸ਼ੀਲ ਜਨਵਾਦੀ ਜਾਂ ਕਾਲੇ ਲੋਕਾਂ ਦੇ ਸਾਹਿਤ ਦੀਆਂ ਸ੍ਰੇਸ਼ਠ ਰਚਨਾਵਾਂ ਆਲੋਚਨਾਤਮਿਕ ਯਥਾਰਥਵਾਦੀ ਦ੍ਰਿਸ਼ਟੀ ਤੋਂ ਹੀ ਸਿਰਜਤ ਹੋਣ ਵਿਚ ਸਫਲ ਹੋਈਆਂ ਹਨ।

ਦਲਿਤ ਸਾਹਿਤ ਦੇ ਸੁਹਜ ਸ਼ਾਸਤਰ ਦੀ ਚਰਚਾ ਜ਼ਰੂਰੀ ਹੈ, ਪ੍ਰੰਤੂ ਸੁਹਜ ਸ਼ਾਸਤਰ ਤੋਂ ਵਧੇਰੇ ਮਹੱਤਵਪੂਰਨ ਦਲਿਤ ਸਾਹਿਤ ਦੀ ਆਲੋਚਨਾ ਦੇ ਮਾਨਦੰਡ ਹਨ। ਬਹੁਤ ਸਾਰੇ ਆਲੋਚਕ ਸਾਹਿਤ ਦੀਆਂ ਕੁਝ ਅਦ੍ਰਿਸ਼ ਦੀਆਂ ਸਥਾਈ ਮਾਨਤਾਵਾਂ ਪ੍ਰਚਲਿਤ ਕਰਕੇ ਦਲਿਤ ਸਾਹਿਤ ਨੂੰ ਸਾਹਿਤ ਦੀ ਸ਼੍ਰੇਣੀ ਵਿਚੋਂ ਹੀ ਖਾਰਜ ਕਿਸਮ ਕਰ ਦਿੰਦੇ ਹਨ। ਅਜਿਹੇ ਆਲੋਚਕ ਏਹੀ ਸਲੂਕ ਪ੍ਰਗਤੀਸ਼ੀਲ ਜਨਵਾਦੀ ਸਾਹਿਤ ਜਾਂ ਕਾਲੇ ਸਾਹਿਤ ਦੇ ਨਾਲ ਵੀ ਕਰਦੇ ਰਹੇ ਹਨ। ਅਜਿਹੇ ਆਲੋਚਕਾਂ ਦੇ ਲਈ ਸਾਹਿਤ ਕੋਈ ਮਰੇ ਹੋਏ ਸ਼ੇਰ ਦੀ ਖੱਲ ਵਰਗੀ ਚੀਜ਼ ਹੈ ਜੋ ਕੰਧ ਉਪਰ ਸਜਾਉਣ ਲਈ ਹੀ ਹੁੰਦੀ ਹੈ। ਵਾਸਤਵਿਕਤਾ ਇਹ ਹੈ ਕਿ ਦਲਿਤ ਸਾਹਿਤ ਹੋਵੇ ਜਾਂ ਕਾਲਾ ਸਾਹਿਤ-ਇਹ ਸਾਹਿਤਕ ਪ੍ਰਵਿਰਤੀਆਂ ਜੀਵਨ ਦੇ ਸੰਘਰਸ਼ਾਂ ਨੂੰ ਆਪਣੀ ਰਚਨਾ ਵਿਚ ਪ੍ਰਤੀਬਿੰਬਿਤ ਕਰਦੀਆਂ ਹਨ, ਜਦੋਂ ਕਿ ਇਨ੍ਹਾਂ ਸਥਾਪਤ ਆਲੋਚਕਾਂ ਨੂੰ ਸੰਘਰਸ਼ ਸ਼ਬਦ ਤੋਂ ਹੀ ਚਿੜ ਹੈ।

ਦਲਿਤ ਸਾਹਿਤ ਦਾ ਸੁਹਜ ਸ਼ਾਸਤਰ ਤਾਂ ਹਾਲੇ ਨਿਰਮਾਣ ਦੀ ਪ੍ਰਕਿਰਿਆ ਵਿਚ ਹੈ, ਪਰ ਇਸ ਸਾਹਿਤ ਨੂੰ ਪਰਖਣ ਦੇ ਮਾਨਦੰਡ ਉਹੀ ਹਨ, ਜਿਨ੍ਹਾਂ ਨਾਲ ਸੰਸਾਰ ਭਰ ਦੇ ਉਤਪੀੜਤਾਂ ਦਾ ਸਾਹਿਤ ਪਰਖਿਆ ਜਾਂਦਾ ਹੈ। ਦਲਿਤ ਸਾਹਿਤ ਨੇ ਹੋਰ ਸਾਹਿਤਕ ਪ੍ਰਵਿਰਤੀਆਂ ਤੋਂ ਵੱਖ ਆਤਮਕਥਾ ਜਾਂ ਆਤਮ ਚਰਿੱਤਰ ਨੂੰ ਕੇਂਦਰੀ ਵਿਧਾ ਦਾ ਰੂਪ ਦਿੱਤਾ ਹੈ। ਦਲਿਤ ਸਾਹਿਤ ਦੇ ਪ੍ਰਗਟ ਹੋਣ ਤੋਂ ਪਹਿਲਾਂ ਆਤਮਕਥਾ



ਸਾਹਿਤਿਕ ਖੇਤਰ ਵਿਚ ਘੱਟ ਹੀ ਮੰਨੀ ਜਾਂਦੀ ਸੀ, ਪਰ ਦਇਆ ਪਰਿਵਾਰ, ਲਛਮਣ ਮਾਨ, ਲਛਮਣ ਗਾਇਕਵਾੜ ਪੀ. ਸੋਨਕਾਂਬਲੇ, ਬੇਬੀ ਕਾਂਬਲੇ, ਕੁਮੁਦ ਪਾਂਤੜੇ, ਮਲਿਕਾ ਅਮਰਸ਼ੇਖ, ਮਹਨਦਾਸ ਨੈਮਿਸ਼ਰਾਏ, ਓਮ ਪ੍ਰਕਾਸ਼ ਬਾਲਮੀਕ, ਪ੍ਰੇਮ ਗੋਰਖੀ ਆਦਿ ਦੀਆਂ ਆਤਮ ਕਥਾਵਾਂ ਜਾਂ ਆਤਮ ਚਰਿਤਰਾ ਨੇ ਆਮ ਪੱਧਰ ਦੇ ਬੰਦੇ ਦੇ ਜੀਵਨ ਨੂੰ ਸਾਹਿਤਿਕ ਸ਼ੈਲੀ ਵਿਚ ਵਿਅਕਤ ਕਰਕੇ ਇਕ ਨਵੀਂ ਤਰ੍ਹਾਂ ਦਾ ਸੁਹਜ ਸ਼ਾਸਤਰ ਵੀ ਘੜਿਆ ਹੈ।

ਦਲਿਤ ਸਾਹਿਤ ਨੂੰ ਸਾਹਿਤਕ ਗੁਣਵੰਤਾ ਦੀ ਕਸੌਟੀ ਉੱਪਰ ਪਰਖਣ ਸਮੇਂ, ਉਹਨਾ ਹੀ ਖ਼ਤਰਿਆਂ ਤੇ ਘਾਟਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ ਜਿਹੜੇ ਖ਼ਤਰੇ ਜਾਂ ਘਾਟਾਂ ਪ੍ਰਗਤੀਵਾਦ ਜਨਵਾਦੀ ਸਾਹਿਤ ਦੇ ਸਾਹਮਣੇ ਵੀ ਰਹੇ ਹਨ। ਇਹ ਖ਼ਤਰੇ ਜਾਂ ਘਾਟਾਂ ਹਨ– ਸਤਹੀਪਨ, ਨਾਰ੍ਹੇਬਾਜ਼ੀ, ਰਚਨਾ ਦੇ ਰੂਪ ਵੱਲ ਲੋੜੀਂਦਾ ਧਿਆਨ ਨਾ ਦੇਣ ਦੀ ਪ੍ਰਵਿਰਤੀ। ਜਦੋਂ ਕਿ ਦਲਿਤ ਸਾਹਿਤ ਵੀ ਰੂਪ ਤੇ ਅਧਿਕ ਵਸਤੂ ਤੇ ਧਿਆਨ ਕੇਂਦਰਤ ਕਰਨ ਵਾਲਾ ਸਾਹਿਤ ਹੈ, ਪ੍ਰੰਤੂ ਸਾਹਿਤ ਦੀ ਵਸਤੂ ਤਦ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਹੋਵੇਗੀ, ਜਦੋਂ ਉਸ ਦਾ ਰੂਪ ਵੀ ਉਸ ਦੀ ਪ੍ਰਕਿਰਤੀ ਦੇ ਅਨੁਕੂਲ ਹੋਵੇ। ਦਲਿਤ ਸਾਹਿਤ ਵਿਚ ਆਤਮ ਕਥਾ ਜਾਂ ਆਤਮ ਚਰਿੱਤਰ ਵਿਧਾ ਇਸ ਲਈ ਅਧਿਕ ਸਫਲ ਹੋਈ, ਕਿਉਂਕਿ ਇਸ ਵਿਧਾ ਦੀ ਪ੍ਰਕਿਰਤੀ ਦਲਿਤ ਅਭਿਵਿਅਕਤੀ ਦੀ ਆਤਮਾ ਦੇ ਅਧਿਕ ਨੇੜੇ ਹੈ।

ਇਸ ਸਮੇਂ ਦਲਿਤ ਸਾਹਿਤ ਭਾਰਤ ਦੀਆਂ ਅਨੇਕਾਂ ਭਾਸ਼ਾਵਾਂ ਵਿਚ ਰਚਿਆ ਜਾ ਰਿਹਾ ਹੈ। ਹਿੰਦੀ, ਕੰਨੜ, ਤੇਲਗੂ, ਪੰਜਾਬੀ ਆਦਿ ਵਿਚ ਦਲਿਤ ਰਚਨਾਵਾਂ ਕਾਫ਼ੀ ਗਿਣਤੀ ਵਿਚ ਰਚੀਆਂ ਜਾ ਰਹੀਆਂ ਹਨ। ਮਰਾਠੀ ਭਾਸ਼ਾ ਵਿਚ ਤਾਂ ਇਹ ਇਸ ਸਮੇਂ ਮਰਾਠੀ ਸਾਹਿਤ ਦੇ ਕੇਂਦਰ ਵਿਚ ਹੈ। ਹਿੰਦੀ ਅਤੇ ਪੰਜਾਬੀ ਵਿਚ ਦਲਿਤ ਆਤਮ ਚਰਿੱਤਰ ਵਧੇਰੇ ਪ੍ਰਤਿਸ਼ਠਤ ਹੋਏ ਹਨ। ਹਿੰਦੀ ਵਿਚ ਓਮ ਪ੍ਰਕਾਸ਼ ਬਾਲਮੀਕ ਦਾ ਆਤਮ ਬਿਰਤਾਂਤ 'ਜੂਠਨ' ਅਤੇ ਮਹਨ ਦਾਸ ਨੇ ਮਿਸ਼ਰਾਏ ਦਾ 'ਆਪਣੇ ਆਪਣੇ' ਪਿੰਜਰੇ ਇਸ ਸਮੇਂ ਚਰਚਾ ਦੇ ਕੇਂਦਰ ਵਿਚ ਹੈ। ਪੰਜਾਬੀ ਵਿਚ ਪ੍ਰੇਮ ਗੋਰਖੀ ਰਚਿਤ 'ਗੈਰ ਹਾਜ਼ਰ ਆਦਮੀ' ਵੀ ਚਰਚਿਤ ਆਤਮ ਕਥਾ ਰਹੀ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਕੀ ਭਾਰਤੀ ਭਾਸ਼ਾਵਾਂ ਦੇ ਦਲਿਤ ਸਾਹਿਤ ਵਿਚ ਆਤਮ ਕਥਾ ਹੀ ਇਸ ਸਾਹਿਤ ਦੀ ਮੁਖ ਪਹਿਚਾਨ ਬਣਕੇ ਉਭਰਦੀ ਹੈ ਜਾਂ ਹੋਰ ਵਿਧਾਵਾਂ ਵੀ ਉਨਾ ਹੀ ਨਰੋਆ ਮਾਧਿਅਮ ਬਣਦੀਆਂ ਹਨ।

ਦਲਿਤ ਸਾਹਿਤ ਵਿਸ਼ਵ ਸਾਹਿਤ ਵਿਚ ਕਿਸ ਪ੍ਰੰਪਰਾ ਦਾ ਸਾਹਿਤ ਹੈ—ਇਹ ਵੀ ਇਕ ਮਹੱਤਵਪੂਰਨ ਮੁੱਦਾ ਹੈ। ਹਰ ਇਕ ਦੇਸ਼ ਦੇ ਆਪਣੇ ਸਾਂਸਕ੍ਰਿਤਕ ਵਾਤਾਵਰਨ ਵਿਚ ਉਥੋਂ ਦਾ ਸਾਹਿਤ ਰੂਪ ਗ੍ਰਹਿਣ ਕਰਦਾ ਹੈ, ਪਰ ਫਿਰ ਵੀ ਇਹ ਸਾਹਿਤ ਕਿਸੇ ਨਾ ਕਿਸੇ ਆਪਣੇ ਆਪ ਨੂੰ ਸੰਸਾਰ ਸਾਹਿਤ ਨਾਲ ਜੜਦਾ ਵੀ ਹੈ। ਇਸ ਸੰਦਰਭ ਵਿਚ ਦਲਿਤ ਸਾਹਿਤ ਨੂੰ ਸਮਝਣਾ ਜ਼ਰੂਰੀ ਹੈ

ਵਾਸਤਵ ਵਿਚ ਦਲਿਤ ਸਾਹਿਤ ਦੇ ਅਰੰਭ ਵਿਚ ਪਹਿਲਾਂ ਜਾਂ ਇਸ ਦੇ ਵਿਕਸਿਤ ਹੋਣ ਤੋਂ ਪਹਿਲਾਂ ਮਹਾਰਾਸ਼ਟਰ ਇਕ ਜ਼ਬਰਦਸਤ ਸਮਾਜਿਕ ਅੰਦਲਨ ਪੈਦਾ ਹੋਇਆ। ਭਾਰਤ ਦੀਆਂ ਹੋਰਨਾਂ ਭਾਸ਼ਾਵਾਂ ਵਿਚ ਦਲਿਤ ਸਾਹਿਤ ਉਥੋਂ ਦੀਆਂ ਪ੍ਰਸਥਿਤੀਆਂ ਵਿਚ, ਦਲਿਤ ਸਮਾਜਿਕ ਅੰਦੋਲਨ ਦੇ ਅਭਾਵ ਵਿਚ ਪੈਦਾ ਹੋ ਰਿਹਾ ਅਤੇ ਪਨਪ ਰਿਹਾ ਹੈ, ਪ੍ਰੰਤੂ ਸਮਾਜਿਕ ਅੰਦੋਲਨ ਦੇ ਅਭਾਵ ਦੇ ਕਾਰਨ ਮਰਾਠੀ ਤੋਂ ਬਿਨਾਂ ਦੂਜੀਆਂ ਭਾਸ਼ਾਵਾਂ ਵਿਚ ਦਲਿਤ ਸਾਹਿਤ ਅਜੇ ਉਨ੍ਹਾਂ ਨਿੱਗਰ ਨਹੀਂ, ਜਿੰਨਾਂ ਇਹ ਮਰਾਠੀ ਵਿਚ ਹੈ।

ਮਹਾਰਾਸ਼ਟਰ ਵਿਚ 1967 ਵਿਚ 'ਮਹਾਰਾਸ਼ਟਰ ਬੁੱਧ ਸਾਹਿਤ ਸਭਾ' ਨੇ ਸੰਮੇਲਨ ਕੀਤਾ, ਲਗਪਗ ਇਸ ਸਮੇਂ 'ਅਸਮਿਤਾ' ਪੱਤ੍ਰਿਕਾ ਨਿਕਲੀ, ਜੋ ਅੱਗੇ ਜਾ 'ਅਸਮਿਤਾ ਦਰਸ਼' ਬਣੀ ਤੇ ਹੁਣ ਤੱਕ ਸਫਲਤਾ ਨਾਲ ਚੱਲ ਰਹੀ ਹੈ। 'ਅਸਮਿਤਾ' ਅਤੇ ਅਸਮਿਤਾ ਦਰਸ਼ ਦੁਆਰਾ ਮਹਾਰਾਸ਼ਟਰ ਦੇ ਜਨ ਮਾਨਸ ਵਿਚ

ਦਲਿਤ ਚੇਤਨਾ ਦਾ ਪ੍ਰਸਾਰ ਹੋਇਆ ਅਤੇ ਇਸ ਚੇਤਨਾ ਵਿਚ ਕ੍ਰਾਂਤੀਕਾਰੀ ਵਿਸਫੋਟ ਹੋਇਆ। 1972 ਦੇ 'ਦਲਿਤ ਪੈਂਥਰ' ਸੰਗਠਨ ਦੇ ਰੂਪ ਵਿਚ ਜਿਸ ਨੂੰ ਨਾਮਦੇਵ ਢਸਾਲ, ਅਰਜਨ ਡਾਂਗਲੇ ਤੇ ਜੇ.ਵੀ. ਪਵਾਰ ਆਦਿ ਲੇਖਕਾਂ ਨੇ ਸਥਾਪਿਤ ਕੀਤਾ। ਦਲਿਤ ਪੈਂਥਰਜ਼ ਅਮਰੀਕਾ ਦੇ ਨੀਗਰੋ ਲੋਕਾਂ ਦੁਆਰਾ ਸਥਾਪਿਤ 'ਬਲੈਕ ਪੈਂਥ੍ਰਰਜ਼' ਤੋਂ ਪ੍ਰਭਾਵਿਤ ਸੀ। ਦੋਵਾਂ ਸੰਗਠਨਾਂ ਦੀ ਦ੍ਰਿਸ਼ਟੀ ਮਿਲਦੀ ਜੁਲਦੀ ਸੀ। ਇਸ ਅਰਥ ਵਿਚ ਦਲਿਤ ਸਾਹਿਤ ਦੇ ਪੈਦਾ ਹੋਣ ਅਤੇ ਵਿਕਾਸ ਉੱਤੇ ਕਾਲੇ ਸਾਹਿਤ ਦਾ ਕਾਫੀ ਪ੍ਰਭਾਵ ਹੈ। ਇਸ ਨਾਲ ਹੀ ਏਥੋਂ ਵਿਸ਼ਵ ਸਾਹਿਤ ਦੀ ਪ੍ਰੰਪਰਾ ਵਿਚ ਦਲਿਤ ਸਾਹਿਤ ਦਾ ਸਥਾਨ ਵੀ ਨਿਸ਼ਚਿਤ ਹੋ ਜਾਂਦਾ ਹੈ। ਦਲਿਤ ਸਾਹਿਤ, ਵਿਸ਼ਵ ਦੇ ਪਰਿਵਰਤਨਕਾਰੀ ਮਾਨਵਵਾਦੀ ਸਾਹਿਤ ਦਾ ਇਕ ਅਭਿੰਨ ਅੰਗ ਹੈ। ਭਾਰਤ ਤੇ ਹੋਰਨਾਂ ਦੇਸ਼ਾਂ ਦਾ ਪ੍ਰਗਤੀਸ਼ੀਲ-ਜਨਵਾਦੀ ਤੇ ਇਸਤਰੀ ਜੀਵਨ ਉੱਤੇ ਕੇਂਦਰਤ ਸਾਹਿਤ ਤੇ ਕਾਲਾ ਸਾਹਿਤ ਵੀ ਵਿਸ਼ਵ ਦੇ ਪਰਿਵਰਤਨਕਾਰੀ ਮਾਨਵਤਾਵਾਦੀ ਸਾਹਿਤ ਦੇ ਸਮਾਨ ਰੂਪ ਹੀ ਇਸ ਦਾ ਅੰਗ ਹੈ। ਇਹ ਪ੍ਰੰਪਰਾ, ਸਾਹਿਤ ਦੇ ਕੇਂਦਰ ਵਿਚ ਮਨੁੱਖ ਨੂੰ ਰੱਖਦੀ ਹੈ। ਇਹ ਸਾਹਿਤ ਕਿਤੇ ਵੀ ਅਤੇ ਕਿਸੇ ਰੂਪ ਵਿਚ ਵੀ ਮਨੁੱਖ ਉੱਤੇ ਅਤਿਆਚਾਰਾਂ ਤੇ ਉਸ ਦੇ ਸ਼ੋਸ਼ਨ ਦਾ ਵਿਰੋਧ ਕਰਦਾ ਹੈ। ਇਹ ਸਾਹਿਤ ਸਮਾਜ ਨੂੰ ਮਨੁੱਖ ਦੇ ਹਿਤ ਵਿਚ ਬਦਲਣ ਦੇ ਪੱਖ ਨੂੰ ਪੂਰਨ ਵਾਲਾ ਸਾਹਿਤ ਹੈ। ਇਕ ਨਵੇਂ ਮਾਨਵੀ ਸਮਾਜ ਦੇ ਨਿਰਮਾਣ ਦਾ ਪੱਖ ਪੂਰਦਾ ਹੈ, ਜਿਸ ਵਿਚ ਰੰਗ, ਵਰਨ, ਜ਼ਾਤ, ਲਿੰਗ ਜਾਂ ਸਮਾਜਿਕ ਸੱਤਾ ਦੇ ਆਧਾਰ ਉੱਤੇ ਮਨੁੱਖਾਂ ਵਿਚਕਾਰ ਭੇਦਭਾਵ ਨਾ ਹੋਵੇ। ਇਹ ਸਾਹਿਤ ਸ਼ੋਸ਼ਣ ਤੇ ਆਧਾਰਤ ਵਿਵਸਥਾ ਦਾ ਵਿਰੋਧੀ ਹੈ ਅਤੇ ਸੱਚੀ ਮਾਨਵ ਸਮਾਨਤਾ ਉੱਤੇ ਅਧਾਰਿਤ ਵਿਵਸਥਾ ਦੇ ਨਿਰਮਾਣ ਦੇ ਪ੍ਰਤੀ ਪ੍ਰਤੀਬੱਧ ਹੈ।

ਵਿਸ਼ਵ ਦੇ ਪਰਿਵਰਤਨਸ਼ੀਲ ਮਾਨਵਤਾਵਾਦੀ ਸਾਹਿਤ ਦੀਆਂ ਇਹ ਅਲੱਗ ਅਲੱਗ ਪ੍ਰਵਿਰਤੀਆਂ ਦਲਿਤ, ਇਸਤਰੀ ਕੇਂਦਰਤ, ਪ੍ਰਗਤੀਸ਼ੀਲ ਜਨਵਾਦੀ ਜਾਂ ਕਾਲਿਆਂ ਦਾ ਸਾਹਿਤ, ਇਕ ਹੀ ਵਿਚਾਰਧਾਰਾ ਤੋਂ ਪ੍ਰਭਾਵਤ ਜਾਂ ਪ੍ਰਾਣਹੀਨ ਨਹੀਂ ਹਨ। ਇਹਨਾਂ ਸਾਰਿਆਂ ਦੇ ਚਿੰਤਨ ਸਰੋਤ ਕਿਤੇ ਤਾਂ ਇਕੋ ਜਿਹੇ ਹਨ ਕਿਤੇ ਅਲੱਗ ਅਲੱਗ ਹਨ। ਉਦਾਹਰਨ ਲਈ ਭਾਰਤੀ ਦਲਿਤ ਸਾਹਿਤ ਡਾ. ਅੰਬੇਦਕਰ ਦੇ ਵਿਚਾਰਾਂ ਉੱਤੇ, ਪ੍ਰੰਪਰਾ ਰੂਪ ਵਿਚ, ਗੌਤਮ ਬੁੱਧ ਤੇ ਫੂਲੇ ਦੇ ਵਿਚਾਰਾਂ ਤੋਂ ਵਧੇਰੇ ਪ੍ਰਭਾਵਿਤ ਹੈ। ਹਾਲਾਂਕਿ ਦਲਿਤ ਲੇਖਕਾਂ ਦਾ ਇਕ ਹਿੱਸਾ ਮਾਰਕਸਵਾਦ ਤੋਂ ਵੀ ਪ੍ਰਭਾਵਤ ਹੈ। ਏਸੇ ਤਰ੍ਹਾਂ ਕਾਲਿਆਂ ਦਾ ਸਾਹਿਤ ਵੀ, ਜਿਥੇ ਇਕ ਪਾਸੇ ਕਾਲੇ ਚਿੰਤਕਾਂ ਤੋਂ ਤੇ ਇਕ ਹੱਦ ਤੱਕ ਮਾਰਕਸਵਾਦ ਤੋਂ ਪ੍ਰਭਾਵਤ ਹੈ। ਪ੍ਰਗਤੀਸ਼ੀਲ ਜਨਵਾਦੀ ਪ੍ਰਵਿਰਤੀ ਪੂਰਨ ਤੌਰ ਤੇ ਮਾਰਕਸਵਾਦੀ ਚਿੰਤਨ ਤੋਂ ਪ੍ਰਭਾਵਤ ਹੈ ਤੇ ਇਸਤਰੀ ਕੇਂਦਰਤ ਲਿਖਤਾਂ ਨਾਰੀਵਾਦੀ ਚਿੰਤਨ ਦੇ ਨਾਲ ਨਾਲ ਕੁਝ ਹੱਦ ਤੱਕ ਮਾਰਕਸਵਾਦ ਤੋਂ ਵੀ ਪ੍ਰਭਾਵਤ ਹੈ।

ਕੁੱਲ ਮਿਲਾ ਕੇ, ਭਾਵੇਂ ਅੱਜ ਸੰਸਾਰ ਦੇ ਅਨੇਕ ਦੇਸ਼ਾਂ ਵਿਚ ਸਮਾਜਵਾਦੀ ਰਾਜ ਦਾ ਪਤਨ ਹੋ ਗਿਆ ਹੈ, ਅਨੇਕ ਦੇਸ਼ਾਂ ਵਿਚ ਕ੍ਰਾਂਤੀਕਾਰੀ ਅੰਦੋਲਨ ਵੀ ਪਤਲੀ ਹਾਲਤ ਵਿਚ ਹਨ, ਫਿਰ ਵੀ ਪੂਰੇ ਸੰਸਾਰ ਦੀ ਪੱਧਰ ਉੱਤੇ ਮਾਨਵਤਾ ਦਾ ਅਨੇਕ ਰੂਪਾਂ ਵਿਚ ਉਤਪੀੜਨ ਹੋ ਰਿਹਾ ਹੈ ਅਤੇ ਇਸ ਉਤਪੀੜਨ ਦੇ ਵਿਰੁੱਧ, ਸਾਰੇ ਥਾਵਾਂ ਉੱਤੇ ਅਨੇਕਾਂ ਰੂਪਾਂ ਵਿਚ ਸੰਘਰਸ਼ ਵੀ ਜਾਰੀ ਹੈ। ਇਸ ਲਈ ਵਿਚਾਰਧਾਰਾ ਕੋਈ ਵੀ ਹੋਵੇ, ਦਲਿਤ ਸਾਹਿਤ ਹੋਵੇ ਜਾਂ ਕਾਲੇ ਲੋਕਾਂ ਦਾ, ਇਸਤਰੀ ਕੇਂਦਰਤ ਸਾਹਿਤ ਹੋਵੇ ਜਾਂ ਪ੍ਰਗਤੀਵਾਦੀ-ਜਨਵਾਦੀ ਸਾਹਿਤ, ਇਹ ਸਾਰੀਆਂ ਸਾਹਿਤਕ ਪ੍ਰਵਿਰਤੀਆਂ 'ਪਾਉਲੋ ਫਰੇਰੇ' ਦੇ ਸ਼ਬਦਾਂ ਵਿਚ ਥੋੜ੍ਹੀ ਜਿਹੀ ਬਦਲੀ ਕਰਕੇ 'ਉਤਪੀੜਤਾਂ ਦਾ ਸਾਹਿਤ' ਹੈ। (ਲਿਟਰੇਚਰ ਆਫ ਦਾ ਉਪਰੈਸਿਡ) ਅਤੇ ਉਹਨਾਂ ਦੇ ਹੀ ਸ਼ਬਦਾਂ ਵਿਚ, ਉਤਪੀੜਤਾਂ ਦਾ ਇਹ ਸਾਹਿਤ 'ਮੁਕਤੀ ਲਈ ਸਾਂਸਕ੍ਰਿਤਕ ਕਾਰਜ ਹੈ।'

*—ਹਿੰਦੀ ਤੋਂ ਅਨੁਵਾਦ*

❖



## ਫੀਲਡ ਕਾਸਟਰੋ ਦਾ 'ਦਲਿਤ ਜਨਤਾ' ਤੋਂ ਭਾਵ

ਸੰਸਾਰ ਦੇ ਪ੍ਰਸਿੱਧ ਕ੍ਰਾਂਤੀਕਾਰੀ, ਸਮਾਜਵਾਦੀ ਕਿਊਬਾ ਦੇ ਰਾਸ਼ਟਰਪਤੀ ਫੀਡਲ ਕਾਸਟਰੋ, ਜਦੋਂ 1953 ਵਿਚ ਪਹਿਲੇ ਕ੍ਰਾਂਤੀਕਾਰੀ ਐਕਸ਼ਨ ਸਮੇਂ ਪਕੜੇ ਗਏ ਸਨ ਤਾਂ ਉਹਨਾਂ ਉੱਪਰ ਬਗਾਵਤ ਦਾ ਜੋ ਮੁਕੱਦਮਾ ਆਮ ਜਨਤਾ ਦੀ ਨਜ਼ਰ ਤੋਂ ਦੂਰ, ਪੱਤਰਕਾਰਾਂ ਨੂੰ ਵਰਜ ਕੇ ਅਤੇ ਖੁਫੀਆਂ ਢੰਗ ਨਾਲ 'ਸੈਂਤਿਆਗੋ ਡੀ ਕਿਊਬਾ' ਦੇ ਇਕ ਹਸਪਤਾਲ ਦੀ ਨੁਕਰ ਵਿਚ ਅਦਾਲਤ ਬਣਾ ਕੇ ਚਲਾਇਆ ਗਿਆ ਸੀ, ਜਿਸ ਵਿਚ ਉਹਨਾਂ ਨੂੰ ਵਕੀਲ ਦੀ ਸਹੂਲਤ ਵੀ ਪ੍ਰਾਪਤ ਨਹੀਂ ਸੀ। ਇਸ ਲਈ ਉਹਨਾਂ ਨੂੰ ਆਪਣਾ ਪੱਖ ਆਪ ਪੇਸ਼ ਕਰਨਾ ਪਿਆ ਸੀ। ਉਹਨਾਂ ਅਦਾਲਤ ਵਿਚ 23 ਅਕਤੂਬਰ 1953 ਨੂੰ ਜੋ ਬਿਆਨ ਦਿੱਤਾ ਸੀ ਉਹ "ਇਤਿਹਾਸ ਮੈਨੂੰ ਸਹੀ ਸਾਬਤ ਕਰੇਗਾ" ਦੇ ਸਿਰਲੇਖ ਹੇਠ ਸੰਸਾਰ ਪ੍ਰਸਿੱਧ ਹੈ। ਇਹ ਦੁਨੀਆਂ ਦੀ ਲਗਪਗ ਹਰ ਭਾਸ਼ਾ ਵਿਚ ਅਨੁਵਾਦ ਹੋ ਚੁੱਕਾ ਹੈ।

ਇਸ ਭਾਸ਼ਨ ਵਿੱਚ ਕੁਝ ਪਹਿਰੇ, ਸਮਾਜ ਦੇ ਉਸ ਹਿੱਸੇ ਦੀ ਨਿਸ਼ਾਨ ਦੇਹੀ ਕਰਦੇ ਹਨ ਜਿਸ ਦੀ ਮੁਕਤੀ ਲਈ ਉਹਨਾਂ ਕ੍ਰਾਂਤੀਕਾਰੀ ਸੰਘਰਸ਼ ਸ਼ੁਰੂ ਕੀਤਾ ਸੀ। ਇਹ ਪਹਿਰੇ ਸਾਨੂੰ ਇਹ ਸਮਝਣ ਵਿਚ ਸਹਾਇਕ ਹੁੰਦੇ ਹਨ ਕਿ ਵਿਆਪਕ ਰੂਪ ਵਿਚ 'ਦਲਿਤ ਜਨਤਾ' ਤੋਂ ਕੀ ਅਰਥ-ਭਾਵ ਹੈ। ਵੈਸੇ ਤਾਂ ਸਮਾਜ ਦਾ ਹਰ ਵਰਗ ਹੀ ਆਪੋ ਆਪਣੀ ਸਥਿਤੀ ਵਿਚ ਪੂੰਜੀਵਾਦੀ ਪ੍ਰਬੰਧ ਹੇਠ ਕਸ਼ਟ ਭੋਗ ਰਿਹਾ ਹੈ ਪ੍ਰੰਤੂ ਵਿਸ਼ੇਸ਼ ਤੌਰ ਉੱਪਰ ਸਮਾਜ ਦੇ ਵੱਡੇ ਹਿੱਸੇ ਦੇ ਮਿਹਨਤਕਸ਼ ਤੇ ਕਰਮਚਾਰੀ, ਬੇਰੁਜ਼ਗਾਰ ਤੇ ਅਰਧ-ਰੁਜ਼ਗਾਰ, ਵਿਦਿਆਰਥੀ ਅਤੇ ਅਧਿਆਪਕ, ਨੌਜੁਆਨ ਤੇ ਬਜ਼ੁਰਗ, ਗੱਲ ਕੀ ਇਸ ਵਰਗ ਦਾ ਹਰ ਇਸਤਰੀ ਮਰਦ ਅਤੇ ਬੱਚਾ ਪੂੰਜੀਵਾਦੀ ਪ੍ਰਬੰਧ ਹੇਠ ਬੇਕਿਰਕੀ ਨਾਲ ਪੀੜਿਆ ਜਾ ਰਿਹਾ ਹੈ। ਪ੍ਰੰਤੂ ਸਾਡੇ ਦੇਸ਼ ਦੀ ਜਨਤਾ ਦਾ ਇਕ ਵਿਸ਼ਾਲ ਹਿੱਸਾ ਜੋ ਹਜ਼ਾਰਾਂ ਸਾਲਾਂ ਤੋਂ ਸ਼ੂਦਰਾਂ ਦੇ ਨਾਂ ਹੇਠ ਦੁਖਦ ਵਿਤਕਰਿਆਂ ਦੇ ਕਾਰਨ ਨਰਕੀ ਜੀਵਨ ਵਿਚ ਕਸ਼ਟ ਭੋਗਦਾ ਰਿਹਾ ਹੈ ਉਹਨਾਂ ਦੀ ਮੁਕਤੀ ਸਮੁੱਚੇ ਸਮਾਜ ਦੇ ਮੁਕਤੀ ਸੰਘਰਸ਼ ਦਾ ਅਨਿਖੜ ਪੱਖ ਹੈ।

ਅੱਜ ਦੀ ਸਥਿਤੀ ਵਿਚ ਦਲਿਤ-ਮੁਕਤੀ, ਭਾਰਤ ਦੇ ਸਮੁੱਚੇ ਸਮਾਜ ਵਿਚ, ਕਸ਼ਟ ਭੋਗਣ ਵਾਲੇ ਦੂਸਰੇ ਵਰਗਾਂ ਤੇ ਤੱਤਾਂ ਦੇ ਸਾਂਝੇ ਸੰਘਰਸ਼ ਹੀ, ਉਸ ਖੁਸ਼ੀਆਂ ਭਰੀ ਪ੍ਰਭਾਤ ਨੂੰ ਲਿਆਉਣਗੇ, ਜਿਸ ਲਈ ਸੁਤੰਤਰਤਾ ਸੰਗਰਾਮ ਵਿਚ ਦੇਸ਼ ਭਗਤਾਂ ਨੇ ਸ਼ਹਾਦਤਾਂ, ਜੇਲ੍ਹਾਂ ਤੇ ਹੋਰ ਕੁਰਬਾਨੀਆਂ ਵਿਚ ਅਕਹਿ ਕਸ਼ਟ ਝੱਲੇ ਸਨ ਪਰ ਉਸ ਦਿਨ ਤੋਂ ਸਮਾਜ ਹਾਲੇ ਵੀ ਵਿਰਵਾ ਹੀ ਹੈ।

ਅੱਜ ਭਾਰਤ ਦੀ ਜਨਤਾ ਨੂੰ ਜਿਸ ਘਰੇਲੂ ਸਾਮੰਤੀ ਪੂੰਜੀਵਾਦੀ ਗੱਠਜੋੜ, ਜਾਤੀ ਅਭਿਮਾਨੀਆਂ, ਹਿੰਦੂ-ਫਿਰਕੂ-ਫਾਸ਼ੀ ਸ਼ਕਤੀਆਂ ਸਮੇਤ ਅਮਰੀਕਨ ਸਾਮਰਾਜ ਦੇ ਆਰਥਿਕ ਗਲਬੇ ਤੇ ਸ਼ੋਸ਼ਨ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ, ਉਸ ਤੋਂ ਮੁਕਤੀ ਦਾ ਰਾਹ ਕੇਵਲ ਵਰਗ ਸੰਘਰਸ਼ ਹੀ ਹੈ ਜੋ ਸਮੁੱਚੀ ਦੱਬੀ ਕੁਚਲੀ ਦਲਿਤ ਜਨਤਾ, ਸਾਂਝਾ ਮੋਰਚਾ ਬਣਾ ਤੇ ਲੜ ਕੇ ਹੀ ਸਫਲ ਹੋ ਸਕਦੀ ਹੈ। ਭਾਵੇਂ ਵੱਖ-ਵੱਖ ਤਬਕਿਆਂ ਦੇ ਆਪੋ ਆਪਣੇ ਸੰਘਰਸ਼ ਉਹਨਾਂ ਦੇ, ਹੇਠਾਂ ਦੀਆਂ ਤਹਿਆ ਦੇ ਲੋਕਾਂ ਨੂੰ ਜਾਗਰਤ ਕਰਨ ਲਈ ਆਪਣੀ ਕਿਸਮ ਦਾ ਮਹੱਤਵਪੂਰਨ ਰੋਲ ਅਦਾ ਕਰਦੇ ਹਨ ਪ੍ਰੰਤੂ ਸਾਂਝੇ ਸੰਘਰਸ਼ ਦਾ ਸੰਕਲਪ, ਇਹ ਤਬਕਾਤੀ ਸੰਘਰਸ਼ ਕਰਦਿਆਂ ਕਦੀ ਅੱਖੋਂ ਉਹਲੇ ਨਹੀਂ ਹੋਣਾ ਚਾਹੀਦਾ ਹੈ। ਕੌਮਾਂਤਰੀ ਪੱਧਰ ਉੱਪਰ ਅਸੀਂ ਦੇਖ ਰਹੇ ਹਾਂ ਕਿ ਸੰਸਾਰ ਦੇ ਸੱਤ ਵੱਡੇ ਪੂੰਜੀਵਾਦੀ ਸਾਮਰਾਜੀ ਦੇਸ਼ਾਂ ਦੇ ਸਿਖਰ ਸਮੇਲਨਾਂ ਦਾ ਵਿਰੋਧ ਸੈਂਕੜੇ ਵੱਖ-ਵੱਖ ਸਮਾਜੀ ਤਬਦੀਲੀ ਚਾਹੁੰਣ ਵਾਲੇ ਗਰੁੱਪ ਅਤੇ ਤੱਤ ਮਿਲਕੇ ਕਰ ਰਹੇ ਹਨ। ਸਾਂਝੇ ਸੰਘਰਸ਼ ਦੀ ਲੋੜ ਅਤੇ ਮਹੱਤਤਾ ਪਹਿਲੇ ਸਾਰੇ ਸਮਿਆਂ ਨਾਲੋਂ ਅੱਜ ਸਭ ਤੋਂ ਵੱਧ ਜ਼ਰੂਰੀ ਹੈ।

ਫੀਡਲ ਕਾਸਟਰੋ ਆਪਣੇ ਅਦਾਲਤ ਦੇ ਸਾਹਮਣੇ ਦਿੱਤੇ ਭਾਸ਼ਨ ਵਿੱਚ ਕਹਿੰਦੇ ਹਨ— "ਮੈਂ ਕਿਹਾ ਹੈ ਕਿ ਜਿਸ ਦੂਸਰੇ ਵਿਚਾਰ ਉੱਪਰ ਅਸੀਂ ਆਪਣੀ ਸਫਲਤਾ ਦੀ ਸੰਭਾਵਨਾ ਨੂੰ ਆਂਕਿਆ ਸੀ ਉਹ ਵਿਚਾਰ ਸਮਾਜਿਕ ਵਿਵਸਥਾ ਦਾ ਸੀ ਕਿਉਂਕਿ ਸਾਨੂੰ ਲੋਕ-ਸਮਰਥਨ ਹੋਣ ਦਾ ਪੱਕਾ ਯਕੀਨ ਸੀ। ਜਦੋਂ ਅਸੀਂ ਜਨਤਾ ਦੀ ਗੱਲ ਕਰਦੇ ਹਾਂ ਤਾਂ ਸਾਡਾ ਮਤਲਬ ਰਾਈਸਾਂ ਅਤੇ ਦੇਸ਼ ਦੇ ਦਕੀਆਨੂਸੀ ਤੱਤਾਂ ਤੋਂ ਹਰਗਿਜ਼ ਨਹੀਂ ਹੁੰਦਾ ਜੋ ਕਿਸੇ ਵੀ ਜ਼ਾਲਮ ਸਰਕਾਰ, ਕਿਸੇ ਵੀ ਤਾਨਾਸ਼ਾਹ ਨਿਰੰਕੁਸ਼ਤਾ ਦਾ ਸੁਆਗਤ ਕਰਨ ਤੇ ਸਮੇਂ ਦੇ ਹਾਕਮਾਂ ਦੇ ਸਾਹਮਣੇ ਨੱਕ ਰਗੜਨ ਦੇ ਲਈ ਤਤਪਰ ਰਹਿੰਦੇ ਹਨ, ਜਦ ਤੱਕ ਕਿ ਉਹ ਆਪਣੇ ਮੱਥੇ ਰਗੜ- ਰਗੜ ਕੇ ਦੂਰ ਨਹੀਂ ਕਰ ਲੈਂਦੇ। ਜਦੋਂ ਅਸੀਂ ਸੰਘਰਸ਼ ਦੀ ਗੱਲ ਕਰਦੇ ਹਾਂ ਤਾਂ ਜਨਤਾ ਤੋਂ ਸਾਡਾ ਮਤਲਬ ਉਸ ਵਿਸ਼ਾਲ ਜਨ ਸਮੂਹ ਤੋਂ ਹੁੰਦਾ ਹੈ, ਜਿਸ ਦੇ ਨਾਲ ਵਾਅਦੇ ਸਾਰੇ ਲੋਕ ਕਰਦੇ ਹਨ ਅਤੇ ਜਿਸ ਨੂੰ ਧੋਖਾ ਵੀ ਸਾਰੇ ਲੋਕ ਦਿੰਦੇ ਹਨ, ਜਨਤਾ ਤੋਂ ਮੁਰਾਦ ਉਹਨਾਂ ਲੋਕਾਂ ਤੋਂ ਹੈ ਜੋ ਇਕ ਵਧੀਆ, ਬਹੁਤ ਸਨਮਾਨ ਪੂਰਨ ਅਤੇ ਨਿਆਂਪੂਰਨ ਰਾਸ਼ਟਰ ਦੀ ਉਸਾਰੀ ਦੀ ਇੱਛਾ ਕਰਦੇ ਹਨ। ਜੋ ਨਿਆਂ ਪ੍ਰਾਪਤੀ ਦੇ ਲਈ ਅਨੇਕ ਪੀੜ੍ਹੀਆਂ ਤੋਂ ਪ੍ਰੇਰਿਤ ਹੁੰਦੇ ਹਨ ਕਿਉਂਕਿ ਪੀੜ੍ਹੀ ਦਰ ਪੀੜ੍ਹੀ ਉਹਨਾਂ ਨੂੰ ਨਿਆਂ ਤੋਂ ਵੰਚਿਤ ਰੱਖਿਆ ਗਿਆ ਹੈ ਅਤੇ ਉਹਨਾਂ ਨੂੰ ਮਜ਼ਾਕ ਦਾ ਖਿਡਾਉਣਾ ਬਣਾਇਆ ਗਿਆ ਹੈ। ਅਸੀਂ ਜਨਤਾ ਉਹਨਾਂ ਲੋਕਾਂ ਨੂੰ ਕਹਿੰਦੇ ਹਾਂ ਜੋ ਆਪਣੇ ਜੀਵਨ ਦੇ ਸਾਰੇ ਪਹਿਲੂਆਂ ਵਿਚ ਵੱਡੀ ਬੁੱਧੀਮਤਾ ਪੂਰਨ ਪਰਿਵਰਤਨਾਂ ਦੇ ਲਈ ਲੱਕ ਬੰਨ੍ਹੀ ਖੜੇ ਹਨ ਅਤੇ ਉਸ ਪਰਿਵਰਤਨ ਨੂੰ ਲਿਆਉਣ ਦੇ ਲਈ ਆਪਣੇ ਜੀਵਨ ਦੇ ਆਖਰੀ ਸੁਆਸ ਤੱਕ ਦਾ ਬਲੀਦਾਨ ਕਰਨ ਲਈ ਤਿਆਰ ਹਨ, ਇਸ ਦਾ ਅਰਥ ਹੈ ਉਹ ਕਿਸੇ ਵਸਤ ਵਿਚ ਜਾਂ ਕਿਸੇ ਵਿਅਕਤੀ ਵਿਚ ਅਤੇ ਵਿਸ਼ੇਸ਼ ਰੂਪ ਵਿਚ ਆਪਣੇ ਆਪ ਉੱਪਰ ਵਿਸ਼ਵਾਸ ਰੱਖਦੇ ਹਨ। ਆਪਣਾ ਉਦੇਸ਼ ਬਿਆਨ ਕਰਨ ਦੇ ਸਿਲਸਿਲੇ ਵਿਚ ਈਮਾਨਦਾਰੀ, ਸੱਚਾਈ ਜਾਂ ਵਫਾਦਾਰੀ ਦੀ ਪਹਿਲੀ ਸ਼ਰਤ ਇਹ ਹੈ ਕਿ ਠੀਕ ਉਹੀ ਗੱਲ ਕਰੀਏ ਜੋ ਦੂਸਰੇ ਨਹੀਂ ਕਰਦੇ, ਇਸ ਦਾ ਅਰਥ ਹੈ, ਬਿਲਕੁਲ ਸਾਫ ਤੌਰ ਤੇ ਨਿਡਰ ਹੋਕੇ ਗੱਲ ਕਰੀਏ। ਵੱਡੇ ਵੱਡੇ ਗਾਲੜੀ ਅਤੇ ਪੇਸ਼ਾਵਰ ਰਾਜਨੀਤੀਵਾਨ ਜੋ ਹਰ ਗੱਲ ਵਿਚ ਅਤੇ ਹਰ ਸਮੇਂ ਸਹੀ ਹੋਣ ਦਾ ਦੰਭ ਕਰਦੇ ਹਨ, ਹਮੇਸ਼ਾ ਹੀ ਲੋੜ ਪੈਣ ਤੇ ਹਰ ਗੱਲ ਵਿਚ ਹਰ ਕਿਸੇ ਨਾਲ ਧੋਖਾਧੜੀ ਕਰਦੇ ਹਨ। ਕ੍ਰਾਂਤੀਕਾਰੀਆਂ ਨੂੰ ਆਪਣੇ ਵਿਚਾਰ ਸਾਹਸ ਨਾਲ ਨਿਡਰ ਹੋ ਕੇ ਪੇਸ਼ ਕਰਨੇ ਚਾਹੀਦੇ ਹਨ। ਸਾਨੂੰ ਆਪਣੇ ਸਿਧਾਂਤਾਂ ਦੀ ਪ੍ਰੀਭਾਸ਼ਾ ਅਤੇ ਆਪਣੇ ਇਰਾਦਿਆਂ ਦਾ ਪ੍ਰਗਟਾ ਇਸ ਪ੍ਰਕਾਰ ਕਰਨਾ ਚਾਹੀਦਾ ਹੈ ਤਾਂ ਜੋ ਦੋਸਤ ਤੇ ਦੁਸ਼ਮਣ ਕਿਸੇ ਨਾਲ ਵੀ ਧੋਖਾ ਨਾ ਹੋਵੇ।"

"ਆਪਣੇ ਸੰਘਰਸ਼ ਦੇ ਲਈ ਅਸੀਂ ਜਿਸ ਜਨਤਾ ਉਪਰ ਭਰੋਸਾ ਕਰਦੇ ਹਾਂ ਉਸ ਵਿਚ ਇਹ ਲੋਕ ਸ਼ਾਮਲ ਹਨ :—

1) ਛੇ ਲੱਖ ਬੇਰੁਜ਼ਗਾਰ ਕਿਊਬਾਵਾਸੀ ਜੋ ਬਿਨਾਂ ਕਿਸੇ ਕੰਮ ਦੇ ਇਧਰ ਉਧਰ ਧੱਕੇ ਖਾ ਰਹੇ ਹਨ। ਜੋ ਈਮਾਨਦਾਰੀ ਨਾਲ ਆਪਣੀ ਰੋਜ਼ੀ ਕਮਾਉਣ ਦੀ ਕਾਮਨਾ ਕਰਦੇ ਹਨ ਅਤੇ ਚਾਹੁੰਦੇ ਹਨ ਕਿ ਇਸ ਦੇ ਲਈ ਉਹਨਾਂ ਨੂੰ ਦੇਸ਼ ਛੱਡ ਕੇ ਬਾਹਰ ਨਾ ਜਾਣਾ ਪਵੇ।

2) ਪੰਜ ਲੱਖ ਖੇਤ ਮਜ਼ਦੂਰ ਜੋ ਤਰਸਯੋਗ ਝੌਂਪੜੀਆਂ ਵਿਚ ਆਪਣੀ ਜ਼ਿੰਦਗੀ ਕੱਟਦੇ ਹਨ, ਸਾਲ ਵਿਚ ਚਾਰ ਮਹੀਨੇ ਕੰਮ ਕਰਦੇ ਹਨ ਅਤੇ ਬਾਕੀ ਦਿਨ ਫਾਕਾਮਸਤੀ ਕਰਦੇ ਹਨ, ਆਪਣੇ ਬੱਚਿਆਂ ਦੇ ਨਾਲ ਮਿਲਕੇ ਮੁਸੀਬਤ ਦੇ ਪਹਾੜ ਜਰਦੇ ਹਨ, ਜਿਨ੍ਹਾਂ ਦੇ ਕੋਲ ਖੇਤੀ ਕਰਨ ਦੇ ਲਈ ਆਪਣੀ ਇਕ ਇੰਚ ਜ਼ਮੀਨ ਵੀ ਨਹੀਂ ਹੈ ਅਤੇ ਜਿਨ੍ਹਾਂ ਦੇ ਤਰਸਯੋਗ ਜੀਵਨ ਨੂੰ ਦੇਖਕੇ ਪੱਥਰ ਦਿਲ ਵੀ ਪਿਘਲ ਜਾਣ।

3) ਚਾਰ ਲੱਖ ਉਦਯੋਗਿਕ ਮਜ਼ਦੂਰ ਅਤੇ ਕਰਮਚਾਰੀ, ਜਿਨ੍ਹਾਂ ਦੇ ਰਿਟਾਇਰ ਹੋਣ ਮਗਰੋਂ ਸੁਰੱਖਿਅਤ ਪੈਸੇ ਦਾ ਨਿਯਮਤ ਰੂਪ ਵਿਚ ਗਬਨ ਕਰ ਲਿਆ ਜਾਂਦਾ ਹੈ। ਜਿਨ੍ਹਾਂ ਨੂੰ ਹਰ ਪ੍ਰਕਾਰ ਦੇ ਸੁੱਖ ਸੁਵਿਧਾ ਤੋਂ



ਸੱਖਣੇ ਰੱਖਿਆ ਜਾਂਦਾ ਹੈ, ਜਿਨ੍ਹਾਂ ਦੇ ਰਹਿਣ ਦੀ ਥਾਂ ਸੂਰਵਾੜਿਆਂ ਤੋਂ ਵੀ ਭੈੜੀ ਹਾਲਤ ਵਿਚ ਹੈ। ਜਿਨ੍ਹਾਂ ਦੀ ਤਨਖਾਹ ਮਾਲਕਾਂ ਕੋਲੋਂ ਨਿਕਲ ਕੇ ਮਹਾਜਨ ਦੀ ਤਜੌਰੀ ਵਿਚ ਚਲੀ ਜਾਂਦੀ ਹੈ। ਜਿਨ੍ਹਾਂ ਦਾ ਭਵਿੱਖ ਹੈ, ਤਨਖਾਹ ਵਿਚ ਕਟੌਤੀ ਅਤੇ ਨੌਕਰੀ ਤੋਂ ਬਰਖਾਸਤਗੀ। ਜਿਨ੍ਹਾਂ ਦੇ ਭਾਗਾਂ ਵਿਚ ਨਿਰੰਤਰ ਸਾਰੀ ਉਮਰ ਕੰਮ ਕਰਦੇ ਰਹਿਣਾ ਅਤੇ ਆਰਾਮ ਦੇ ਲਈ ਕਬਰ ਵਿਚ ਪੈ ਜਾਣਾ ਲਿਖਿਆ ਹੈ।

4) ਇਕ ਲੱਖ ਛੋਟੇ ਕਿਸਾਨ ਜੋ ਅਜਿਹੀ ਜ਼ਮੀਨ ਉੱਤੇ ਕੰਮ ਕਰਦੇ ਹਨ, ਜਿਉਂਦੇ ਹਨ, ਮਰਦੇ ਹਨ ਜੋ ਉਹਨਾਂ ਦੀ ਆਪਣੀ ਨਹੀਂ ਹੈ, ਉਹ ਨਿਰਾਸ਼ਾਭਰੀ ਨਜ਼ਰ ਨਾਲ ਉਸ ਤਰ੍ਹਾਂ ਜ਼ਮੀਨ ਨੂੰ ਦੇਖਦੇ ਹਨ ਜਿਵੇਂ ਮੂਸਾ ਨੇ ਜ਼ਮੀਨ ਦੇ ਟੁਕੜੇ ਉੱਤੇ ਟਿਕਟਿਕੀ ਬੰਨ੍ਹੀ ਦੇਖਦਿਆਂ ਆਪਣੇ ਪ੍ਰਾਣ ਤਿਆਗ ਦਿੱਤੇ ਸਨ। ਕਿਉਂਕਿ ਉਸ ਨੂੰ ਜ਼ਮੀਨ ਦੇਣ ਦਾ ਵਾਅਦਾ ਕੀਤਾ ਸੀ, ਪ੍ਰੰਤੂ ਜ਼ਮੀਨ ਦਿੱਤੀ ਨਹੀਂ ਗਈ ਸੀ। ਜਿਸ ਨੂੰ ਸਾਮੰਤੀ ਯੁੱਗ ਦੇ ਗੁਲਾਮਾਂ ਵਾਂਗ ਆਪਣੀ ਉਪਜ ਦਾ ਵੱਡਾ ਹਿੱਸਾ ਆਪਣੇ ਸਾਮੰਤ ਮਾਲਕ ਨੂੰ ਦੇਣਾ ਪੈਂਦਾ ਸੀ। ਉਸ ਨੂੰ ਆਪਣੀ ਜ਼ਮੀਨ ਨਾਲ ਪਿਆਰ ਕਰਨ, ਉਸ ਵਿਚ ਸੁਧਾਰ ਕਰਨ, ਉਸ ਨੂੰ ਸੁੰਦਰ ਬਣਾਉਣ, ਉਸ ਵਿਚ ਦੇਵਦਾਰ ਜਾਂ ਸੰਤਰੇ ਦਾ ਕੋਈ ਰੁੱਖ ਲਾਉਣ ਦਾ ਵੀ ਅਧਿਕਾਰ ਪ੍ਰਾਪਤ ਨਹੀਂ ਹੈ, ਕਿਉਂਕਿ ਉਸ ਦੇ ਸਿਰ ਉੱਪਰ ਇਹ ਖਤਰਾ ਮੰਡਲਾਉਂਦਾ ਰਹਿੰਦਾ ਹੈ ਕਿ ਕਦੋਂ ਜਾਗੀਰਦਾਰ ਦੇ ਕਾਰਿੰਦੇ ਆ ਜਾਣ ਤੇ ਉਸ ਨੂੰ ਜ਼ਮੀਨ ਤੋਂ ਬੇਦਖਲ ਕਰ ਦੇਣ।

5) ਤੀਹ ਹਜ਼ਾਰ ਅਧਿਆਪਕ ਅਤੇ ਪ੍ਰੋਫੈਸਰ ਜੋ ਆਉਣ ਵਾਲੀਆਂ ਪੀੜ੍ਹੀਆਂ ਦੇ ਸੁੰਦਰ ਭਵਿੱਖ ਦੇ ਲਈ ਪੂਰਨ ਰੂਪ ਨਿਸ਼ਠਾਵਾਨ ਹਨ ਅਤੇ ਸਮਰਪਤ ਹਨ ਅਤੇ ਜਿਨ੍ਹਾਂ ਨਾਲ ਬਹੁਤ ਹੀ ਅਨੁਚਿਤ ਸਲੂਕ ਕੀਤਾ ਜਾਂਦਾ ਹੈ।

6) ਵੀਹ ਹਜ਼ਾਰ ਛੋਟੇ ਦੁਕਾਨਦਾਰ ਅਤੇ ਵਪਾਰੀ ਜੋ ਕਰਜ਼ਿਆਂ ਦੇ ਭਾਰ ਹੇਠ ਦੱਬੇ ਪਏ ਹਨ, ਸੰਕਟ ਨਾਲ ਤਬਾਹ ਹੋ ਰਹੇ ਹਨ। ਜਿਹੜੇ ਬਹਾਨੇਬਾਜ਼ ਤੇ ਰਿਸ਼ਵਤ ਖੋਰ ਅਧਿਕਾਰੀਆਂ ਦੇ ਗੁੱਸੇ ਦਾ ਸ਼ਿਕਾਰ ਹੁੰਦੇ ਹਨ।

7) ਦਸ ਹਜ਼ਾਰ ਨੌਜੁਆਨ ਪੇਸ਼ਾਵਰ-ਡਾਕਟਰ, ਇੰਜੀਨੀਅਰ, ਵਕੀਲ, ਸਲੋਤਰੀ, ਸਕੂਲ ਅਧਿਆਪਕ, ਦੰਦਾਂ ਦੇ ਡਾਕਟਰ, ਫਾਰਮਸਿਸਟ, ਪੱਤਰਕਾਰ, ਚਿੱਤਰਕਾਰ, ਮੂਰਤੀਘਾੜੇ ਆਦਿ ਜੋ ਸਕੂਲੀ ਡਿਗਰੀਆਂ ਲੈ ਕੇ ਨਿਕਲਦੇ ਹਨ, ਕੰਮ ਕਰਨ ਦੀ ਇੱਛਾ ਅਤੇ ਆਸ ਲੈ ਕੇ, ਜਿਨ੍ਹਾਂ ਨੂੰ ਠੋਕਰਾਂ ਖਾਣ ਮਗਰੋਂ ਪਤਾ ਲੱਗਦਾ ਹੈ ਕਿ ਉਹ ਤਾਂ ਅੰਤਮ ਕਿਨਾਰੇ ਤੇ ਪੁੱਜ ਗਏ ਹਨ। ਜਿਥੇ ਉਹਨਾਂ ਲਈ ਸਾਰੇ ਦਰਵਾਜ਼ੇ ਬੰਦ ਹਨ ਅਤੇ ਕੋਈ ਵੀ ਬੰਦਾ ਉਹਨਾਂ ਦੀ ਦੁਖਭਰੀ ਕਥਾ ਸੁਣਨ ਲਈ ਤਿਆਰ ਨਹੀਂ ਹੈ।

ਇਹੋ ਜਨਤਾ ਹੈ, ਇਹੋ ਉਹ ਲਕ ਹਨ, ਜਿਨ੍ਹਾਂ ਨੇ ਮੁਸੀਬਤਾਂ ਦੇ ਪਹਾੜ ਝੱਲੇ ਹਨ, ਇਸ ਲਈ ਅਸੀਮ ਸਾਹਸ ਦੇ ਨਾਲ ਸੰਘਰਸ਼ ਕਰਨ ਵਿਚ ਪੂਰੀ ਤਰ੍ਹਾਂ ਸਮਰੱਥ ਹਨ।

ਇਹੋ ਉਹ ਲੋਕ ਹਨ ਜਿਨ੍ਹਾਂ ਦੇ ਜੀਵਨ ਦੇ ਰਾਹਾਂ ਵਿਚ ਵਿਸ਼ਵਾਸਘਾਤ ਅਤੇ ਝੂਠ ਲਾਰਿਆਂ ਦੇ ਕੁਟਲਤਾ ਪੂਰਨ ਚੱਕ ਪੂਰੇ ਜਾਂਦੇ ਹਨ। ਇਹਨਾਂ ਨੂੰ ਅਸੀਂ ਇਹ ਨਹੀਂ ਕਹਿ ਸਕਦੇ ਸੀ ਕਿ "ਅਸੀਂ ਤੁਹਾਨੂੰ ਇਹ ਦੇਵਾਂਗੇ।" ਸਗੋਂ ਅਸੀਂ ਕਿਹਾ, "ਇਹ ਸੁੰਦਰ ਭਵਿੱਖ ਤੁਹਾਡਾ ਹੈ, ਆਪਣੀ ਪੂਰੀ ਸ਼ਕਤੀ ਦੇ ਨਾਲ ਇਸ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਕਰੀਏ ਤਾਂ ਜੋ ਸੁਤੰਤਰਤਾ ਅਤੇ ਖੁਸ਼ੀਆਂ ਤੁਹਾਡੇ ਪੈਰਾਂ ਨੂੰ ਆਕੇ ਚੁੰਮ ਲੈਣ।" ❑

***(—ਇਤਿਹਾਸ ਮੈਨੂੰ ਸਹੀ ਸਾਬਤ ਕਰੇਗਾ ਵਿਚੋਂ)***

# ਪੰਜਾਬੀ ਕਹਾਣੀ ਦੀ ਦਲਿਤ ਚੇਤਨਾ/ਡਾ. ਸੁਖਪਾਲ ਸਿੰਘ ਥਿੰਦ

'ਦਲਿਤ' ਅਤੇ 'ਦਲਿਤ ਚੇਤਨਾ' ਦੇ ਸੰਕਲਪ ਰਾਜਨੀਤੀ ਦੇ ਗਲਿਆਰਿਆਂ ਵਿਚ ਭਖਣ ਉਪਰੰਤ ਅਜੋਕੀ 'ਸਾਹਿਤ ਦੀ ਰਾਜਨੀਤੀ' ਵਿਚ ਸਭ ਤੋਂ ਚਰਚਿਤ ਮੁੱਦੇ ਹਨ। ਇਹ ਸੰਕਲਪ ਭਾਰਤੀ ਰਾਜਨੀਤੀ ਲਈ ਏਨੇ ਮਹੱਤਵਪੂਰਨ ਹਨ ਕਿ ਕਿਸੇ ਵੀ ਪਾਰਟੀ ਵਲੋਂ ਇਨ੍ਹਾਂ ਪ੍ਰਤੀ ਮੂੰਹ ਮੋੜਨਾ ਆਪਣੀ ਕਬਰ ਆਪ ਖੋਦਣ ਬਰਾਬਰ ਹੋਇਆ ਪਿਆ ਹੈ। ਖੱਬੇ ਪੱਖੀ, ਧਰਮ ਨਿਰਪੱਖ ਅਤੇ ਰਾਸ਼ਟਰਵਾਦੀ ਏਜੰਡਿਆਂ ਤੇ ਰਾਜਨੀਤੀ ਕਰਨ ਵਾਲੀ ਹਰ ਪਾਰਟੀ ਇਸ ਮੁੱਦੇ ਨੂੰ ਆਪਣੇ ਮੈਨੀਫੈਸਟੋ ਦਾ ਅਧਾਰ ਬਣਾ ਰਹੀ ਹੈ। ਹਰ ਪਾਰਟੀ ਆਪਣੇ ਮਜ਼ਬੂਤ ਰਾਜਨੀਤਕ ਅਧਾਰ ਲਈ ਇਸ ਮੁੱਦੇ ਨੂੰ ਆਪਣੇ ਆਪਣੇ ਢੰਗ ਨਾਲ ਵਰਤਣ ਲਈ ਯਤਨਸ਼ੀਲ ਹੈ। ਇਸ ਸੰਬੰਧ ਵਿਚ ਵੱਖ- ਵੱਖ ਰਾਜਨੀਤਕ ਪਾਰਟੀਆਂ ਦੀ ਕੀ ਰਾਜਨੀਤੀ ਹੈ ? ਇਹ ਪ੍ਰਸ਼ਨ ਇਕ ਵੱਖਰੀ ਚਰਚਾ ਦਾ ਮੁੱਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤੀ ਸਮਾਜ ਵਿਚਲੀ ਜਾਤੀ ਅਤੇ ਜਮਾਤੀ ਵੰਡ ਦੀ ਗੱਲ ਨੂੰ ਆਮ ਸਹਿਮਤੀ ਨਾਲ ਮੰਨ ਲਿਆ ਹੈ। ਭਾਰਤੀ ਸਮਾਜ ਵਿਚਲੀ ਇਹੀ ਵੰਡ ਭਾਰਤੀ, ਸਮਾਜ ਨੂੰ ਵਿਸ਼ਵ ਦੇ ਬਾਕੀ ਸਮਾਜਾਂ ਤੋਂ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਣ ਦੇ ਪਾਸੇ ਤੋਰਦੀ ਹੈ। ਸਾਡੇ ਸਮਾਜ ਵਿਚਲਾ 'ਦਲਿਤ' ਮਨੁੱਖ ਜਾਤੀ ਅਤੇ ਜਮਾਤੀ ਸੰਤਾਪ ਦੇ ਦੋਹਰੇ ਦੁੱਖ ਨੂੰ ਸਦੀਆਂ ਤੋਂ ਹੰਢਾਉਂਦਾ ਆਇਆ ਹੈ। ਉਹ ਆਰਥਿਕਤਾ ਦੀ ਪੌੜੀ ਦੇ ਹੇਠਲੇ ਡੰਡੇ ਤੇ ਰਹਿਣ ਦੇ ਨਾਲ-ਨਾਲ ਜਾਤੀਗਤ ਤ੍ਰਿਸਕਾਰ ਦੀ ਹੀਣਭਾਵਨਾ ਦੇ ਡੰਗਾਂ ਨੂੰ ਵੀ ਸਦੀਆਂ ਤੋਂ ਸਹਿੰਦਾ ਆਇਆ ਹੈ। ਇਸ ਲਈ ਹੀ 'ਦਲਿਤ ਚੇਤਨਾ' ਦੇ ਪ੍ਰਸੰਗ ਵਿਚ ਅਜਿਹੀ ਵਿਚਾਰਧਾਰਕ ਦ੍ਰਿਸ਼ਟੀ ਦੀ ਜ਼ਰੂਰਤ ਮਹਿਸੂਸ ਕੀਤੀ ਜਾਂਦੀ ਹੈ ਜੋ ਭਾਰਤੀ ਸਮਾਜ ਨੂੰ ਜਾਤ ਅਤੇ ਜਮਾਤ ਦੇ ਮਿਲਵੇਂ ਸਰੂਪ ਵਿਚ ਗ੍ਰਹਿਣ ਕਰਕੇ ਇਸ ਸਦੀਆਂ ਦੇ ਬੰਦ ਵਿਧਾਨਕ ਸਮਾਜ ਵਿਚ ਕ੍ਰਾਂਤੀਕਾਰੀ ਸੰਭਾਵਨਾਵਾਂ ਦੀਆਂ ਤਰੰਗਾਂ ਛੇੜ ਸਕੇ।

'ਦਲਿਤ' ਸ਼ਬਦ ਦੇ ਸੰਕਲਪਗਤ ਅਰਥਾਂ ਬਾਰੇ ਕਈ ਤਰ੍ਹਾਂ ਦੇ ਮੱਤ ਪੇਸ਼ ਕੀਤੇ ਜਾਂਦੇ ਹਨ। ਖੱਬੇ-ਪੱਖੀ ਰਾਜਨੀਤੀ ਨੂੰ ਪ੍ਰਣਾਏ ਕਈ ਚਿੰਤਕ ਇਸ ਸ਼ਬਦ ਨੂੰ 'ਦਰੜਿਆ ਹੋਇਆ' ਦੇ ਅਰਥਾਂ ਵਿਚ ਲੈਂਦੇ ਹਨ। ਉਹ ਇਸ ਸ਼ਬਦ ਨੂੰ ਇਸ ਦੇ ਸਮਾਜਿਕ, ਸਭਿਆਚਾਰਕ ਧਰਾਤਲ ਤੋਂ ਵਿਛੁੰਨ ਕੇ ਅਰਥ ਦਿੰਦੇ ਹਨ। ਇਸ ਨਾਲ ਜਾਤੀਗਤ ਤੌਰ ਤੇ ਦਰੜੇ ਮਨੁੱਖ ਦੀ ਗੱਲ ਪਿਛੋਕੜ ਵਿਚ ਚਲੀ ਜਾਂਦੀ ਹੈ। ਉਨ੍ਹਾਂ ਅਨੁਸਾਰ ਜਮਾਤੀਗਤ ਸਰੋਕਾਰ ਹੀ ਮਹੱਤਵਪੂਰਨ ਬਣਦੇ ਹਨ। ਇਸ ਤਰ੍ਹਾਂ ਕਰਦਿਆਂ ਉਹ ਆਰਥਿਕਤਾ ਨੂੰ ਧਰਾਤਲ ਬਣਾ ਕੇ ਹਰ ਜਾਤੀ ਦੇ ਮਨੁੱਖ ਨੂੰ ਦਲਿਤ ਵਿਚ ਸ਼ਾਮਲ ਕਰਦੇ ਹਨ। ਇਸ ਤਰ੍ਹਾਂ ਸਮੁੱਚੇ ਅਪਾਹਜ ਮਨੁੱਖ ਇਸ ਵਿਚ ਆਣ ਮਿਲਦੇ ਹਨ। ਸਥਿਤੀ ਦਾ ਦਿਲਚਸਪ ਪਹਿਲੂ ਇਹ ਹੁੰਦਾ ਹੈ ਕਿ ਸਮੁੱਚੀ ਨਾਰੀ ਹੀ ਆਪਣੇ ਜਾਤੀ ਅਤੇ ਜਮਾਤੀ ਸਰੋਕਾਰਾਂ ਤੋਂ ਅਲੱਗ ਹੋ ਕੇ ਦਲਿਤ ਬਣ ਜਾਂਦੀ ਹੈ। ਇਹ ਇਕ ਤਰ੍ਹਾਂ ਇਸ ਮਸਲੇ ਨੂੰ ਉਲਝਾਉਣ ਦੀ ਪੇਚੀਦਾ ਰਣਨੀਤੀ ਦੀ ਰਾਜਨੀਤੀ ਹੈ। ਇਸ ਗੱਲ ਬਾਰੇ ਆਮ ਸਹਿਮਤੀ ਹੋ ਜਾਣੀ ਚਾਹੀਦੀ ਹੈ ਕਿ ਦਲਿਤ ਮਨੁੱਖ ਦੀ ਗੱਲ ਕਰਨ ਲੱਗਿਆਂ ਕੇਂਦਰੀ ਧਰਾਤਲ ਸਦੀਆਂ ਤੋਂ ਜਾਤੀਗਤ ਤ੍ਰਿਸਕਾਰ ਦੀ ਪੀੜ ਝੱਲ ਰਹੇ ਮਨੁੱਖ ਨੂੰ ਹੀ ਦੇਣਾ ਬਣਦਾ ਹੈ। ਇਸ ਦੇ ਅਗਲੇ ਪੜਾਅ ਵਜੋਂ ਇਸ ਭਾਈਚਾਰੇ ਦੀ ਜਮਾਤੀ ਬਣਤਰ ਵਿਚ ਆਈਆਂ ਤਬਦੀਲੀਆਂ ਨੂੰ ਸਮਝਣ ਦੀ ਹੋ ਸਕਦੀ ਹੈ। ਇਸ ਸੂਝ ਨੂੰ ਫੇਰ ਸਮੁੱਚੇ ਭਾਈਚਾਰੇ ਦੀ ਜਮਾਤੀ ਵੰਡ ਦੇ ਸੰਦਰਭ ਵਿਚ ਨਿਸ਼ਚਿਤ ਕਰਕੇ ਭਵਿੱਖ ਦੀਆਂ ਕ੍ਰਾਂਤੀਕਾਰੀ ਸੰਭਾਵਨਾਵਾਂ ਨੂੰ ਲੱਭਿਆ ਜਾ ਸਕਦਾ ਹੈ। ਭਾਰਤੀ ਸਮਾਜ ਦੇ ਸੰਦਰਭ ਵਿਚ ਨਿਰਪੇਖ ਧਰਮ ਨਿਰਪੱਖਤਾ ਦੀ ਗੱਲ ਕਰਨਾ ਕੋਝਾ ਮਜ਼ਾਕ ਜਿਹਾ ਜਾਪਦਾ ਹੈ। ਇਹ ਅਸਲੀਅਤ ਤੋਂ ਅੱਖਾਂ ਮੋੜਨ ਵਾਲੀ ਗੱਲ ਹੈ। ਸਮੱਸਿਆ ਦਾ ਹੱਲ ਉਸ ਨੂੰ ਮੁਖਾਤਿਬ ਹੋਇਆਂ ਹੀ ਹੋਣਾ ਹੈ।

ਹੁਣ ਅਗਲੀ ਮਹੱਤਵਪੂਰਨ ਗੱਲ ਇਹ ਹੈ ਕਿ ਪੰਜਾਬੀ ਕਹਾਣੀ ਇਸ ਮਸਲੇ ਨੂੰ ਕਿਵੇਂ ਆਪਣੀ



ਸਿਰਜਣ ਪ੍ਰਕਿਰਿਆ ਦਾ ਅੰਗ ਬਣਾਉਂਦੀ ਰਹੀ ਹੈ ? ਪੰਜਾਬੀ ਕਹਾਣੀ ਤੇ ਡੂੰਘੀ ਝਾਤ ਮਾਰਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦਲਿਤ ਜੀਵਨ ਨਾਲ ਜੁੜੇ ਵਿਭਿੰਨ ਸਰਕਾਰ ਦੂਜੇ ਪੜਾਅ ਦੀ ਕਹਾਣੀ ਤੋਂ ਹੀ ਸਿਰਜਣ ਪ੍ਰਕਿਰਿਆ ਵਿਚ ਢਲਣੇ ਸ਼ੁਰੂ ਹੋ ਗਏ ਸਨ। ਵਿਸ਼ੇਸ਼ਕਰਕੇ ਸੁਜਾਨ ਸਿੰਘ (ਬਾਗਾਂ ਦਾ ਰਾਖਾ, ਪ੍ਰਾਹੁਣਾ, ਕੁਲ ਸ੍ਰੇਸ਼ਠ, ਗੁਰਪੁਰਬ, ਦੁੱਲੀ) ਸੰਤ ਸਿੰਘ ਸੇਖੋਂ (ਕੰਮ ਕਿ ਚੰਮ), ਸੰਤੋਖ ਸਿੰਘ ਧੀਰ (ਕੋਈ ਇਕ ਸਵਾਰ) ਕੁਲਵੰਤ ਸਿੰਘ ਵਿਰਕ (ਸਾਂਝ, ਤੂੜੀ ਦੀ ਪੰਡ) ਗੁਰਦਿਆਲ ਸਿੰਘ (ਚਾਰੇ ਦੀ ਪੰਡ, ਗਧੀ ਵਾਲਾ), ਦਲੀਪ ਕੌਰ ਟਿਵਾਣਾ (ਹੁੰਗਾਰਾ) ਆਦਿ ਕਹਾਣੀਆਂ ਵਿਚ ਦਲਿਤ ਜੀਵਨ ਦੇ ਵਿਭਿੰਨ ਪਸਾਰਾਂ ਨੂੰ ਸਿਰਜਣ ਪ੍ਰਕਿਰਿਆ ਵਿਚ ਢਾਲਦੇ ਹਨ। ਪ੍ਰੰਤੂ ਇਥੇ ਮਹੱਤਵਯੋਗ ਗੱਲ ਇਹ ਹੈ ਕਿ ਇਨ੍ਹਾਂ ਕਥਾਕਾਰਾਂ ਲਈ ਅਹਿਮ ਮੁੱਦਾ ਦਲਿਤ ਜੀਵਨ ਦੇ ਵਿਭਿੰਨ ਵੇਰਵੇ ਚਿੱਤਰ ਕੇ ਇਨ੍ਹਾਂ ਦੀ ਇਨਕਲਾਬ ਮੁੱਖ ਭੂਮਿਕਾ ਦੇ ਚਰਿੱਤਰ ਦੀ ਪਛਾਣ ਕਰਨਾ ਹੈ। ਇਨ੍ਹਾਂ ਕਹਾਣੀਆਂ ਵਿਚ ਪੇਸ਼ ਦਲਿਤ ਜਾਂ ਦਲਿਤ ਜੀਵਨ ਆਪਣੇ ਜਮਾਤੀ ਖਾਸੇ ਵਿਚ ਢਲਿਆ ਹੋਇਆ ਹੈ। ਸ਼੍ਰੇਣੀ ਕਿਰਦਾਰ ਦੀ ਆੜ ਵਿਚ ਜਾਤੀ ਕਿਰਦਾਰ ਹਾਸ਼ੀਏ ਤੇ ਹੀ ਵਿਚਰਦਾ ਹੈ। ਇਸ ਦੀ ਉਭਰਵੀਂ ਮਿਸਾਲ ਲਈ ਐਸ. ਤਰਸੇਮ ਦੀ 1972 ਵਿਚ ਛਪੀ ਕਹਾਣੀ 'ਛਤਰੀ ਵਾਲਾ ਖੂਹ' ਚੁਣੀ ਜਾ ਸਕਦੀ ਹੈ। ਇਸ ਕਹਾਣੀ ਵਿਚ ਮਜ਼ਬੀਆਂ ਦੇ ਵਿਹੜੇ ਵੋਟਾਂ ਮੰਗਣ ਆਏ ਸਰਦਾਰ ਸੁਦਾਗਰ ਸਿੰਘ ਨੂੰ ਇਕ ਨੌਜਵਾਨ ਇਹ ਉੱਤਰ ਦਿੰਦਾ ਹੈ—

"ਹਰੀਜਨ ਵਿਹੜਿਆਂ ਦੇ ਖੂਹਾਂ ਉੱਤੇ ਛਤਰੀ ਲਵਾਕੇ ਤਾਂ ਤੁਸੀਂ ਇਹ ਪੱਕੇ ਕਰ ਰਹੇ ਹੋ ਕਿ ਅਮਕਾ ਹਰੀਜਨਾਂ ਦਾ ਵਿਹੜਾ ਹੈ। .....ਖੂਹ ਤੇ ਛਤਰੀਆਂ ਦਾ ਲਾਲਚ ਦੇ ਕੇ ਇਕ ਪਾਸੇ ਤੁਸੀਂ ਵੋਟਾਂ ਵਟੋਰਨ ਆਏ ਹੋ ਦੂਜੇ ਪਾਸੇ ਸਾਨੂੰ ਹੋਰਾਂ ਸ਼੍ਰੇਣੀਆਂ ਨਾਲੋਂ ਨਖੇੜ ਰਹੇ ਹੋ।"

ਪਰ ਸਥਿਤੀ ਦਾ ਦੂਜਾ ਪੱਖ ਇਹ ਵੀ ਹੈ ਕਿ ਇਸ ਸਮੇਂ ਪ੍ਰੇਮ ਪ੍ਰਕਾਸ਼ ਆਪਣੀਆਂ ਕਹਾਣੀਆਂ ਵਿਚ ਜਾਤੀਗਤ ਮਸਲੇ ਨੂੰ ਸ਼੍ਰੇਣੀ ਕਿਰਦਾਰ ਨਾਲੋਂ ਤੋੜ ਕੇ ਨਿਰੋਲ ਜਾਤੀਗਤ ਮਸਲੇ ਵਜੋਂ ਚਿਤਵ ਰਿਹਾ ਸੀ। ਉਹ ਇਸ ਮਸਲੇ ਦੀਆਂ ਤੰਦਾਂ ਨੂੰ ਸਦੀਆਂ ਤੋਂ ਬਣੀ ਮਾਨਸਿਕਤਾ ਨਾਲ ਜੋੜਕੇ ਇਸ ਨੂੰ ਸੰਸਕਾਰਾਂ ਦੀ ਪੱਧਰ ਤੱਕ ਫੈਲਾ ਦਿੰਦਾ ਹੈ। ਭਾਰਤੀ ਮਨੁੱਖ ਦੇ ਅੰਦਰ ਜਾਤੀਗਤ ਵੰਡੀਆਂ ਸੰਬੰਧੀ ਉਸਦਾ ਤਰਕ ਹੈ ਕਿ ਇਹ ਉਸਦੀ ਮਾਨਸਿਕਤਾ ਦਾ ਸਥਿਰ ਅੰਗ ਬਣਕੇ ਉਸਦੇ ਸੰਸਕਾਰਾਂ ਵਿਚ ਸ਼ਾਮਲ ਹੋ ਚੁੱਕਾ ਹੈ। ਜਾਤੀਗਤ ਵੰਡੀਆਂ ਦੀ ਇਹ ਖੇਡ ਕੇਵਲ ਦਲਿਤ ਅਤੇ ਉੱਚ ਜਾਤੀਆਂ ਦੀ ਟਾਕਰਵੀਂ ਮਾਨਸਿਕਤਾ ਦਾ ਹੀ ਹਿੱਸਾ ਨਹੀਂ। ਸਗੋਂ ਇਸਦੇ ਹੋਰ ਵੀ ਕਈ ਪਸਾਰ ਹਨ। ਮਿਸਾਲ ਲਈ 'ਘਰ' ਕਹਾਣੀ ਵਿਚ ਬ੍ਰਾਹਮਣ ਪਰਿਵਾਰ ਦੀ ਗੀਟਾ ਕੌਸ਼ਲ, ਜੱਟ ਪਰਿਵਾਰ ਵਿਚ ਆ ਕੇ ਇਕ ਮਾਨਸਿਕ ਵਿੱਥ ਤੇ ਖਲੋਤੀ ਰਹਿੰਦੀ ਹੈ। ਜੱਟ ਮੁੰਡੇ ਨਾਲ ਵਿਆਹ ਕਰਕੇ ਉਹ ਆਪਣੇ ਪਰਿਵਾਰ ਤੋਂ ਤਾਂ ਟੁੱਟਦੀ ਹੀ ਹੈ ਆਪਣੇ ਸੌਹੁਰੇ ਪਰਿਵਾਰ ਵਿਚ ਵੀ ਸੰਸਕਾਰਾਂ ਦੀ ਵਿਭਿੰਨਤਾ ਕਾਰਣ ਇਕ ਦੂਰੀ ਬਣੀ ਰਹਿੰਦੀ ਹੈ। ਇਹੀ ਦੂਰੀ ਪ੍ਰੇਮ ਵਿਆਹ ਵਿਚ ਬਣੇ ਪਤੀ ਤੋਂ ਵੀ ਬਣੀ ਰਹਿੰਦੀ ਹੈ। ਉਹ ਤ੍ਰਿਸ਼ੰਕੂ ਸਥਿਤੀ ਵਿਚ ਲਟਕ ਕੇ ਸਥਿਤੀ ਦਾ ਦੁੱਖ ਭੋਗਦੀ ਹੈ। ਇਸੇ ਪ੍ਰਕਾਰ ਦੀ ਮਨੋ ਸੰਰਚਨਾ ਨੂੰ ਪ੍ਰੇਮ ਪ੍ਰਕਾਸ਼ 1970 ਵਿਚ ਆਪਣੀ ਛਪੀ ਕਹਾਣੀ 'ਲੱਛਮੀ' ਵਿਚ ਪੇਸ਼ ਕਰਦਾ ਹੈ। ਇਸ ਕਹਾਣੀ ਵਿਚਲੀ ਲਛਮੀ ਰਾਜਸਥਾਨੀ ਜੱਟ ਜਾਤ ਨਾਲ ਸੰਬੰਧਤ ਹੈ। ਔੜ ਦੀ ਮਾਰ ਕਾਰਨ ਉਸ ਦੇ ਪਰਿਵਾਰ ਨੂੰ ਪੰਜਾਬ ਆਉਣਾ ਪੈਂਦਾ ਹੈ ਅਤੇ ਉਹ ਪਾਥੀਆਂ ਤੱਕ ਮੰਗਣ ਲਈ ਲਚਾਰ ਹੈ। ਉਸ ਨੂੰ ਜਦ ਕਹਾਣੀ ਵਕਤਾ ਬਾਰੇ ਪਤਾ ਚੱਲਦਾ ਹੈ ਕਿ ਉਹ ਚਮਾਰ ਹੈ ਤਾਂ ਉਸਦਾ ਸਮੁੱਚਾ ਵਿਹਾਰ ਹੀ ਬਦਲ ਜਾਂਦਾ ਹੈ। ਉਸ ਵਿਚਲੀ ਅਧੀਨਗੀ ਘਟ ਜਾਂਦੀ ਹੈ ਅਤੇ ਉਸਦੇ ਅੰਦਰਲਾ ਜਾਤੀ ਅਭਿਮਾਨ ਆਪਣਾਪਨ ਫੈਲਾਉਣਾ ਸ਼ੁਰੂ ਕਰ ਦਿੰਦਾ ਹੈ। ਇਸ ਤਰ੍ਹਾਂ ਪ੍ਰੇਮ ਪ੍ਰਕਾਸ਼ ਇਸ ਮਸਲੇ ਨੂੰ ਆਰਥਿਕਤਾ ਤੋਂ ਪਰ ਮਾਨਸਿਕਤਾ ਵਿਚ ਘਰ ਕਰ ਬੈਠੇ ਸੰਸਕਾਰਾਂ ਨਾਲ ਜੋੜਦਾ ਹੈ। ਪ੍ਰੇਮ ਪ੍ਰਕਾਸ਼ ਦਾ ਇਹੀ ਰਚਨਾਤਮਕ ਅਮਲ ਅਤੇ ਇਹੀ

ਦ੍ਰਿਸ਼ਟੀ ਉਸਦੀ 1993 ਵਿਚ ਛਪੀ ਕਹਾਣੀ 'ਅਨੁਸ਼ਠਾਨ' ਵਿਚ ਵੀ ਜਾਰੀ ਰਹਿੰਦਾ ਹੈ। ਇਸ ਕਹਾਣੀ ਵਿਚਲੀ ਬ੍ਰਾਹਮਣ ਅਚਲਾ ਨਾਲ ਤਾਂਤਰਿਕ ਗੋਕਲ ਗਿਰੀ ਆਪਣੀ ਤਾਂਤਰਿਕ ਵਿਦਿਆ ਦੇ ਬਲਬੂਤੇ ਅਤੇ ਅਚਲਾ ਦੀ ਸਹਿਮਤੀ ਨਾਲ ਜਿਸਮਾਨੀ ਸੰਬੰਧ ਬਣਾ ਲੈਂਦਾ ਹੈ। ਗੋਕਲ ਗਿਰੀ ਦੀ ਜਦ ਅਸਲੀਅਤ ਖੁੱਲ੍ਹਦੀ ਹੈ ਤਾਂ ਉਹ ਨੀਵੀਂ ਜਾਤੀ ਦਾ ਜੈਬੂ ਨਿਕਲਦਾ ਹੈ। ਇਕ ਪਲ ਵਿਚ ਹੀ ਉਹ ਅਚਲਾ ਦੀ ਨਜ਼ਰ ਵਿਚ ਸੁਆਮੀ ਵਿਵੇਕਾਨੰਦ, ਸੁਆਮੀ ਅਰਵਿੰਦ ਘੋਸ਼ ਅਤੇ ਯਸੂ ਮਸੀਹ ਦੇ ਰੁਤਬੇ ਤੋਂ ਨਾਲੀ ਦੇ ਕੀੜੇ ਵਿਚ ਤਬਦੀਲ ਹੋ ਜਾਂਦਾ ਹੈ। ਅਚਲਾ, ਜੈਬੂ ਦੇ ਅਸਲੇ ਨੂੰ ਜਾਣਕੇ ਦੁੱਖ, ਪਾਪ ਅਤੇ ਸੰਤਾਪ ਨਾਲ ਭਰ ਜਾਂਦੀ ਹੈ। ਇਸ ਗੱਲ ਕਾਰਨ ਹੀ ਉਹ ਜੈਬੂ ਤੋਂ ਆਪਣੇ ਗ੍ਰਹਿਣ ਹੋਏ ਗਰਭ ਦਾ ਗਰਭਪਾਤ ਕਰਵਾਉਣ ਸੰਬੰਧੀ ਸੋਚਦੀ ਹੈ—

"ਪਹਿਲਾਂ ਮੇਰਾ ਦਿਲ ਕੀਤਾ ਸੀ ਕਿ ਉਹਨੂੰ ਸਾਂਭੀ ਰੱਖਾਂ। ਕਿਤੇ ਲੁਕਾ ਕੇ ਜੰਮਾਂ। ਜ਼ਿੰਦਗੀ ਦਾ ਉਹ ਮਹਾਨ ਸੁਖ ਵੀ ਪ੍ਰਾਪਤ ਕਰਕੇ ਦੇਖ ਲਵਾਂ। ਪਰ ਫੇਰ ਮਨ 'ਚ ਉਹੀ ਗੱਲ ਸੰਸਕਾਰਾਂ ਵਾਲੀ...ਜਿਹੜੀ ਅਕਲ ਭਾਵੇਂ ਮੰਨੇ ਨਾ ਮੰਨੇ, ਮਨ ਤੇ ਨਹੀਂ ਜਾਂਦਾ।"

ਪ੍ਰੇਮ ਪ੍ਰਕਾਸ਼ ਦੀ ਇਹ ਦ੍ਰਿਸ਼ਟੀ ਇਸ ਮਸਲੇ ਨੂੰ ਸੰਸਕਾਰਾਂ ਨਾਲ ਜੋੜਕੇ ਇਸ ਤਰ੍ਹਾਂ ਪੇਸ਼ ਕਰਦੀ ਹੈ ਜਿਵੇਂ ਸੰਸਕਾਰ ਕਿਸੇ ਖਲਾਅ ਵਿਚੋਂ ਪੈਦਾ ਹੋ ਗਏ ਹੋਣ। ਸੰਸਕਾਰਾਂ ਦੇ ਬਣਨ ਪਿੱਛੇ ਵੀ ਆਰਥਿਕ ਅਧਾਰ ਕੰਮ ਕਰ ਰਹੇ ਹੁੰਦੇ ਹਨ। ਜਿਹੜੇ ਅੱਗੋਂ ਧਰਮ ਭਾਸ਼ਾ ਅਤੇ ਸੰਸਕ੍ਰਿਤੀ ਦੀ ਰਾਜਨੀਤੀ ਤੋਂ ਪ੍ਰਭਾਵਿਤ ਹੁੰਦੇ ਹਨ। ਇਸ ਦੇ ਬਣਨ ਪਿੱਛੇ ਸਦੀਆਂ ਦੀ ਸਥਿਰ ਪ੍ਰਕਿਰਿਆ ਕੰਮ ਕਰਦੀ ਹੈ। ਪੈਦਾਵਾਰੀ ਸਾਧਨਾਂ ਤੇ ਕਾਬਜ਼ ਅਤੇ ਇਨ੍ਹਾਂ ਤੋਂ ਵਿਹੂਣੀ ਜਮਾਤ ਦੇ ਟਾਕਰਵੇਂ ਹਿੱਤ ਇਸ ਪ੍ਰਕਿਰਿਆ ਦਾ ਅੰਗ ਹੁੰਦੇ ਹਨ। ਭਾਰਤੀ ਸਮਾਜ ਦੇ ਪ੍ਰਸੰਗ ਵਿਚ ਇਸ ਟਾਕਰਵੇਂ ਡੰਗ ਨੂੰ ਕੱਢਣ ਲਈ ਧਰਮ ਨੂੰ ਸਹਾਰਾ ਬਣਾਇਆ ਗਿਆ ਸੀ। ਧਰਮ ਦੀ ਟੇਕ ਲੈ ਕੇ ਹੀ ਬ੍ਰਾਹਮਣੀ ਸਿਸਟਮ ਨੇ ਜ਼ਾਤ-ਪਾਤ ਦਾ ਤਾਣਾ ਬੁਣਿਆ। ਇਸ ਤਾਣੇ ਬਾਣੇ ਨੂੰ ਪੱਕਿਆਂ ਕਰਨ ਲਈ ਹੇਠਲੀਆਂ ਜਾਤਾਂ ਦੇ ਵਿਕਾਸ ਦੇ ਸਭ ਰਸਤੇ ਬੰਦ ਕਰ ਦਿੱਤੇ ਗਏ। ਉਨ੍ਹਾਂ ਦੀ ਰਚਨਾਤਮਕ ਊਰਜਾ ਨੂੰ ਸਦਾ ਲਈ ਖਤਮ ਕਰਨ ਲਈ ਧਰਮ ਅਧਾਰਤ ਬੰਦ ਵਿਧਾਨਕ ਸਮਾਜ ਦੀ ਸਿਰਜਣਾ ਕੀਤੀ ਗਈ। ਇਸ ਬੰਦ ਵਿਧਾਨਕ ਸਮਾਜ ਨੇ ਹੀ ਸੰਸਕਾਰਾਂ ਦੀਆਂ ਸਥਿਰ ਜੰਜ਼ੀਰਾਂ ਰਾਹੀਂ ਭਾਰਤੀ ਮਨੁੱਖ ਦੀਆਂ ਬੇੜੀਆਂ ਬਣਨ ਦਾ ਕੰਮ ਕੀਤਾ। ਇਸ ਪ੍ਰਸੰਗ ਵਿਚ ਹੀ ਜਾਤੀ ਹੀਣਤਾ ਅਤੇ ਹੈਂਕੜ ਦਾ ਮਸਲਾ ਸਥਿਰ ਰੂੜ੍ਹੀ ਵਜੋਂ ਸਥਾਪਤ ਹੋ ਜਾਂਦਾ ਹੈ। ਇਹ ਮਸਲਾ ਆਰਥਿਕਤਾ ਤੋਂ ਚਲਦਾ-ਚਲਦਾ ਇਤਿਹਾਸਕ ਪ੍ਰਕਿਰਿਆ ਦੌਰਾਨ ਭਾਰਤੀ ਮਨੁੱਖ ਦੀ ਮਾਨਸਿਕਤਾ ਦਾ ਹਿੱਸਾ ਬਣਦਾ ਹੈ। ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਮਨੁੱਖੀ ਮਾਨਸਿਕਤਾ ਦਾ ਹਿੱਸਾ ਬਣਨ ਲਈ ਇਹ ਵਰਤਾਰਾ ਕਿਨ੍ਹਾ-ਕਿਨ੍ਹਾ ਪੜਾਵਾਂ ਵਿਚੋਂ ਗੁਜ਼ਰਿਆ ਹੈ ਅਤੇ ਇਸ ਨੂੰ ਕਿਨ੍ਹਾ ਕਿਨ੍ਹਾ ਸਮਾਜ ਵਿਗਿਆਨਕ ਤੱਤਾਂ ਤੋਂ ਸਰਪ੍ਰਸਤੀ ਮਿਲਦੀ ਰਹੀ ਹੈ। ਉਸ ਨੂੰ ਸਮਝ ਕੇ ਹੀ ਦਲਿਤ ਚੇਤਨਾ ਦੇ ਪੱਖ ਤੋਂ ਕ੍ਰਾਂਤੀਕਾਰੀ ਸੰਭਾਵਨਾਵਾਂ ਵਾਲੀ ਦਲਿਤ ਟੈਕਸਟ ਦੀ ਉਸਾਰੀ ਹੋ ਸਕਦੀ ਹੈ। ਇਨ੍ਹੰ ਤੱਤਾਂ ਦੀ ਥਾਹ ਲਾਏ ਤੋਂ ਬਿਨਾਂ ਨਿਰੋਲ ਦਲਿਤ ਜੀਵਨ ਦੇ ਕਿਸੇ ਦ੍ਰਿਸ਼ ਨੂੰ ਰੂਪਮਾਨ ਕਰ ਦੇਣ ਨਾਲ ਦਲਿਤ ਚੇਤਨਾ ਦਾ ਮਸਲਾ ਹਾਸ਼ੀਏ ਤੇ ਹੀ ਟਿਕਿਆ ਰਹਿੰਦਾ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਇਸ ਦੀ ਉੱਘੜਵੀਂ ਮਿਸਾਲ ਹਨ। ਉਸ ਦੀਆਂ ਕਹਾਣੀਆਂ ਦੇ ਸੰਸਾਰ ਵਿਚੋਂ ਭਾਰਤੀ ਸਮਾਜ ਵਿਚਲਾ ਜਾਤੀਗਤ ਵਰਤਾਰਾ ਇਕ ਅਬਦਲ ਹੋਂਦ ਵਜੋਂ ਦਿਸਣ ਲੱਗ ਪੈਂਦਾ ਹੈ। ਇਸ ਨਾਲ ਵਰਤਾਰਿਆਂ ਦੀ ਗਤੀਸ਼ੀਲਤਾ ਦੀ ਗੱਲ ਰੱਦ ਹੋ ਜਾਂਦੀ ਹੈ। ਇਸ ਤਰ੍ਹਾਂ ਇਹ ਦ੍ਰਿਸ਼ਟੀ ਆਪਣੇ ਅੰਤਮ ਰੂਪ ਵਿਚ ਨਿਖੇਧਮੁਖੀ ਹੋ ਜਾਂਦੀ ਹੈ। ਦਲਿਤ ਚੇਤਨਾ ਦੇ ਪੱਖ ਤੋਂ ਇਹ ਸਿਰਜਣ ਸੰਸਾਰ ਦਲਿਤ ਜੀਵਨ ਨੂੰ ਪੇਸ਼ ਕਰਦਿਆਂ ਜਾਤੀਗਤ ਸਮਾਜ ਦੀ ਵੰਡ ਨੂੰ ਅੰਤਿਮ ਮੰਨਦਿਆਂ, ਇਸ ਹੋਣੀ ਨੂੰ ਸਵੀਕਾਰ ਕਰ ਲਏ ਜਾਣ



ਦੇ ਰਾਹ ਤੋਰਦਾ ਹੈ। ਇਸ ਪ੍ਰਕਾਰ ਦਲਿਤ ਚੇਤਨਾ ਦੇ ਪੱਖ ਤੋਂ ਇਸ ਕਿਸਮ ਦੀ ਟੈਕਸਟ ਦੀਆਂ ਸੀਮਾਵਾਂ ਪ੍ਰਗਟ ਹੋ ਜਾਂਦੀਆਂ ਹਨ। ਮੋਹਨ ਭੰਡਾਰੀ ਦੀ 'ਗੰਗਾਜਲ' ਅਤੇ ਮਨ ਮੋਹਨ ਬਾਵਾ ਦੀ 'ਨਾਰਾ ਮੁੰਡਾ' 'ਉਦਾਂਬਰਾ' ਅਤੇ 'ਮੂਲਸਥਾਨ ਦੀ ਦੇਵਦਾਸੀ' ਵੀ ਬੁਨਿਆਦੀ ਤੌਰ ਤੇ ਇਸੇ ਦ੍ਰਿਸ਼ਟੀ ਦੀਆਂ ਕਹਾਣੀਆਂ ਹੋ ਨਿਬੜਦੀਆਂ ਹਨ।

ਪਿਛਲੇ ਇਕ ਦਹਾਕੇ ਤੋਂ ਪੰਜਾਬੀ ਕਹਾਣੀ ਵਿਚਲਾ ਦਲਿਤ ਪਰਿਪੇਖ ਬਹੁਤ ਹੀ ਸ਼ਕਤੀਸ਼ਾਲੀ ਅਤੇ ਕਲਾਤਮਿਕਤਾ ਸਹਿਤ ਰੂਪਮਾਨ ਹੋਣਾ ਸ਼ੁਰੂ ਹੋਇਆ ਹੈ। ਇਸ ਯਤਨ ਵਿਚ ਪਏ ਪੰਜਾਬੀ ਕਥਾਕਾਰਾਂ ਦਾ ਇਕ ਵੱਡਾ ਵਰਗ ਸਾਹਮਣੇ ਆਉਂਦਾ ਹੈ ਜੋ ਇਸ ਮਸਲੇ ਨੂੰ ਭਾਰਤੀ ਮਨੁੱਖ ਦੇ ਅਵਚੇਤਨ ਤੱਕ ਫਰੋਲ ਕੇ ਸਿਰਜਣ ਅਮਲ ਵਿਚ ਢਾਲਦਾ ਨਜ਼ਰ ਪੈਂਦਾ ਹੈ। ਇਹ ਕਥਾਕਾਰ ਭਾਰਤੀ ਮਨੁੱਖ ਦੇ ਅਵਚੇਤਨ ਦੀਆਂ ਉਨ੍ਹਾਂ ਵਿਭਿੰਨ ਪਰਤਾਂ ਨੂੰ ਫੜ੍ਹਨ ਲਈ ਯਤਨਸ਼ੀਲ ਜਾਪਦੇ ਹਨ। ਜਿਨ੍ਹਾਂ ਦੇ ਡੂੰਘ ਵਿਚ ਜਾਤੀਗਤ ਤ੍ਰਿਸਕਾਰ, ਹੀਣਤਾ, ਦੁੱਖ ਅਤੇ ਸੰਤਾਪ ਦੇ ਖਾਮੋਸ਼ ਬੋਲ ਡੂੰਘੇ ਖੁਣੇ ਪਏ ਹਨ। ਆਪਣੀ ਬਿਰਤਾਂਤਕਾਰੀ ਵਿਚ ਉਹ ਉਸ ਅਮਲ ਨੂੰ ਪਕੜਨ ਲਈ ਯਤਨਸ਼ੀਲ ਜਾਪਦੇ ਹਨ। ਜਿਸ ਵਿਚ ਜਾਤ-ਪਾਤ ਦਾ ਸਮਾਜੀ ਵਰਤਾਰਾ ਭਾਰਤੀ ਮਨੁੱਖ ਦੀ ਮਨੋ ਸੰਰਚਨਾ ਦਾ ਸਥਿਰ ਅੰਗ ਬਣ ਗਿਆ। ਇਸ ਗੱਲ ਨੂੰ ਸਮਝਣ ਉਪਰੰਤ ਜ਼ਿਆਦਾ ਸੁਚੇਤ ਕਥਾਕਾਰਾਂ ਵਿਚ ਇਸ ਸਮੱਸਿਆ ਨੂੰ ਭਵਿੱਖਮੁਖੀ ਦਿਸ਼ਾ ਦੇਣ ਦੀ ਕਲਾਤਮਕ ਸੋਝੀ ਵੀ ਪ੍ਰਤੱਖ ਰੂਪ ਵਿਚ ਨਜ਼ਰੀ ਪੈਂਦੀ ਹੈ। ਜਿਸ ਭਰਵੇਂ ਰੂਪ ਵਿਚ ਪੰਜਾਬੀ ਕਥਾਕਾਰਾਂ ਨੇ ਇਸ ਮਸਲੇ ਨੂੰ ਆਪਣੀ ਸਿਰਜਣ ਪ੍ਰਕਿਰਿਆ ਦਾ ਅੰਗ ਬਣਾਇਆ ਹੈ। ਉਸ ਨਾਲ ਇਸ ਧਾਰਨਾ ਲਈ ਕੋਈ ਥਾਂ ਨਹੀਂ ਬਚਦੀ ਕਿ ਪੰਜਾਬੀ ਵਿਚ ਦਲਿਤ ਜੀਵਨ ਨਾਲ ਸੰਬੰਧਤ ਕਥਾ ਸਾਹਿਤ ਦੀ ਕਮੀ ਹੈ। ਇਸ ਦੇ ਨਾਲ ਹੀ ਜਿਵੇਂ ਵਿਭਿੰਨ ਲੇਖਕਾਂ ਨੇ ਵਿਭਿੰਨ ਜਾਤੀ ਪਿਛੋਕੜਾਂ ਦੇ ਹੋਣ ਦੇ ਬਾਵਜੂਦ ਇਸ ਮਸਲੇ ਨੂੰ ਕਲਾਤਮਿਕਤਾ ਸਾਹਿਤ ਪਕੜਿਆ ਹੈ, ਉਸਦੇ ਨਾਲ ਹੀ ਇਸ ਮਿੱਥ ਦਾ ਵੀ ਵਿਸਫੋਟ ਹੋ ਜਾਂਦਾ ਹੈ ਕਿ ਦਲਿਤਾਂ ਬਾਰੇ ਕੇਵਲ ਦਲਿਤ ਲੇਖਕ ਹੀ ਪ੍ਰਮਾਣਿਕਤਾ ਸਾਹਿਤ ਲਿਖ ਸਕਦਾ ਹੈ। ਪੰਜਾਬੀ ਕਹਾਣੀ ਵਿਚ ਕਿਰਪਾਲ ਕਜ਼ਾਕ (ਹੁੰਮਸ, ਸੈਲਾਬ) ਅਤਰਜੀਤ (ਠੂਹਾਂ, ਸਬੂਤੇ ਕਦਮ, ਅਦਨਾ ਇਨਸਾਨ) ਲਾਲ ਸਿੰਘ (ਅੱਧੇ ਅਧੂਰੇ) ਪ੍ਰੇਮ ਗੋਰਖੀ (ਸੰਸਕਾਰ, ਜੀਣ ਮਰਨ) ਨਛੱਤਰ (ਹਾਰ ਜਿੱਤ, ਹੱਥ) ਜਿੰਦਰ (ਸੋਗੀ, ਆਤਮ ਹੱਤਿਆ, ਜ਼ਹਿਰ, ਅੱਗੋ ਪਿੱਛੋ) ਮੁਖਤਿਆਰ ਸਿੰਘ (ਬੋ) ਬਲਦੇਵ ਸਿੰਘ (ਸਿਦਕ, ਜਿਸ ਤਨ ਲਾਗੇ) ਵਰਿਆਮ ਸੰਧੂ (ਨੌਂ ਬਾਰਾਂ ਦਸ) ਬਲਜਿੰਦਰ ਨਸਰਾਲੀ (ਹੱਡਾ ਰੋੜੀ) ਤ੍ਰਿਲੋਚਨ ਸਿੰਘ ਭਾਟੀਆ (ਅੱਖ ਦੀ ਲਿਸ਼ਕ, ਕੁਰੂਖੇਤਰ ਦੇ ਅੰਦਰ) ਅਜਮੇਰ ਸਿੱਧੂ (ਗੌਰਜਾਂ) ਗੁਰਮੀਤ ਕੜਿਆਲਵੀ (ਹੱਡਾ ਰੋੜੀ ਤੇ ਰੇਹੜੀ, ਊਣੇ), ਸਰਵਮੀਤ (ਕਲਾਂਣ), ਤਲਵਿੰਦਰ ਸਿੰਘ (ਪੈਂਡਾ), ਭਗਵੰਤ ਰਸੂਲਪੁਰੀ (ਕਸੂਰਵਾਰ, ਫ਼ੈਸਲਾ), ਦੇਸ ਰਾਜ ਕਾਲੀ (ਜ਼ਖ਼ਮਾਂ ਦੇ ਰਸਤਿਓ), ਗੁਰਨਾਮ ਸਿੰਘ ਮੁਕਤਸਰ (ਧਰਮ ਯੁੱਧ, ਅਜੇ ਦਿੱਲੀ ਦੂਰ) ਮੱਖਣ ਮਾਨ (ਲੋਹ ਹੱਡਾ) ਸਰੂਪ ਸਿਆਲਵੀ (ਵਖਰੇਵਾਂ) ਮੋਹਨ ਲਾਲ ਫਿਲੌਰੀਆ (ਲਾਗੀ) ਆਦਿ ਦਲਿਤ ਪਰਿਪੇਖ ਦੀਆਂ ਕਹਾਣੀਆਂ ਨਾਲ ਸਾਹਮਣੇ ਆਉਂਦੇ ਹਨ।

ਇਨ੍ਹਾਂ ਸਮੁੱਚੀਆਂ ਕਹਾਣੀਆਂ ਦੇ ਅਧਿਐਨ ਉਪਰੰਤ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਪੰਜਾਬੀ ਵਿਚ ਦਲਿਤ ਜੀਵਨ ਨਾਲ ਸੰਬੰਧਤ ਤਾਂ ਕਾਫ਼ੀ ਕਥਾ ਸਾਹਿਤ ਲਿਖਿਆ ਜਾ ਰਿਹਾ ਹੈ। ਪ੍ਰੰਤੂ ਅਜਿਹਾ ਦਲਿਤ ਸਾਹਿਤ ਜਿਸ ਵਿਚ ਦਲਿਤ ਜੀਵਨ ਦੇ ਨਾਲ-ਨਾਲ ਦਲਿਤ ਚੇਤਨਾ ਦੀਆਂ ਗੂੰਜਾਂ ਵੀ ਭਰਪੂਰ ਕਲਾਤਮਿਕਤਾ ਸਾਹਿਤ ਸਿਰਜਣ ਅਮਲ ਵਿਚ ਨੇਪਰੇ ਚੜ੍ਹ ਸਕਣ, ਵਾਲੀਆਂ ਰਚਨਾਵਾਂ ਉਂਗਲਾਂ ਤੇ ਗਿਣਨ ਬਰੋਬਰ ਹਨ। ਅਸੀਂ ਸਮਝਦੇ ਹਾਂ ਕਿ ਅਸਲ ਦਲਿਤ ਸਾਹਿਤ ਉਹੀ ਹੈ ਜੋ ਦਲਿਤ ਜੀਵਨ ਦੇ ਵਿਭਿੰਨ ਪ੍ਰਸੰਗਾਂ ਦੀ ਥਾਹ ਪਾਉਂਦਿਆਂ ਆਪਣੇ ਅੰਦਰ ਅਜਿਹੀ ਚੇਤਨਾ ਦੀਆਂ ਲਿਸ਼ਕਾਂ ਨੂੰ ਸਮੋਈ ਬੈਠਾ

ਹੋਵੇ, ਜਿਸ ਵਿਚੋਂ ਦਲਿਤਾਂ ਦੀ ਅਗਵਾਈ ਲਈ ਧਰਾਤਲ ਤਿਆਰ ਹੋ ਸਕੇ। ਇਹ ਸਾਹਿਤ ਬ੍ਰਾਹਮਣੀਕਲ ਸਿਸਟਮ ਪ੍ਰਤੀ ਪ੍ਰਤੀਕਰਮਾਂ ਤੋਂ ਅਗਾਂਹ ਆਪਣੇ ਅੰਦਰ ਕ੍ਰਾਂਤੀਕਾਰੀ ਚੇਤਨਾ ਦੀਆਂ ਅਵਾਜ਼ਾਂ ਨੂੰ ਵੀ ਮਿੱਠੀ ਸੁਰ ਵਾਂਗ ਆਤਮ ਸਾਤ ਕਰਨ ਵਾਲਾ ਹੋਵੇ। ਇਸ ਦਿਸ਼ਾ ਵਿਚ ਤੁਰਦਿਆਂ ਮੈਨੂੰ ਹੁੰਮਸ, ਸੌਂਗੀ, ਅੱਧ ਅਧੂਰੇ, ਨੂਹਾਂ, ਹੱਡਾਰੋੜੀ ਤੇ ਰੇਹੜੀ, ਗੌਰਜਾਂ, ਸੰਸਕਾਰ, ਕਲਾਂਣ, ਹੱਡਾਰੋੜੀ ਅਤੇ ਨੌਂ ਬਾਰਾਂ ਦਸ ਅਜਿਹੀਆਂ ਕਹਾਣੀਆਂ ਜਾਪਦੀਆਂ ਹਨ। ਇਹ ਕਹਾਣੀਆਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ। ਇਨਾਂ ਕਹਾਣੀਆਂ ਦੇ ਨਿਕਟ ਅਧਿਐਨ ਉਪਰੰਤ ਪੰਜਾਬੀ ਕਹਾਣੀ ਦੀ ਦਲਿਤ ਚੇਤਨਾ ਬਾਰੇ ਠੋਸ ਨਜ਼ਰੀਆ ਬਣਾਇਆ ਜਾ ਸਕਦਾ ਹੈ। ਸਦੀਆਂ ਤੋਂ ਜਾਤੀ ਤ੍ਰਿਸਕਾਰ ਦੇ ਪਾਤਰ ਬਣੇ ਦਲਿਤ ਮਨੁੱਖ ਵਿਚ ਉਪਰਲੀਆਂ ਜਾਤਾਂ ਲਈ ਘਿਰਣਾ ਦਾ ਪੈਦਾ ਹੋ ਜਾਣਾ ਸੁਭਾਵਿਕ ਗੱਲ ਹੈ। ਪਰ ਸਥਿਤੀ ਦਾ ਸਿਤਮ ਇਸ ਗੱਲ ਵਿਚ ਹੈ ਕਿ ਇਸ ਘਿਰਣਾ ਦਾ ਲਾਵਾ ਉਪਰਲਿਆਂ ਦਾ ਕੁਝ ਵਿਗਾੜਣ ਦੇ ਉਲਟ ਸਥਿਤੀਆਂ ਦੇ ਬੰਧੇਜ ਵਿਚ ਦਲਿਤ ਮਨੁੱਖ ਨੂੰ ਹੀ ਸਾੜ ਸੁੱਟਦਾ ਹੈ। ਇਸ ਸੂਤਰ ਨੂੰ ਪੰਜਾਬੀ ਕਹਾਣੀ ਨੇ ਬਹੁਤ ਹੀ ਖੂਬਸੂਰਤੀ ਨਾਲ ਪਕੜਿਆ ਹੈ। ਕਿਰਪਾਲ ਕਜ਼ਾਕ ਦੀ ਕਹਾਣੀ 'ਹੁੰਮਸ' ਇਸ ਦੀ ਮਿਸਾਲ ਵਜੋਂ ਪੇਸ਼ ਕੀਤੀ ਜਾ ਸਕਦੀ ਹੈ। ਕਹਾਣੀ ਵਿਚਲਾ ਕੀੜੂ ਗਿੱਲਾਂ ਦਾ ਸੀਰੀ ਹੈ। ਗਿੱਲਾਂ ਦੇ ਉਸਨੂੰ ਕਦੇ ਖੇਤੀ ਦੇ ਕੰਮ ਲਈ ਅਤੇ ਕਦੇ ਸਾਲੇ ਦੇ ਕਤਲ ਲਈ ਵਰਤਿਆ ਹੈ। ਉਸ ਦੀ ਪਤਨੀ ਵੀ ਗਿੱਲਾਂ ਦੇ ਚੁਬਾਰਿਓਂ ਡਿਗ ਮਰਦੀ ਹੈ। ਉਸ ਦੀ ਵੁਕਤ ਤਦ ਤੱਕ ਹੀ ਹੈ ਜਦ ਤੱਕ ਉਸਦੇ ਹੱਥ ਪੈਰ ਚੱਲਦੇ ਹਨ। ਉਸ ਨਾਲ ਗਿੱਲਾਂ ਦਾ ਓਪਰੇ ਹੇਜ਼ ਦਾ ਰਿਸ਼ਤਾ ਹੈ। ਉਸਦੇ ਅਪਾਹਜ ਹੋਣ ਤੇ ਉਸਦਾ ਕੋਈ ਵਾਲੀ ਵਾਰਸ ਨਹੀਂ। ਬਦਲੇ ਪਰਿਵਾਰਕ ਪ੍ਰਸੰਗਾਂ 'ਚ ਗਿੱਲਾਂ ਦੇ ਆਲੂ ਸਟੋਰ ਤੇ ਜਾਣ ਲਈ ਉਸਦੀ ਧੀ ਲਚਾਰ ਹੈ। ਕੀੜੂ ਸਿਰਫ ਜ਼ਹਿਰ ਦਾ ਘੁੱਟ ਹੀ ਅੰਦਰੋਂ ਅੰਦਰ ਪੀ ਸਕਦਾ ਹੈ। ਆਰਥਿਕ ਤੌਰ ਤੇ ਅਪਾਹਜ ਕੀੜੂ ਲਈ ਸਰੀਰਕ ਅਪਾਹਜ ਹੋ ਜਾਣਾ ਉਸਦੀ ਬੇਬਸੀ ਦੀ ਸਿਖ਼ਰ ਹੈ। ਇਸ ਬੇਬਸੀ ਦੀ ਹੁੰਮਸ ਨੇ ਕੀੜੂ ਵਰਗੇ ਦਲਿਤ ਮਨੁੱਖ ਨੂੰ ਚੁਫੇਰਿਓਂ ਘੇਰਿਓ ਹੋਇਆ ਹੈ। ਉਹ ਚਾਹ ਕੇ ਵੀ ਇਸ ਕੈਦ ਵਿਚੋਂ ਨਿਕਲਣ ਦੇ ਸਮਰੱਥ ਨਹੀਂ। ਸਭ ਪੈਦਾਵਾਰੀ ਸਾਧਨਾਂ ਤੇ ਗਿੱਲਾਂ ਵਰਗੇ ਉੱਚ ਜਾਤੀ ਲੋਕਾਂ ਦਾ ਕਬਜ਼ਾ ਹੈ। ਉਸਦੀ ਲਾਚਾਰੀ ਦੀ ਸਥਿਤੀ ਦਾ ਅੰਦਾਜ਼ਾ ਇਸ ਗੱਲ ਵਿਚੋਂ ਲਗਾਇਆ ਜਾ ਸਕਦਾ ਹੈ ਕਿ ਉਹ ਇਨ੍ਹਾਂ ਦੇ ਉਜਾੜੇ ਬਾਰੇ ਵੀ ਨਹੀਂ ਸੋਚ ਸਕਦਾ। ਉਸਦੀ ਆਪਣੀ ਹੋਂਦ ਇਨ੍ਹਾਂ ਤੇ ਅਧਾਰਤ ਹੈ। ਇਸ ਲਈ ਹੀ ਉਹ ਉਨ੍ਹਾਂ ਦੇ ਆਲੂ ਸਟੋਰ ਦੇ ਬੰਦ ਹੋ ਜਾਣ ਦਾ ਵੀ ਨਹੀਂ ਸੋਚ ਸਕਦਾ। ਕਿਰਤੀ ਦੀ ਸਥਿਤੀ ਕਜ਼ਾਕ ਦੇ ਆਪਣੇ ਸ਼ਬਦਾਂ ਵਿਚ ਸੁਣੋ—

"ਅਗਲੇ ਸ਼ਹਿਰ ਟਿੱਬ ਗਏ ਤਾਂ ਆਲੂ ਸਟੋਰ ਵੀ ਬੰਦ....ਕੀੜਾ ਸਿਆਂ
ਮੇਹਨਤੀ ਤਾਂ ਵਸਦੇ ਘਰਾਂ ਦੇ ਪ੍ਰਾਹੁਣੇ ਹੁੰਦੇ ਐ, ਵੱਸਦੇ ਘਰਾਂ ਦੇ.....।"

ਪੈਦਾਵਾਰੀ ਸਾਧਨਾਂ ਤੇ ਕਾਬਜ਼ ਜਮਾਤ ਬਾਰੇ ਮਨ ਵਿਚ ਰੋਹ ਨਾਲ ਭਰੇ ਕੀੜੂ ਕੋਲ ਆਪਣੇ ਨਿਰਬਾਹ ਲਈ ਹੋਰ ਕੋਈ ਚਾਰਾ ਨਹੀਂ। ਇਸੇ ਲਈ ਉਸਦਾ ਗੁੱਸਾ, ਨਫ਼ਰਤ ਵਿਚ ਬਦਲ ਕੇ ਕੜ੍ਹ ਪਾੜ ਕੇ ਬਾਹਰ ਤਾਂ ਆਉਂਦਾ ਹੈ ਪਰ ਉਹ ਉੱਚ ਜਾਤੀ ਮਨੁੱਖਾਂ ਦਾ ਕੁਝ ਵਿਗਾੜਨ ਦੀ ਬਜਾਇ ਕੀੜੂ ਨੂੰ ਹੀ ਆਪਣੇ ਸੇਕ ਨਾਲ ਲੂਹ ਸੁੱਟਦਾ ਹੈ। ਆਰਥਿਕਤਾ ਦੀ ਦਲਦਲ ਵਿਚ ਫਸੇ ਕੀੜੂ ਵਰਗੇ ਦਲਿਤ ਮਨੁੱਖ ਲਈ ਚੁਫੇਰ ਉਣੀ ਹੁੰਮਸ ਦਾ ਮੌਜੂਦਾ ਨਿਜ਼ਾਮ ਵਿਚ ਕੋਈ ਹੱਲ ਨਜ਼ਰੀ ਨਹੀਂ ਆਉਂਦਾ। ਕੀੜੂ ਵਰਗਾ ਕਿਰਤੀ ਆਪਣੇ ਚਰਿੱਤਰ ਦੀਆਂ ਤਮਾਮ ਖੂਬੀਆਂ ਦੇ ਬਾਵਜੂਦ ਮੌਜੂਦਾ ਜਾਤੀਗਤ ਪ੍ਰਬੰਧ ਵਿਚ ਆਰਥਿਕਤਾ ਅਤੇ ਜਾਤ ਦੇ ਹੇਠਲੇ ਡੰਡੇ ਤੇ ਬਣੇ ਰਹਿਣ ਲਈ ਮਜ਼ਬੂਰ ਹੈ। ਇਹ ਮਜ਼ਬੂਰੀ ਕੀੜੂ ਵਰਗੇ ਦਲਿਤ ਮਨੁੱਖਾਂ ਅੰਦਰ ਪ੍ਰਚੰਡ ਰੋਹ ਤਾਂ ਪੈਦਾ ਕਰਦੀ ਹੈ। ਪ੍ਰੰਤੂ ਢੁਕਵੇਂ ਨਿਕਾਸ ਦੀ ਅਣਹੋਂਦ ਵਿਚ ਖੁਦ ਦਲਿਤ ਮਨੁੱਖ ਨੂੰ ਹੀ ਫ਼ਨਾਹ ਕਰਦੀ ਹੈ।



ਦਲਿਤ ਚੇਤਨਾ ਨਾਲ ਸੰਬੰਧਤ ਪੰਜਾਬੀ ਕਹਾਣੀ ਦੇ ਜਿਹੜੇ ਇਕ ਹੋਰ ਪੱਖ ਨੂੰ ਬਹੁਤ ਹੀ ਸ਼ਕਤੀਸ਼ਾਲੀ ਅਤੇ ਕਲਾਤਮਿਕ ਰੂਪ ਵਿਚ ਸਿਰਜਿਆ ਹੈ, ਉਹ ਹੈ ਦਲਿਤ ਮਨੁੱਖ ਅੰਦਰਲੀ ਜਾਤੀਗਤ ਹੀਣਤਾ/ ਜਿੰਦਰ ਦੀ 'ਸੌਂਗੀ' ਅਤਰਜੀਤ ਦੀ 'ਨੂਹਾਂ' ਲਾਲ ਸਿੰਘ ਦੀ 'ਅੱਧ ਅਧੂਰੇ' ਅਤੇ ਅਜਮੇਰ ਸਿੱਧੂ ਦੀ 'ਗੌਰਜਾਂ' ਇਸ ਸਬੰਧ ਵਿਚ ਬਹੁਤ ਮਹੱਤਵਪੂਰਨ ਕਹਾਣੀਆਂ ਹਨ। 'ਸੌਂਗੀ' ਕਹਾਣੀ ਦਲਿਤ ਵਿਅਕਤੀ ਦੀ ਸਾਡੇ ਸਮਾਜੀ ਪ੍ਰਬੰਧ ਵਿਚਲੀ ਤ੍ਰਿਸ਼ੰਕੂ ਸਥਿਤੀ ਵੱਲ ਇਸ਼ਾਰਾ ਕਰਦੀ ਹੈ। ਆਪਣੀ ਯੋਗਤਾ, ਰਾਖਵੇਂਕਰਣ ਦੇ ਲਾਭ ਅਤੇ ਸਰਕਾਰੀ ਸਹੂਲਤਾਂ ਦੇ ਇਵਜ਼ ਵਜੋਂ ਦਲਿਤ ਵਰਗ ਦਾ ਇਕ ਹਿੱਸਾ ਸਰਕਾਰੀ ਨੌਕਰੀਆਂ ਵਿਚ ਪ੍ਰਵੇਸ਼ ਪਾ ਕੇ ਮੱਧ ਵਰਗ ਵਿਚ ਪ੍ਰਵੇਸ਼ ਪਾ ਗਿਆ ਹੈ। ਮੱਧ ਵਰਗ ਵਿਚ ਦਾਖਲ ਹੋਇਆ ਦਲਿਤ ਮਨੁੱਖ ਸ਼ਹਿਰ ਵਿਚ ਤਬਦੀਲ ਹੋ ਕੇ ਨਵੀਆਂ ਉਸਰੀਆਂ ਕਲੋਨੀਆਂ ਵਿਚ ਆਪਣੇ ਵਰਗ ਸਟੇਟਸ ਦੀ ਨਵੀਂ ਸ਼ਨਾਖਤ ਨਾਲ ਰਹਿਣ ਦੇ ਆਹਰ ਪੈਂਦਾ ਹੈ। ਉਸ ਦਾ ਇਹ ਯਤਨ ਉਸਦੀ ਆਪਣੀ ਜਾਤੀ ਪ੍ਰਤੀ ਹੀਣਤਾ ਵਿਚੋਂ ਉਪਜਦਾ ਹੈ। ਉਸ ਨੂੰ ਭੁਲਾਵੇਂ ਮਾਤਰ ਇਉਂ ਜਾਪਦਾ ਹੈ ਜਿਵੇਂ ਸਮਾਜੀ ਸਟੇਟਸ ਕੇਵਲ ਨੌਕਰੀ ਦੇ ਰੁਤਬੇ ਨਾਲ ਹੀ ਜੁੜਿਆ ਹੋਇਆ ਹੈ। ਪ੍ਰੰਤੂ ਸਾਡੇ ਸਮਾਜ ਦਾ ਸੱਚ ਇਹ ਹੈ ਕਿ ਸਮਾਜੀ ਸਟੇਟਸ ਲਈ ਬਰਾਬਰ ਰੁਤਬੇ ਦੇ ਨਾਲ-ਨਾਲ ਬਰਾਬਰ ਜਾਤੀ ਸਟੇਟਸ ਦੀ ਤਖਤੀ ਵੀ ਤੁਹਾਡੇ ਨਾਂ ਨਾਲ ਚਿਪਕੀ ਹੋਣੀ ਚਾਹੀਦੀ ਹੈ। ਸਾਡੇ ਸਮਾਜ ਵਿਚ ਜਾਤੀਗਤ ਵੰਡੀਆਂ ਏਨੀਆਂ ਡੂੰਘੀਆਂ ਹਨ ਕਿ ਬਾਕੀ ਸਭ ਕੁਝ ਬਰਾਬਰ ਹੋਣ ਦੇ ਬਾਵਜੂਦ ਵੀ ਕਿਸੇ ਦਾ ਜਾਤੀਗਤ ਪੌੜੀ ਦੇ ਹੇਠਲੇ ਡੰਡੇ ਤੇ ਹੋਣਾਂ ਉਸ ਦੀਆਂ ਸਭ ਯੋਗਤਾਵਾਂ ਨੂੰ ਮਿੱਟੀ ਵਿਚ ਮਿਲਾ ਸਕਦਾ ਹੈ। ਇਸ ਕਾਰਣ ਹੀ ਦਲਿਤ ਜਾਤੀ ਦਾ ਮੱਧਵਰਗੀ ਬੰਦਾ ਕਈ ਵਾਰ ਨਵੇਂ ਚੌਗਿਰਦੇ ਵਿਚ ਆਪਣੀ ਜਾਤੀ ਸ਼ਨਾਖਤ ਨੂੰ ਛੁਪਾ ਕੇ ਭੁਲਾਂਦਰੇ ਭਰੀ ਸ਼ਨਾਖਤ ਨਾਲ ਰਹਿਣ ਦਾ ਯਤਨ ਕਰਦਾ ਹੈ।

ਪਰ ਸਥਿਤੀ ਦਾ ਦਿਲਚਸਪ ਪਹਿਲੂ ਇਹ ਹੁੰਦਾ ਹੈ ਕਿ ਉਹ ਵੀ ਨਵੀਂ ਪਛਾਣ ਦੇ ਪਹਿਨੇ ਓਪਰਲੇ ਉਛਾੜ ਵਿਚ ਅੰਦਰੋਂ ਪਹਿਲਾਂ ਵਰਗਾ ਦਲਿਤ ਮਨੁੱਖ ਹੀ ਰਹਿੰਦਾ ਹੈ। ਉਸ ਨੂੰ ਆਪਣੀ ਅਸਲ ਪਛਾਣ ਦਲਿਤ ਵਜੋਂ ਹੀ ਜਾਪਦੀ ਹੈ। ਉਹ ਆਪਣੀ ਬਾਹਰੀ ਨਵੀਂ ਸ਼ਨਾਖਤ ਦੇ ਹੁੰਦਿਆਂ ਵੀ ਧੁਰ ਡੂੰਘ ਤੋਂ ਆਪਣੀ ਜਾਤ ਨਾਲ ਜੁੜਿਆ ਹੁੰਦਾ ਹੈ। ਭਾਰਤੀ ਮਨੁੱਖ ਦੀ ਮਨੋਸਰੰਚਨਾ ਵਿਚ ਉੱਚ ਜਾਤੀ ਹੋਣ ਦੀ ਹੈਂਕੜ ਅਤੇ ਨਿਮਨ ਜਾਤੀ ਹੋਣ ਦੀ ਹੀਣਤਾ ਦਾ ਭਾਵ ਦੋਨਾਂ ਧਿਰਾਂ ਵਿਚ ਬਰਾਬਰ ਰੂਪ ਵਿਚ ਉਕਰਿਆ ਹੁੰਦਾ ਹੈ। ਇਸ ਸਥਿਤੀ ਵਿਚ ਹੀ 'ਸੌਂਗੀ' ਕਹਾਣੀ ਵਿਚਲਾ ਲੱਧੜ ਫਸਿਆ ਹੋਇਆ ਹੈ। ਨਵੀਂ ਕਲੋਨੀ ਵਿਚ ਬਾਹਰੀ ਤੌਰ ਤੇ ਨਵੀਂ ਜ਼ਾਤੀ ਸ਼ਨਾਖਤ ਦੇ ਹੁੰਦਿਆਂ ਵੀ ਉਹ ਅੰਦਰੋਂ ਪਹਿਲਾਂ ਵਾਲਾ ਮਨੁੱਖ ਹੀ ਹੈ। ਉਸ ਦੀਆਂ ਮਾਨਸਿਕ ਤੈਹਾਂ ਵਿਚਲੀ ਹੀਣਤਾ ਤੇ ਲਾਚਾਰਗੀ ਉਸ ਵੇਲੇ ਸਤਿਹ ਤੇ ਆਉਂਦੀ ਹੈ, ਜਦ ਉਹ ਚਮਾਰ ਜਾਤੀ ਦੇ ਬੰਤੀ ਦੇ ਮੁੰਡੇ ਤੇ ਲੱਗਦੇ ਚੋਰੀ ਦੇ ਇਲਜ਼ਾਮ ਵਲੋਂ ਮੂਕਦਰਸ਼ਕ ਬਣਨ ਲਈ ਮਜ਼ਬੂਰ ਹੁੰਦਾ ਹੈ। ਆਪਣੀ ਜਾਤੀ ਦੀ ਬੰਤੀ ਦੇ ਉਸਦੇ ਮੁੰਡੇ ਨਾਲ ਭਰਪੂਰ ਮੋਹ ਨਾਲ ਭਰਕੇ ਵੀ ਉਹ ਬਾਹਰੀ ਤੌਰ ਤੇ ਸਭ ਦੇ ਸਾਹਮਣੇ ਉਸ ਦੀ ਕੋਈ ਮਦਦ ਨਹੀਂ ਕਰਦਾ। ਉਹ ਆਪਣੀ ਨਵੀਂ ਸ਼ਨਾਖਤ ਨੂੰ ਬੇਪਰਦ ਹੋਇਆ ਨਹੀਂ ਤੱਕ ਸਕਦਾ। ਇਸ ਲਈ ਜਦ ਦਾਰੂ ਮਹਿਫ਼ਲ ਵਿਚ ਕਲੋਨੀ ਦੇ ਉੱਚ ਜਾਤੀ ਦੇ ਲੋਕ ਬੰਤੀ ਦੇ ਮੁੰਡੇ ਤੇ ਚੋਰੀ ਦੀ ਗੱਲ ਰਾਹੀਂ ਸਮੂਹ ਦਲਿਤ ਜਾਤੀ ਬਾਰੇ ਤੇਜ਼ਾਬ ਵਾਂਗ ਸਾੜਨ ਵਾਲੇ ਬੋਲ ਬੋਲਦੇ ਹਨ ਤਾਂ ਲੱਧੜ ਦੀ ਸਥਿਤੀ ਇਸ ਤਰ੍ਹਾਂ ਹੋ ਜਾਂਦੀ ਹੈ--

"ਨ੍ਹੀ...ਨ੍ਹੀ...." ਮੇਰੇ ਮੂੰਹੋਂ ਚੀਕ ਨਿਕਲ ਗਈ। .....ਮੈਂ ਬੋਤਲ ਚੁੱਕੀ।
ਪੌਣੀ ਗਲਾਸੀ ਭਰ ਲਈ। ਇਕ ਸਾਹੇ ਪੀ ਲਈ। ਰੁਮਾਲ ਨਾਲ ਬੁੱਲ੍ਹ ਪੂੰਝੇ
"ਨੀਵੀਂ ਪਾਈ ਅੰਨ੍ਹੇਵਾਹ ਤਾੜੀਆਂ ਮਾਰਨ ਲੱਗਾ।"

ਇਹ ਚੀਕ ਦਲਿਤ ਮਨੁੱਖ ਦੀ ਸਦੀਆਂ ਤੋਂ ਆਪਣੇ ਅੰਦਰੋ-ਅੰਦਰ ਦੱਬੀ ਜਾਤੀ ਤ੍ਰਿਸਕਾਰ ਦੀ ਪੀੜ ਦੀ ਚੀਕ ਹੈ। ਇਹ ਸਾਡੇ ਸਮਾਜ ਲਈ ਬਹੁਤ ਦੁਖਾਂਤਕ ਸਥਿਤੀ ਹੈ ਕਿ ਜਾਤੀਗਤ ਵਖਰੇਵੇਂ ਦੇ ਮਾਨਸਿਕ ਪੱਧਰ ਤੇ ਚਲੇ ਜਾਣ ਕਾਰਣ ਲੱਧੜ ਵਰਗੇ ਲੋਕ ਇਕ ਪਾਸੇ ਤਾਂ ਉੱਚ ਜਾਤੀ ਮੱਧਵਰਗੀ ਭਾਈਚਾਰੇ ਤੋਂ ਵਿੱਥ ਤੇ ਖਲੋਤੇ ਰਹਿੰਦੇ ਹਨ। ਇਸ ਤਰ੍ਹਾਂ ਉਹ ਇਸ ਭਾਈਚਾਰੇ ਦਾ ਅੰਗ ਨਹੀਂ ਬਣ ਪਾਉਂਦੇ। ਦੂਜੇ ਪਾਸੇ ਉਹ ਆਪਣੀ ਨਵੀਂ ਸ਼ਨਾਖਤ ਦੇ ਲੀਰ ਲੀਰ ਹੋਣ ਦੇ ਡਰੋਂ ਆਪਣੀ ਦਲਿਤ ਭਾਈਚਾਰੇ ਲਈ ਮਨ ਵਿਚ ਸ਼ੁਭ ਭਾਵਨਾਵਾਂ ਰੱਖਣ ਦੇ ਬਾਵਜੂਦ ਵੀ ਕੁਝ ਵਿਸ਼ੇਸ਼ ਸਾਰਥਕ ਨਹੀਂ ਕਰ ਪਾਉਂਦੇ। ਇਸ ਤਰ੍ਹਾਂ ਉਹ ਦੋਨਾਂ ਧਰਾਤਲਾਂ ਤੇ ਬਨਾਵਟੀ ਜੀਵਨ ਜਿਉਂਦਿਆਂ ਨਿਸ਼ਕ੍ਰਿਆਮਈ ਹੋਣੀ ਨੂੰ ਭੋਗਦੇ ਹਨ। ਇਹ ਗੱਲ ਉਨ੍ਹਾਂ ਵਿਚ ਆਪਣੀ ਕਿਸਮ ਦੀ ਹੀਣ ਭਾਵਨਾਂ ਪੈਦਾ ਕਰਦੀ ਹੈ। ਦਲਿਤ ਮਨੁੱਖ ਦੀ ਅਜਿਹੀ ਸਥਿਤੀ ਇਕ ਪਾਸੇ ਨਾ ਤਾਂ ਦਲਿਤ ਭਾਈਚਾਰੇ ਦਾ ਕੁਝ ਸਵਾਰਦੀ ਹੈ ਅਤੇ ਨਾ ਹੀ ਸਮੁੱਚੇ ਸਮਾਜ ਲਈ ਵੱਡੀਆਂ ਸੰਭਾਵਨਾਵਾਂ ਪੈਦਾ ਕਰ ਸਕਦੀ ਹੈ। ਇਸ ਲਈ ਦਲਿਤ ਮਨੁੱਖ ਆਪਣੇ ਲਈ ਕੁਝ ਨਿੱਜੀ ਪ੍ਰਾਪਤੀਆਂ ਤਾਂ ਕਰ ਲੈਂਦਾ ਹੈ ਪਰ ਉਸ ਦੀਆਂ ਪ੍ਰਾਪਤੀਆਂ ਦਲਿਤ ਸਮਾਜ ਦੇ ਸਮੂਹਿਕ ਵਿਕਾਸ ਤੋਂ ਵਿੱਥ ਤੇ ਖੜ੍ਹੀਆਂ ਰਹਿੰਦੀਆਂ ਹਨ।

'ਸੌਂਗੀ' ਕਹਾਣੀ ਦੀ ਇਕ ਪਰਤ ਖਪਤ ਸਭਿਆਚਾਰ ਵਿਚ ਦਲਿਤ ਮਨੁੱਖ ਦੀ ਮੌਕਾ ਤਾੜੂ ਬਣੀ ਸ਼ਖਸੀਅਤ ਨੂੰ ਵੀ ਉਭਾਰਦੀ ਹੈ। ਇਹ ਮਨੁੱਖ ਰਾਖਵੇਂਕਰਣ ਦੇ ਲਾਭ ਲਈ ਤਾਂ ਜਾਤੀ ਨੂੰ ਵਰਤਣਾ ਚਾਹੁੰਦਾ ਹੈ, ਪ੍ਰੰਤੂ ਇਸ ਨਾਲ ਆਪਣੀ ਸ਼ਨਾਖ਼ਤ ਨਹੀਂ ਜੋੜਨਾ ਚਾਹੁੰਦਾ। ਇਸਦੇ ਨਾਲ ਹੀ ਅਜੋਕੀ ਦਲਿਤ ਰਾਜਨੀਤੀ ਵੱਲ ਇਸ਼ਾਰਾ ਕਰਦੇ ਇਹ ਬੋਲ ਵੀ ਧਿਆਨ ਦੀ ਮੰਗ ਕਰਦੇ ਹਨ--

"ਲਉ ਜੀ, ਆਹ ਜਿਹੜੀ ਦਲਿਤ ਸੈਨਾ ਬਣ ਗਈ ਆ ਨਾ, ਆ ਹੀ ਕਾਸ਼ੀ-ਮਾਇਆਵਤੀ ਵਾਲੀ, ਇਹਨੇ ਜ਼ਾਤ-ਪਾਤ ਦਾ ਵਖਰੇਵਾਂ ਹੋਰ ਵਧਾ ਦਿੱਤਾ. ਲੋਕ ਜਾਤ-ਪਾਤ ਭੁੱਲ ਚੱਲੇ ਸੀ। ਪਰ, ਆਹ ਜਿਹੜੀ ਵੋਟਾਂ ਦੀ ਰਾਜਨੀਤੀ ਆ, ਇਹ ਆਪਣੀਆਂ ਚਾਲਾਂ ਚਲਦੀ ਰਹਿੰਦੀ।"

ਇਥੇ ਇਹ ਗੱਲ ਵਿਸ਼ੇਸ਼ ਧਿਆਨ ਦੇਣ ਵਾਲੀ ਹੈ ਕਿ ਦਲਿਤ ਦੇ ਨਾਮ ਤੇ ਰਾਜਨੀਤੀ ਕਰਨ ਵਾਲੀਆਂ ਪਾਰਟੀਆਂ ਜਾਂ ਇਨ੍ਹਾਂ ਦੇ ਸਮਾਜੀ ਪ੍ਰਭਾਵ ਨੂੰ ਕਈ ਕਥਾਕਾਰਾਂ ਨੇ ਆਪਣੀ ਕਹਾਣੀ ਵਿਚ ਸਮੋਇਆ ਹੈ। ਸਾਡੇ ਪੰਜਾਬੀ ਕਥਾਕਾਰ ਇਸ ਲਹਿਰ ਨੂੰ ਵਧੇਰੇ ਕਰਕੇ ਜ਼ਾਤ ਪਾਤ ਨੂੰ ਮਿਟਾਉਣ ਦੀ ਬਜਾਇ ਇਸ ਨੂੰ ਵਧਾਉਣ ਦੀ ਦ੍ਰਿਸ਼ਟੀ ਤੋਂ ਵੇਖਦੇ ਹਨ। ਇਸ ਸੰਬੰਧ ਵਿਚ ਹੀ ਲਾਲ ਸਿੰਘ ਦੀ ਕਹਾਣੀ "ਅੱਧੇ ਅਧੂਰੇ" ਦੀਆਂ ਨਿਮਨ ਸਤਰਾਂ ਧਿਆਨ ਦੀ ਮੰਗ ਕਰਦੀਆਂ ਹਨ--

"ਹੁਣ ਥੋੜ੍ਹੇ ਕੁ ਚਿਰਾਂ ਤੋਂ, ਬਰਾਦਰੀ ਹੋਂਦ ਨੂੰ ਉਭਾਰਦੀ ਦਲਿਤ ਲਹਿਰ ਨਾਲ ਜੁੜਕੇ ਰਾਮਪਾਲ ਮੁੜ ਤੋਂ ਉਹੀ ਸੀ, ਕੰਮੀ ਕਮੀਣ, ਸ਼ਿੱਬੂ ਚਮਾਰ ਦਾ ਮੁੰਡਾ ਰਾਮੂ ਚਮਾਰ ਤੇ ਕੌਲਾ, ਕਰਨੈਲ ਸਿੰਘ ਵਲਦ ਇੰਦਰ ਸਿੰਘ, ਲੰਬੜਦਾਰ ਰੰਧਾਵਾ ਖਾਲਸ ਜੱਟ।"

ਲਾਲ ਸਿੰਘ ਇਸ ਮਸਲੇ ਨੂੰ ਦੋ ਵੱਖਰੀਆਂ ਧਿਰਾਂ ਦੀ ਜਾਤੀਗਤ ਹੀਣਤਾ ਅਤੇ ਹੈਂਕੜ ਦੇ ਪੱਖ ਤੋਂ ਗੱਲ ਨੂੰ ਪੇਸ਼ ਕਰਦਿਆਂ ਆਪਣੀ ਕਲਾਤਮਿਕ ਸਿਰਜਣਾ ਕਰਦਾ ਹੈ। ਉੱਚ ਜਾਤੀ ਦੇ ਗਿੱਲ ਪੀ.ਟੀ.ਆਈ. ਰਾਹੀਂ ਉੱਚ ਜਾਤੀ ਦੀ ਹੈਂਕੜ ਭਰੇ ਉਸ ਮਨੁੱਖ ਦਾ ਚਿਹਰਾ ਮੋਹਰਾ ਉਭਰਦਾ ਹੈ ਜਿਸ ਕੋਲ ਪੈਦਾਵਾਰੀ ਸਾਧਨਾਂ ਤੇ ਕਬਜ਼ਾ ਹੋਣ ਕਾਰਣ ਸਾਰੀ ਵਿਵਸਥਾ ਨੂੰ ਆਪਣੀ ਮੁੱਠੀ ਵਿਚ ਘੁੱਟੀ ਫਿਰਦਾ ਹੈ। ਪੱਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀਆਂ ਵਾਲੇ ਉਨ੍ਹਾਂ ਦੇ ਰਹਿਮ ਕਰਮ ਤੇ ਹੋਣ ਕਾਰਣ ਉਨ੍ਹਾਂ ਦੀਆਂ ਕਠਪੁਤਲੀਆਂ ਬਣਦੇ ਹਨ। ਕਹਾਣੀ ਦੀ ਕੇਂਦਰੀ ਧੁਨੀ ਇਸ ਪ੍ਰਸ਼ਨ ਨੂੰ ਪੈਦਾ ਕਰਦੀ ਹੈ ਕਿ ਕੀ ਰੁਤਬੇ ਬਦਲਣ ਨਾਲ ਜਾਤੀ ਪ੍ਰਤੀ ਹੀਣਤਾ, ਹੈਂਕੜ ਦੇ ਸਰਕਾਰ ਵੀ ਬਦਲੇ ਹਨ? 'ਅੱਧੇ ਅਧੂਰੇ' ਕਹਾਣੀ ਇਸ ਗੱਲ ਦਾ ਨਾਂਹ ਵਿਚ ਜਵਾਬ ਦਿੰਦੀ ਹੈ।



ਇਹ ਕਹਾਣੀ ਉਸ ਦ੍ਰਿਸ਼ਟੀ ਵਿਚ ਖਤਮ ਹੁੰਦੀ ਹੈ ਜਿਹੜੀ ਅੱਜ ਦੇ ਦਲਿਤ ਮਨੁੱਖ ਨੂੰ ਕਾਬੂ ਕਰੀ ਬੈਠੀ ਹੈ। ਕਹਾਣੀ ਦੋ ਸਥਿਤੀਆਂ ਉਭਾਰਦੀ ਹੈ। ਇਕ ਸਥਿਤੀ ਉਹ ਹੈ ਜਿਸ ਵਿਚ ਦਲਿਤ ਹੈਡਮਾਸਟਰ ਰਾਮਪਾਲ, ਗਿੱਲ ਪੀ.ਟੀ.ਆਈ. ਵਰਗਿਆਂ ਦੀ ਸਥਾਪਤੀ ਨਾਲ ਬਿਨਾਂ ਟੱਕਰ ਲਿਆਂ ਅਰਾਮ ਨਾਲ ਦਿਨ ਕਟੀ ਕਰੀ ਜਾਵੇ। ਦੂਜੀ ਸਥਿਤੀ ਜਾਤੀ ਹੀਣਤਾ ਕਾਰਣ ਉਪਜੇ ਡਰ ਨੂੰ ਲਾਹ ਕੇ ਇਸ ਜਰਜ਼ਰ ਹੋ ਚੁੱਕੀ ਵਿਵਸਥਾ ਦੇ ਖਿਲਾਫ਼ ਟੱਕਰ ਲੈਣ ਲਈ ਪ੍ਰੇਰਨ ਵਾਲੀ ਹੈ। ਇਹ ਕਹਾਣੀ ਇਸ ਤਰਕ ਨੂੰ ਮਜ਼ਬੂਤ ਕਰਦੀ ਹੈ ਕਿ ਮਾਨਸਿਕ ਗੁਲਾਮੀ, ਸਮਾਜਿਕ ਗੁਲਾਮੀ ਨਾਲੋਂ ਵਧੇਰੇ ਮਜ਼ਬੂਤ ਅਤੇ ਘਾਤਕ ਹੁੰਦੀ ਹੈ। ਦਲਿਤ ਮਨੁੱਖ ਲਈ ਇਸ ਮਾਨਸਿਕਤਾ ਤੋਂ ਛੁਟਕਾਰਾ ਪਾਉਣਾ ਪਹਿਲਾ ਮਸਲਾ ਹੈ। ਇਸ ਉਪਰੰਤ ਹੀ ਉਹ ਸਮਾਜੀ ਰੂਪਾਂਤਰਣ ਦੇ ਸੰਘਰਸ਼ ਵਿਚ ਆਪਣਾ ਯੋਗਦਾਨ ਪਾ ਸਕੇਗਾ।

ਜਾਤੀ ਹੀਣਤਾ ਨਾਲ ਜੁੜੀ ਡੂੰਘੀ ਸੰਵੇਦਨਾ ਨੂੰ ਅਜਮੇਰ ਸਿੱਧੂ 'ਗੋਰਜਾਂ' ਕਹਾਣੀ ਵਿਚ ਨਵੇਂ ਮੁਹਾਂਦਰੇ ਵਿਚ ਢਾਲ ਕੇ ਪੇਸ਼ ਕਰਦਾ ਹੈ। ਇਸ ਕਹਾਣੀ ਵਿਚ ਅਜਮੇਰ ਸਿੱਧੂ ਬਹੁਤ ਮਹੱਤਵਪੂਰਨ ਪ੍ਰਸ਼ਨ ਉਭਾਰਦਾ ਹੈ ਕਿ ਕੀ ਦਲਿਤ ਜਾਤੀ ਮਨੁੱਖ ਜ਼ਿੰਦਗੀ ਦੇ ਸੰਘਰਸ਼ ਰਾਹੀਂ ਆਪਣੀ ਦੁਨੀਆਂ ਬਣਾ ਸਕਦਾ ਹੈ ? ਆਪਣੀ ਦੁਨੀਆਂ ਤੋਂ ਭਾਵ ਜਾਤ-ਪਾਤ ਤੋਂ ਮੁਕਤ ਹੋ ਕੇ ਨਵੀਂ ਪਛਾਣ ਵਾਲੀ ਨਵੀਂ ਦੁਨੀਆਂ ਤੋਂ ਹੈ। ਇਸ ਪ੍ਰਸ਼ਨ ਨੂੰ ਮੁਖਾਤਿਬ ਹੁੰਦਿਆਂ ਹੀ ਕਹਾਣੀ ਦੀਆਂ ਪਰਤਾਂ ਖੁਲਦੀਆਂ ਹਨ। ਇਨ੍ਹਾਂ ਪਰਤਾਂ ਵਿਚ ਜੀਤੂ ਬਾਵੇ ਦਾ ਗੋਰਜਾਂ ਤੋਂ ਸਰਦਾਰ ਜਗਜੀਤ ਸਿੰਘ ਬਣਨ ਤੱਕ ਦਾ ਸਫ਼ਰ ਉਕਰਿਆ ਪਿਆ ਹੈ। 'ਸੌਂਗੀ' ਜਾਂ 'ਅੱਧੇ ਅਧੂਰੇ' ਕਹਾਣੀ ਵਿਚਲੇ ਦਲਿਤ ਪਾਤਰਾਂ ਦੇ ਉਲਟ ਇਸ ਪਾਤਰ ਵਿਚ ਆਪਣੀ ਜਾਤੀ ਦੇ ਲੋਕਾਂ ਲਈ ਨਫ਼ਰਤ ਹੈ। ਇਸ ਨਫ਼ਰਤ ਦਾ ਸੇਕ ਹੀ ਉਸਨੂੰ ਜੀਵਨ ਵਿਚ ਸੰਘਰਸ਼ ਕਰਨ ਲਈ ਪ੍ਰੇਰਦਾ ਹੈ। ਬਦਲੇ ਸੰਦਰਭ ਵਿਚ ਉਹ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦਾ ਸਾਧਨ ਬਣ ਜਾਂਦਾ ਹੈ। ਦਲਿਤ ਚੇਤਨਾ ਦਾ ਫਾਇਦਾ ਉਠਾ ਕੇ ਪਿੰਡ ਦਾ ਸਰਪੰਚ ਵੀ ਬਣ ਜਾਂਦਾ ਹੈ। ਪਰ ਇਹ ਸਭ ਵੀ ਉਸਦੀ ਆਪਣੀ ਜਾਤੀ ਦੇ ਲੋਕਾਂ ਵਿਚ ਉਸਦੀ ਪਛਾਣ ਨੂੰ ਨਹੀਂ ਬਦਲ ਸਕਦੀ। ਮਾਨਸਿਕਤਾ ਦੇ ਪੈਟਰਨ ਇਥੇ ਵੀ ਸਮਾਜੀ ਵਿਹਾਰ ਤੇ ਭਾਰੂ ਪੈਂਦੇ ਹਨ। ਇਸ ਪ੍ਰਕਾਰ ਦ੍ਰਿਸ਼ਟੀ ਦੇ ਪੱਖੋਂ ਇਹ ਕਹਾਣੀ ਪ੍ਰੇਮ ਪ੍ਰਕਾਸ਼ ਦੀ ਕਹਾਣੀ ਦੇ ਨੇੜੇ ਪਹੁੰਚ ਜਾਂਦੀ ਹੈ।

ਜਾਤੀ ਹੀਣਤਾ ਅਤੇ ਹੈਂਕੜ ਦੇ ਭਾਵਾਂ ਦੁਆਲੇ ਉਸਰਦੀ ਅਤਰਜੀਤ ਦੀ ਕਹਾਣਈ "ਨੂੰਹਾਂ' ਵੀ ਇਕ ਗੌਲਣ ਯੋਗ ਕਿਰਤ ਹੈ। ਕਹਾਣੀ ਵਿਚਲਾ ਰਾਮਦਾਸੀਏ ਭਾਈਚਾਰੇ ਦਾ ਜੁੱਲੜ ਤੋਂ ਕਟਾਰੀਏ ਵਿਚ ਤਬਦੀਲ ਹੋਇਆ ਵਕੀਲ ਆਪਣੇ ਘਰ ਜੱਟ ਮੁੰਡੇ ਦੇ ਕੰਮ ਕਰਨ ਤੋਂ ਖੁਸ਼ ਵੀ ਹੈ। ਕਿਉਂਕਿ ਉੱਚ ਜਾਤੀ ਦਾ ਉਸ ਦੀ ਅਧੀਨਗੀ ਵਿਚ ਆਉਣਾ ਉਸਨੂੰ ਮਾਨਸਿਕ ਤਸੱਲੀ ਦੇ ਰਿਹਾ ਹੈ। ਪ੍ਰੰਤੂ ਉਹ ਸੌਂਗੀ ਕਹਾਣੀ ਦੇ ਲੱਧੜ ਵਾਂਗ ਆਪਣੀ ਮੌਜੂਦਾ ਬਣੀ ਨਵੀਂ ਪਛਾਣ ਦੇ ਭੇਦ ਖੁੱਲ੍ਹਣ ਤੋਂ ਡਰ ਵੀ ਰਿਹਾ ਹੈ। ਕਹਾਣੀ ਭਾਵੇਂ ਇਹ ਤਰਕ ਉਸਾਰਦੀ ਹੈ ਕਿ ਪੈਸੇ ਦੇ ਮਾਮਲੇ ਵਿਚ ਕੋਈ ਭਾਈਚਾਰਾ ਨਹੀਂ ਹੁੰਦਾ। ਕਟਾਰੀਆ ਵਕੀਲ ਸ਼ਹਿਰ ਵਿਚ ਜਾਤ-ਬਰਾਦਰੀ ਦੇ ਪ੍ਰਛਾਵੇਂ ਦੇ ਮੱਧਮ ਪੈ ਜਾਣ ਤੋਂ ਖੁਸ਼ ਹੈ। ਉਸ ਦੇ ਮਨ ਵਿਚ ਜੱਟ ਜਾਤੀ ਲਈ ਗੁੱਸੇ, ਗਿਲਾਨੀ ਅਤੇ ਹੀਣਤਾਂ ਦੇ ਭਾਵ ਹਨ। ਉਸ ਦੇ ਇਹੀ ਭਾਵ ਦਲਿਤ ਜਾਤੀ ਦੇ ਚੋਪੜਾ ਸਾਹਿਬ ਨਾਲ ਵੀ ਹਨ। ਚੋਪੜਾ ਮਜ਼ਬੀਆਂ ਵਿਚੋਂ ਹੈ। ਉਹ ਕਟਾਰੀਆ ਤੇ ਉਸਦੀ ਪਤਨੀ ਨੂੰ ਆਪਣੇ ਨਾਲੋਂ ਵੀ ਜਾਤੀ ਪੌੜੀ ਦੇ ਹੇਠਲੇ ਡੰਡੇ ਦਾ ਜਾਪਦਾ ਹੈ। ਇਸ ਪ੍ਰਕਾਰ ਇਹ ਕਹਾਣੀ ਦਲਿਤਾਂ ਦੀਆਂ ਉਪ-ਜਾਤੀਆਂ ਦੇ ਆਪਸੀ ਟਕਰਾ ਦੇ ਵੇਰਵੇ ਪੇਸ਼ ਕਰਦੀ ਹੈ।

ਦੂਸਰੇ ਪਾਸੇ ਜੱਟ ਜਾਤੀ ਦੇ ਮਜ਼ਦੂਰ ਬਣੇ ਹਰਦਮ ਵਿਚ ਆਪਣੀ ਉੱਚ ਜਾਤੀ ਦੀ ਹੈਂਕੜ ਹੈ। ਜਦ ਕਟਾਰੀਆ ਦੀ ਸ਼ਨਾਖਤ ਉਸ ਸਾਹਮਣੇ ਸਪੱਸ਼ਟ ਹੋ ਜਾਂਦੀ ਹੈ ਤਾਂ ਉਸਦਾ ਵਿਹਾਰ ਕਟਾਰੀਆ ਤੇ ਉਸਦੇ ਪਰਿਵਾਰ ਨਾਲ ਬਦਲ ਜਾਂਦਾ ਹੈ। ਇਸ ਤਰ੍ਹਾਂ ਅਤਰਜੀਤ ਭਾਰਤੀ ਮਨੁੱਖ ਦੀ ਮਾਨਸਿਕਤਾ ਵਿਚ ਸ਼ਹਿ

ਲਾ ਕੇ ਬੈਠੋ ਉਸ ਨੂੰਹੋਂ ਦੀ ਬਾਤ ਪਾਉਂਦਾ ਹੈ ਜੋ ਆਰਥਿਕਤਾ ਦੀਆਂ ਬਦਲੀਆਂ ਵਲਗਣਾਂ ਵਿਚ ਵੀ ਆਪਣੇ ਆਪ ਨੂੰ ਸੁਰੱਖਿਅਤ ਰੱਖਦਾ ਹੈ। ਇਸ ਨੂੰਹੋਂ ਦੇ ਡੰਗ ਬਦਲੀਆਂ ਸਥਿਤੀਆਂ ਵਿਚ ਨਿਮਨ ਅਤੇ ਉੱਚ ਦੋਹਾਂ ਜਾਤੀਆਂ ਨੂੰ ਹੀ ਭੁਗਤਣੇ ਪੈ ਰਹੇ ਹਨ। ਕਹਾਣੀ ਵਿਚਲੇ ਕਟਾਰੀਆ ਦਾ ਭੂਤ ਜਾਤੀ, ਤ੍ਰਿਸਕਾਰ ਦੇ ਡੰਗਾਂ ਕਾਰਨ ਡੰਗਿਆ ਹੋਇਆ ਹੈ ਅਤੇ ਹਰਦਮ ਦੀ 'ਗਹਿਣੇ ਪਈ ਪੱਗ' ਦੇ ਡੰਗ ਨੇ ਉਸਦੇ ਭਵਿੱਖ ਨੂੰ ਡੰਗ ਸੁੱਟਣਾ ਹੈ। ਪਤਲੀ ਆਰਥਿਕਤਾ ਵਿਚ ਉਸਦੀ ਨਿਰੋਲ ਜਾਤੀਗਤ ਹੈਂਕੜ ਉਸਦੇ ਕਿਸੇ ਕੰਮ ਆਉਣ ਵਾਲੀ ਨਹੀਂ। ਭਾਰਤੀ ਮਨੁੱਖ ਦੀ ਮਾਨਸਿਕਤਾ ਵਿਚ ਉਸਰਿਆ ਇਹ ਵਿਗਾੜ ਸਮਾਜ ਲਈ ਬਹੁਤ ਘਾਤਕ ਹੈ। ਇਸ ਨੂੰਹੋਂ ਦੇ ਡੰਗ ਨੂੰ ਕੱਢ ਜਾਣ ਦੀ ਜ਼ਰੂਰਤ ਇਸ ਗੱਲ ਵਿਚੋਂ ਹੀ ਉਭਰਦੀ ਹੈ। ਦੋਨੋਂ ਧਿਰਾਂ ਹੀ ਅਸਲ ਸਥਿਤੀ ਤੋਂ ਮੂੰਹ ਮੋੜੀ ਖੜ੍ਹੀਆਂ ਹਨ। ਅਸਲ ਵਸਤੂ ਯਥਾਰਥ ਤੋਂ ਮੂੰਹ ਮੋੜਨ ਵਿਚ ਹੀ ਦੋਨਾਂ ਧਿਰਾਂ ਦਾ ਮਨੋਕਲੇਸ਼ ਛੁਪਿਆ ਹੋਇਆ ਹੈ। ਇਹੀ ਗੱਲ ਦੋਨਾਂ ਧਿਰਾਂ ਵਿਚ ਫਾਸਲੇ ਪੈਦਾ ਕਰ ਰਹੀ ਹੈ ਅਤੇ ਦੋਨਾਂ ਨੂੰ ਡੰਗ ਵੀ ਰਹੀ ਹੈ। ਇਸ ਕਾਰਣ ਹੀ ਸਾਡੇ ਸਮਾਜ ਦਾ ਬੜਾ ਟੇਡਾ ਵਿਕਾਸ ਹੋ ਰਿਹਾ ਹੈ। ਬਦਲੀ ਵਸਤੂ ਸਥਿਤੀ ਵਿਚ ਭਾਰੂ ਹੋ ਰਹੀ ਆਰਥਿਕਤਾ ਪੁਰਾਣੀ ਜਾਤ ਬਰਾਦਰੀ ਨੂੰ ਤੋੜ ਵੀ ਰਹੀ ਹੈ। ਦੋਨਾਂ ਧਿਰਾਂ ਦੇ ਆਪਣੀ-ਆਪਣੀ ਸ਼ਨਾਖਤ ਲਈ ਸੁਚੇਤ ਹੋ ਜਾਣ ਕਾਰਣ ਟਕਰਾ ਦੇ ਵਧੇਰੇ ਮੌਕੇ ਬਣ ਰਹੇ ਹਨ।

ਦਲਿਤਾਂ ਦੇ ਆਪਣੇ ਆਪੇ ਅਤੇ ਉੱਚ ਜਾਤੀਆਂ ਦੇ ਗਲਬੇ ਪ੍ਰਤੀ ਸੁਚੇਤ ਹੋ ਜਾਣ ਦੀ ਜ਼ਰੂਰਤ ਨੂੰ ਪ੍ਰੇਮ ਗੋਰਖੀ ਦੀ ਕਹਾਣੀ 'ਸੰਸਕਾਰ' ਇਕ ਵੱਖਰੇ ਜ਼ਾਵੀਏ ਤੋਂ ਪੇਸ਼ ਕਰਦੀ ਹੈ। ਗੋਰਖੀ ਦਲਿਤ ਭਾਈਚਾਰੇ ਦੇ ਦੁਖਾਂਤ ਦੀ ਗੱਲ ਕਰਦਾ ਕਰਦਾ ਇਸ ਦੀ ਮੂਲ ਚੂਲ ਉਨ੍ਹਾਂ ਸੰਸਕਾਰਾਂ ਵਿਚ ਦ੍ਰਿੜ ਕਰਦਾ ਹੈ, ਜਿਸ ਨੂੰ ਉਹ ਆਪਣੇ ਨਾਲ ਚੁੱਕੀ ਫਿਰਦੇ ਹਨ। ਉਹ ਬਦਲੀਆਂ ਪ੍ਰਸਥਿਤੀਆਂ ਵਿਚ ਉਨ੍ਹਾਂ ਮੋਹ ਮਰਿਆਦਾਵਾਂ ਨੂੰ ਤੋੜ ਦੇਣ ਲਈ ਕਹਿੰਦਾ ਹੈ, ਜੋ ਉਸਦੇ ਪੈਸੇ ਕਮਾਉਣ ਦੇ ਰਸਤੇ ਦੀ ਰੁਕਾਵਟ ਬਣਦੀਆਂ ਹਨ। ਇਹ ਸਭ ਉਹ ਆਪਣੀ ਕਹਾਣੀ ਦੇ ਪਾਤਰ ਗੁਰਮੇਲ ਦੇ ਮੂੰਹੋਂ ਕਹਾਉਂਦਾ ਹੈ—

"ਲੈ ਵੱਡਾ ਆ ਗਿਆ ਮਰਿਆਦਾ ਲੈ ਕੇ.....ਉਏ ਤੂੰ ਚਾਰ ਪੈਸੇ ਬਣਾ ....ਤੂੰ ਜਿਹੜੀ ਮਰਿਆਦਾ ਨੂੰ ਚੁੱਕੀ ਫਿਰਦੈ ਇਹ ਕੀ ਤੇਰਾ ਢਿੱਡ ਭਰ ਦਊ ? ਭਰਾਵਾ ਇਹ ਅਸੂਲ ਤੇ ਨਿਯਮ ਆਪਣੇ ਵਰਗੇ ਗਰੀਬ ਗੁਰਬੇ ਈ ਚੁੱਕੀ ਫਿਰਦੇ ਆ...।" 7

ਇਹ ਗੁਰਮੇਲ ਆਪਣੇ ਵਿਰਸੇ ਦੇ ਸੰਸਕਾਰਾਂ ਕਾਰਣ ਚੱਠਾ ਸਾਹਿਬ ਵਰਗਿਆਂ ਦੇ ਘਰ ਵਗਾਰਾਂ ਕਰਨ ਲਈ ਮਜ਼ਬੂਰ ਹੈ। ਆਪਣੀ ਸਮੁੱਚੀ ਮਿਹਨਤ ਦੇ ਬਾਵਜੂਦ ਉਹ ਤੇ ਉਸ ਵਰਗੇ ਦਲਿਤ ਭਾਈਚਾਰੇ ਦੇ ਲੋਕਾਂ ਦੀ ਸਥਿਤੀ ਪੌੜੀ ਦੇ ਹੇਠਲੇ ਡੰਡੇ ਵਾਲੀ ਬਣੀ ਰਹਿੰਦੀ ਹੈ। ਉਸ ਦੇ ਕਥਾ ਵਾਚਕ ਨੂੰ ਕਹੇ ਉਪਰਲੇ ਬੋਲ ਉਸ ਵਿਚ ਪੈਦਾ ਹੋਈ ਉਸ ਚੇਤਨਾ ਦਾ ਪ੍ਰਤੀਕਰਮ ਹਨ ਜੋ ਉਸ ਅੰਦਰ ਚੱਠੇ ਸਰਦਾਰ ਦੇ ਘਰ ਹੋਈ ਦਾਰੂ ਪਾਰਟੀ ਨੂੰ ਦੇਖ ਕੇ ਪੈਦਾ ਹੋਈ ਹੈ। ਇਸ ਪਾਰਟੀ ਵਿਚ ਉਹ ਤੱਕ ਚੁੱਕਾ ਹੈ ਕਿ ਕਿਵੇਂ ਚੱਠੇ ਸਰਦਾਰ ਦੀ ਚੰਡਾਲ ਚੌਕੜੀ ਚੁੱਪ ਚੁਪੀਤੇ ਦੇਸ਼ ਦੇ ਲੋਕਾਂ ਦੇ ਸਿਰਾਂ ਦਾ ਘਾਣ ਕਰ ਰਹੀ ਹੈ। ਉਹ ਸਮਝ ਚੁੱਕਾ ਹੈ ਕਿ ਪੌੜੀ ਦੇ ਉਪਰਲੇ ਡੰਡੇ ਤੇ ਬੈਠੇ ਲੋਕ ਅੰਦਰੋਂ ਅੰਦਰ ਕਿੰਨੇ ਬੌਣੇ ਹਨ। ਅਜਿਹੇ ਵਿਚ ਕਹਾਣੀ ਦਾ ਤਰਕ ਉਭਰਦਾ ਹੈ ਕਿ ਦਲਿਤ ਲੋਕਾਂ ਦੀ ਮੰਦਹਾਲੀ ਉਨ੍ਹਾਂ ਦੀ ਸੰਸਕਾਰਾਂ ਕਾਰਣ ਹੈ। ਇਸ ਕਾਰਣ ਹੀ ਉਹ ਪੀੜ੍ਹੀ ਦਰ ਪੀੜ੍ਹੀ ਗੁਰਬੱਤ ਹੰਢਾਉਂਦੇ ਆਪਣੀ ਹੋਣੀ ਨੂੰ ਬਦਲਣ ਲਈ ਨਹੀਂ ਸੋਚਦੇ।

ਪਰ ਸਮੁੱਚੇ ਸੰਸਕਾਰਾਂ ਨੂੰ ਫੂਕ ਮਾਰ ਕੇ ਉਡਾ ਛੱਡਣਾ ਕਿਸੇ ਵੀ ਭਾਈਚਾਰੇ ਦੇ ਹਿੱਤ ਵਿਚ ਨਹੀਂ ਹੋ ਸਕਦਾ। ਸਾਡੇ ਸੰਸਕਾਰਾਂ ਵਿਚ ਬਹੁਤ ਕੁਝ ਗੌਰਵਸ਼ਾਲੀ ਤੇ ਮਾਣਯੋਗ ਪਿਆ ਰਹਿੰਦਾ ਹੈ। ਦਲਿਤ ਚੇਤਨਾ ਦਾ ਇਹ ਸਰੂਪ ਇਸ ਤਰ੍ਹਾਂ ਵਿਸਫੋਟਕ ਮੁਹਾਂਦਰੇ ਵਾਲਾ ਹੈ। ਜਿਸ ਨਾਲ ਆਂਸ਼ਿਕ ਤੌਰਤੇ ਹੀ ਸਹਿਮਤ ਹੋਇਆ ਜਾ ਸਕਦਾ ਹੈ। ਗੋਰਖੀ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਹ ਆਪਣੀ ਗੱਲ ਕਹਿਕੇ ਵੀ ਇਸ



ਨਾਲ ਖ਼ੁਦ ਪੂਰੀ ਤਰ੍ਹਾਂ ਸਹਿਮਤ ਨਹੀਂ। ਇਸ ਲਈ ਉਹ ਕਹਾਣੀ ਨੂੰ ਅਖੀਰ ਵਿਚ ਕਲਾਤਮਿਕ ਮੋੜ ਦਿੰਦਿਆਂ ਗੁਰਮੇਲ ਦੀ ਸੋਚ ਵਿਚੋਂ ਇਹ ਸ਼ਬਦ ਉਭਾਰਦਾ ਹੈ—

"....ਕੀ ਪਤਾ ਇਹ ਧਰਤੀ, ... ਇਹ ਸਾਰਾ ਸੰਸਾਰ ਕਿਹੜੀ ਗੱਲੋਂ ਗਰਕ ਹੋਣੋ ਬਚਿਆ ਪਿਐ... ਖਨੀ ਕਿਸੇ ਇਕ, ਦੋ ਜਾਂ ਸੈਂਕੜਿਆਂ ਕਰਕੇ ਹੀ...ਜਿਹੜੇ ਅਜੇ ਵੀ ਡੋਲਦੇ ਨਈਂ ਇਹਦੇ ਵਰਗੇ ਹੀ। ਕੀ ਪਤਾ ਉਹ ਬੌਲਦ ਵੀ ਏਸੇ ਕਰਕੇ ਅਡੋਲ ਖੜੈ..ਧਰਤੀ ਦੇ ਹੇਠਾਂ ਕਿਹਨੂੰ ਖਬਰ ਐ?"8

ਦਲਿਤ ਚੇਤਨਾ ਨਾਲ ਸੰਬੰਧਤ ਪੰਜਾਬੀ ਕਹਾਣੀ ਆਪਣੀ ਸਿਰਜਣਾ ਦੇ ਅਮਲ ਰਾਹੀਂ ਦਲਿਤ ਮਨੁੱਖ ਦੀ ਗਲਾਜ਼ਤ ਦੀ ਥਾਹ ਪਾ ਕੇ ਇਸਦੇ ਨਿਕਾਸ ਦੀਆਂ ਸੰਭਾਵਨਾਵਾਂ ਦੀ ਤਲਾਸ਼ ਵੱਲ ਵੀ ਤੁਰਦੀ ਹੈ। ਸਰਵਮੀਤ ਦੀ ਕਹਾਣੀ 'ਕਲਾਣ' ਇਸ ਸੰਬੰਧ ਵਿਚ ਬਹੁਤ ਹੀ ਮਹੱਤਵਪੂਰਨ ਕਹਾਣੀ ਹੈ। ਇਸ ਕਹਾਣੀ ਵਿਚ ਜਾਤ ਅਤੇ ਜਮਾਤ ਦੀ ਧੁਨੀ ਬੜੀ ਕਾਲਤਮਿਕਤਾ ਨਾਲ ਰਮੀ ਹੋਈ ਹੈ। ਇਹ ਕਹਾਣੀ ਦਲਿਤ ਚੇਤਨਾ ਨਾਲ ਸੰਬੰਧਤ ਜ਼ਿਆਦਾ ਕਹਾਣੀਆਂ ਦੇ ਉਲਟ ਇਸ ਗੱਲ ਨੂੰ ਸਾਹਮਣੇ ਲੈ ਕੇ ਆਉਂਦੀ ਹੈ ਕਿ ਜਮਾਤ ਬਦਲਣ ਨਾਲ ਜਾਤ ਦੀ ਪੀਡੀ ਕੱਸ ਦੇ ਢਿੱਲੇ ਹੋ ਜਾਣ ਦੇ ਮੌਕੇ ਬਣਦੇ ਹਨ। ਆਪਣੀ ਮਿਹਨਤ ਅਤੇ ਯੋਗਤਾ ਦੇ ਬਲਬੂਤੇ ਜਦ ਦਲਿਤ ਬੰਦਾ ਆਪਣੇ ਜੱਦੀ ਪੁਸ਼ਤੀ ਧੰਦੇ ਨੂੰ ਛੱਡ ਕੇ ਸਰਕਾਰੀ ਨੌਕਰੀ ਜਿਹੇ ਕੰਮ ਵਿਚ ਆਉਂਦਾ ਹੈ ਤਾਂ ਇਸਦੇ ਨਾਲ ਉਸਦੇ ਅੰਦਰ ਨਵਾਂ ਸਵੈਮਾਣ ਅਤੇ ਖੁਦਦਾਰੀ ਦੀ ਭਾਵਨਾ ਪਨਪਦੀ ਹੈ। ਪਿੰਡ ਦੇ ਸਾਹਸੀ ਛਿੱਬੂ ਅਤੇ ਉਸਦੇ ਲੜਕੇ ਬਲਦੇਵ ਦੇ ਆਪਸੀ ਤਨਾਉ ਰਾਹੀਂ ਸਰਵਮੀਤ ਨੇ ਬੜੀ ਖੂਬਸੂਰਤੀ ਨਾਲ ਪੰਜਾਬੀ ਸਮਾਜ ਵਿਚਲੇ ਜਾਤੀ ਵਿਧਾਨ ਨੂੰ ਡੂੰਘੇ ਵਿਅੰਗ ਦਾ ਨਿਸ਼ਾਨਾ ਬਣਾਇਆ ਹੈ। ਬ੍ਰਾਹਮਣੀਕਲ ਸਿਸਟਮ ਨੇ ਦਲਿਤ ਮਨੁੱਖ ਨੂੰ ਸਦੀਆਂ ਦੀ ਜਾਤੀ ਗੁਲਾਮੀ ਰਾਹੀਂ ਏਨਾਂ ਲਚਾਰ ਅਤੇ ਨਿਸ਼ਕ੍ਰਿਆਮਈ ਕਰ ਦਿੱਤਾ ਹੈ ਕਿ ਉਸ ਨੂੰ ਆਪਣੀ ਜਾਤੀ ਤ੍ਰਿਸਕਾਰ ਵਾਲੀ ਸਥਿਤੀ ਹੀ ਅਸਲ ਸਥਿਤੀ ਲੱਗਣ ਲੱਗ ਪੈਂਦੀ ਹੈ। ਬ੍ਰਾਹਮਣੀਕਲ ਸਿਸਟਮ ਦੀ ਦਲਿਤ ਮਨੁੱਖ ਤੇ ਇਹ ਵੱਡੀ ਜਿੱਤ ਸੀ।

'ਕਲਾਣ' ਕਹਾਣੀ ਦਲਿਤ ਮਨੁੱਖ ਦੀ ਇਸ ਭੁਲਾਂਦਰੇ ਭਰੀ ਸੋਚ ਅਤੇ ਨਵੀਂ ਚੇਤਨਾ ਨਾਲ ਲੈਸ ਹੋ ਰਹੇ ਨਵੀਂ ਪੀੜ੍ਹੀ ਦੇ ਆਪਸੀ ਤਨਾਉ ਵਿਚੋਂ ਹੀ ਸਿਰਜਣਾ ਦਾ ਰਾਹ ਫੜਦੀ ਹੈ। ਛਿੱਬੂ ਵਰਗੇ ਪੁਰਾਣੀ ਪੀੜ੍ਹੀ ਦੇ ਦਲਿਤ ਮਨੁੱਖ ਉੱਤੇ ਸੰਸਕਾਰਾਂ ਦੀ ਜਕੜ ਇਸ ਕਦਰ ਮਜ਼ਬੂਤ ਹੈ ਕਿ ਉਸ ਨੂੰ ਕਲਾਂਣ ਕਰਨੀ, ਬੁੱਤੀਆਂ ਕਰਨਾ, ਅਖੰਡ ਪਾਠ ਤੋਂ ਬਾਅਦ ਘਰ ਵਾਸਤੇ ਕੜਾਹ ਤੇ ਰੋਟੀ ਲਿਆਉਣ, ਛੁਆਰਿਆਂ ਦੇ ਲਾਗ ਲੈਣੇ, ਜਜਮਾਨਣੀਆਂ ਦਾ ਉਤਾਰ ਪਾਉਣਾ ਠੀਕ ਲੱਗਦੇ ਹਨ। ਉਸ ਨੂੰ ਇਸ ਵਿਚ ਕੁਝ ਗਲਤ ਦਿਖਾਈ ਨਹੀਂ ਦਿੰਦਾ। ਆਪਣੀ ਇਸੇ ਜਕੜੀ ਸੋਚ ਕਾਰਣ ਉਹ ਕਹਿੰਦਾ ਹੈ—

"ਉਏ ਮੁਲਖਾ ! ਪਈ ਜੇ ਮੈਂ ਪਿੰਡ ਦਾ ਕੰਮ ਕਰਨੋਂ ਹਟ ਜੂੰ ਤੇ ਮੇਰੀ ਜਾਤ ਤੇ ਨੀ ਬਦਲ ਚੱਲੀ....ਰਹਿਣਾ ਤੇ ਸਾਂਸੀ ਹੀ ਆ, ਜਿਹੜੇ ਰੱਬ ਨੇ ਬਣਾ ਤਾ....।" 9

ਇਸਦੇ ਜੁਆਬ ਵਿਚ ਛਿੱਬੂ ਦੇ ਲੜਕੇ ਬਲਦੇਵ ਦਾ ਇਹ ਵਾਕ ਵੀ ਧਿਆਨ ਦੇਣ ਯੋਗ ਹੈ—

"ਨਾ ਤੈਨੂੰ ਜਾਤ ਬਦਲਣ ਲਈ ਕਿਹੜਾ ਕਹਿੰਦਾ, ਮੈਂ ਤੇ ਆਂਹਦਾ ਪਈ ਚਾਰ ਦਿਨ ਚੈਨ ਨਾਲ ਘਰ ਬਹਿ ਕੇ ਰੋਟੀ ਖਾ ਲਾ...।"

ਇਸ ਪ੍ਰਕਾਰ ਇਹ ਕਹਾਣੀ ਦਲਿਤ ਚੇਤਨਾ ਦੇ ਪ੍ਰਸੰਗ ਵਿਚ ਦੋ ਬਹੁਤ ਮਹੱਤਵਪੂਰਨ ਗੱਲਾਂ ਸਾਹਮਣੇ ਲੈ ਕੇ ਆਉਂਦੀ ਹੈ। ਪਹਿਲੀ ਗੱਲ ਦਲਿਤ ਭਾਈਚਾਰੇ ਦੇ ਮਨੁੱਖ ਲਈ ਬ੍ਰਾਹਣੀਕਲ ਸਿਸਟਮ ਦੇ ਪੈਦਾ ਕੀਤੇ ਅਤੇ ਦਲਿਤ ਮਨੁੱਖ ਤੇ ਆਰੋਪਿਤ ਕੀਤੇ ਸੰਸਕਾਰਾਂ ਤੋਂ ਮਾਨਸਿਕ ਮੁਕਤੀ ਗ੍ਰਹਿਣ ਕਰਨਾ ਹੈ। ਦੂਜਾ ਆਪਣੀ ਮਿਹਨਤ ਦੇ ਬਲਬੂਤੇ ਆਰਥਿਕਤਾ ਦੇ ਸੁਧਾਰ ਰਾਹੀਂ 'ਜਾਤੀ ਹੀਣਤਾ' ਦੇ ਖੋਲ੍ਹ ਵਿਚ ਸੁੰਗੜਨ ਦੀ ਬਜਾਇ 'ਜਾਤੀ ਗੌਰਵ' ਦੇ ਰਸਤੇ ਤੁਰਨ ਦਾ ਹੈ। ਕਹਾਣੀ ਇਸ ਪੈਗਾਮ ਨਾਲ ਭਰੀ ਪਈ ਹੈ ਕਿ

ਦਲਿਤ ਜਾਤੀ ਦਾ ਲਕਬ ਨਾ ਤਾਂ ਛੁਪਾਉਣ ਦੀ ਚੀਜ਼ ਹੈ ਅਤੇ ਨਾ ਹੀ ਭਾਰਤੀ ਸਮਾਜ ਵਿਚੋਂ ਏਨੀ ਜਲਦੀ ਜਾਣ ਵਾਲਾ ਵਰਤਾਰਾ ਹੈ। ਇਸ ਲਈ ਦਲਿਤ ਮਨੁੱਖ ਆਪਣੇ ਯਤਨਾਂ ਨਾਲ ਆਪਣਾ ਜਮਾਤੀ ਖਾਸਾ ਬਦਲ ਕੇ ਅਤੇ ਆਪਣੇ ਨਾਲ ਜੁੜੇ ਗਲਾਜ਼ਤ ਭਰੇ ਸੰਸਕਾਰਾਂ ਅਤੇ ਕੰਮਾਂ ਦੀ ਪੰਡ ਨੂੰ ਪਰੇ ਵਗਾਹ ਮਾਰ ਕੇ ਜਾਤੀ ਗੌਰਵ ਨਾਲ ਭਰੀ ਜ਼ਿੰਦਗੀ ਜਿਉਂ ਸਕਦਾ ਹੈ।

ਜਾਤੀ ਹੀਣਤਾ ਤੋਂ ਜਾਤੀ ਗੌਰਵ ਵੱਲ ਤੁਰਨ ਦੇ ਸਫ਼ਰ ਨੂੰ ਗੁਰਮੀਤ ਕੜਿਆਲਵੀ ਦੀ ਕਹਾਣੀ 'ਹੱਡਾ ਰੋੜੀ ਤੇ ਰੇਹੜੀ' ਬਹੁਤ ਕਲਾਤਮਿਕਤਾ ਨਾਲ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਪੂਰਿਆਂ ਕਰਦੀ ਹੈ। ਅਨਾਜ ਸਪਲਾਈ ਮਹਿਕਮੇ ਵਿਚ ਸੁਪਰਵਾਈਜ਼ਰ ਦੇ ਰੁਤਬੇ ਤੱਕ ਪਹੁੰਚਦਿਆਂ ਦਲਿਤ ਪਾਤਰ ਪ੍ਰਕਾਸ਼ ਆਪਣੀ ਬਦਲੀ ਜਮਾਤੀ ਸਥਿਤੀ ਕਾਰਣ ਆਪਣੀ ਮੌਜੂਦਾ ਜਾਤੀ ਸਥਿਤੀ ਤੋਂ ਵੀ ਛੁਟਕਾਰਾ ਪਾਉਣਾ ਚਾਹੁੰਦਾ ਹੈ। ਉਹ ਬਚਪਨ ਤੋਂ ਹੀ ਆਪਣੇ ਬਾਪ ਨਾਲ ਮੁਰਦਾਰ ਢੋਣ ਦਾ ਕੰਮ ਕਰਦਾ ਰਿਹਾ ਹੈ। ਮੁਰਦਾਰ ਢੋਣ ਲਈ ਵਰਤੀ ਜਾਂਦੀ ਰੇਹੜੀ ਉਸਨੂੰ ਬਦਲੀ ਸਥਿਤੀ ਵਿਚ ਕਲੰਕ ਜਾਪਦੀ ਹੈ। ਉਸ ਅੰਦਰ ਵੀ ਸਰਵਮੀਤ ਦੀ ਕਹਾਣੀ 'ਕਲਾਣ' ਦੇ ਪਾਤਰ ਬਲਦੇਵ ਵਾਂਗ ਇਹ ਸੋਚ ਉਭਰਦੀ ਹੈ ਕਿ ਜਿੰਨਾ ਚਿਰ ਉਹ ਜੱਦੀ ਪੁਸ਼ਤੀ ਤੁਰੇ ਆਉਂਦੇ ਗਲੀਜ਼ ਕੰਮਾਂ ਨੂੰ ਕਰਨਾ ਬੰਦ ਨਹੀਂ ਕਰਦਾ ਜਮਾਤੀ ਖਾਸਾ ਬਦਲ ਜਾਣ ਤੇ ਵੀ ਨੀਵੀਂ ਜਾਤ ਦਾ ਕਲੰਕ ਉਸ ਨਾਲ ਲੱਗਿਆ ਰਹੇਗਾ। ਪਰ ਗੁਰਮੀਤ ਕੜਿਆਲਵੀ ਇਸ ਸਮੱਸਿਆ ਦਾ ਹੱਲ ਬਹੁਤ ਹੀ ਕਲਾਤਮਿਕ ਢੰਗ ਨਾਲ ਕਰਦਾ ਹੈ। ਉਹ ਅਜਿਹੇ ਵੇਰਵੇ ਚਿੱਤਰਦਾ ਹੈ ਜਿਸ ਵਿਚੋਂ ਇਹ ਗੱਲ ਉੱਘੜਦੀ ਹੈ ਕਿ ਪ੍ਰਕਾਸ਼ ਦੀ ਸੁਧਰੀ ਆਰਥਿਕ ਸਥਿਤੀ ਅਤੇ ਬਦਲੇ ਜਮਾਤੀ ਖਾਸੇ ਲਈ ਉਸ ਦਾ ਪਰਿਵਾਰਕ ਕੰਮ ਹੀ ਜ਼ਿੰਮੇਵਾਰ ਹੈ। ਉਸ ਦੀ ਚੇਤਨਾ ਵਿਚ ਉਭਰਦੇ ਉਸਦੇ ਬਾਪ ਦੇ ਇਹ ਸ਼ਬਦ ਬਹੁਤ ਹੀ ਮਾਅਨੇਖੇਜ਼ ਹਨ—

"ਪੁੱਤ ਪ੍ਰਗਾਸਿਆ, ਤੂੰ ਮੈਨੂੰ ਉਹ ਕੰਮ ਛੱਡ ਦੇਣ ਨੂੰ ਕਹਿਨੈ, ਜੀਹਦੇ ਕਰਕੇ ਸਾਨੂੰ ਹੁਣ ਤੱਕ ਬੁਰਕੀ ਮਿਲਦੀ ਰਹੀ....ਤੇਰੀ ਭੜਾਈ ਏਸੇ ਕਰਕੇ ਈ ਸਿਰੇ ਚੜ੍ਹੀ ਆ। ਤੂੰ ਈ ਦੱਸ ਸਾਰੇ ਪਿੰਡ 'ਚ ਸੀਰੀ ਸਾਂਝੀ ਰਲਦੇ ਆਂਡੀਆਂ ਗੁਆਂਢੀਆਂ ਦਾ ਕੋਈ ਮੁੰਡਾ ਪੜ੍ਹਿਆ ? ਓਏ ਕੋਹੜਿਆ ਕੰਮ ਨੀ ਮਾੜਾ ਹੁੰਦਾ ਕੋਈ ਵੀ। ਮਾੜੀ ਤਾਂ ਬੰਦੇ ਦੇ ਡਮਾਕ ਦੀ ਸੋਚ ਹੁੰਦੀ ਹੈ।" 11

ਇਸ ਪ੍ਰਕਾਰ ਇਹ ਕਹਾਣੀ ਕਿਰਤ ਨਾਲ ਜੋੜੇ ਬ੍ਰਾਹਮਣੀਕਲ ਪ੍ਰਬੰਧ ਦੇ ਗਲੀਜ਼ਤਾ ਭਰੇ ਉਛਾੜਾਂ ਨੂੰ ਲਾਹ ਕੇ ਕਿਰਤ ਨੂੰ ਕਿਰਤ ਵਜੋਂ ਸਥਾਪਤ ਕਰਦੀ ਹੈ। ਕਿਰਤ ਨਾਲ ਜੁੜੀ ਊਚ ਨੀਚ ਨੂੰ ਪਲਟ ਕੇ ਇਹ ਕਿਰਤ ਦੇ ਗੌਰਵ ਨੂੰ ਕੇਂਦਰੀ ਧਰਾਤਲ ਦਿੰਦੀ ਹੈ। ਇਸ ਪ੍ਰਕਾਰ ਇਹ ਕਹਾਣੀ ਦਲਿਤ ਹੀਣਤਾ ਨੂੰ ਜੜ੍ਹੋਂ ਫੜਦਿਆਂ ਬੰਦੇ ਦੇ ਦਿਮਾਗ ਵਿਚ ਕਿਰਤ ਨਾਲ ਜੁੜੀ ਊਚ ਨੀਚ ਦੀ ਸੋਚ ਨੂੰ ਖਤਮ ਕਰਨ ਵੱਲ ਡੂੰਘਾ ਇਸ਼ਾਰਾ ਕਰਦੀ ਹੈ। ਕਿਰਤ ਨਾਲ ਜੁੜੀ ਹੀਣ ਭਾਵਨਾ ਨੂੰ ਖ਼ਤਮ ਕਰਕੇ ਕਿਰਤ ਨੂੰ ਕਿਰਤ ਵਜੋਂ ਸਥਾਪਤ ਕਰਨਾ ਇਸ ਕਹਾਣੀ ਦੀ ਪ੍ਰਾਪਤੀ ਬਣਦਾ ਹੈ। ਕਿਰਤ ਦੇ ਸਵੈਮਾਣ ਵਿਚੋਂ ਹੀ ਜਾਤੀ ਸਵੈਮਾਣ ਲਈ ਆਪਣੇ ਆਪ ਰਸਤਾ ਬਣ ਜਾਂਦਾ ਹੈ। ਪ੍ਰੰਤੂ ਪੈਦਾ ਹੋਇਆ ਇਹ ਸਵੈਮਾਣ ਕਿਰਤ ਦੀ ਮਹਾਨਤਾ ਕਾਰਣ ਸਮੁੱਚੇ ਭਾਈਚਾਰੇ ਨੂੰ ਨਿਖੇੜਨ ਦੀ ਬਜਾਇ ਜੋੜਨ ਦੇ ਰਸਤੇ ਤੁਰ ਸਕਦਾ ਹੈ।

ਪੂੰਜੀਵਾਦੀ ਪ੍ਰਬੰਧ ਵਿਚ ਪੈਦਾ ਹੋ ਰਹੇ ਉਪਭੋਗੀ ਸਭਿਆਚਾਰ ਵਿਚ ਦਲਿਤ ਮਨੁੱਖ ਦੀ ਸੋਚ ਕਿਵੇਂ ਕਰਵਟਾਂ ਲੈ ਰਹੀ ਹੈ, ਇਸ ਗੱਲ ਨੂੰ ਬਲਜਿੰਦਰ ਨਸਰਾਲੀ ਦੀ ਕਹਾਣੀ 'ਹੱਡਾ ਰੋੜੀ' ਅਤੇ ਵਰਿਆਮ ਸੰਧੂ ਦੀ ਕਹਾਣੀ 'ਨੌਂ ਬਾਰਾਂ ਦਸ' ਬਹੁਤ ਹੀ ਸ਼ਕਤੀਸ਼ਾਲੀ ਰੂਪ ਵਿਚ ਪ੍ਰਗਟ ਕਰਦੀਆਂ ਹਨ। 'ਹੱਡਾਰੋੜੀ' ਕਹਾਣੀ ਵਿਚ ਪੂੰਜੀਵਾਦੀ ਪ੍ਰਬੰਧ ਦੇ ਸ਼ਕਤੀਸ਼ਾਲੀ ਰੂਪ ਵਿਚ ਛਾ ਜਾਣ ਦੇ ਇਵਜ਼ ਵਜੋਂ ਮੂਲ ਪੇਂਡੂ ਢਾਂਚੇ ਵਿਚ ਵਾਪਰ ਰਹੀਆਂ ਤਬਦੀਲੀਆਂ ਨੂੰ ਦਲਿਤ ਪਾਤਰ ਦੇ ਪ੍ਰਸੰਗ ਵਿਚ ਫੜਨ ਦਾ ਯਤਨ ਕੀਤਾ ਗਿਆ ਹੈ। ਇਨ੍ਹਾਂ ਤਬਦੀਲੀਆਂ ਕਾਰਣ ਦਲਿਤਾਂ ਦੇ ਵਿਭਿੰਨ ਵਰਗਾਂ, ਉਪਵਰਗਾਂ ਵਿਚ ਪੁਰਾਣੀਆਂ ਸਮੀਕਰਣਾਂ



ਬਦਲੀਆਂ ਹਨ। ਕਿਉਂਕਿ 'ਵਪਾਰੀਕਰਣ' ਨੇ ਸਭ ਧਿਰਾਂ ਦੀ ਸੋਚ ਨੂੰ ਮੱਲ ਲਿਆ ਹੈ। ਇਸ ਰੁਚੀ ਕਾਰਣ ਹੁਣ ਆਪਸੀ ਵਿਰੋਧ ਉੱਚ ਜਾਤੀਆਂ ਅਤੇ ਨਿਮਨ ਜਾਤੀਆਂ ਦੀ ਮਕਾਨਕੀ ਵੰਡ ਤੱਕ ਸੀਮਿਤ ਨਹੀਂ ਰਹੇ। ਸਗੋਂ ਇਹ ਇਸ ਦੇ ਨਾਲ-ਨਾਲ ਨਿਮਨ ਜਾਤੀਆਂ ਵਿਚ ਵੀ ਤਿੱਖੇ ਰੂਪ ਵਿਚ ਪਾਏ ਜਾਂਦੇ ਹਨ। 'ਹੱਡਾ ਰੋੜੀ' ਕਹਾਣੀ ਵਿਚ ਵੀ ਚੂਹੜਿਆਂ ਅਤੇ ਚਮਾਰਾਂ ਦੀ ਆਪਸੀ ਖਹਿਬਾਜ਼ੀ ਦੇ ਵਿਭਿੰਨ ਪਰਿਪੇਖ ਉਭਰਦੇ ਹਨ। ਕਹਾਣੀ ਵਿਚਲੇ ਜੈਬੂ ਹੁਰਾਂ ਦਾ ਜੱਦੀ ਪੁਸ਼ਤੀ ਮਰੇ ਡੰਗਰ ਢੋਣ ਦਾ ਕੰਮ ਜਦ ਕਾਲੂ ਦੀ ਕਿੜ ਕਾਰਣ ਵਪਾਰੀਕਰਣ ਦੇ ਰਾਹ ਆ ਤੁਰਦਾ ਹੈ ਤਾਂ ਇਸ ਨਾਲ ਜੈਬੂ ਅੰਦਰ ਵੀ ਢੇਰ ਸਾਰੀ ਤਬਦੀਲੀ ਵਾਪਰ ਜਾਂਦੀ ਹੈ। ਨਿੱਜੀ ਨਫ਼ੇ ਨੁਕਸਾਨ ਤੇ ਖੜ੍ਹਾ ਉਸਦਾ ਧੰਦਾ ਹੁਣ ਮੂਲ ਮਾਨਵੀ ਗੁਣਾਂ ਤੋਂ ਸੱਖਣਾਂ ਹੋ ਜਾਂਦਾ ਹੈ। ਇਸ ਨਾਲ ਜੈਬੂ ਅਤੇ ਉਸਦੇ ਕੰਮ ਦੇ 'ਅਮਾਨਵੀਕਰਣ' ਦਾ ਕਾਰਜ ਹੋ ਜਾਂਦਾ ਹੈ। ਇਸ ਅਮਾਨਵੀਪੁਣੇ ਵਿਚ ਹੀ ਪੀਸ ਹੁੰਦਾ ਜੈਬੂ ਇਕ ਪਾਸੇ ਤਾਂ ਠੇਕੇ ਤੇ ਲਈ ਹੱਡਾ ਰੋੜੀ ਦੇ ਕੰਮ ਵਿਚੋਂ ਵੱਧ ਤੋਂ ਵੱਧ ਮੁਨਾਫਾ ਕਮਾਉਣ ਦੀ ਇੱਛਾ ਪਾਲਦਾ ਹੈ ਅਤੇ ਦੂਜੇ ਪਾਸੇ ਆਪਣੇ ਅੰਦਰ ਸ਼ਹਿ ਲਾਕੇ ਬੈਠੀ ਮਾਨਵਤਾ ਦੀ ਗ੍ਰਿਫਤ ਵਿਚ ਆਣ ਕੇ ਕਿਸੇ ਦੇ ਪਸ਼ੂ ਮਰਨ ਤੇ ਓਪਰੀ ਹਮਦਰਦੀ ਵਜੋਂ ਇਹ ਸ਼ਬਦ ਕਹਿੰਦਾ ਹੈ—

"ਹਾਅ ਤਾਂ ਫੇਰ ਬਾਹਲਾ ਲੋਹੜਾ ਹੋਇਆ ਲਾਣੇਦਾਰਾ..ਹਜੇ ਤਾਂ ਇਕੋ ਸੂਆ ਪੀਤਾ ਸੀ..।" 12

ਖਪਤ ਸਭਿਆਚਾਰ ਅਤੇ ਇਸਨੂੰ ਉਭਾਰਦੇ ਮੀਡੀਏ ਦੇ ਪ੍ਰਭਾਵ ਹੇਠ ਜਨ ਸਧਾਰਣ ਦੇ ਵਾਂਗ ਦਲਿਤ ਮਨੁੱਖ ਵਿਚ ਜੋ-ਜੋ ਤਬਦੀਲੀਆਂ ਵਾਪਰਲੀਆਂ ਹਨ, ਉਸ ਨੂੰ ਵਰਿਆਮ ਸੰਧੂ ਦੀ ਕਹਾਣੀ 'ਨੌਂ ਬਾਰਾਂ ਦਸ' ਆਪਣੀ ਸਿਰਜਣ ਪ੍ਰਕਿਰਿਆ ਵਿਚ ਢਾਲਣ ਦਾ ਖ਼ੂਬਸੂਰਤ ਉਪਰਾਲਾ ਕਰਦੀ ਹੈ। ਇਸ ਕਹਾਣੀ ਰਾਹੀਂ ਸੰਧੂ ਦਲਿਤ ਮਨੁੱਖ ਦੇ ਉਸ ਅੰਦਰਲੇ ਸੰਸਾਰ ਦੀ ਥਾਹ ਪਾਉਂਦਾ ਹੈ, ਜਿਸ ਨੂੰ ਆਮ ਤੌਰ ਤੇ ਸਧਾਰਨ ਮਾਨਸਿਕਤਾ ਵਾਲਾ ਹਰ ਸਖ਼ਸ਼ ਪਰਦੇ ਹੇਠ ਛੁਪਾ ਕੇ ਰੱਖਦਾ ਹੈ। ਇਸ ਜ਼ਰੂਰਤ ਵਿਚੋਂ ਹੀ ਕਹਾਣੀ ਦਾ ਦਲਿਤ ਪਾਤਰ ਨਿੰਦਰ ਵਿਗੜੇ ਮਾਨਸਿਕ ਸੰਤੁਲਨ ਵਜੋਂ ਇਕ ਯੁਕਤ ਵਜੋਂ ਪੇਸ਼ ਹੁੰਦਾ ਹੈ। ਕਹਾਣੀ ਦੀ ਕੇਂਦਰੀ ਧੁਨੀ ਵਿਚ ਇਹ ਗੱਲ ਡੂੰਘੀ ਲੱਥੀ ਹੋਈ ਹੈ ਕਿ ਵਰਗ ਸਮਾਜ ਵਿਚ ਸਥਾਪਤ ਧਿਰ ਦੀ ਸੋਚ ਅਤੇ ਸੁਫ਼ਨੇ ਹੀ ਹੇਠਲੇ ਵਰਗਾਂ ਦੀ ਮਾਨਸਿਕਤਾ ਵਿਚ ਛਾ ਜਾਂਦੀ ਹੈ। ਇਸ ਕਾਰਣ ਹੀ ਖਪਤ ਸਭਿਆਚਾਰ ਦੀ ਮਾਰ ਹੇਠ ਆਏ ਦਲਿਤ ਪਾਤਰ ਨਿੰਦਰ ਅੰਦਰ ਵੀ ਉਹੀ ਸੁਫ਼ਨੇ ਅਤੇ ਖਾਹਿਸ਼ਾਂ ਹਨ ਜੋ ਕਿਸੇ ਵੀ ਉੱਚ ਜਾਤੀ ਦੇ ਮਨੁੱਖ ਅੰਦਰ ਹੋ ਸਕਦੇ ਹਨ। ਇਸਦੇ ਨਾਲ-ਨਾਲ ਇਹ ਕਹਾਣੀ ਸਦੀਆਂ ਤੋਂ ਜਨ ਜੀਵਨ ਵਿਚ ਹਾਸ਼ੀਏ ਤੇ ਧਕੇਲੇ, ਸਭ ਪੈਦਾਵਾਰੀ ਸਾਧਨਾਂ ਤੋਂ ਵਿਹੂੰਨੇ ਅਤੇ ਉੱਚ ਜਾਤੀਆਂ ਲਈ ਫੋਗ ਦੀ ਨਿਆਈ ਬਣੇ ਦਲਿਤ ਮਨੁੱਖ ਦੇ ਅੰਦਰ ਫੁਟਦੇ ਨਫ਼ਰਤ ਦੇ ਲਾਵੇ ਦੇ ਫੁੱਟਣ, ਦੱਬਣ ਅਤੇ ਨਿਕਾਸ ਪਾਉਣ ਲਈ ਬਣੀ ਬੇਚੈਨੀ ਦੇ ਸੂਤਰਾਂ ਨੂੰ ਵੀ ਪਕੜਨ ਦਾ ਯਤਨ ਕਰਦੀ ਹੈ। ਦਲਿਤ ਮਨੁੱਖ ਲਈ ਉਹ ਸਭ ਚੀਜਾਂ ਨਿਆਈਂ ਹਨ। ਜਿਸ ਨੂੰ ਅਜੋਕਾ ਖਪਤ ਸਭਿਆਚਾਰ ਸਾਡੇ ਦਰਵਾਜ਼ੇ ਤੇ ਲਿਆਈ ਖੜ੍ਹਾ ਜਾਪਦਾ ਹੈ। ਪਹਿਲਾਂ ਹੀ ਥੁੜਾਂ ਦੇ ਸ਼ਿਕਾਰ ਦਲਿਤ ਮਨੁੱਖ ਦੇ ਸੁਫ਼ਨਿਆਂ ਅਤੇ ਯਥਾਰਥ ਵਿਚਲਾ ਫ਼ਾਸਲਾ ਇਸ ਕਾਰਣ ਦਿਨੋਂ ਦਿਨ ਹੋਰ ਲੰਮਾ ਹੁੰਦਾ ਜਾ ਰਿਹਾ ਹੈ। ਇਸ ਕਾਰਣ ਹੀ ਨਿੰਦਰ ਵਰਗਾ ਮਨੁੱਖ ਅਤ੍ਰਿਪਤ ਖਾਹਿਸ਼ਾਂ ਦੇ ਚਲਦਿਆਂ ਮਨੋਵਿਕਾਰਾਂ ਦਾ ਸ਼ਿਕਾਰ ਹੋ ਕੇ ਸੁਫ਼ਨ ਸੰਸਾਰ ਵਿਚ ਹੀ ਵਿਚਰਣ ਲੱਗ ਪੈਂਦਾ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਉਸਨੂੰ ਸੁਫ਼ਨੇ ਆਉਂਦੇ ਨਹੀਂ ਸਗੋਂ ਉਹ ਲੈਂਦਾ ਹੈ।

ਦਲਿਤ ਮਨੁੱਖ ਦੀ ਮਾਨਸਿਕਤਾ ਵਿਚ ਹੀਣਤਾ ਪੈਦਾ ਕਰਨ ਵਾਲੇ ਕਾਰਣ ਅਤੇ ਇਸ ਕਾਰਣ ਉਸਦੀ ਵਲੂੰਧਰ ਹੁੰਦੀ ਮਾਨਸਿਕਤਾ ਦੇ ਵਿਭਿੰਨ ਪਹਿਲੂਆਂ ਨੂੰ ਸੰਧੂ ਬੜੀ ਸਹਿਜਤਾ ਨਾਲ ਚਿੱਤਵ ਜਾਂਦਾ ਹੈ। ਇਹ ਸਭ ਕੁਝ ਏਨੀ ਸਹਿਜਤਾ ਨਾਲ ਵਾਪਰਦਾ ਹੈ ਕਿ ਬੁਨਿਆਦੀ ਸਿਸਟਮ ਵਿਚ ਕੋਈ ਹਲਚਲ ਨਹੀ ਹੁੰਦੀ। ਸਿਰਫ਼ ਨਿੰਦਰ ਵਰਗਾ ਦਲਿਤ ਇਸ ਕੁਫ਼ੱਤਣ ਨੂੰ ਅੰਦਰੋਂ ਅੰਦਰੀ ਪੀ ਕੇ ਰਹਿ ਜਾਂਦਾ ਹੈ।

ਦਲਿਤ ਮਨੁੱਖ ਨਾਲ ਸਦੀਆਂ ਤੋਂ ਵੱਜਦੇ ਆ ਰਹੇ ਇਸ ਰੌਂਦ ਨੂੰ ਨਿੰਦਰ ਦੇ ਅਜੋਕੇ ਪ੍ਰਸੰਗਾਂ ਨਾਲ ਜੋੜਕੇ ਸੰਧੂ ਨਿੰਦਰ ਦੇ ਮੂੰਹੋਂ ਅਖਵਾਉਂਦਾ ਹੈ—

"ਚਾਚਾ ਰੌਂਦ ਵੱਜ ਗਿਐ!"

"ਕਿਵੇਂ ? ਕੀਹਨੇ ਮਾਰਿਐ ਰੌਂਦ ?"

"ਰੱਬ ਨ ਮਾਰਿਐ ਜਿਹੜੇ ਨੈਤੇ ਤੇ ਛਿੰਨੋ ਦੇ ਘਰ ਜੰਮ ਪਏ।"[13]

ਇਸ ਪ੍ਰਕਾਰ ਸੰਧੂ ਉੱਚ ਜਾਤੀ ਬੰਦੇ ਵਲੋਂ ਧਰਮ ਦੀ ਰਾਜਨੀਤੀ ਦੇ ਆਸਰੇ ਮਾਰੇ ਇਸ ਰੌਂਦ ਨਾਲ ਦਲਿਤ ਮਨੁੱਖ ਅੰਦਰ ਪੈਦਾ ਹੋਈ ਪੀੜ ਨੂੰ ਪੇਸ਼ ਕਰ ਜਾਂਦਾ ਹੈ। ਇਸ ਪੀੜ ਵਿਚ ਹੀ ਇਸ ਰੌਂਦ ਨੂੰ ਠੀਕ ਕੀਤੇ ਜਾਣ ਲਈ ਅਣ ਕਿਹਾ ਪੈਗ਼ਾਮ ਵੀ ਪਿਆ ਹੈ। ਇਹ ਕਹਾਣੀ 'ਕਲਾਣ' ਜਾਂ 'ਹੱਡਾ ਰੋੜੀ ਤੇ ਰੇਹੜੀ' ਕਹਾਣੀ ਦੇ ਉਲਟ ਭਾਵੇਂ ਜਾਤੀ ਗੌਰਵ ਦੀ ਬਜਾਇ ਜਾਤੀ ਹੀਣਤਾ ਵਿਚ ਮੁੱਕਦੀ ਹੈ ਪ੍ਰੰਤੂ ਇਸ ਹੀਣਤਾ ਨਾਲ ਜੁੜੀ ਚੀਸ ਪਾਠਕ ਨੂੰ ਧੁਰ ਤੱਕ ਹਲੂਣ ਜਾਂਦੀ ਹੈ। ਇਸ ਹਲੂਣਨ ਵਿਚ ਹੀ ਇਸ ਕਹਾਣੀ ਦੀ ਅੰਦਰਲੀ ਲਿਸ਼ਕ ਪਈ ਹੋਈ ਹੈ।

ਪੰਜਾਬੀ ਕਹਾਣੀ ਦੀ ਦਲਿਤ ਚੇਤਨਾ ਦੇ ਸੰਬੰਧ ਵਿਚ ਉਹ ਸੰਦਰਭ ਵੀ ਮਹੱਤਵਪੂਰਨ ਹਨ ਜਿਹੜੇ ਮੁੱਖ ਕਥਾ ਸੁਰ ਬਣਕੇ ਤਾਂ ਨਹੀਂ ਉੱਭਰਦੇ ਪ੍ਰੰਤੂ ਕਹਾਣੀ ਦੀਆਂ ਉਪ-ਘਟਨਾਵਾਂ ਜਾਂ ਉਪ ਵੇਰਵਿਆਂ ਵਜੋਂ ਸ਼ਾਮਲ ਹੁੰਦੇ ਹਨ। ਇਨ੍ਹਾਂ ਵਿਚੋਂ ਇਕ ਵੇਰਵਾ ਸਿੱਖ ਧਰਮ ਦੇ ਦਲਿਤ ਪਰਿਪੇਖ ਦੇ ਸੰਬੰਧ ਵਿਚ ਨਿਭਾਈ ਭੂਮਿਕਾ ਦਾ ਹੈ। ਇਹ ਇਕ ਬਹਿਸ ਤਲਬ ਮੁੱਦਾ ਹੈ ਕਿ ਸਿੱਖ ਧਰਮ ਸਮਾਜੀ ਪੱਧਰ ਤੇ ਜਾਤ ਪਾਤ ਦੇ ਮਸਲੇ ਨੂੰ ਕਿੰਨਾ ਕੁ ਮੁਖਾਤਿਬ ਹੋ ਸਕਿਆ ਹੈ। ਪੰਜਾਬੀ ਕਹਾਣੀ ਵਿਚਲੇ ਵੇਰਵਿਆਂ ਤੋਂ ਇਸ ਦੀ ਕਿਸੇ ਸਾਰਥਿਕ ਭੂਮਿਕਾ ਦਾ ਨਜ਼ਾਰਾ ਪੇਸ਼ ਨਹੀਂ ਹੁੰਦਾ। ਗੁਰੂ ਘਰਾਂ ਵਿਚ ਦਲਿਤ ਜਾਤੀ ਮਨੁੱਖਾਂ ਦੀ ਹੋਣੀ ਤੇ ਵਿਅੰਗ ਕਰਦੀ 'ਗੌਰਜਾਂ' ਕਹਾਣੀ ਵਿਚਲੀ ਦਲਿਤ ਚੇਤਨਾ ਨਾਲ ਲਬਰੇਜ਼ ਧਰਮਪਾਲ ਦੀ ਆਪਣੀ ਜਾਤੀ ਦੇ ਬੱਚਿਆਂ ਨਾਲ ਕੀਤੀ। ਇਹ ਵਰਜਣਾ ਧਿਆਨ ਖਿੱਚਦੀ ਹੈ—

"ਤੁਸੀਂ ਮੂੰਹ ਲਟਕਾਈ ਆਉਂਦੇ ਓ ਭਲਵਾਨੋ ?.....ਹੂੰਅ! ਜੁੱਤੀਆਂ ਵਿਚ ਬੈਠ ਕੇ ਪੂਰਾ ਪ੍ਰਸਾਦਿ ਨ੍ਹੀ ਮਿਲਿਆ। .....ਤੇ ਉਹ ਬਾਬੇ ਨਾਨਕ ਦੀ ਬਾਣੀ ਦਾ ਉਪਦੇਸ਼ ਵਾਲੇ....ਵਾਹ।"[14]

ਸਰਬ ਸਾਂਝੀ ਵਾਲਤਾ ਦਾ ਹੋਕਾ ਦੇਣ ਵਾਲੇ ਸਿੱਖ ਧਰਮ ਨੇ ਜਦ ਗੁਰਦੁਆਰਿਆਂ ਨਾਲ ਜੁੜ ਕੇ ਸੰਸਥਾਈ ਰੂਪ ਗ੍ਰਹਿਣ ਕੀਤਾ ਤਾਂ ਇਸ ਸਾਂਝੀਵਾਲਤਾ ਦਾ ਜੋ ਹਾਲ ਹੋਇਆ ਉਸਨੂੰ 'ਅੱਧੇ ਅਧੂਰੇ' ਕਹਾਣੀ ਵਿਚਲੇ ਸਾਧੂ ਚੌਂਕੀਦਾਰ ਦੇ ਹੈਡ ਮਾਸਟਰ ਰਾਮਪਾਲ ਨੂੰ ਕਹੇ ਬੋਲਾਂ ਵਿਚੋਂ ਤੱਕਿਆ ਜਾ ਸਕਦਾ ਹੈ—

"ਊਂ ਸਾਬ੍ਹ ਜੀ ਈ ਹਾਡੇ ਪਿੰਡ ਕਿੰਨੇ ਸਾਰਿਓ ਈ ਗੁਰਦੁਆਰੇ ਆ। ਤਖਾਣਾਂ ਦਾ, ਲਬਾਣਿਆਂ ਦਾ, ਚਮਾਰਾਂ ਦਾ, ਜੱਟਾਂ ਦਾ। ਜੱਟਾਂ 'ਚ ਵੀ ਗਿੱਜ ਸੈਬ੍ਹ ਹੋਣਾਂ ਦਾ ਅੱਡ ਆ। ਤੁਆਡਾ ਰੱਬ ਭਲਾ ਕਰੇ ਸਾਰੇ ਈ ਇਕ ਦੂਜੇ ਤੋਂ ਅੱਗੇ ਲੰਘਣ ਲਈ ਜ਼ਾਦਾ ਤੋਂ ਜ਼ਾਦਾ ਪਾਠ ਪੂਠ ਪੜ੍ਹਦੇ ਆ।"[15]

ਸਮੁੱਚੀ ਚਰਚਾ ਨੂੰ ਸਮੇਟਦੇ ਹੋਏ ਕਿਹਾ ਜਾ ਸਕਦਾ ਹੈ ਕਿ ਦਲਿਤ ਚੇਤਨਾ ਨਾਲ ਸੰਬੰਧਤ ਕਲਾਤਮਕ ਪੰਜਾਬੀ ਕਹਾਣੀ ਗਿਣਤੀ ਦੇ ਪੱਖੋਂ ਤਾਂ ਬਹੁਤੀ ਨਹੀਂ ਹੈ। ਪ੍ਰੰਤੂ ਇਸ ਦੀਆਂ ਗੁਣਾਤਮਕ ਪ੍ਰਾਪਤੀਆਂ ਬਹੁਤ ਮਹੱਤਵਪੂਰਨ ਹੈ। ਇਸ ਚੇਤਨਾ ਨਾਲ ਜਾਤੀ ਵੰਡ ਨੂੰ ਪਛਾੜ ਕੇ ਹਰ ਜਾਤੀ ਦਾ ਕਥਾਕਾਰ ਜੁੜਿਆ ਹੋਇਆ ਹੈ। ਇਸ ਚੇਤਨਾ ਦੀ ਕਹਾਣੀ ਵਿਚ ਬੁਨਿਆਦੀ ਮਸਲਾ ਸਦੀਆਂ ਦੇ ਬ੍ਰਾਹਮਣੀਕਲ ਸਿਸਟਮ ਕਾਰਣ ਉਪਜੀ ਜਾਤੀ ਹੀਣਤਾ ਅਤੇ ਹੈਂਕੜ ਦੀਆਂ ਧੁਰ ਡੂੰਘਾਣਾ ਨੂੰ ਪਕੜਨ ਦਾ ਹੈ। ਇਸ ਯਤਨ ਵਿਚ ਪਿਆਂ ਪੰਜਾਬੀ ਕਹਾਣੀਕਾਰ ਦਲਿਤ ਅਤੇ ਉੱਚ ਜਾਤੀ ਦੇ ਮਨੁੱਖ ਦੇ ਅਵਚੇਤਨੀ ਪਸਾਰਾਂ ਦੀ ਥਾਹ ਪਾਉਂਦਿਆਂ ਉਸਦੇ ਉਸ ਵਿਹਾਰ ਨੂੰ ਪਕੜਨ ਲਈ ਯਤਨਸ਼ੀਲ ਹੈ, ਜਿਸ ਵਿਚ ਸਮਾਜਿਕ ਸਿਸਟਮ ਉਸਦੇ ਮਾਨਸਿਕ ਸਿਸਟਮ ਦਾ ਪੱਕਾ ਅੰਗ ਬਣ ਗਿਆ ਹੈ। ਪੈਦਾਵਾਰੀ ਸਾਧਨਾਂ ਤੋਂ ਵਿਛੂੰਨ ਕੇ ਹਾਸ਼ੀਏ ਦੀ



ਜ਼ਿੰਦਗੀ ਜਿਊਂਦੇ ਅਤੇ ਜਾਤੀ ਤ੍ਰਿਸਕਾਰ ਨੂੰ ਭੋਗਦੇ ਦਲਿਤ ਮਨੁੱਖ ਅੰਦਰਲੇ ਵਿਸਫੋਟਕ ਤੇਵਰਾਂ ਨੂੰ ਇਹ ਕਹਾਣੀ ਪਕੜਨ ਲਈ ਯਤਨਸ਼ੀਲ ਹੈ। ਦਲਿਤ ਰਾਜਨੀਤੀ ਨਾਲ ਜੁੜੀਆ ਪਾਰਟੀਆਂ ਨਾਂਹ ਮੁਖ ਭੂਮਿਕਾ ਅਤੇ ਸਿੱਖ ਧਰਮ ਦੇ ਸੰਸਥਾਈ ਸਰੂਪ ਇਸ ਸੰਬੰਧ ਵਿਚ ਨਿਸ਼ਕ੍ਰਿਆਮਈ ਭੂਮਿਕਾ ਨੂੰ ਇਹ ਕਹਾਣੀ ਆਪਣੇ ਉਪ ਵੇਰਵਿਆਂ ਵਜੋਂ ਲੈਂਦੀ ਹੈ। ਦਲਿਤ ਜੀਵਨ ਤੋਂ ਦਲਿਤ ਚੇਤਨਾ ਵਿਚ ਤਬਦੀਲ ਹੁੰਦੀ ਪੰਜਾਬੀ ਕਹਾਣੀ ਜੇ ਇਕ ਪਾਸੇ ਖਪਤ ਸਭਿਆਚਾਰ ਵਿਚ ਦਲਿਤ ਮਨੁੱਖ ਦੀ ਮਨੋਸੰਰਚਨਾ ਨੂੰ ਸਮਝਣ ਲਈ ਉਪਰਾਲਾ ਕਰਦੀ ਹੈ ਤਾਂ ਦੂਜੇ ਪਾਸੇ ਦਲਿਤ ਹੀਣਤਾ ਦੇ ਨਿਕਾਸ ਦੀਆਂ ਸੰਭਾਵਨਾਵਾਂ ਵੀ ਖਜਦੀ ਹੈ। ਇਸ ਯਤਨ ਵਿਚ ਪਿਆਂ ਕਥਾਕਾਰਾਂ ਦੀ ਵਿਭਿੰਨ-ਵਿਭਿੰਨ ਦ੍ਰਿਸ਼ਟੀ ਹੈ। ਕਿਸੇ ਕਥਾਕਾਰ ਨੂੰ ਜਾਪਦਾ ਹੈ ਕਿ ਜਮਾਤੀ ਸਟੇਟਸ ਬਦਲਣ ਨਾਲ ਜਾਤੀ ਸਟੇਟਸ ਵੀ ਬਦਲ ਜਾਵੇਗਾ। ਕਿਸੇ ਨੂੰ ਲੱਗਦਾ ਹੈ ਕਿ ਜੱਦੀ ਪੁਸ਼ਤੀ ਧੰਦੇ ਛੱਡਣ ਨਾਲ ਦਲਿਤ ਸਮੱਸਿਆ ਦਾ ਹੱਲ ਹੋ ਜਾਵੇਗਾ। ਕੋਈ ਕਥਾਕਾਰ ਇਸ ਗੱਲ ਨੂੰ ਦ੍ਰਿੜਾਉਂਦਾ ਹੈ ਕਿ ਕਿਰਤ ਨਾਲ ਹੀਣਤਾ ਦੀ ਬਜਾਇ ਗੌਰਵ ਨੂੰ ਜੋੜਨ ਨਾਲ ਜਾਤੀ ਹੀਣਤਾ ਦੀ ਗੱਲ ਜਾਤੀ ਗੌਰਵ ਵਿਚ ਤਬਦੀਲ ਹੋ ਜਾਵੇਗੀ। ਅਸਲ ਵਿਚ ਇਹ ਸਾਰੀਆਂ ਹੀ ਗੱਲਾਂ ਆਪਣੇ-ਆਪਣੇ ਥਾਂ ਮਹੱਤਵਪੂਰਨ ਹਨ। ਅਸਲ ਵਿਚ ਏਨਾਂ ਸਭ ਪਹਿਲੂਆਂ ਨੂੰ ਅਲੱਗ-ਅਲੱਗ ਲੈਣ ਦੀ ਬਜਾਇ ਇਕ ਸਮੁੱਚ ਨੂੰ ਵੀ ਸਮਝਣ ਦੀ ਜ਼ਰੂਰਤ ਹੈ। ਪਰ ਸਭ ਤੋਂ ਅਹਿਮ ਗੱਲ ਇਹ ਹੈ ਕਿ ਜਾਤੀ ਗੌਰਵ ਦੀ ਗੱਲ ਇਥੇ ਹੀ ਖੜਨ ਦੀ ਬਜਾਇ ਜਮਾਤੀ ਗੌਰਵ ਵਾਲੇ ਰਸਤੇ ਤੁਰਨੀ ਚਾਹੀਦੀ ਹੈ। ਇਸ ਤਰ੍ਹਾਂ ਹੀ ਭਵਿੱਖ ਦੀ ਦਲਿਤ ਚੇਤਨਾ ਕੁਰਾਹੇ ਪੈਣ ਤੋਂ ਬਚ ਸਕੇਗੀ। ਪੰਜਾਬੀ ਕਹਾਣੀ ਦੇ ਸੰਬੰਧ ਵਿਚ ਇਹ ਗੱਲ ਸੰਤੁਸ਼ਟੀ ਭਰੀ ਹੈ ਕਿ ਇਹ ਇਸ ਅਹਿਮ ਮਸਲੇ ਨੂੰ ਭਵਿੱਖ ਮੁਖੀ ਦ੍ਰਿਸ਼ਟੀ ਦੇ ਨਾਲ-ਨਾਲ ਕਲਾਤਮਿਕਤਾ ਸਾਹਿਤ ਪਕੜ ਰਹੀ ਹੈ। ਇਸ ਗੱਲ ਤੋਂ ਹੀ ਮੈਨੂੰ ਪੰਜਾਬੀ ਕਹਾਣੀ ਦੇ ਰੌਸ਼ਨ ਭਵਿੱਖ ਦਾ ਨਿਸ਼ਚਾ ਹੁੰਦਾ ਹੈ।

ਹਵਾਲਾ ਪੁਸਤਕ ਸੂਚੀ :-


1. ਐਸ. ਤਰਸੇਮ, ਕਣਕ ਦਾ ਬੁੱਕ, ਛਤਰੀ ਵਾਲਾ ਖੂਹ, ਪੰਨਾ, 47
2. ਪ੍ਰੇਮ ਪ੍ਰਕਾਸ਼, ਕਥਾ ਅਨੰਤ, ਅਨੁਸ਼ਠਾਨ, ਪੰਨਾ 13
3. ਕਿਰਪਾਲ ਕਜ਼ਾਕ, ਹੁੰਮਸ, ਹੁੰਮਸ, ਪੰਨਾ 16.
4. ਜਿੰਦਰ, ਨਹੀਂ ਮੈਂ ਨਹੀਂ, ਸੌਂਗੀ, ਪੰਨਾ 25-26
5. ਜਿੰਦਰ, ਉਹੀ, ਪੰਨਾ 18
6. ਲਾਲ ਸਿੰਘ, ਅੱਧੇ ਅਧੂਰੇ, ਪੰਨਾ 133, ਤੀਸਰੀ ਦੁਨੀਆਂ (ਸੰਪਾ.) ਗੁਰਮੀਤ ਕੱਲਰ ਮਾਜਰੀ
7. ਪ੍ਰੇਮ ਗੋਰਖੀ, ਅਰਜਨ ਸਫੈਦੀ ਵਾਲਾ, ਸੰਸਕਾਰ, ਪੰਨਾ 23
8. ਪ੍ਰੇਮ ਗੋਰਖੀ, ਉਹੀ, ਪੰਨਾ 23
9. ਸਰਵਮੀਤ, ਤਰਲੋ ਮੱਛੀ ਕਾਇਨਾਤ, ਕਲਾਣ, ਪੰਨਾ 63
10. ਸਰਵਮੀਤ, ਉਹੀ, ਪੰਨਾ 63
11. ਗੁਰਮੀਤ ਕੜਿਆਲਵੀ, ਹੱਡਾ ਰੋੜੀ ਅਤੇ ਰੇਹੜੀ, ਪੰਨਾ 37 ਚੌਥੀ ਕੂਟ (ਸੰਪਾ.) ਪ੍ਰੇਮ ਪ੍ਰਕਾਸ਼
12. ਬਲਜਿੰਦਰ ਨਸਾਲੀ, ਡਾਕਖਾਨਾ ਖਾਸ, ਹੱਡਾ ਰੋੜੀ, ਪੰਨਾ 23
13. ਵਰਿਆਮ ਸਿੰਘ ਸੰਧੂ, ਤਿਲ ਫੁੱਲ, ਨੌਂ ਬਾਰਾਂ ਦਸ, ਪੰਨਾ 130
14. ਅਜਮੇਰ ਸਿੱਧੂ, ਨਚੀਕੇਤਾ ਦੀ ਮੌਤ, ਗੌਰਜਾਂ ਪੰਨਾ 24
15. ਲਾਲ ਸਿੰਘ, ਅੱਧੇ ਅਧੂਰੇ, ਪੰਨਾ 139, ਤੀਸਰੀ ਦੁਨੀਆਂ (ਸੰਪਾ.) ਗੁਰਮੀਤ ਕੱਲਰ ਮਾਜਰੀ। -0-


*(ਸਰਕਾਰੀ ਕਾਲਜ, ਕਪੂਰਥਲਾ। ਫੂਨ 0181-205579)*

# ਦਲਿਤ ਸਵਾਲ : ਬਦਲਦੇ ਸਾਹਿਤਿਕ ਸਮਾਜਿਕ ਰਾਜਨੀਤਿਕ ਪਰਿਪੇਖ

*—ਅਤਰਜੀਤ*

ਜੇ ਕਿਸੇ ਨੂੰ ਨਰਕਾਂ 'ਚ ਜਾਣ ਦਾ ਸਰਾਪ ਦੇਣਾ ਹੋਵੇ ਤਾਂ ਮੈਂ ਇਹ ਸਰਾਪ ਬ੍ਰਾਹਮਣ ਅਤੇ ਤਮਾਮ ਧਾਰਮਿਕ ਗ੍ਰੰਥਾਂ ਦੇ ਮੱਥੇ 'ਤੇ ਲਿਖਾਂਗਾ ਜਿਨ੍ਹਾਂ ਨੇ ਅਖੌਤੀ ਧਾਰਮਿਕ ਪਰ ਕੂੜ ਸੰਸਕ੍ਰਿਤੀ ਦੀ ਸਥਾਪਨਾ ਕਰਕੇ ਮਾਨਵੀ ਸਮਾਜ ਨੂੰ ਅਜਿਹੇ ਤਰੀਕੇ ਨਾਲ ਲੀਰ-ਲੀਰ ਕਰਕੇ ਰੱਖ ਦਿੱਤਾ ਕਿ ਟਾਕੀਆਂ ਵਾਲੀ ਸੰਸਕ੍ਰਿਤੀ ਦੇ ਇਸ ਚੋਲੇ ਦੀ ਹਰ ਟਾਕੀ ਇੱਕ ਦੂਜੇ ਦਾ ਮੌਜੂ ਉਡਾਉਂਦੀ, ਨਫ਼ਰਤ ਅਤੇ ਗਿਲਾਨੀ ਦਾ ਥੁੱਕ ਸੁੱਟਦੀ ਪ੍ਰਤੀਤ ਹੁੰਦੀ ਹੈ। ਕੋਈ ਇਸ ਨੂੰ ਕਿੱਤਾ ਵੰਡ ਕਹਿੰਦਾ ਹੈ ਤੇ ਕੋਈ ਨਸਲ ਆਧਾਰਤ ਵਿਕਾਸ ਵੰਡ। ਚਾਹੇ ਕੁਝ ਵੀ ਹੋਵੇ ਇਹ ਕੇਵਲ ਤੇ ਕੇਵਲ ਭਾਰਤ ਦੀ ਸੰਸਕ੍ਰਿਤੀ ਦੇ ਮੱਥੇ ਦਾ ਕਲੰਕ ਹੀ ਹੈ--ਇਹੋ ਜਿਹਾ ਕੋਝਾ ਮਜ਼ਾਕ ਸੰਸਾਰ ਇਤਿਹਾਸ ਵਿੱਚ ਦੁਨੀਆਂ ਦੇ ਹੋਰ ਕਿਸੇ ਕੋਨੇ ਵਿੱਚ ਨਜ਼ਰ ਨਹੀਂ ਆਉਂਦਾ ਭਾਵੇਂ ਕਿ ਯੂਰਪੀ ਦੇਸ਼ਾਂ ਵਿੱਚ ਕਾਲੀਆਂ-ਗੋਰੀਆਂ ਦੋ ਨਸਲਾਂ ਦਾ ਮਸਲਾ ਗੁੰਝਲਦਾਰ ਹੈ। ਇਸਾਈਆਂ ਵਿੱਚ ਪ੍ਰੋਟੈਸਟੈਂਟ ਅਤੇ ਕੈਥੋਲਿਕ ਸ਼ਾਖਾਵਾਂ, ਮੁਸਲਮਾਨਾਂ ਵਿੱਚ ਸ਼ੀਆ-ਸੁੰਨੀ ਜਾਂ ਅਹਿਮਦੀਆਂ ਭਾਈਚਾਰਾ ਆਦਿ। ਪਰ ਭਾਰਤ ਦੀ ਜਾਤੀ ਪਾਤੀ ਵੱਖਰੇਵਿਆਂ ਭਰੀ ਨੀਚ ਦਰ ਨੀਚ ਵੰਡ ਵਰਗੇ ਕਾਲੇ ਪੱਤਰੇ ਕਿਤੇ ਨਹੀਂ। ਸੁਣਿਆ ਹੈ ਕਿ ਮੁਸਲਮਾਨ ਬਗੈਰ ਕਿਸੇ ਛੂਤ-ਛਾਤ ਦੇ ਇੱਕ ਦੂਜੇ ਦਾ ਜੂਠਾ ਖਾ ਲੈਂਦੇ ਹਨ। ਜਾਂ ਕਹਿ ਲਓ ਕਿ ਉਨ੍ਹਾਂ ਵਿੱਚ ਜੂਠ ਨਾਂ ਦੀ ਕੋਈ ਚੀਜ਼ ਹੈ ਹੀ ਨਹੀਂ। 'ਰੰਗਾਂ ਦੀ ਗਾਗਰ' ਦੇ ਲੇਖਕ ਸ. ਸ. ਜੌਹਲ ਨੇ ਆਪਣੀ ਸਵੈ-ਜੀਵਨੀ ਵਿੱਚ ਅੰਕਿਤ ਕੀਤਾ ਹੈ ਕਿ ਅਰਬ ਦੇਸ਼ਾਂ ਦੀ ਯਾਤਰਾ ਦੌਰਾਨ ਜਦੋਂ ਉਨ੍ਹਾਂ ਦੀ ਧਰਮ ਪਤਨੀ ਜੂਠਾ ਪਾਣੀ ਡੋਲ੍ਹਣ ਲੱਗੀ ਤਾਂ ਪਾਣੀ ਦੀ ਉਡੀਕ ਵਿੱਚ ਖੜ੍ਹੇ ਮੁਸਲਮਾਨ ਵਿਅਕਤੀ ਨੇ ਬੁਰਾ ਮਨਾਉਂਦਿਆਂ ਝੱਟ ਭਾਂਡਾ ਫੜ ਲਿਆ ਪਰ ਜਦੋਂ ਸ੍ਰੀਮਤੀ ਜੀ ਨੂੰ ਅਸਲੀਅਤ ਦਾ ਪਤਾ ਲੱਗਾ ਕਿ ਇਹਨਾਂ ਲੋਕਾਂ ਵਿੱਚ ਜੂਠ ਨਾਂ ਦੀ ਕੋਈ ਚੀਜ਼ ਹੀ ਨਹੀਂ ਤਾਂ ਉਹਨਾਂ ਨੂੰ ਖੁੱਲ੍ਹੀਆਂ ਥਾਵਾਂ ਤੇ ਪਾਣੀ ਪੀਣਾ ਦੁੱਭਰ ਹੋ ਗਿਆ। ਅਸੀਂ ਭਗਤੀ ਲਹਿਰ ਜਾਂ ਗੁਰਬਾਣੀ ਲਹਿਰ ਨੂੰ ਵਡਿਆਉਣ ਸਮੇਂ ਇਸ ਕਦਰ ਉਲਾਰ ਹੋ ਜਾਂਦੇ ਹਾਂ ਕਿ ਸਮਾਜ ਵਿੱਚ ਹਰ ਤਰ੍ਹਾਂ ਦੀ ਤਬਦੀਲੀ ਦੀਆਂ ਸੰਭਾਵਨਾਵਾਂ ਇਨ੍ਹਾਂ ਲਹਿਰਾਂ ਚੋਂ ਹੀ ਖੋਜ ਧਰਦੇ ਹਾਂ ਅਤੇ ਘੋਰ ਕਾਲਖ ਦੇ ਜੰਗਲ ਵਿੱਚ ਪੇਤਲੀ ਜਿਹੀ ਚਾਨਣ ਦੀ ਇਸ ਲੀਕ ਨੂੰ ਇੱਕੋ ਇੱਕ ਧਾਰਮਿਕ ਅਥਵਾ ਸਮਾਜ ਸ਼ਾਸ਼ਤਰ ਦਾ ਦਰਜਾ ਦੇਣ ਦੀ ਭੁੱਲ ਕਰ ਜਾਂਦੇ ਹਾਂ। ਇਸ ਪਿੱਛੇ ਭਾਰਤੀ ਮਨ ਦੀ ਪ੍ਰੰਪਰਾਗਤ ਉਲਾਰ ਬਿਰਤੀ ਦਾ ਹੀ ਦਖਲ ਹੈ।

ਇਹ ਮੰਨਣਾ ਪਵੇਗਾ ਕਿ ਪੰਜਾਬ ਵਿਚ ਜਾਤ-ਪਾਤ ਨੂੰ ਖਤਮ ਕਰਨ ਦਾ ਸਮੁੱਚਾ ਸਿਹਰਾ ਗੁਰਮਤਿ ਕਾਵਿ ਸ਼ਾਸ਼ਤਰ ਦੇ ਸਿਰ ਬੰਨ੍ਹਣ ਲਈ ਗਿਣਵੀਆਂ-ਚੁਣਵੀਆਂ ਟੂਕਾਂ ਦਾ ਸਹਾਰਾ ਲੈਣ ਵਾਲੇ ਇਹ ਭੁੱਲ ਜਾਂਦੇ ਹਨ ਕਿ ਇਸ ਦੇ ਤਰਲੀਕਰਨ ਦੇ ਹੋਰ ਵੀ ਅਨੇਕਾਂ ਕਾਰਨ ਹਨ। ਜਿਨ੍ਹਾਂ 'ਚੋਂ ਸਭ ਤੋਂ ਵੱਡਾ ਕਾਰਕ ਖੁਦ ਦਲਿਤਾਂ ਦੇ ਮੁੰਡੇ ਕੁੜੀਆਂ ਦਾ ਰਾਖਵਾਂਕਰਨ ਦੇ ਆਸਰੇ ਪੜ੍ਹ ਲਿਖ ਕੇ ਨੌਕਰੀਆਂ ਤੇ ਲੱਗ ਜਾਣਾ ਹੈ ਅਤੇ ਉਸਤੋਂ ਵੀ ਵੱਡਾ ਕਾਰਨ ਦੇਸ਼ ਦੇ ਰਾਜਨੀਤਿਕ ਢਾਂਚੇ ਦਾ ਜਮਹੂਰੀਕਰਨ ਹੈ। ਵੋਟ ਰਾਜਨੀਤੀ ਨੇ ਸਵਰਨ ਨੂੰ ਮਜਬੂਰ ਕੀਤਾ ਕਿ ਉਹ ਦਲਿਤਾਂ ਦੇ ਵਿਹੜੇ ਵਿੱਚ ਜਾਵੇ ਅਤੇ ਅੰਸ਼ਕ ਰੂਪ ਵਿੱਚ ਹੀ ਸਹੀ ਛੂਤ-ਛਾਤ ਮਿਟਾਉਣ ਦਾ ਨਾਟਕ ਕਰਕੇ ਇਸ ਵੋਟ ਬੈਂਕ ਦੀ ਵਰਤੋਂ ਕਰੇ। ਹੁਣ ਤੀਕ ਜੇ ਦਲਿਤ ਭਾਈਚਾਰੇ ਦੇ ਲੋਕ ਕਾਂਗਰਸ ਦੀ ਝੋਲੀ ਚੋਂ ਨਹੀਂ ਨਿਕਲ ਸਕੇ ਤਾਂ ਉਸ ਪਿੱਛੇ ਕਾਂਗਰਸ ਦਾ ਇਹੋ ਜਿਹਾ ਇਕ ਪ੍ਰਪੰਚ ਹੀ ਕੰਮ ਕਰਦਾ ਸੀ ਕਿ ਉਸ ਪਾਰਟੀ ਨੇ ਦਲਿਤਾਂ ਵਿਚਕਾਰ ਇਸ ਕਿਸਮ ਦਾ ਭਰਮ ਸਿਰਜ ਦਿੱਤਾ ਸੀ ਕਿ ਵਿਧਾਨ ਵਿੱਚ ਉਨ੍ਹਾਂ ਨੂੰ ਬਰਾਬਰਤਾ ਦਾ ਦਰਜਾ ਮਿਲਿਆ ਹੋਇਆ ਹੈ। ਦੁਰਕਾਰੇ ਹੋਏ ਵਿਅਕਤੀ ਨੂੰ ਜਦੋਂ ਤੁਸੀਂ ਬਰਾਬਰ ਮੰਜੇ 'ਤੇ ਵੀ ਬਿਠਾ ਲੈਂਦੇ ਹੋ ਤਾਂ ਉਹ ਤੁਹਾਨੂੰ ਔਲੀਆ-ਪੈਗੰਬਰ



ਤਸੱਵਰ ਕਰਨ ਤੱਕ ਜਾਏਗਾ।

ਇਹ ਲੱਖਾਂ ਸਾਲਾਂ ਦਾ ਇਤਿਹਾਸ ਨਹੀਂ ਜਿਵੇਂ ਕਿ ਪਰਚਾਰਿਆ ਜਾਂਦਾ ਹੈ ਤੇ ਖਾਹ ਮਖਾਹ ਹੀ ਹਿੰਦੂ ਗ੍ਰੰਥਾਂ ਦੀ ਉਮਰ ਲੱਖਾਂ ਸਾਲ ਦੀ ਸਾਬਤ ਕਰਨ ਨੂੰ ਇੱਕ ਛੜਯੰਤਰ ਤੋਂ ਛੁੱਟ ਕੁਝ ਵੀ ਨਹੀਂ ਕਿਹਾ ਜਾ ਸਕਦਾ। ਪਰ ਆਰੰਭਿਕ ਸਾਂਝੇ ਸਮਾਜ ਨੂੰ ਛੱਡ ਕੇ ਜਦੋਂ ਨਿੱਜੀ ਜਾਇਦਾਦ ਦਾ ਅਜੇ ਮੁੱਢ ਹੀ ਨਹੀਂ ਬੱਝਾ ਸੀ, ਬਾਕੀ ਦੇ ਯੁੱਗ ਗੁਲਾਮਦਾਰੀ, ਜਗੀਰਦਾਰੀ ਆਦਿ ਦਾ ਇਤਿਹਾਸ ਕੁਝ ਕੁ ਹਜ਼ਾਰ ਵਰ੍ਹਿਆਂ ਦਾ ਹੀ ਬਣਦਾ ਹੈ। ਇਹੀ ਦੌਰ ਹੈ ਜਦੋਂ ਇਹ ਹਿੰਦੂ ਗ੍ਰੰਥ ਵੇਦ, ਗੀਤਾ, ਪੁਰਾਨ ਆਦਿ ਰਚੇ ਗਏ। ਬ੍ਰਹਮ, ਈਸ਼ ਜਾਂ ਈਸ਼ਵਰ ਸ਼ਬਦ ਵੀ ਏਸ ਦੌਰ ਦੀ ਉਤਪਤੀ ਹਨ ਅਤੇ ਇਸਦੇ ਨਾਲ ਹੀ ਵਰਣ ਵੰਡ ਦਾ ਬੀਜ ਵੀ ਏਸ ਦੌਰ 'ਚ ਹੀ ਬੀਜਿਆ ਗਿਆ ਜਾਪਦਾ ਹੈ। ਬੁੱਧ ਕਾਲ ਦਾ ਅਧਿਐਨ ਕੀਤਿਆਂ ਸਾਨੂੰ ਗਿਆਤ ਹੋਵੇਗਾ ਕਿ ਬੁੱਧ ਤੋਂ ਅਸ਼ੋਕ ਤੱਕ ਰੱਬ, ਬ੍ਰਹਮ, ਈਸ਼ ਜਾਂ ਈਸ਼ਵਰ ਦਾ ਕਿਧਰੇ ਉਲੇਖ ਹੋਇਆ ਨਹੀਂ ਮਿਲਦਾ। ਬੁੱਧ ਮੱਤ ਦੀਆਂ ਸਿੱਖਿਆਵਾਂ ਬਿਲਕੁਲ ਸਿੱਧੀਆਂ ਸਾਦੀਆਂ ਅਤੇ ਮਾਨਵਤਾ ਨੂੰ ਇਕ ਕੜੀ ਵਿਚ ਪਰੋਣ ਦੀਆਂ ਹੀ ਲਖਾਇਕ ਹਨ। ਬੁੱਧ ਵਿਵੇਕ ਰੱਬ ਦੇ ਇਸ ਸੰਕਲਪ ਬਾਰੇ ਉੱਕਾ ਹੀ ਚੁੱਪ ਹੈ- ਚੁੱਪ ਏਸ ਕਰਕੇ ਕਿ ਇਹ ਸੰਕਲਪ ਉਸ ਸਮੇਂ ਤੱਕ ਅਜੇ ਹੋਂਦ ਵਿਚ ਹੀ ਨਹੀਂ ਸੀ ਆਇਆ। ਕੁੱਲ ਧਰਮਾਂ ਚੋਂ ਬੁੱਧ ਧਰਮ ਹੀ ਭਾਰਤ ਦਾ ਇੱਕੋ ਇਕ ਵਿਗਿਆਨਕ ਧਰਮ ਸੀ।

ਸ਼ਕਤੀਸ਼ਾਲੀ ਬੋਧ ਵਿਵੇਕ ਵਿਧਾਨ ਨੂੰ ਖਤਮ ਕਰਨ ਲਈ ਬ੍ਰਹਮ ਮੱਤ ਦੀ ਸਥਾਪਨਾ ਕੀਤੀ ਗਈ, ਅਤੇ ਬ੍ਰਹਮ ਵਿਵੇਕ ਵਿਧਾਨ ਦਾ ਏਨਾ ਤੀਖਣਰੂਪ ਵਿੱਚ ਹੱਲਾ ਕੀਤਾ ਗਿਆ ਕਿ ਲੱਗਭਗ ਸਮੁੱਚੇ ਭਾਰਤ ਚੋਂ ਹੀ ਬੋਧ ਵਿਵੇਕ ਦਾ ਖਾਤਮਾ ਕਰ ਦਿੱਤਾ ਗਿਆ ਅਤੇ ਏਥੋਂ ਬਾਅਦ ਹੀ ਮਨੂੰ ਸਿਮਰਿਤੀ ਜਿਹੇ ਕਲੰਕਿਤ ਕਾਲੇ ਗ੍ਰੰਥ ਦੀ ਸਥਾਪਨਾ ਕੀਤੀ ਗਈ ਤੇ ਵਰਣ ਆਸ਼ਰਮ ਦੇ ਗੰਦ ਦਾ ਟੋਕਰਾ ਭਾਰਤੀ ਸਮਾਜ ਦੇ ਸਿਰ ਵਿੱਚ ਉਲੱਦ ਕੇ ਇੱਕ ਅਜਿਹਾ ਭਰਮ ਜਾਲ ਵਿਛਾ ਦਿੱਤਾ ਗਿਆ, ਜਿਸਨੂੰ ਏਥੋਂ ਦੇ ਜਨਮਾਨਸ ਨੇ ਵੀ ਆਪਣੀ ਹੋਣੀ ਹੀ ਤੱਸਵਰ ਕਰ ਲਿਆ। ਇਹੋ ਸਮਾਂ ਸੀ ਜਦੋਂ ਪ੍ਰਾਪਤ ਯਥਾਰਥ ਨੂੰ ਮਨੁੱਖ ਰਾਹੀਂ ਠੋਸਿਆ ਹੋਇਆ ਨਾ ਮੰਨ ਕੇ "ਪੂਰਵ ਲਿਖੇ ਕਾ ਲਹਿਣਾ" ਮੰਨ ਲਿਆ ਗਿਆ। ਜਨਮ ਮਰਨ ਨੂੰ ਵੀ ਵੰਸ਼ ਪ੍ਰੰਪਰਾ ਨਾਲ ਜੋੜ ਕੇ ਹਰ ਦੁੱਖ ਸੁੱਖ ਨੂੰ "ਹੋਣੇ" "ਵਿਹੂਣੇ" ਨੂੰ, ਰੱਜ ਅਤੇ ਭੁੱਖ ਨੂੰ ਪੂਰਬਲੇ ਕਰਮਾਂ ਦੇ ਫਲ ਨਾਲ ਜੋੜ ਕੇ ਮਨੁੱਖ ਮਾਤਰ ਨੂੰ ਅਜੀਬ ਗੇੜ ਵਿੱਚ ਉਲਝਾ ਦਿੱਤਾ ਗਿਆ।

ਅੱਜ ਜਦੋਂ ਵਿਗਿਆਨ ਦੀ ਚੜ੍ਹਤ ਦਾ ਯੁੱਗ ਹੈ ਅਤੇ ਇਨ੍ਹਾਂ ਦਸਾਂ ਕੁ ਸਾਲਾਂ ਵਿੱਚ ਖਾਸ ਕਰਕੇ ਬਿਜਲੀ ਉਪਕਰਣਾਂ ਦੀ ਤਰੱਕੀ ਨੇ ਸਾਨੂੰ ਕੰਪਿਊਟਰ ਯੁੱਗ ਵਿਚ ਪ੍ਰਵੇਸ਼ ਕਰਾਕੇ ਅਸਲੋਂ ਹੀ ਨਵੇਂ ਯੁੱਗ ਦਾ ਮੁੱਢ ਬੰਨ੍ਹ ਦਿੱਤਾਹੈ। ਪਰ ਅਸੀਂ ਭਾਰਤੀ ਲੋਕ ਅਜੇ ਵੀ ਦੂਜੇ ਫਿਰਕਿਆਂ ਦੇ ਧਾਰਮਿਕ ਸਥਾਨ ਢਾਹ ਕੇ ਆਪਣੇ ਸਥਾਪਤ ਕਰਕੇ ਆਪਣੀ ਉੱਚਤਾ ਦਾ ਢੰਡੋਰਾ ਪਿੱਟ ਰਹੇ ਹਾਂ ਤੇ ਇਹ ਸ਼ਰਮ ਮੰਨਣ ਨੂੰ ਤਿਆਰ ਨਹੀਂ ਕਿ ਮਾਨਵਤਾ ਦੇ ਵਿਰੁੱਧ ਬੱਜਰ ਅਪਰਾਧ ਕਰਕੇ ਅਸੀਂ ਕਿੰਨੇ ਗਿਰ ਜਾਂਦੇ ਹਾਂ, ਕਿੰਨੇ ਨੀਚ ਹੋ ਜਾਂਦੇ ਹਾਂ। ਇੱਟਾਂ ਪੱਥਰ ਵਾਲਾ, ਸੀਮਿੰਟ ਤੇ ਲੋਹਾ ਤਿਆਰ ਕਰਨ ਵਾਲਾ, ਉਸਾਰੀ ਕਰਨ ਵਾਲਾ, ਬੁੱਤ ਘੜਨਾ ਵਾਲਾ, ਗ੍ਰੰਥ ਛਾਪਣ ਵਾਲਾ, ਰੁਮਾਲੇ ਤੇ ਪਾਲਕੀਆਂ ਬਣਾਉਣ ਵਾਲਾ, ਅਜੇ ਵੀ ਕੰਗਾਲ ਅਤੇ ਨੀਚ ਜਾਂ ਸ਼ੂਦਰ ਹੈ ਪਰ ਇਸ ਸਭ ਕੁਝ ਉੱਪਰ ਧਾਰਮਿਕ ਸਥਾਨ ਦਾ ਦਰਜਾ ਦੇ ਕੇ ਕਬਜ਼ਾ ਜਮਾ ਕੇ ਬੈਠਣ ਵਾਲਾ ਬ੍ਰਾਹਮਣ ਜਾਂ ਪੁਜਾਰੀ ਉਚ ਕੁਲੀਨ ਜਾਂ ਸਵਰਨ ਹੈ--ਵਾਹ ਭਾਰਤ ! ਵਾਹ ਭਾਰਤ ਦੀ ਮਹਾਨ ਸੰਸਕ੍ਰਿਤੀ।

ਅਛੂਤ, ਸ਼ੂਦਰ ਜਾਂ ਦਲਿਤ ਦਾ ਪ੍ਰਸ਼ਨ ਏਨਾਂ ਗੁੰਝਲਦਾਰ ਅਤੇ ਪੇਚੀਦਾ ਹੈ ਕਿ ਇਸ ਉਪਰ ਬਹੁਤ ਹੀ ਗੰਭੀਰ ਹੋ ਕੇ ਚਰਚਾ ਕਰਨ ਦੀ ਜ਼ਰੂਰਤ ਹੈ। ਅੱਜ ਦੇ ਸੰਦਰਭ ਵਿੱਚ ਜਦੋਂ ਕਿ ਤਮਾਮ ਖੱਬੀਆਂ ਅਤੇ ਸੱਜੀਆਂ ਕਮਿਊਨਿਸਟ ਪਾਰਟੀਆਂ ਦੇ ਸੱਤੂ ਮੁੱਕ ਚੁੱਕੇ ਹਨ ਅਤੇ ਤਮਾਮ ਖੱਬੀ ਸੋਚ ਦੀਆਂ ਪਾਰਟੀਆਂ ਜਾਂ

ਗਰੁੱਪਾਂ ਦੇ ਹੱਥਾਂ ਚੋਂ ਸੰਘਰਸ਼ਾਂ ਨੂੰ ਤੱਜ ਦੇਣ ਦੇ ਸਿੱਟੇ ਵਜੋਂ ਸਮਾਜ ਵਾਦੀ ਇਨਕਲਾਬ ਦੀ ਫੌਜੀ ਸ਼ਕਤੀ, ਪਰੋਲੇਤਾਰੀ ਜਮਾਤ, ਕਿਰਨ-ਮ-ਕਿਰਨੀ ਕਿਰ ਗਈ ਹੈ, ਸਾਡੇ ਲਈ ਸੋਚਣ ਦੀ ਘੜੀ ਹੈ। ਇਹ ਕੀ ਕਾਰਨ ਹੈ ਕਿ ਇਨਕਲਾਬ ਦੀ ਇਸ ਮਹਾਨ ਪਦਾਰਥਕ ਸ਼ਕਤੀ ਵਿੱਚ ਅਖੌਤੀ ਉੱਚ ਸਵਰਨ ਜਾਤੀਆਂ ਪ੍ਰਤੀ ਬੇਗਾਨਗੀ ਵਾਲੀ ਸਥਿਤੀ ਤਾਂ ਪੈਦਾ ਹੋਈ ਹੀ ਸੀ ਪਰ ਕਮਿਊਨਿਸਟ ਧਿਰਾਂ ਵੱਲ ਵੀ ਉਹਨਾਂ ਦਾ ਬਗਾਨਗੀ ਵਾਲਾ ਰਵੱਈਆ ਕਿਉਂ ਵਿਕਸਿਤ ਹੋ ਗਿਆ। ਬਾਬਾ ਸਾਹਿਬ ਡਾ. ਭੀਮ ਰਾਓ ਦਾ ਜ਼ਾਤ-ਪਾਤ ਦਾ ਬੀਜ ਨਾਸ਼ ਦਾ ਸੰਕਲਪ, ਜਾਤ-ਪਾਤ ਉਭਾਰੋ, ਦੇ ਨਵ ਬ੍ਰਾਹਮਣਵਾਦੀ ਸਿਧਾਂਤ ਵੱਲ ਕਿਵੇਂ ਉਲਟੀ ਬਾਜ਼ੀ ਲਗਾ ਗਿਆ ? ਇਹ ਲੋੜ ਹੋਰ ਵੀ ਸ਼ਿੱਦਤ ਨਾਲ ਸੋਚਣ ਅਤੇ ਵਿਚਾਰਨ ਦੀ ਮੰਗ ਕਰਦੀ ਹੈ ਕਿ ਹਜ਼ਾਰਾਂ ਸਾਲਾਂ ਤੋਂ ਜਿਸਮਾਨੀ ਤੇ ਜ਼ਿਹਨੀ ਗੁਲਾਮੀ ਦਾ ਸੰਤਾਪ ਭੋਗਣ ਵਾਲੇ ਦਲਿਤ ਹਿੱਸਿਆਂ ਵਿੱਚ ਜੇਕਰ ਹਿੱਲਜੁਲ ਹੋਣ ਲੱਗੀ ਹੈ ਤਾਂ ਸਾਡੀ ਇਸ ਵੱਲ ਕੀ ਪਹੁੰਚ ਹੋਵੇ ? ਇਹ ਸੋਚਣਾ ਬਣਦਾ ਹੈ ਕਿ ਸਾਡੇ ਲਈ ਹੁਣ ਕੀ ਕਰਨ ਗੋਚਰਾ ਰਹਿ ਗਿਆ ਹੈ ?

ਮੈਨੂੰ ਇਸ ਮੁੱਦੇ ਉੱਪਰ ਚਰਚਾ ਕਰਨ ਦੀ ਇਸ ਪੱਖੋਂ ਵੀ ਅਹਿਮੀਅਤ ਜਾਪਦੀ ਹੈ ਕਿ ਅੱਜ ਬ੍ਰਾਹਮਣੀ ਸਾਮਰਾਜ ਦੀਆਂ ਕਮਜ਼ੋਰ ਹੋ ਚੁੱਕੀਆਂ, ਹੋ ਰਹੀਆਂ ਕੜੀਆਂ ਨੂੰ ਤਕੜਾ ਝਟਕਾ ਦੇਣ ਦੀ ਲੋੜ ਹੈ ਪਰ ਇਹ ਝਟਕਾ ਦੇਣ ਵੇਲੇ ਸਾਨੂੰ ਆਪਣੇ ਦੁਸ਼ਮਣਾਂ ਅਤੇ ਦੋਸਤਾਂ ਦੀ ਸਾਫ ਕਤਾਰਬੰਦੀ ਕਰਨੀ ਹੋਵੇਗੀ ਨਹੀਂ ਤਾਂ ਮੈਨੂੰ ਇਹ ਖਦਸ਼ਾ ਹੈ ਕਿ ਅਸੀਂ ਬ੍ਰਾਹਮਣੀ ਸਾਮਰਾਜ ਦੇ ਖਿਲਾਫ ਜਹਾਦ ਛੇੜਦਿਆਂ ਜਾਣੇ ਜਾਂ ਅਣਜਾਣੇ ਰੂਪ ਵਿੱਚ ਬ੍ਰਹਮਣੀ ਤਰਜ਼ 'ਤੇ ਹੀ ਜ਼ਾਤ-ਪਾਤ ਅਤੇ ਛੂਆਛੂਤ ਨੂੰ ਉਭਾਰਨ ਅਤੇ ਭੜਕਾਉਣ ਦੀ ਭੱਦੀ ਖੇਡ ਖੇਡ ਰਹੇ ਹੋਵਾਂਗੇ। ਮੈਨੂੰ ਕਈ ਵਾਰ ਇਉਂ ਲੱਗਣ ਲੱਗਦਾ ਹੈ ਕਿ ਸਾਡੇ ਦਲਿਤ ਭਰਾ ਜੋ ਅਸਲ ਵਿੱਚ ਦਲਿਤ ਨਹੀਂ ਰਹੇ, ਉੱਚੀਆਂ ਪਦਵੀਆਂ ਤੇ ਪਹੁੰਚ ਕੇ ਮੱਧਵਰਗੀ ਜਾਂ ਉੱਚ ਸ਼੍ਰੇਣੀਆਂ ਦਾ ਹਿੱਸਾ ਬਣ ਗਏ ਹਨ ਤੇ ਉਹ ਆਪਣੇ ਹੀ ਦਲਿਤ ਭਾਈਚਾਰੇ ਦੇ ਲੋਕਾਂ ਅਤੇ ਰਿਸ਼ਤੇਦਾਰਾਂ ਨਾਲ ਆਪਣੇ ਦਫਤਰ ਜਾਂ ਘਰ ਵਿੱਚ ਉਵੇਂ ਪੇਸ਼ ਆਉਂਦੇ ਹਨ ਜਿਵੇਂ ਸਵਰਨ ਜਾਤੀ ਦਾ ਕੋਈ ਅਮੀਰ ਅਤੇ ਅੱਖੜ ਅਫਸਰ। ਮੈਨੂੰ ਇਸ ਗੱਲ ਦੀ ਬਹੁਤ ਔਖ ਹੋ ਰਹੀ ਹੈ ਕਿ ਸਾਡੇ ਬਹੁਤੇ ਭਰਾ ਜੋ ਦਲਿਤ-ਦਲਿਤ ਪੁਕਾਰ ਰਹੇ ਹਨ ਅਸਲ ਵਿੱਚ ਇਸ ਪਕਾਰ ਦੇ ਮੌਕੇ ਉਹਨਾਂ ਦਲਿਤ ਭਾਈਚਾਰੇ ਵੱਲ ਪਿੱਠ ਕੀਤੀ ਹੁੰਦੀ ਹੈ ਤੇ ਉਹ ਕੇਵਲ ਪਦਵੀਆਂ ਵਿੱਚ ਸਿਰਫ ਰਾਖਵੇਂਕਰਨ ਦੀ ਹੀ ਵਕਾਲ ਕਰ ਰਹੇ ਹੁੰਦੇ ਹਨ। ਉਹਨਾਂ ਦੋਸਤਾਂ ਨੂੰ ਮੈਂ ਗੰਭੀਰ ਰਾਏ ਦੇਣ ਦੀ ਗੁਸਤਾਖੀ ਕਰਨ ਵੇਲੇ ਸੰਕੋਚ ਵੀ ਕਰ ਰਿਹਾ ਹਾਂ ਪਰ ਮੇਰੀ ਇਹ ਮਜ਼ਬੂਰੀ ਵੀ ਹੈ ਕਿ ਰਾਖਵਾਂਕਰਨ ਤੇ ਪਹਿਰਾ ਦਿੰਦੇ ਹੋਏ ਉਹ ਆਪਣਾ ਮੂੰਹ ਗੰਦ ਮੰਦ ਹੋਏ ਦਲਿਤ ਵਿਹੜਿਆਂ ਅਤੇ ਬਸਤੀਆਂ ਵੱਲ ਜ਼ਰੂਰ ਕਰਨ। ਉਥੇ ਚੁਤਰਫੀ ਪਸਰੀ ਬੂ ਨੂੰ ਹਟਾਉਣ ਲਈ ਸੰਘਰਸ਼ਸ਼ੀਲ ਤਬਕਿਆਂ ਨਾਲ ਇੱਕਸੁਰਤਾ ਕਾਇਮ ਕਰਕੇ ਸਾਂਝ ਅੰਦੋਲਨ ਦਾ ਹਿੱਸਾ ਬਣਨ। ਕੇਵਲ ਤੇ ਕੇਵਲ ਰਾਖਵਾਂਕਰਨ ਜਾਂ ਵੋਟ ਰਾਜਨੀਤੀ ਦਲਿਤ ਜਨਤਾ ਦਾ ਕੁਝ ਵੀ ਨਹੀਂ ਸੰਵਾਰ ਸਕੇਗੀ।

ਪਿਛਲੇ ਸਾਲ ਸਰਕਾਰ ਵੱਲੋਂ ਚੰਡੀਗੜ੍ਹ ਵਿਖੇ ਜੋ 3 ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਪਹਿਲੇ ਦਿਨ ਦੇ ਪਰਚਿਆਂ ਵਿੱਚ ਜਿਸ ਪ੍ਰਕਾਰ ਦਾ ਧਰੁੱਵੀਕਰਨ ਵੇਖਣ ਸੁਣਨ ਨੂੰ ਮਿਲਿਆ, ਉਸ ਤੋਂ ਨਿਸ਼ਚਾ ਹੁੰਦਾ ਸੀ ਕਿ ਇਹ ਸਿਰਫ ਪਾਣੀ 'ਚ ਮਧਾਣੀ ਪਾਉਣਾ ਹੀ ਹੈ। ਇਕ ਪਾਸੇ ਸਿੱਖੀ ਲਹਿਰ ਜਾਂ ਭਗਤੀ ਮਾਰਗ ਨੂੰ ਇਸ ਮਸਲੇ ਦਾ ਇੱਕੋ ਇਕ ਹੱਲ ਬਣਾ ਕੇ ਪੇਸ਼ ਕੀਤਾ ਜਾ ਰਿਹਾ ਸੀ ਅਤੇ ਬੁਲਾਰਿਆਂ ਵੱਲੋਂ ਇਸ ਗੱਲ ਉੱਪਰ ਕਿੱਲ੍ਹ-ਕਿੱਲ੍ਹ ਕੇ ਜ਼ੋਰ ਦਿੱਤਾ ਜਾ ਰਿਹਾ ਸੀ ਕਿ ਸਿੱਖ ਗੁਰੂ ਸਾਹਿਬਾਨ ਨੇ ਦਲਿਤ ਮੁਕਤੀ ਅੰਦੋਲਨ ਦਾ ਮੁੱਢ ਬੰਨ੍ਹਿਆ ਸੀ ਤੇ ਉਸ ਲਹਿਰ ਨੂੰ ਸਿੱਖ ਸਮਾਜ ਨੇ ਅੱਗੇ ਤੋਰਿਆ ਹੋਇਆ ਹੈ ਅਤੇ ਗੁਰਦਵਾਰਿਆਂ ਵਿੱਚ ਸੰਗਤ ਪੰਗਤ ਦੀ ਪ੍ਰਥਾ ਇਸ ਗੱਲ ਦਾ ਸਬੂਤ ਹੈ ਕਿ ਸਿੱਖ ਭਾਈਚਾਰੇ ਦੀ ਨੀਂਹ ਬਰਾਬਰਤਾ ਦੇ ਸੰਕਲਪ 'ਤੇ ਟਿਕੀ ਹੋਈ ਹੈ। ਦੂਜੀ ਇਕ ਹੋਰ ਧਿਰ ਸੀ ਜੋ ਕੇਵਲ ਤੇ ਕੇਵਲ ਡਾ. ਅੰਬੇਦਕਰ



ਨੂੰ ਹੀ ਦਲਿਤਾਂ ਦੇ ਮਸੀਹਾ ਅਤੇ ਮੁਕਤੀਦਾਤਾ ਵਜੋਂ ਪੇਸ਼ ਕਰ ਰਹੀ ਸੀ। ਉਲਾਰ ਬਿਰਤੀ ਦੀ ਇਸ ਦੋ ਧਿਰੀ ਚਰਚਾ ਵਿੱਚ ਉਹ ਸੈਮੀਨਾਰ ਛੱਪੜ ਮੰਥਣ ਕਰਕੇ, ਝੱਗ ਪੈਦਾ ਕਰਕੇ ਹੀ ਸਮਾਪਤ ਹੋਇਆ।

ਦਲਿਤ ਭਾਈਚਾਰੇ ਦਾ ਸੰਤਾਪ ਤੇ ਉਤਪੀੜਨ ਆਪਣੇ ਹੱਡਾਂ 'ਤੇ ਹੰਢਾਇਆ ਹੋਣ ਕਰਕੇ ਅਤੇ ਥਾਂ-ਥਾਂ ਤੇ ਸਿੱਖ ਭਾਈਚਾਰੇ ਵੱਲੋਂ ਹੀ ਠੋਕਰਾਂ ਦਰ ਠੋਕਰਾਂ ਦੇ ਅਮਲ 'ਚੋਂ ਮੈਂ ਇਸ ਸਿੱਟੇ ਤੇ ਅਪੜਿਆ ਹਾਂ ਕਿ ਸਿੱਖ ਗੁਰੂਆਂ ਨੇ ਦਲਿਤ ਸਮਾਜ ਪ੍ਰਤੀ ਬਹੁਤ ਵੱਡਾ ਹਾਅ ਦਾ ਨਾਅਰਾ ਮਾਰਿਆ ਜ਼ਰੂਰ ਪਰ ਅਮਲੀ ਤੌਰ ਤੇ ਕੋਈ ਦਲਿਤ ਅੰਦੋਲਨ ਨਹੀਂ ਛੇੜਿਆ। ਖਾਲਸਾ ਪੰਥ ਦਾ ਅੰਦੋਲਨ ਜਿਸ ਵਿੱਚ ਦਲਿਤ ਅੰਦੋਲਨ ਦੀਆਂ ਬਹੁਤ ਵੱਡੀਆਂ ਸੰਭਾਵਨਾਵਾਂ ਛੁਪੀਆਂ ਹੋਈਆਂ ਸਨ, ਵੀ ਸਾਮੰਤਾਂ ਜ਼ਿਮੀਦਾਰਾਂ ਦਾ ਅੰਦੋਲਨ ਬਣਕੇ ਰਹਿ ਗਿਆ ਤੇ ਬਗੈਰ ਠੋਸ ਸਿੱਟੇ ਕੱਢਣ ਦੇ ਇਹ ਨਵ ਬ੍ਰਹਮਣਵਾਦ ਦੀ ਲਪੇਟ ਵਿੱਚ ਆ ਕੇ ਦਲਿਤ ਭਾਈਚਾਰੇ ਤੋਂ ਕਿਨਾਰਾਕਸ਼ੀ ਕਰਦਾ ਹੋਇਆ ਉਹਨਾਂ ਨੂੰ ਮਜ਼ਬੀ ਸਿੱਖ ਰਾਮਦਾਸੀਏ ਸਿੱਖ, ਨਾਈ ਸਿੱਖ, ਮਹਿਰਾ ਸਿੱਖ, ਦਰਜੀ ਸਿੱਖ ਆਦਿ ਸ਼੍ਰੇਣੀਆਂ ਵਿੱਚ ਵੰਡ ਕੇ ਨਿਰੋਲ ਜੱਟ ਸਿੱਖਾਂ ਅਤੇ ਭਾਪਿਆਂ ਦੇ 'ਸਿੱਖ ਸਮਾਜ' ਵਿੱਚ ਪਰਿਵਰਤਿਤ ਹੋ ਗਿਆ। ਇਹ ਕੁਝ ਸਹਿਵਨ ਹੀ ਨਹੀਂ ਹੋ ਗਿਆ। ਕਿਉਂਕਿ ਸਿੱਖ ਸਮਾਜ ਸਿੱਖ ਇਤਿਹਾਸ ਨੂੰ ਮਿਥਿਹਾਸ ਦੇ ਕੈਪਸੂਲ ਚੋਂ ਬਾਹਰ ਕੱਢਣ ਲਈ ਤਿਆਰ ਨਹੀਂ ਹੈ। ਜਿਸ ਕਰਕੇ ਵਾਰ-ਵਾਰ ਇਹ ਜ਼ੋਰ ਤਾਂ ਦਿੱਤਾ ਜਾਏਗਾ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹੇਮਕੁੰਟ ਪਰਬਤ ਦੀਆਂ ਬਰਫਾਨੀ ਚੋਟੀਆਂ 'ਤੇ ਬਹੁਤ ਤਪੱਸਿਆ ਸਾਧੀ ਪਰ ਇਹ ਚਰਚਾ ਕਦਾਚਿਤ ਵੀ ਨਹੀਂ ਕੀਤੀ ਜਾਵੇਗੀ ਤੇ ਨਾ ਹੀ ਚਰਚਾ ਕਰਨ ਦੀ ਸਿੱਖ ਤੰਗ ਨਜ਼ਰੀ ਇਜਾਜ਼ਤ ਦੇਵੇਗੀ ਕਿ "ਭੂਪ ਗਰੀਬਨ ਕਉ ਕਹਿਵਾਊਂ" ਜਾਂ "ਫਕੜਿ ਜਾਤੀ ਫਕੜਿ ਨਾਉਂ ਮਾਨਸ ਕੀ ਜਾਤ ਸਭੈ ਏਕੈ ਪਹਿਚਾਣਬੋ" ਵਰਗੇ ਮਹਾਂ ਵਾਕਾਂ ਦਾ ਚੀਰ ਹਰਣ ਕੌਣ ਕਰ ਗਿਆ। ਕੀ ਪੰਥ ਦੇ ਇਹ ਰਹਿਬਰ ਇਤਿਹਾਸ ਦੇ ਉਹ ਪੰਨੇ ਉਲਟਾ ਕੇ ਮੁੜ ਵਾਚਣਗੇ ਤੇ ਐਲਾਨ ਕਰਨਗੇ ਕਿ ਬੰਦਾ ਬਹਾਦਰ ਸਿੱਖ ਪੰਥਕ ਸੰਘਰਸ਼ ਦਾ ਅਸਲ ਨਾਇਕ ਸੀ ਜਿਸ ਨੇ 'ਜਗੀਰਦਾਰੀ ਦੀ ਪ੍ਰਥਾ ਦਾ ਖਾਤਮਾ ਕਰਕੇ ਸਹੀ ਰੂਪ ਵਿੱਚ ਆਪਣੇ ਸਮਿਆਂ ਦੇ ਸਮਾਜਿਕ ਯਥਾਰਥ ਨਾਲ ਮੇਲ ਕੇ ਆਪਣੇ ਸਮਿਆਂ ਦਾ ਪ੍ਰੋਲੇਤਾਰੀ (ਖ਼ਾਲਸਾ ਰਾਜ) ਸਥਾਪਤ ਕਰਨ ਦਾ ਰਾਹ ਖੋਲ੍ਹ ਦਿੱਤਾ ਸੀ।' ਕਿਉਂ ਸਿੱਖ ਸਮਾਜ ਇਸ ਗੱਲੋਂ ਅੱਖਾਂ ਮੁੰਦ ਕੇ ਕੰਨ ਬੰਦ ਕਰਕੇ ਬੈਠਾ ਹੈ ਕਿ ਔਰੰਗਜ਼ੇਬ ਦੇ ਸ਼ਹਿਜ਼ਾਦੇ ਬਹਾਦਰਸ਼ਾਹ ਦੀ 'ਵਾਅਦਾ ਸ਼ਿਕਨੀ' ਉਪਰੰਤ ਉਸਦੇ ਸ਼ਹਿਜ਼ਾਦੇ ਫਰੁਖ਼ਸੀਅਰ ਦੇ ਸ਼ਾਸ਼ਨਕਾਲ ਦੌਰਾਨ ਮਾਤਾ ਸੁੰਦਰੀ ਜੀ ਨੇ ਬੰਦੇ ਬਹਾਦਰ ਵੱਲ ਬਾਦਸ਼ਾਹ ਫਰੁਖ਼ਸੀਅਰ ਦੀ ਹਦਾਇਤ ਮੁਤਾਬਕ ਹੁਕਮਨਾਮਾ ਜਾਰੀ ਕਰਕੇ ਬੱਜਰ ਗੁਨਾਹ ਕੀਤਾ ਕਿ ਤੂੰ ਖਾਲਸਾ ਰਾਜ ਸਥਾਪਤ ਨਾ ਕਰ ਜਿੱਥੇ ਬਾਦਸ਼ਾਹ ਚਾਹੁੰਦਾ ਹੈ ਜਗੀਰ ਲੈ ਕੇ ਬਹਿ ਜਾ। ਇਤਿਹਾਸ ਨਾਲ ਖੇਖਣ ਭਰੀ ਛੇੜ-ਛਾੜ ਕਰਕੇ ਬੰਦੇ ਬਹਾਦਰ ਨੂੰ ਵਚਨਾਂ ਤੋਂ ਫਿਰਿਆ, ਗੁਰੂ ਤੋਂ ਬੇਮੁੱਖ ਹੋਇਆ ਆਦਿ ਕਹਿ ਕੇ ਦੁਰਕਾਰਿਆ ਗਿਆ ਪਰ ਮਾਤਾ ਸੁੰਦਰੀ ਦੀ ਗਲਤੀ ਨੂੰ ਸਿੱਖ ਪੰਥ ਮੌਜ ਨਾਲ ਅਣਗੌਲੀ ਕਰ ਗਿਆ, ਕਿਉਂਕਿ ਅਗਲਾ ਦੌਰ ਸਾਮੰਤ ਤੋਂ ਸਾਮੰਤ ਦਾ ਹੀ ਦੌਰ ਸੀ ਪ੍ਰੋਲੇਤਾਰੀ ਖ਼ਾਲਸੇ ਦਾ ਨਹੀਂ ਸਾਮੰਤੀ ਅਖੌਤੀ ਸਿੱਖ ਸਤਾ ਨੂੰ ਬੰਦਾ ਬਹਾਦਰ ਪ੍ਰਵਾਨ ਹੋ ਹੀ ਨਹੀਂ ਸੀ ਸਕਦਾ। ਪ੍ਰੋਲੇਤਾਰੀ ਬੰਦਈ ਖ਼ਾਲਸੇ ਦਾ ਨੇਸਤਾਨਬੂਦ ਕਰਕੇ ਤੱਤ ਖ਼ਾਲਸੇ ਦੀ ਹੰਨੇ ਹੰਨੇ ਮੀਰੀ ਦੀ ਲਹਿਰ ਅਖ਼ੀਰ ਸਿੱਖ ਸਾਮਰਾਜ ਵਿੱਚ ਸਥਾਪਤ ਹੋ ਗਈ ਅਤੇ ਅੰਮ੍ਰਿਤਸਰ ਦੀ ਛਿਪਦੀ ਬਾਹੀ ਵਿੱਚ ਤੱਤ ਖਾਲਸੇ ਮਜ਼ਬੀ ਸਿੱਖਾਂ ਦਾ ਬੁੰਗਾ ਸਥਾਪਿਤ ਕਰਵਾਕੇ ਉਹਨਾਂ ਨੂੰ ਮੁੜ ਹੀਣਾ, ਨਿਮਾਣਾ ਅਤੇ ਵਿਹੂਣਾ ਕਰਕੇ ਪੰਥ ਦੇ ਬਾਹਰ ਕਰ ਦਿੱਤਾ। ਕੀ ਸਿੱਖ ਪੰਥ ਆਪਣੇ ਉਸ ਕਿਰਦਾਰ 'ਤੇ ਸ਼ਰਮਸਾਰ ਹੋਣ ਨੂੰ ਤਿਆਰ ਹੈ ਜਦੋਂ ਮਜ਼ਬ੍ਹੀ ਸਿੱਖਾਂ ਅਤੇ ਰਾਮਦਾਸੀਏ ਸਿੱਖਾਂ ਦਾ ਗੁਰੂ ਘਰਾਂ ਵਿੱਚ ਪ੍ਰਵੇਸ਼ ਵਰਜਿਤ ਕਰ ਦਿੱਤਾ ਗਿਆ ਅਤੇ ਅਖੌਤੀ ਸਵਰਨ ਸਿੱਖ ਇਹਨਾਂ ਅਛੂਤ ਸਿੰਘਾਂ ਦੇ ਹੱਥੋਂ ਦੇਗ ਵੀ ਨਹੀਂ ਸੀ ਲੈਂਦਾ, ਭੋਗ ਪੈਣ ਸਾਰ ਉਠ ਕੇ ਤੁਰ ਜਾਂਦਾ ਸੀ ਲੰਗਰ ਛਕਣਾ ਤਾਂ ਕਿੱਧਰੇ ਰਹਿ ਗਿਆ। ਹੋਰ ਤਾਂ ਹੋਰ ਮੇਰੇ ਨਿੱਜੀ ਅਨੁਭਵ ਦੀਆਂ ਗੱਲਾਂ

ਹਨ ਕਿ ਸਵਰਨ ਸਿੱਖਾਂ ਵਲੋਂ ਦਲਿਤ ਭਾਈਚਾਰੇ ਦੇ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੀੜ ਨਹੀਂ ਸੀ ਦਿੱਤੀ ਜਾਂਦੀ। ਜਿਸ ਕਰਕੇ ਉਹਨਾਂ ਆਪਣੇ ਘਰਾਂ ਜਾਂ ਧਰਮਸ਼ਾਲਾਵਾਂ ਵਿੱਚ ਬੀੜਾਂ ਲਿਆ ਰੱਖੀਆਂ ਜੋ ਵੱਖਰੇ ਗੁਰਦਵਾਰੇ ਸਥਾਪਤ ਕਰਨ ਦਾ ਆਰੰਭ ਸੀ। ਇਹ ਸਿਰ ਉੱਚਾ ਕਰਕੇ ਗੁਮਾਨ ਕਰਨ ਵਾਲੀ ਗੱਲ ਹੈ ਜਾਂ ਸਿਰ ਸੁੱਟ ਕੇ ਸੋਚਣ ਵਾਲੀ ? ਇੱਕ ਹੋਰ ਸੁਆਲ। ਕੀ ਇਹ ਬ੍ਰਹਮਣਵਾਦੀ ਸਿੱਖ ਸਾਇਕੀ ਨਹੀਂ ਹੈ ਕਿ ਖੱਤਰੀ ਵੰਸ਼ ਦੇ ਗੁਰੂਆਂ ਨੂੰ ਤਾਂ ਅਸੀਂ ਸਿੱਖ ਲੋਕ ਗੁਰੂ ਮੰਨ ਬੈਠੇ, ਪਰ ਕਿਸੇ ਗੱਲੋਂ ਵੀ ਘੱਟ ਨਾ ਮੰਨੇ ਜਾ ਸਕਣ ਵਾਲੇ ਸ਼ੂਦਰ ਕਬੀਰ, ਰਵੀਦਾਸ, ਨਾਮਦੇਵ ਆਦਿ ਸਿਰਫ ਭਗਤਾਂ ਦੇ ਪਦ ਤੱਕ ਹੀ ਮਹਿਦੂਦ ਹੋ ਕੇ ਰਹਿ ਗਏ। ਕੀ ਗੁਰਦਵਾਰਿਆਂ ਵਿੱਚ ਇਨ੍ਹਾਂ ਦੇ ਗੁਰਪੁਰਬ ਨਹੀਂ ਮਨਾਏ ਜਾ ਸਕਦੇ ? ਇਸ ਤੋਂ ਵੀ ਅੱਗੇ ਸਮਾਜ ਤਬਦੀਲੀ ਨਾਲ ਜੁੜੀ ਅੰਦੋਲਨਕਾਰੀ ਬਾਣੀ ਨੂੰ ਸਹਿਜ ਨਾਲ ਹੀ ਇੱਕ ਖੂੰਜੇ ਵੱਲ ਧੱਕ ਕੇ ਨਿਰੋਲ ਭਜਨ ਬੰਦਗੀ ਅਤੇ ਪੂਰਬਲੇ ਜਨਮਾਂ ਦੇ ਕਰਮਫਲ ਨੂੰ ਪ੍ਰਚਾਰਨ ਵਾਲੀ ਬਾਣੀ ਨੂੰ ਹੀ ਉਭਾਰ ਕੇ ਸਿੱਖ ਇਤਿਹਾਸ ਨੂੰ ਮਿਥਿਹਾਸ ਦੇ ਕੈਪਸੂਲ ਵਿੱਚ ਬੰਦ ਕਰ ਦਿੱਤਾ ਅਤੇ ਹੁਣ ਇਸ ਸਮਾਜ ਨੂੰ ਤਬਦੀਲ ਕਰਨ ਦੀ ਕੋਈ ਜ਼ਰੂਰਤ ਨਹੀਂ। ਗੁਰਪੂਰਬ ਵੇਲੇ ਅਸੀਂ ਗੁਰੂ ਸਾਹਿਬਾਨ ਨੂੰ ਹਾਕਾਂ ਮਾਰਦੇ ਹਾਂ ਕਿ ਚੁਤਰਫੀ ਫੈਲਿਆ ਹਨੇਰਾ ਦੂਰ ਕਰਕੇ ਜਾਹ, ਪਰ ਅਸੀਂ 500 ਸਾਲ ਤੋਂ ਉਪਰ ਸਮਾਂ ਬੀਤ ਜਾਣ 'ਤੇ ਵੀ ਹਨੇਰਾ ਫੈਲਾਉਣ ਦੇ ਆਹਰ ਵਿੱਚ ਹੀ ਲੱਗੇ ਹੋਏ ਹਾਂ। ਇੱਕ ਬ੍ਰਹਮਣਵਾਦ ਚੋਂ ਨਿਕਲੇ ਸਾਂ-ਇੱਕ ਹੋਰ ਬ੍ਰਹਮਣਵਾਦ ਵਿੱਚ ਵੜ ਗਏ। ਹੁਣ ਅਖੰਡ ਪਾਠ ਤਾਂ ਹੋਣਗੇ, ਬਾਣੀ ਦੇ ਤੱਤ 'ਤੇ ਅਮਲ ਨਹੀਂ ਹੋਵੇਗਾ। ਇਸ ਗੱਲ ਉੱਤੇ ਸਾਡੇ ਇਹ ਸਿੱਖ ਰਹਿਨੁਮਾ ਜ਼ਬਾਨ ਖਿੱਚ ਦੇਣ ਤੱਕ ਜਾ ਸਕਦੇ ਹਨ। ਜੇ ਮੈਂ ਇਹ ਕਹਿ ਦਿਆਂ ਕਿ ਸਿੱਖੀ ਦੀ ਲਹਿਰ ਕਦੇ ਵੀ ਇੱਕ ਇੰਚ ਅੱਗੇ ਨਾ ਤੁਰ ਸਕਦੀ ਜੇ ਦਲਿਤ ਸਮਾਜ ਗੁਰੂ ਸਾਹਿਬਾਨ ਦੀ ਧਿਰ ਨਾ ਬਣਦਾ। ਪੰਜ ਪਿਆਰਿਆਂ ਦੀ ਸਥਾਪਨਾ ਮੌਕੇ ਕਿਉਂ ਕੋਈ ਸਵਰਨ ਨਾ ਉੱਠਿਆ ? ਕਿਉਂ ਵੱਖ-2 ਸੂਬਿਆਂ ਦੇ ਦਲਿਤ ਹੀ ਸਿਰ ਭੇਂਟ ਕਰਨ ਲਈ ਨਿੱਤਰੇ। ਗੁਰੂ ਤੇਗ ਬਹਾਦਰ ਦਾ ਸੀਸ ਅਨੰਦਪੁਰ ਲੈਕੇ ਆਉਣ ਵਾਲਾ ਜੈਤਾ ਕੌਣ ਸੀ ? ਅਤੇ ਦੇਹ ਦਾ ਆਪਣੇ ਘਰ ਨੂੰ ਅੱਗ ਲਗਾ ਕੇ ਸੰਸਕਾਰ ਕਰਕੇ ਔਰੰਗਜੇਬੀ ਤਾਨਾਸ਼ਾਹੀ ਨੂੰ ਟਿੱਚ ਜਾਣਨ ਵਾਲਾ ਮੱਖਣ ਸ਼ਾਹ ਲੁਬਾਣਾ ਕੌਣ ਸੀ ? ਚਮਕੌਰ ਦੀ ਗੜ੍ਹੀ ਚੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਜੀਵਤ ਬਾਹਰ ਕੱਢਣ ਵਾਲਾ ਕਲਗੀਤੋੜਾ ਪਹਿਨ ਕੇ ਗੁਰੂ ਦੇ ਲਿਬਾਸ ਵਿੱਚ ਸ਼ਹਾਦਤ ਦੇਣ ਵਾਲਾ ਸੰਗਤ ਸਿੰਘ ਕੌਣ ਸੀ ? ਅਨੰਦਪੁਰ ਦੇ ਕਿਲੇ ਦਾ ਦਰਵਾਜ਼ਾ ਤੋੜਣ ਲਈ ਆ ਰਹੇ ਸ਼ਰਾਬੀ ਹਾਥੀ ਨੂੰ ਖਦੇੜਣ ਵਾਲਾ ਬਚਿੱਤਰ ਸਿੰਘ ਕੌਣ ਸੀ ? ਇਹ ਪ੍ਰੋਲੇਤਾਰੀ ਖ਼ਾਲਸਾ ਉਹੀ ਅਛੂਹ ਮੰਨੇ ਜਾਣ ਵਾਲੇ ਲੋਕ ਹੀ ਸਨ ਜਿਨ੍ਹਾਂ 'ਤੇ ਗੁਰੂ ਗੋਬਿੰਦ ਸਿੰਘ ਨੂੰ ਵਿਸ਼ਵਾਸ ਸੀ ਕਿ ਅਸਲ ਫੌਜੀ ਸ਼ਕਤੀ ਇਹੋ ਹਨ। ਇਹੋ ਵਿਸ਼ਵਾਸ ਯੋਗ ਲੋਕ ਹੀ ਹਰ ਇਮਤਿਹਾਨ ਵਿੱਚ ਪੂਰੇ ਉੱਤਰੇ। ਇਥੋਂ ਤੱਕ ਕਿ ਤਲਵੰਡੀ ਸਾਬੋ ਵਿਖੇ ਦੁਨਾਲੀ ਦਾ ਨਿਸ਼ਾਨਾ ਪਰਖਣ ਵੇਲੇ ਬੀਰ ਸਿੰਘ, ਧੀਰ ਸਿੰਘ ਦੋ ਮਜਬੀ ਸਿੱਖ ਹੀ ਮੂਹਰੇ ਆਏ।

ਦਲਿਤ ਸੰਘਰਸ਼ ਨਾਲ ਸਬੰਧਤ ਤਸਵੀਰ ਦਾ ਦੂਜਾ ਪਾਸਾ ਡਾ. ਅੰਬੇਦਕਰ ਸਾਹਿਬ ਵੱਲੋਂ ਵਿੱਢਿਆ ਗਿਆ ਸੰਘਰਸ਼ ਹੈ ਜੋ 'ਦਲਿਤ ਚੇਤਨਾ' ਦਾ ਸੰਘਰਸ਼ ਕਿਹਾ ਜਾ ਸਕਦਾ ਹੈ। ਉਹਨਾਂ ਵੇਲਿਆਂ ਵਿੱਚ ਜਦੋਂ ਦਲਿਤ ਦਾ ਸਵਾਲ ਸ਼ਰਮਨਾਕ ਹੱਦ ਤੱਕ ਆਪਣਾ ਫਨ ਫੈਲਾ ਕੇ ਲੋਕਾ ਨੂੰ ਭਸਮ ਕਰ ਰਿਹਾ ਸੀ ਡਾ. ਭੀਮ ਰਾਓ ਅੰਬੇਦਕਰ ਦਾ ਇੱਕ ਵਰਤਾਰੇ ਵਜੋਂ ਉਭਰਨਾ ਬਹੁਤ ਵੱਡੀ ਘਟਨਾ ਸੀ। ਬ੍ਰਹਮਣੀ ਸਮਾਜ ਦਾ ਜ਼ਲਾਲਤ ਅਤੇ ਜਹਾਲਤ ਭਰਿਆ ਦਮਨ ਆਪਣੇ ਪਿੰਡੇ ਹੰਢਾਇਆ ਹੋਣ ਕਰਕੇ ਡਾ. ਅੰਬੇਦਕਰ ਦਲਿਤ ਸਮਾਜ ਦੀ ਜ਼ੁਬਾਨ ਬਣ ਕੇ ਉਭਰੇ। ਇਸ ਵਿੱਚ ਕੋਈ ਸ਼ੱਕ ਨਹੀਂ ਛੂਤ ਛਾਤ ਦੇ ਖਿਲਾਫ ਏਨਾਂ ਵਿਆਪਕ ਅੰਦੋਲਨ ਉਸ ਤੋਂ ਪਹਿਲਾਂ ਤੇ ਨਾ ਪਿੱਛੋਂ ਕਦੀ ਕਿਸੇ ਨੇ ਸਿਧਾਂਤਕ ਅਤੇ ਬੌਧਕ ਪੱਧਰ ਤੇ ਛੇੜਿਆ। ਪਰ ਇਹ ਵੀ ਸਾਡੀ ਉਲਾਰ ਬਿਰਤੀ ਦਾ ਹੀ ਇੱਕ ਪ੍ਰਮਾਣ ਹੈ ਜੋ ਕੁਝ ਲੋਕਾਂ ਵਲੋਂ ਦਲਿਤਾਂ ਦੇ ਇੱਕੋ ਇੱਕ ਮੁਕਤੀ ਦਾਤੇ ਵਜੋਂ ਡਾ. ਅੰਬੇਦਕਰ ਨੂੰ ਬਿਆਨਿਆ ਜਾ ਰਿਹਾ ਹੈ। ਬ੍ਰਾਹਮਣੀ ਮੂੱਲ ਵਿਧਾਨ ਹੱਥੋਂ ਦਲਿਤਾਂ



ਨੂੰ ਜਿਸ ਕਿਸਮ ਦੇ ਸਰੀਰਕ ਅਤੇ ਮਾਨਸਿਕ ਉਤਪੀੜਨ 'ਚੋਂ ਲੰਘਣਾ ਪਿਆ ਜਿਸ ਦਾ ਨਿੱਜੀ ਅਨੁਭਵ ਡਾ. ਅੰਬੇਦਕਰ ਹੋਰਾ ਨੂੰ ਸ਼ਿੱਦਤ ਨਾਲ ਸੋਚਣ ਵਿਚਾਰਨ ਲਈ ਮਜਬੂਰ ਕਰਦਾ ਸੀ, ਨਿਸ਼ਚੇ ਹੀ ਸਾਡੇ ਸਮਾਜਿਕ ਜੀਵਨ ਤੇ ਵੱਡਾ ਕਲੰਕ ਸੀ ਤੇ ਹੈ। ਮੈਨੂੰ ਖੁਦ ਨੂੰ ਏਸ ਕਿਸਮ ਦਾ ਨਿੱਜੀ ਅਨੁਭਵ ਹੈ ਅਤੇ ਇਹ ਵੀ ਕਿ ਜਿੱਥੋਂ ਤੱਕ ਅਹਿਸਾਸ ਦਾ ਮਸਲਾ ਹੈ ਇਹ ਕੇਵਲ ਪੜ੍ਹੇ ਲਿਖੇ ਅਤੇ ਚੇਤੰਨ ਵਿਅਕਤੀਆਂ ਦੀ ਹੀ ਪੀੜਾ ਹੈ ਪਰ ਮੈਂ ਇਹ ਬਲ ਦੇ ਕੇ ਕਹਿਣਾ ਚਾਹਾਂਗਾ ਕਿ ਨਵ ਮੱਧ ਵਰਗ ਨੂੰ ਕੇਵਲ ਰਿਜ਼ਰਵਸ਼ਨ ਦੇ ਪ੍ਰਸ਼ਨ 'ਤੇ ਬਲ ਨਾ ਦੇ ਕੇ ਕੈਸ਼ ਕਰਨ ਦੀ ਨੀਤੀ ਛੱਡ ਕੇ ਦਲਿਤ ਲੋਕਾਂ ਦੀ ਆਰਥਿਕ ਮੁਕਤੀ ਵਾਲੇ ਪਾਸੇ ਕਦਮ ਚੁੱਕਣਾ ਪਏਗਾ ਨਹੀਂ ਤਾਂ ਦਲਿਤ ਸਵਾਲ ਨੂੰ ਸੀਮਿਤ ਕਰਕੇ ਕੇਵਲ ਛੂਆ-ਛਾਤ ਨੂੰ ਹੀ ਪੁਨਰ ਸੁਰਜੀਤ ਕਰਨ ਦੇ ਅਚੇਤ ਸੁਚੇਤ ਰੂਪ ਵਿੱਚ ਕੀਤੇ ਜਾਣ ਵਾਲੇ ਉਪਰਾਲੇ ਹੀ ਮੰਨਿਆ ਜਾਵੇਗਾ। ਮੈਂ ਅੰਬੇਦਕਰ ਸਾਹਿਬ ਦਾ ਘੱਟ ਕਦਰਦਾਨ ਨਹੀਂ ਹੋ ਜਾਂਦਾ ਜੇ ਮੈਂ ਆਖਦਾ ਹਾਂ ਕਿ ਉਸਦੀ ਪੂਜਾ ਕਰਨੀ ਬੰਦ ਕਰੋ। ਸਰਕਾਰ ਤੋਂ ਉਸਦੇ ਬੁੱਤ ਲਗਵਾ ਕੇ ਜਸ਼ਨ ਮਨਾਉਣੇ ਬੰਦ ਕਰੋ। ਸਰਕਾਰੀਆਂ ਨਾਲੋਂ ਦਲਿਤਾਂ ਵੱਲ ਮੂੰਹ ਕਰ।

ਕੁਝ ਲੇਖਕਾਂ ਅਤੇ ਵਿਦਵਾਨਾਂ ਵਲੋਂ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਅਸੀਂ ਆਰਥਿਕ ਲੜਾਈ ਨਹੀਂ ਲੜ ਰਹੇ ਅਸੀਂ ਸੰਸਕ੍ਰਿਤੀ ਦੀ ਲੜਾਈ ਲੜ ਰਹੇ ਹਾਂ। ਕੀ ਇਹ ਨੱਕ ਨੂੰ ਗਰਦਨ ਵੱਲੋਂ ਦੀ ਹੱਥ ਘੁਮਾ ਕੇ ਪਕੜਨ ਬਰਾਬਰ ਨਹੀਂ। ਜਿਸ ਦੇ ਘਰ ਅੱਜ ਰੋਟੀ ਨਹੀਂ ਪੱਕਦੀ ਅਤੇ ਜੋ ਖੁਰਲੀ ਕੋਲ ਬਹਿ ਕੇ ਅਜੇ ਵੀ ਜੱਟ ਦੇ ਚੁੱਲ੍ਹੇ ਤੋਂ ਦੂਰ ਰੋਟੀ ਖਾਣ ਲਈ ਮਜਬੂਰ ਹੈ। ਉਸਨੂੰ ਸੰਸਕ੍ਰਿਤੀ ਦੀ ਲੜਾਈ ਚੋਂ ਕੀ ਮਿਲੇਗਾ ? ਫੁੱਟਪਾਥ 'ਤੇ ਰੁਲਦੇ, ਭੁੱਖੇ ਮਰਦੇ ਬੰਦੇ ਨੂੰ ਰੋਟੀ ਚਾਹੀਦੀ ਹੈ ਕੋਈ ਉਸਨੂੰ ਚੂੜਾ ਕਹੇ, ਚਮਾਰ ਕਹੇ ਜਾਂ ਢੇਡ ਕਹਿ ਕੇ ਰੋਟੀ ਦੇਵੇ। ਉਹ ਰੋਟੀ ਵੱਲ ਲਪਕੇਗਾ ਜ਼ਾਤ ਦੇ ਨਾਂ 'ਤੇ ਅੱਖਾਂ ਨਹੀਂ ਕੱਢੇਗਾ। ਜੋ ਇਸ ਹਾਲਤ ਵਿੱਚ ਵੀ ਇਸ ਸੋਚ ਨੂੰ ਧੋਤੀ ਦੇ ਲੜ ਨਾਲ ਬੰਨ੍ਹੀ ਫਿਰਦਾ ਹੈ ਕਿ ਉਸਦੇ ਇਨ੍ਹਾਂ ਦੁੱਖਾਂ ਦਾ ਕਾਰਨ ਪਿਛਲੇ ਜਨਮਾਂ ਦਾ ਕਰਨ ਫਲ ਹੈ। ਪਿਛਲੇ ਜਨਮ ਦੀਆਂ ਕੀਤੀਆਂ ਦਾ ਅਸੀਂ ਇਸ ਜਨਮ ਵਿੱਚ ਬਦਲਾ ਚੁੱਕਾ ਰਹੇ ਹਾਂ। ਇਸ ਕਿਸਮ ਦੀ ਥਿਊਰੀ ਤੋਂ ਮੁਕਤ ਕਰਾਉਣ ਲਈ ਸਾਨੂੰ ਦਲਿਤ ਅੰਦੋਲਨ ਦੇ ਰਾਹ ਪਏ ਲੋਕਾਂ ਨੂੰ ਸਪੱਸ਼ਟ ਨਿਖੇੜਾ ਕਰਨਾ ਪਏਗਾ। ਦਲਿਤ ਮੁਕਤੀ ਦੇ ਚਿੰਤਕਾਂ ਨੂੰ ਇਨ੍ਹਾਂ ਦੋਹਾਂ ਵਿਚਾਰਾਂ ਚੋਂ ਸਹੀ ਅਤੇ ਇੱਕ ਦੀ ਚੋਣ ਕਰਨੀ ਪਵੇਗੀ ਤੇ ਇਸਨੂੰ ਰੋਟੀ ਦੇ ਮਸਲੇ ਨਾਲ ਜੋੜ ਕੇ ਹੀ ਅੱਗੇ ਵਧਿਆ ਜਾ ਸਕੇਗਾ।

ਇਨ੍ਹਾਂ ਦੋਹਾਂ ਵਿਚਾਰਾਂ 'ਚੋਂ ਚੋਣ ਕਰੀਏ ਜੋ ਦਰੁਸਤ ਹੈ।

ੳ) "ਚਿੜੀ ਵਿਚਾਰੀ ਇਸ ਲਈ ਮਰੀ ਕਿ ਉਹ ਭੁੱਖੀ ਸੀ।"

ਅ) "ਚਿੜੀ ਵਿਚਾਰੀ ਇਸ ਲਈ ਮਰੀ ਕਿ ਉਹ ਚਿੜੀ ਸੀ।"

ਨਿਸ਼ਚੇ ਹੀ ਮੈਂ ਪਹਿਲੀ ਕਿਸਮ ਦੀ ਧਾਰਨਾ ਨੂੰ ਪ੍ਰਥਮ ਦਰਜਾ ਦੇਣ ਦੀ ਵਕਾਲਤ ਕਰਦਾ ਹਾਂ। ਜੇ ਚਿੜੀ ਨੂੰ ਰੱਜਵਾਂ ਚੋਗਾ ਮਿਲਦਾ ਰਹਿੰਦਾ ਤਾਂ ਉਹ ਮਰਦੀ ਨਹੀਂ ਸੀ। ਰੱਜ ਪੁੱਜ ਕੇ ਏਕਤਾ ਕਾਇਮ ਕਰਕੇ ਤਾਂ ਚਿੜੀਆਂ ਦੇ ਬਾਜਾਂ ਨਾਲ ਲੜਨ ਦੇ ਮੁਹਾਵਰੇ ਵੀ ਹੋਂਦ ਵਿੱਚ ਆ ਚੁੱਕੇ ਹਨ। ਏਥੇ ਸੋਚਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਚਿੜੀਆਂ ਦਲਿਤ ਇਸ ਕਰਕੇ ਹਨ ਕਿ ਉਹ ਭੁੱਖੀਆਂ ਹਨ। ਜਾਂ ਉਹਨਾਂ ਨੂੰ ਸਾਜਿਸ਼ੀ ਢੰਗ ਨਾਲ ਭੁੱਖੀਆਂ ਰੱਖਿਆ ਗਿਆ ਹੈ। ਇਹ ਧਾਰਨਾ ਕੀ ਅਰਥ ਰੱਖਦੀ ਹੈ ? ਕਿ ਚਿੜੀਆਂ ਇਸ ਕਰਕੇ ਦਲਿਤ ਹਨ ਕਿ ਉਹ ਚਿੜੀਆਂ ਹਨ। ਇਹਨਾਂ ਸ਼ਬਦਾਂ ਨੂੰ ਇਉਂ ਵੀ ਦੁਹਰਾਇਆ ਜਾ ਸਕਦਾ ਹੈ ਕਿ ਦਲਿਤ ਇਸ ਕਰਕੇ ਮਰ ਰਹੇ ਹਨ ਕਿਉਂਕਿ ਉਹਨਾਂ ਨੂੰ ਬ੍ਰਹਮਣ ਅਤੇ ਰਾਜ ਸਤਾ ਨੇ ਸਾਧਨ ਵਿਹੂਣੇ ਕਰਕੇ ਮੁਥਾਜ ਬਣਾ ਲਿਆ। ਇਸ ਕਰਕੇ ਹੀ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸੰਸਕ੍ਰਿਤਿਕ ਸ਼ੋਸ਼ਨ ਕਰਕੇ ਉਹਨਾਂ ਨੂੰ ਮਾਰਿਆ ਜਾ ਰਿਹਾ ਹੈ। ਜ਼ਰਾ ਇਸ ਨਵਘੜਤ ਸਿਧਾਂਤ ਦੇ ਵੀ ਅਰਥ ਕਰਕੇ ਵੇਖ ਲਏ ਜਾਣ ਕਿ ਦਲਿਤ ਇਸ ਕਰਕੇ ਮਰ ਰਹੇ ਹਨ ਕਿ ਉਹ ਦਲਿਤ ਹਨ। ਫਿਰ ਦਲਿਤ ਦੀ ਪਰਿਭਾਸ਼ਾ ਕੀ

ਹੈ ? ਕੀ ਇੱਕ ਰੱਜੇ ਪੁੱਜੇ ਵਿਅਕਤੀ ਨੂੰ ਸੰਸਕ੍ਰਿਤਕ ਪੱਧਰ 'ਤੇ ਪਛਾੜ ਕੇ ਉਸਨੂੰ ਅਛੂਤ ਕਰਾਰ ਦੇ ਦਿੱਤਾ ਜਾਂ ਉਸਨੂੰ ਸਾਧਨ ਵਿਹੂਣਾ ਕਰਕੇ, ਉਸਨੂੰ ਰੋਟੀ ਤੋਂ ਆਤਰ ਕਰਕੇ, ਕਰਮਾਂ ਦੇ ਚੱਕਰ ਵਿੱਚ ਫਸਾ ਕੇ ਸਾਧਨ ਸੰਪੰਨ ਲੋਕਾਂ ਅੱਗੇ ਗਿੜ ਗਿੜਾਨ ਜੋਗਾ ਬਣ ਕੇ ਰੱਖ ਦਿੱਤਾ ਅਤੇ ਅਛੂਤ ਦਾ ਦਰਜਾ ਦੇ ਦਿੱਤਾ। ਅਛੂਤ ਅਤੇ ਦਲਿਤ ਸ਼ਬਦ ਨੂੰ ਖ਼ਲਤ ਮਲਤ ਵੀ ਨਾ ਕੀਤਾ ਜਾਵੇ। ਮੇਰੀ ਬੇਨਤੀ ਹੈ। ਕੀ ਇਹ ਯੂਰਪ ਦੇ ਗੁਲਾਮਾਂ ਨਾਲ ਮਿਲਦਾ ਜੁਲਦਾ ਸਮਾਜਿਕ ਵਰਤਾਰਾ ਨਹੀਂ ਕਿ ਤਾਕਤਵਰ ਸ਼ੋਸ਼ਕ ਵਰਗ ਨੇ ਹਮਲਾਵਰ ਨੀਤੀ ਅਪਨਾ ਕੇ ਪਹਿਲਾਂ ਕਿਸੇ ਕਬੀਲੇ ਨੂੰ ਹਰਾਇਆ ਫਿਰ ਗੁਲਾਮ ਬਣਾ ਕੇ ਸੰਗਲਾਂ ਵਿੱਚ ਜਕੜ ਲਿਆ ਅਤੇ ਉਸਤੋਂ ਮਨਮਰਜ਼ੀ ਦਾ ਕੰਮ ਕਰਵਾਇਆ ਅਤੇ ਫਿਰ ਹੌਲੀ-ਹੌਲੀ ਜ਼ਿਹਨੀ ਤੌਰ ਤੇ ਗੁਲਾਮ ਬਿਰਤੀ ਵਾਲੇ ਬਣਾ ਕੇ ਰੱਖ ਦਿੱਤਾ। ਪਰ ਭਾਰਤ ਵਰਗੇ ਮੁਲਕ ਵਿੱਚ ਲੋਹੇ ਦੇ ਸੰਗਲਾਂ ਦੀ ਗੁਲਾਮੀ ਨਾਲੋਂ ਕਿਤੇ ਕਰੂਰ ਪਿਛਲੇ ਜਨਮ ਦੇ ਕਰਮ ਫਲ ਦੇ ਸੰਗਲ ਕਿਤੇ ਮਾਰੂ ਤੇ ਵੱਧ ਕਾਮਯਾਬ ਸਾਬਿਤ ਹੋਏ ਜਿਨ੍ਹਾਂ ਨੇ ਬ੍ਰਹਮਣ ਸਾਮਰਾਜ ਨੂੰ ਮਜ਼ਬੂਤ ਥੰਮ੍ਹਾਂ ਦਾ ਆਧਾਰ ਦਿੱਤਾ ਅਤੇ ਰਾਜ ਸੱਤਾ ਨੂੰ ਪੱਕੇ ਪੈਰੀਂ ਕੀਤਾ। ਭਾਰਤ ਦੇ ਇਤਿਹਾਸ ਵਿੱਚ ਬ੍ਰਹਮਣੀ ਦੁਆਰਾ ਰਚੇ ਵੇਦ, ਸ਼ਾਸ਼ਤਰ, ਸਿਮਰਤੀਆਂ ਤੇ ਤਮਾਮ ਮਿਥਿਹਾਸਕ ਗ੍ਰੰਥ ਰਮਾਇਣ-ਮਹਾਭਾਰਤ ਤੇ ਹੋਰ ਰਾਜ ਅਤੇ ਪਰੋਹਿਤ ਸ਼੍ਰੇਣੀ ਦੀ ਮਿਲੀ ਭੁਗਤ ਦਾ ਸਿੱਟਾ ਹਨ ਅਤੇ ਇਹ ਇੱਕ ਪਾਸੜ ਤੌਰ ਤੇ ਸਮਾਜ ਦੇ ਇੱਕ ਵਰਗ ਨੂੰ ਸਤਾ ਅਤੇ ਸਾਧਨ ਸੰਪੰਨ ਬਣਾਉਂਦੇ ਹਨ ਜਦੋਂ ਕਿ ਦੂਜੇ ਵਰਗ ਨੂੰ ਸਾਧਨ ਹੀਣ, ਮੁਥਾਜ ਅਤੇ ਦਲਿਤ ਬਣਾਉਂਦੇ ਹਨ। ਦਲਿਤ ਦਲਿਤ ਹੀ ਤਾਂ ਹੈ ਕਿਉਂਕਿ ਉਹ ਸਾਧਨ ਹੀਨ ਹੈ ਅਤੇ ਉਸਨੇ ਰੋਟੀ ਲੈਣ ਉੱਚ ਵਰਗ ਦੇ ਦਵਾਰੇ 'ਤੇ ਜਾਣਾ ਹੈ-ਚਾਹੇ ਦਿਹਾੜੀ ਕਰਨ ਦੇ ਰੂਪ ਵਿੱਚ ਜਾਵੇ ਚਾਹੇ ਲਾਗ ਲੈਣ ਦੇ ਰੂਪ ਵਿੱਚ।

ਇਹ ਵੀ ਸਵੀਕਾਰਨਯੋਗ ਤੱਥ ਹੈ ਕਿ ਦਲਿਤ ਲਾਗੀ ਸ਼੍ਰੇਣੀ ਹੈ। ਵੱਖ-2 ਪ੍ਰਾਤਾਂ ਵਿੱਚ ਲਾਗੀਆਂ ਦੀਆਂ ਵੱਖ-2 ਜਾਤਾਂ ਜਮਾਤਾਂ ਹਨ। ਪੰਜਾਬ ਵਿੱਚ ਬ੍ਰਹਮਣ ਵੀ ਲਾਗੀਆਂ ਦੀ ਸ਼੍ਰੇਣੀ ਵਿੱਚ ਆ ਜਾਂਦਾ ਹੈ ਜਦੋਂ ਕਿ ਮੱਧ ਭਾਰਤ ਅਤੇ ਦੱਖਣ ਦਾ ਬ੍ਰਹਮਣ ਸਾਮੰਤੀ ਵਰਗ ਵਿੱਚ ਸ਼ਾਮਲ ਹੈ। ਇਸੇ ਕਰਕੇ ਉਹਨਾਂ ਪ੍ਰਾਤਾਂ ਵਿੱਚ ਬ੍ਰਹਮਣਵਾਦ ਦਾ ਪ੍ਰਕੋਪ ਕੁਝ ਵਧੇਰੇ ਹੀ ਮਾਰੂ, ਕਰੂਰ ਤੇ ਦਮਨਕਾਰੀ ਹੈ। ਬਸਤੀਆਂ ਦਾ ਕੇਵਲ ਦੱਖਣ ਜਾਂ ਪੱਛਮ ਵੱਲ ਹੋਣਾ, ਲੱਕ ਨਾਲ ਝਾੜੂ ਲਮਕਾ ਰੱਖਣਾ ਤਾਂ ਜੋ ਪੈੜਾਂ ਮਿਟਦੀਆਂ ਜਾਣ ਤੇ ਪੈੜ ਉੱਪਰ ਪੈਰ ਟਿਕ ਕੇ ਕਿਸੇ ਸਵਰਨ ਨੂੰ ਭਿੱਟ ਨਾ ਚੜ੍ਹ ਜਾਏ, ਗਲਾਂ ਵਿੱਚ ਥੁੱਕ ਸੁੱਟਣ ਲਈ ਕੁੱਜੇ ਬੰਨ੍ਹ ਕੇ ਰੱਖਣ ਜਿਹੇ ਜ਼ਿੱਲਤ ਭਰੇ ਕਾਨੂੰਨ ਕਿਸ ਪਵਿੱਤਰ ਸੰਸਕ੍ਰਿਤੀ ਦੀ ਉਪਜ ਹਨ ? ਤੀਰ ਅੰਦਾਜ਼ ਸ਼ੂਦਰ ਦਾ ਅੰਗੂਠਾ ਦੱਛਣਾਂ ਵਿਚ ਲੈ ਲੈਣਾ, ਸ਼ੰਭੂਕ ਰਿਸ਼ੀ ਦਾ ਕਤਲ ਕਰ ਦੇਣਾ, ਰਾਮ ਦਾ ਨਾਮ ਸੁਣ ਲੈਣ ਵਾਲੇ ਦਲਿਤ ਦ ਕੰਨਾਂ ਵਿੱਚ ਸਿੱਕਾ ਢਾਲ ਦੇਣਾ, ਮਨੁੱਖ ਰਾਹੀਂ ਮਨੁੱਖ ਨਾਲ ਪਸ਼ੂ ਦੇ ਸਮਾਨ ਵਿਵਹਾਰ ਕਰਨਾ ਤੇ ਦਲਿਤ ਤੇ ਔਰਤ ਨੂੰ ਇੱਕ ਸਮਾਨ ਦਬੇਲ ਬਣਾ ਕੇ ਰੱਖਣਾ ਕੀ ਸਾਡੀ ਗੌਰਵਮਈ ਸੰਸਕ੍ਰਿਤੀ ਦੇ ਚਿੰਨ੍ਹ ਹਨ ਜਾਂ ਕਲੰਕਿਤ ਸੰਸਕ੍ਰਿਤੀ ਦੇ। ਇਹ ਕੇਵਲ ਬ੍ਰਾਹਮਣ ਨੇ ਹੀ ਨਹੀਂ ਦਿੱਤਾ ਉਸਦੇ ਨਾਲ ਸਮੁੱਚੇ ਸਾਮੰਤੀ ਪ੍ਰਬੰਧ, ਰਾਜ ਸੱਤਾ ਦਾ ਵੀ ਦਖਲ ਸੀ।

ਇਹ ਇੱਕ ਚੰਗਾ ਪਹਿਲੂ ਹੈ ਕਿ ਪਿਛਲੇ ਕੁਝ ਅਰਸੇ ਤੋਂ ਦਲਿਤ ਸ਼ਬਦ ਵੱਲ ਵਸੀਹ ਪੈਮਾਨੇ 'ਤੇ ਹਰ ਇੱਕ ਦਾ ਧਿਆਨ ਕੇਂਦਰਤ ਹੋਇਆ ਹੈ ਦਲਿਤ ਸਾਹਿਤ ਦੀ ਵੀ ਗੱਲ ਚੱਲੀ ਹੈ। ਭਾਵੇਂ ਡਾ. ਅੰਬੇਦਕਰ ਤੋਂ ਪ੍ਰੇਰਨਾ ਲੈ ਕੇ ਅਤੇ ਬਾਕੀ ਸਭ ਚੰਗੇ ਨੂੰ ਨਕਾਰ ਕੇ ਹੀ ਸਹੀ ਦਲਿਤ ਸਾਹਿਤ, ਇਤਿਹਾਸ ਅਤੇ ਸੱਭਿਆਚਾਰ ਨੂੰ ਉੱਤਮ ਦਰਜੇ ਤੇ ਲਿਆਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਜੋ ਸ਼ੁਭ ਸ਼ਗਨ ਤਾਂ ਹੈ ਪਰ ਇਕ ਪਾਸੜ ਬਿਰਤੀ ਦਾ ਹੋਣ ਕਰਕੇ ਕੁਝ ਢਾਹੂ ਵੀ ਹੈ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਨੇ ਆਪਣੇ ਵਕਤ ਵਿੱਚ ਜਾਤ ਅਧਾਰਤ ਸਮਾਜ ਦੇ ਆਪਣੀਆਂ ਲਿਖਤਾਂ ਵਿੱਚ ਪਰਖਚੇ ਉਡਾ ਦਿੱਤੇ। ਇਹ ਸੂਚਨਾਵਾਂ ਜੋ ਡਾ. ਸਾਹਿਬ ਦੀਆਂ ਲਿਖਤਾਂ ਚੋਂ



ਮਿਲਦੀਆਂ ਹਨ ਸਾਨੂੰ ਅੱਜ ਵੀ ਪ੍ਰੇਰਨਾ ਦਿੰਦੀਆਂ ਹਨ ਭਾਵੇਂ ਇਹ ਗੱਲ ਵੀ ਵਿਚਾਰਨ ਯੋਗ ਹੈ ਕਿ ਡਾ. ਅੰਬੇਦਕਰ ਆਪਣੀ ਪਿਛਲੀ ਜ਼ਿੰਦਗੀ ਵਿੱਚ ਤਿੱਖੀ ਸੁਰ ਦੇ ਬਾਵਜੂਦ ਹੁਕਮਰਾਨ ਬ੍ਰਹਮਣ ਧੰਨਕੁਬੇਰ ਸ਼੍ਰੇਣੀ ਦਾ ਅੰਗ ਬਣ ਕੇ ਵਿਚਰੇ ਪਰ ਅੱਜ ਫਿਰ ਡਾ. ਅੰਬੇਦਕਰ ਸਾਹਿਬ ਨੂੰ ਇੱਕੋ ਇਕ ਚਾਨਣ ਮੁਨਾਰਾ ਮੰਨਣ ਵਾਲੇ ਮੇਰੇ ਦੋਸਤ ਜਦੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨੂੰ ਵੀ ਨਕਾਰ ਦਿੰਦੇ ਹਨ ਉਦੋਂ ਮਨ ਬਹੁਤੀ ਦੁਖੀ ਹੁੰਦਾ ਹੈ। ਸਿਰਫ ਜੱਟ ਪਰਿਵਾਰਾਂ ਵਿੱਚ ਜਨਮ ਲੈਣ ਕਰਕੇ ਕਰਤਾਰ ਸਿੰਘ ਸਰਾਭਾ, ਬਾਬਾ ਸੋਹਣ ਸਿੰਘ ਭਕਨਾ, ਸ਼ਹੀਦ ਭਗਤ ਸਿੰਘ ਦਲਿਤਾਂ ਦੇ ਦੁਸ਼ਮਣ ਨਹੀਂ ਹੋ ਜਾਂਦੇ। ਡਾ. ਅੰਬੇਦਕਰ ਆਪਣੀਆਂ ਲਿਖਤਾਂ ਵਿੱਚ ਇਹ ਸੂਚਨਾ ਵੀ ਦਿੰਦੇ ਹਨ ਕਿ ਉਹਨਾਂ ਨੇ ਕਾਰਲ ਮਾਰਕਸ ਦੀਆਂ ਬੇਓੜਕ ਪੁਸਤਕਾਂ ਪੜ੍ਹੀਆਂ। ਏਨੀਆਂ ਕਿ ਕਿਸੇ ਮਾਰਕਸਵਾਦੀ ਨੇ ਵੀ ਨਹੀਂ। ਉਹਨਾਂ ਨੇ ਮਾਰਕਸ ਦੇ ਕਿਸੇ ਗ੍ਰੰਥ ਦੇ ਵਿਰੁੱਧ ਇੱਕ ਵੀ ਸ਼ਬਦ ਨਹੀਂ ਲਿਖਿਆ। ਹਾਂ ਜੋ ਗੱਲ ਬਾਬਾ ਸਾਹਿਬ ਮਾਰਕਸ ਦੀਆਂ ਲਿਖਤਾਂ ਬਾਰੇ ਕਹਿੰਦੇ ਹਨ ਉਹ ਇਹ ਹੈ ਕਿ ਜੇ ਮਾਰਕਸ ਹਿੰਦੋਸਤਾਨ ਦੀ ਧਰਤੀ 'ਤੇ ਜੰਮੇ ਹੁੰਦੇ ਤਾਂ ਉਹਨਾਂ ਦੀਆਂ ਲਿਖਤਾਂ ਅਤੇ ਪੂੰਜੀ ਦਾ ਵੱਥ ਹੋਰ ਹੋਣਾ ਸੀ। ਉਹ ਵਰਨ ਆਸ਼ਰਮ ਦੇ ਵਿਰੁੱਧ ਲਿਖਦੇ। ਤਮਾਮ ਹਿੰਦੂ ਗ੍ਰੰਥਾਂ ਅਤੇ ਹਿੰਦੂ ਫਿਲਾਸਫੀ ਦੇ ਵਿਰੁੱਧ ਲਿਖਦੇ ਅਤੇ ਸਮਾਜਵਾਦੀ ਇਨਕਲਾਬ ਵਿੱਚ ਦਲਿਤ ਸਮਾਜ ਦੀ ਗੱਲ ਕਰਦੇ। ਕਮਿਊਨਿਸਟਾਂ ਉੱਤੇ ਡਾ. ਅੰਬੇਦਕਰ ਨੂੰ ਇਹੋ ਗਿਲਾ ਰਿਹਾ ਕਿ ਉਹ ਵਰਣ ਵਿਵਸਥਾ ਦੇ ਖ਼ਿਲਾਫ ਕਦੀ ਨਹੀਂ ਬੋਲੇ। ਖ਼ੁਦ ਡਾ. ਸਾਹਿਬ ਨੇ ਟਰੇਡ ਯੂਨੀਅਨ ਫਰੰਟ ਤੇ ਕੰਮ ਵੀ ਕੀਤਾ ਉਹਨਾਂ ਦੀ ਅਗਵਾਈ ਵਿੱਚ ਮਹਾਂਰਾਸ਼ਟਰ ਵਿਚ ਵੱਡੇ ਅੰਦੋਲਨ ਵੀ ਲੜੇ ਗਏ ਪਰ ਕਿਉਂਕਿ ਛੂਆ ਛੂਤ ਦੇ ਜ਼ਖਮ ਹੀ ਐਨਾ ਗਹਿਰੇ ਸਨ ਕਿ ਉਹ ਜ਼ਾਤ-ਪਾਤ ਮਿਟਾਉਣ, ਘੱਟ ਗਿਣਤੀਆਂ ਨੂੰ ਵੱਧ ਅਧਿਕਾਰ ਦਿਵਾਉਣ, ਰਾਖਵਾਂਕਰਨ ਸਥਾਪਿਤ ਕਰਨ, ਖੂਹਾਂ ਮੰਦਰਾਂ 'ਤੇ ਪ੍ਰਵੇਸ਼ ਕਰਨ ਵੱਲ ਵਧੇਰੇ ਰੁਚਿਤ ਹੋ ਗਏ। ਜੇਕਰ ਉਸ ਵੇਲੇ ਦੇ ਕਮਿਊਨਿਸਟ ਆਗੂ ਇਸ ਮਰਜ਼ ਨੂੰ ਪਛਾਣ ਜਾਂਦੇ ਅਤੇ ਆਪਣੇ ਆਪ ਨੂੰ ਡੀਕਲਾਸੀਫਾਈ ਕਰਕੇ ਆਪਣੀਆਂ ਤਹਿਆਂ ਵਿੱਚ ਛੁਪੇ ਜੱਟ ਅਤੇ ਬ੍ਰਹਮਣ ਨੂੰ ਬਾਹਰ ਕੱਢ ਦਿੰਦੇ ਤਾਂ ਅੱਜ ਭਾਰਤ ਵਿੱਚ ਸਮਾਜਵਾਦੀ ਇਨਕਲਾਬ ਆ ਗਿਆ ਹੁੰਦਾ। ਚੀਨ ਅਤੇ ਰੂਸ ਦੇ ਇਨਕਲਾਬਾਂ ਬਾਰੇ ਡਾ. ਅੰਬੇਦਕਰ ਲਿਖਦੇ ਹਨ ਕਿ ਉਥੇ ਇਨਕਲਾਬ ਸਫ਼ਲ ਹੀ ਤਾਂ ਹੋਏ ਕਿ ਉਹਨਾਂ ਮੁਲਕਾਂ ਵਿੱਚ ਭਾਰਤ ਵਾਂਗ ਜਾਤ-ਪਾਤ ਅਤੇ ਧਰਮ ਅਧਾਰਤ ਸਮਾਜ ਨਹੀਂ ਸੀ। ਕਮਿਊਨਿਸਟਾਂ ਨੂੰ ਇਹ ਗੱਲ ਸਮਝ ਨਹੀਂ ਪਏਗੀ। ਡਾ. ਅੰਬੇਦਕਰ ਸਾਹਿਬ ਕਿਤੇ ਵੀ ਸਮਾਜਵਾਦੀ ਇਨਕਲਾਬ ਦੇ ਵਿਰੁੱਧ ਨਹੀਂ ਬੋਲੇ। ਜੇ ਕਮਿਊਨਿਸਟਾਂ ਦੇ ਵਿਰੁੱਧ ਬੋਲੇ ਹਨ ਤਾਂ ਠੀਕ ਬੋਲੇ ਹਨ।

ਸ਼ਹੀਦੇ ਆਜ਼ਮ ਭਗਤ ਸਿੰਘ ਛੂਤ-ਛਾਤ ਦੇ ਇਸ ਕੋਹੜ ਦਾ ਕੱਟੜ ਦੁਸ਼ਮਣ ਸੀ। ਜੂਨ 1928 ਵਿੱਚ ਵਿਦਰੋਹੀ ਦੇ ਕਲਮੀ ਨਾਂ ਹੇਠ ਛਪਿਆ ਉਸਦਾ ਲੇਖ "ਸਮਾਜਿਕ ਇਨਕਲਾਬ ਲਈ ਉੱਠੋ। ਅਛੂਤ ਦਾ ਸਵਾਲ" ਮੇਰੇ ਅੰਬੇਦਕਰ ਵਾਦੀ ਦੋਸਤਾਂ ਨੂੰ ਪੜ੍ਹ ਲੈਣਾ ਚਾਹੀਦਾ ਹੈ। ਉਸ ਲੇਖ ਵਿਚੋਂ ਕੁਝ ਸਤਰਾਂ ਨਮੂਨੇ ਵਜੋਂ ਹਾਜ਼ਰ ਹਨ—"ਸਭ ਤੋਂ ਪਹਿਲਾਂ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਾਰੇ ਇਨਸਾਨ ਬਰਾਬਰ ਹਨ ਅਤੇ ਨਾ ਕੋਈ ਜਨਮ ਤੋਂ ਵੱਖਰਾ ਪੈਦਾ ਹੋਇਆ ਹੈ ਨਾ ਕੰਮ ਵੰਡ ਤੋਂ.....।"

ਜਦ ਤੁਸੀਂ ਇੱਕ ਇਨਸਾਨ ਨੂੰ ਪੀਣ ਲਈ ਪਾਣੀ ਦੇਣ ਲਈ ਤਿਆਰ ਨਹੀਂ, ਜਦ ਤੁਸੀਂ ਉਹਨਾਂ ਨੂੰ ਸਕੂਲ ਵਿੱਚ ਪੜ੍ਹਨ ਨਹੀਂ ਦਿੰਦੇ, ਤੁਹਾਨੂੰ ਕੀ ਹੱਕ ਹੈ ਕਿ ਆਪਣੇ ਲਈ ਹੋਰ ਹੱਕਾਂ ਦੀ ਮੰਗ ਕਰੋ। ਜਦ ਤੁਸੀਂ ਇੱਕ ਇਨਸਾਨ ਨੂੰ ਬਰਾਬਰ ਹੱਕ ਦੇਣ ਤੋਂ ਇਨਕਾਰ ਕਰਦੇ ਹੋ ਤਾਂ ਤੁਸੀਂ ਵਧੇਰੇ ਸਿਆਸੀ ਹੱਕ ਮੰਗਣ ਦੇ ਹੱਕਦਾਰ ਕਿਵੇਂ ਬਣ ਗਏ ? (ਬੰਬਈ ਕੌਂਸਲ ਦੇ ਮੈਂਬਰ ਨੂਰ ਮੁਹੰਮਦ ਦੀ ਗੱਲ ਨੂੰ ਸਰਦਾਰ ਭਗਤ ਸਿੰਘ ਨੇ ਆਪਣੇ ਲੇਖ ਵਿੱਚ ਕੋਟ ਕੀਤਾ ਸੀ। ਇਸੇ ਲੇਖ ਵਿੱਚ ਸਰਦਾਰ ਭਗਤ ਸਿੰਘ ਲਿਖਦੇ ਹਨ—"ਕੁੱਤਾ ਸਾਡੀ ਗੋਦੀ ਵਿੱਚ ਬੈਠ ਸਕਦਾ ਹੈ, ਸਾਡੀ ਰਸੋਈ ਵਿੱਚ ਬੇਝਿਜਕ ਫਿਰਦਾ ਹੈ, ਪਰ ਇੱਕ ਇਨਸਾਨ ਸਾਡੇ ਨਾਲ

ਛੋਹ ਜਾਂਦਾ ਹੈ ਤਾਂ ਬਸ ਧਰਮ ਭ੍ਰਿਸ਼ਟ ਹੋ ਜਾਂਦਾ ਹੈ।")

ਇਸਦਾ ਹੱਲ ਪੇਸ਼ ਕਰਦੇ ਹੋਏ ਸਰਦਾਰ ਭਗਤ ਸਿੰਘ ਲਿਖਦੇ ਹਨ—"ਪਰ ਇਹ ਕੰਮ ਉਨੀ ਦੇਰ ਤੱਕ ਨਹੀਂ ਹੋ ਸਕਦਾ ਜਿੰਨੀ ਦੇਰ ਤੱਕ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਜਥੇਬੰਦ ਨਾ ਕਰ ਲੈਣ—ਅਸੀਂ ਤਾਂ ਸਾਫ਼ ਕਹਿੰਦੇ ਹਾਂ ਉੱਠੋ, ਅਛੂਤ ਕਹੇ ਜਾਂਦੇ ਅਸਲੀ ਜਨ ਸੇਵਕੋ ਅਤੇ ਭਰਾਵੋ ਉੱਠੋ। ਆਪਣਾ ਇਤਿਹਾਸ ਦੇਖੋ। ਗੁਰੂ ਗੋਬਿੰਦ ਸਿੰਘ ਦੀ ਫੌਜ ਦੀ ਅਸਲੀ ਸ਼ਕਤੀ ਤੁਸੀਂ ਹੀ ਸੀ। ਸ਼ਿਵਾਜੀ ਤੁਹਾਡੇ ਭਰੋਸੇ ਹੀ ਸਭ ਕੁਝ ਕਰ ਸਕੇ ਜਿਸ ਕਰਕੇ ਉਹਨਾਂ ਦਾ ਨਾਂ ਅੱਜ ਵੀ ਜਿਉਂਦਾ ਹੈ ਆਦਿ। (ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀਆਂ ਲਿਖਤਾਂ : ਸੰਪਾਦਕ ਪ੍ਰੋ. ਜਗਮੋਹਨ ਸਿੰਘ)

ਆਦਿ ਧਰਮ ਲਹਿਰ ਦੇ ਬਾਨੀ, ਬਾਬਾ ਮੰਗੂ ਰਾਮ ਮੂੰਗੋਵਾਲੀਆ ਇਥੋਂ ਦੇ ਜਾਤੀ ਪਾਤੀ ਪ੍ਰਬੰਧ ਤੋਂ ਦੁਖੀ ਹੋ ਕੇ ਅਮਰੀਕਾ ਚਲੇ ਗਏ ਸਨ ਅਤੇ ਉਥੋਂ ਲਾਲਾ ਹਰਦਿਆਲ ਦੀ ਪ੍ਰੇਰਨਾ ਨਾਲ ਗਦਰ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਗਦਰ ਪਾਰਟੀ ਵਿੱਚ ਉਹਨਾਂ ਵੱਡੀ ਕੁਰਬਾਨੀ ਕੀਤੀ। ਹਥਿਆਰਾਂ ਦੀ ਖੇਪ ਲੈ ਕੇ ਭਾਰਤ ਵਿੱਚ ਆਉਂਦਿਆਂ ਗ੍ਰਿਫਤਾਰ ਹੋਏ ਅਤੇ ਮੁਕੱਦਮੇ ਵਿੱਚ ਮੌਤ ਦੀ ਸਜ਼ਾ ਹੋਈ। ਪਰ ਜੇਲ੍ਹ 'ਚੋਂ ਫਰਾਰ ਹੋ ਕੇ ਕਿਸੇ ਤਰ੍ਹਾਂ ਵਾਪਸ ਆ ਗਏ। ਉਹ ਖੁਦ ਇਕਬਾਲ ਕਰਦੇ ਹਨ ਕਿ ਗਦਰ ਪਾਰਟੀ ਦੇ ਯੋਧੇ ਜ਼ਾਤ ਪਾਤ ਨੂੰ ਉੱਕਾ ਹੀ ਨਹੀਂ ਮੰਨਦੇ ਸਨ। ਕੈਲੇਫੋਰਨੀਆ ਯੂਨੀਵਰਸਿਟੀ ਦੇ ਇੱਕ ਖੋਜੀ ਵਿਦਵਾਨ ਮਾਰਕ ਜਰਜਨਜ ਮੇਅਰ ਦੀ ਪੁਸਤਕ () ਨਾਂ ਦੀ ਵੱਡ ਅਕਾਰੀ ਖੋਜ ਪੁਸਤਕ ਵਿੱਚ ਅੰਤ ਉੱਤੇ ਬਾਬਾ ਮੰਗੂ ਰਾਮ ਦਾ ਪ੍ਰਤੀਕਰਮ ਦਰਜ ਹੈ : "ਇਹ ਤਾਂ ਇੱਕ ਨਵਾਂ ਹੀ ਸਮਾਜ ਸੀ—ਅਸੀਂ ਸਾਰੇ ਹੀ ਬਰਾਬਰ ਸਮਝੇ ਜਾਂਦੇ ਸਾਂ।" ("ਮਾਸਟਰ ਤਰਲੋਚਨ ਦਾ ਖੋਜ ਪੱਤਰ : ਸਰਦਲ ਨਵੰਬਰ 2000 ਦਲਿਤ ਵਿਸ਼ੇਸ਼ ਅੰਕ ਪੰਨਾ 28") ਇਹ ਗੱਲ ਕਮਿਉਨਿਸਟ ਨਹੀਂ ਕਰ ਸਕੇ ਜੋ ਕਿ ਕਰਨੀ ਬਣਦੀ ਸੀ।

ਮਹਾਨ ਪੰਡਤ ਰਾਹੁਲ ਸੰਕਰਤਾਇਨ ਸਮਾਜਵਾਦੀ ਇਨਕਲਾਬ ਬਾਰੇ ਲਿਖਦੇ ਹਨ : "ਭਾਰਤ ਦੀ ਅਖੰਡਤਾ ਤਾਂ ਹੀ ਕਾਇਮ ਰੱਖੀ ਜਾ ਸਕਦੀ ਹੈ ਜਦੋਂ ਦਿਮਾਗੀ ਅਤੇ ਸਰੀਰਕ ਮਿਹਨਤ ਕਰਨ ਵਾਲੀ ਜਨਤਾ ਦਾ ਸ਼ਾਸ਼ਨ ਲਿਆਂਦਾ ਜਾਵੇ ਤੇ ਉਸਦੇ ਨਾਲ ਹਰ ਭਾਰਤੀ ਵਿੱਚ ਇੱਕ ਜਾਤੀ ਦੀ ਭਾਵਨਾ ਦਾ ਘਰ ਕਰ ਜਾਣਾ ਜਰੂਰੀ ਹੈ। ਇੱਕ ਜਾਤੀ ਇੱਕ ਭਾਸ਼ਾ, ਇੱਕ ਖਾਣ ਪੀਣ ਅਤੇ ਵਿਆਹ ਸ਼ਾਦੀ ਦੇ ਸਾਂਝੇ ਸਬੰਧ।" ਸ਼ਾਸ਼ਨ ਸ਼ਬਦ ਵੱਲ ਧਿਆਨ ਦਿੱਤਾ ਜਾਵੇ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਦੇ ਸ਼ਬਦ ਵੀ ਪੜ੍ਹ ਵਿਚਾਰ ਲਏ ਜਾਣ : "ਅੱਜ ਭਾਰਤ ਵਿੱਚ ਵਰਣ ਵਿਵਸਥਾ ਲਈ ਕੋਈ ਥਾਂ ਨਹੀਂ ਹੈ। ਜੇ ਇਹ ਪ੍ਰਥਾ ਬਣੀ ਰਹੀ ਤਾਂ ਦੇਸ਼ ਕੰਮਜ਼ੋਰ ਹੋ ਜਾਵੇਗਾ ਅਤੇ ਉਨਤੀ ਦੇ ਰਾਹ ਤੇ ਨਹੀਂ ਤੁਰ ਸਕੇਗਾ। ਇਸੇ ਪ੍ਰਥਾ ਦੇ ਸਰਾਪ ਨਾਲ ਭਾਰਤ ਦਾ ਪਤਨ ਹੋਇਆ ਹੈ ਉਸਦੀ ਏਕਤਾ ਨਸ਼ਟ ਹੋਈ ਹੈ। ਅੱਜ ਸੁਤੰਤਰ ਭਾਰਤ ਦਾ ਮਨੋਰਥ ਅਜਿਹੇ ਸਮਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਸਭ ਵਿਅਕਤੀ ਨੂੰ ਇੱਕ ਸਮਾਨ ਅਧਿਕਾਰ ਪ੍ਰਾਪਤ ਹੋ ਸਕੇ। ਵਰਣ ਵਿਵਸਥਾ ਦੇ ਰਹਿੰਦਿਆਂ ਇਹ ਉਦੇਸ਼ ਪੂਰਾ ਨਹੀਂ ਹੋ ਸਕਦਾ। ਇਸ ਲਈ ਹਰ ਸਾਲ ਇਸਦੇ ਖ਼ਾਤਮੇ ਲਈ ਵੱਡਾ ਯਤਨ ਕੀਤਾ ਜਾਣਾ ਚਾਹੀਦਾ ਹੈ। ਤੇ ਭਾਰਤ ਸਰਕਾਰ ਨੇ ਵੱਡਾ ਯਤਨ ਇਹ ਕੀਤਾ ਹੈ ਕਿ ਆਰਥਿਕ-ਸਮਾਜਿਕ ਤੌਰ ਤੇ ਬਰਾਬਰਤਾ ਬਹਾਲ ਕਰਨ ਦੀ ਬਜਾਏ ਅਜ਼ਾਦੀ ਦੇ 53 ਸਾਲਾਂ ਬਾਅਦ ਵੀ ਰਾਖਵਾਂਕਰਨ ਦਰ ਰਾਖਵਾਂਕਰਨ ਦੀ ਭੈੜੀ ਚਾਲ ਨੂੰ ਅੱਗੇ ਤੋਰਦਿਆਂ ਸਗੋਂ ਵਰਣ ਵਿਵਸਥਾ ਨੂੰ ਮਜ਼ਬੂਤ ਕੀਤਾ ਹੈ। ਮੈਂ ਹਮੇਸ਼ਾ ਹੀ ਇਸ ਵਿਚਾਰ ਦੀ ਵਕਾਲਤ ਕੀਤੀ ਹੈ ਕਿ ਜਿਨ੍ਹਾਂ ਲੋਕਾਂ ਦੇ ਕਿਰਤੀ ਹੱਥਾਂ ਨੇ ਇਸ ਦੇਸ਼ ਦੀ ਉਸਾਰੀ ਕੀਤੀ ਹੈ, ਰਾਖਵਾਂਕਰਨ ਦੀ ਬਜਾਇ, ਦੇਸ਼ ਦੇ ਧਨ ਦੌਲਤ ਅਤੇ ਜਾਇਦਾਦ ਵਿੱਚ ਉਹਨਾਂ ਦੀ ਬਰਾਬਰ ਦੀ ਹਿੱਸੇਦਾਰੀ ਯਕੀਨੀ ਬਣਾਈ ਜਾਵੇ। ਇਹ ਵਿਵਸਥਾ ਕੇਵਲ ਕਮਿਉਨਿਸਟ ਵਿਵਸਥਾ ਦੀ ਸਥਾਪਤੀ ਵਿੱਚ ਹੀ ਸੰਭਵ ਹੋ ਸਕਦੀ ਹੈ—ਉਹ ਵੀ ਤਾਂ ਜੇ ਸਹੀ ਮਾਅਨਿਆਂ ਵਿੱਚ ਡੀਕਲਾਈਫਾਈ ਹੋਏ ਕਮਿਉਨਿਸਟ ਅਤੇ



ਦਲਿਤ ਪ੍ਰੋਲੇਤਾਰੀ ਇਸਦੀ ਅਗਵਾਈ ਕਰੇ। ਹੂਟਰ ਵਾਲੀਆਂ ਸਰਕਾਰੀ ਗੱਡੀਆਂ ਦੇ ਕਾਫ਼ਲੇ ਵਿੱਚ ਘੁੰਮਦੇ ਉਹਨਾਂ ਕਮਿਉਨਿਸਟ ਆਗੂਆਂ ਦੇ ਚੁੰਗਲ 'ਚੋਂ ਕਮਿਉਨਿਸਟ ਲਹਿਰ ਕੱਢਣੀ ਪਏਗੀ, ਜਿਨ੍ਹਾਂ ਨੂੰ ਸਿਰਫ ਸਾਂਝੇ ਮੋਰਚੇ ਤੋਂ ਅੱਗੇ ਕੁਝ ਵੀ ਨਜ਼ਰ ਨਹੀਂ ਆ ਰਿਹਾ। ਜਿਨ੍ਹਾਂ ਲੋਕਾਂ ਵਿੱਚ ਸਹੀ ਦਿਸ਼ਾ ਵਿੱਚ ਬਰਾਬਰਤਾ ਦਾ ਰਾਜ ਸਥਾਪਤ ਕਰਨ ਲਈ ਕੁਰਬਾਨੀ ਦਾ ਜਜ਼ਬਾ ਹੋਵੇਗਾ ਉਹੀ ਇਸ ਸਮਾਜਵਾਦੀ ਇਨਕਲਾਬੀ ਅੰਦੋਲਨ ਦੀ ਅਗਵਾਈ ਕਰਨਗੇ। ਇਸ ਅੰਦੋਲਨ ਦੀ ਅਗਵਾਈ ਕਰਨ ਵਾਲੇ ਨੇਤਾ ਉਹੀ ਹੋ ਸਕਣਗੇ ਜੋ ਡਾ. ਅੰਬੇਦਕਰ ਸਾਹਿਬ ਦੇ "ਜਾਤ ਪਾਤ ਦਾ ਬੀਜ਼ ਨਾਸ਼" ਸਿਧਾਂਤ ਤੋਂ ਪ੍ਰੇਰਨਾ ਤਾਂ ਲੈਣਗੇ ਪਰ ਉਹਨਾਂ ਦਾ ਅੰਤਮ ਲਕਸ਼ ਬਰਾਬਰਤਾ ਵਾਲੇ ਸਮਾਜ ਦੀ ਸਥਾਪਨਾ ਹੀ ਹੋਵੇਗਾ। ਆਪਣੇ ਇਸ ਵਿਚਾਰ ਦੀ ਪ੍ਰੋੜਤਾ ਲਈ ਮੈਂ ਡਾ. ਅਜਨਾਤ ਹੋਰਾਂ ਦੀ ਉਕਤੀ ਦਾ ਸਹਾਰਾ ਲੈਣਾ ਉਚਿਤ ਸਮਝਦਾ ਹਾਂ। ਦਲਿਤ ਸਾਹਿਤ : ਪਛਾਣ ਤੇ ਪੂਰਵ ਅਨੁਮਾਨ (ਇੱਕ ਅੰਬੇਦਕਰੀ ਪਰਿਪੇਖ) ਨਾਂ ਦੇ ਆਪਣੇ ਖੋਜ ਪੱਤਰ ਵਿੱਚ ਉਹ ਦਲਿਤ ਸ਼ਬਦ ਨੂੰ ਇਉਂ ਪਰਿਭਾਸ਼ਿਤ ਕਰਦੇ ਹਨ :

"ਕੁਝ ਲੋਕ ਦਲਿਤ ਸਾਹਿਤ ਨੂੰ ਬਹੁਤ ਸੌੜਾ ਅਰਥ ਪ੍ਰਧਾਨ ਕਰਨ ਦੀ ਕੋਸ਼ਿਸ਼ ਕਰਦੇ ਹਨ ਤੇ ਉਥੇ ਆਪ ਦਿੱਤੇ ਸੌੜੇ ਅਰਥ ਨੂੰ ਅੱਗੇ ਰੱਖ ਕੇ ਦਲਿਤ ਸਾਹਿਤ ਦੀ ਹੋਂਦ ਨੂੰ ਰੱਦ ਕਰਨ ਦੇ ਯਤਨ ਕਰਦੇ ਹਨ.....ਉਹ ਦਲਿਤ ਸਾਹਿਤ ਦੇ ਅਰਥ ਨੂੰ ਇੱਕ ਅੱਧ ਜਾਤ ਨਾਲ ਇੱਕਮਿਕ ਕਰਨ ਸਮਾਨ ਹੈ, ਜਦਕਿ ਸਾਰੀਆਂ ਸ਼ੂਦਰ ਜਾਤਾਂ, ਸਾਰੀਆਂ ਸ਼ੂਦਰ ਜਾਤਾਂ ਤੋਂ ਹੇਠਲੀਆਂ ਜਾਤਾਂ ਤੇ ਜਮਾਤੀ ਤੌਰ ਤੇ ਸਾਰੇ ਸ਼ੋਸ਼ਿਤ ਲੋਕ "ਦਲਿਤ" ਦੇ ਘੇਰੇ ਵਿੱਚ ਆਉਂਦੇ ਹਨ....ਦਲਿਤ ਸਾਹਿਤ ਅਤੇ ਪ੍ਰਗਤੀਵਾਦ ਦੀ ਸਪਿਰਟ ਪਰਸਪਰ ਵਿਰੋਧੀ ਨਹੀਂ ਸਗੋਂ ਇੱਕ ਦੂਜੇ ਦੀ ਪੂਰਕ ਹੈ। ਪ੍ਰਗਤੀਵਾਦ ਜਮਾਤੀ ਸ਼ੋਸ਼ਨ ਦੀ ਗੱਲ ਕਰਦਾ ਹੈ ਤਾਂ ਦਲਿਤ ਸਾਹਿਤ ਜਾਤੀਗਤ ਸ਼ੋਸ਼ਨ ਦੀ ਗੱਲ ਵੀ ਉਸ ਨਾਲ ਜੋੜਦਾ ਹੈ। ਡਾ. ਅਜਨਾਤ ਹੋਰਾਂ ਦਾ ਨਿਮਨਲਿਖਤ ਐਲਾਨ ਬਹੁਤ ਹੀ ਮਹੱਤਵਪੂਰਨ ਅਤੇ ਸਾਰਥਕ ਹੈ।

"ਚਾਹੇ ਜਾਤ ਅਧਾਰਤ ਵਿਤਕਰੇ ਨੂੰ ਦਲਿਤ ਸਾਹਿਤ ਦੀ ਰੂਹ ਦਾ ਰੁਤਬਾ ਦਿੱਤਾ ਜਾ ਸਕਦਾ ਹੈ, ਫਿਰ ਵੀ ਮਨੁੱਖੀ ਸਮਤਾ ਸਥਾਪਤ ਕਰਨ ਦੇ ਅੰਤਮ ਉਦੇਸ਼ ਤੋਂ ਪ੍ਰੇਰਤ ਨਾ ਹੋਣ ਦੀ ਸੂਰਤ ਵਿੱਚ ਉਸਦੇ ਕੁਰਾਹੇ ਪੈ ਕੇ ਸੌੜੇ ਅਰਥਾਂ ਦੀ ਜਿਲ੍ਹਣ ਵਿੱਚ ਫਸ ਜਾਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਮੌਜੂਦਾ ਸਮਾਜਿਕ ਗਤੀਸ਼ੀਲਤਾ ਜੋ ਭਾਵੇਂ ਘੋਗੇ ਦੀ ਚਾਲ ਚੱਲਦੀ ਹੈ, ਇਕ ਨਾ ਇਕ ਦਿਨ ਜਾਤ ਅਧਾਰਤ ਭੇਦ ਭਾਵ ਨੂੰ ਅਵੱਸ਼ ਖਤਮ ਕਰੇਗੀ। ਉਹ ਦਿਨ ਦੂਰ ਹੋ ਸਕਦਾ ਹੈ ਪਰ ਉਸਦੀ ਭਵਿੱਖੀ ਹੋਂਦ ਨੂੰ ਇਕਦਮ ਅਸੰਭਵ ਕਲਪਨਾ ਨਹੀਂ ਕਿਹਾ ਜਾ ਸਕਦਾ। ਸੌੜੇ ਅਰਥਾਂ ਵਾਲਾ ਦਲਿਤ ਸਾਹਿਤ ਤਾਂ ਇਸ ਦਿਨ ਨੂੰ ਹਰ ਆਏ ਦਿਨ ਹੋਰ ਦੂਰ ਕਰੀ ਜਾਏਗਾ। ਕਿਉਂਕਿ ਇਹ ਜਾਣੇ ਜਾਂ ਅਣਜਾਣੇ ਜਾਤਾਂ ਦੀਆਂ ਲਕੀਰਾਂ ਨੂੰ ਹੋਰ ਡੂੰਘੀਆਂ ਕਰੇਗਾ। ਇਸਦੇ ਬਾਵਜੂਦ ਜੇ ਮਨੁੱਖਤਾ, ਵਿਸ਼ੇਸ਼ ਤੌਰ ਤੇ ਭਾਰਤੀ ਮਨੁੱਖਤਾ ਦੇ ਇਤਿਹਾਸ ਵਿੱਚ ਉਹ ਸੁਨਹਿਰੀ ਪ੍ਰਭਾਤ ਆਉਂਦੀ ਹੈ ਤਾਂ ਇਹ ਸਾਹਿਤ ਆਪਣੀ ਪ੍ਰਸੰਗਕਤਾ ਇੱਕ ਦਮ ਗੁਆ ਬੈਠੇਗਾ ਜੇ ਇਹ ਬਣਿਆ ਵੀ ਰਹੇਗਾ ਤਾਂ ਇਹ ਇਕ ਹੋਰ ਤਰ੍ਹਾਂ ਦੀ ਮਨੂਸਿਮਰਿਤੀ ਹੋਵੇਗੀ, ਇਕ ਅਲੱਗ ਤਰ੍ਹਾਂ ਦਾ ਬ੍ਰਹਮਣਵਾਦ ਹੋਵੇਗਾ।"

"ਤੁਸੀਂ ਕਿਸੇ ਵੀ ਦਿਸ਼ਾ ਵੱਲ ਮੁੜਦੇ ਹੋ, ਜਾਤ ਦਾ ਦੈਂਤ ਤੁਹਾਡਾ ਰਸਤਾ ਕੱਟਦਾ ਹੈ ਤੁਸੀਂ ਸਿਆਸੀ ਸੁਧਾਰ ਨਹੀਂ ਕਰ ਸਕਦੇ। ਤੁਸੀਂ ਆਰਥਿਕ ਸੁਧਾਰ ਨਹੀਂ ਕਰ ਸਕਦੇ ਜਦੋਂ ਤੱਕ ਤੁਸੀਂ ਇਸ ਦੈਂਤ ਨੂੰ ਨਹੀਂ ਮਾਰਦੇ।" ਆਰਥਿਕ, ਸਮਾਜਿਕ, ਰਾਜਨੀਤਿਕ ਪਤਨ ਦਾ ਦੋਸ਼ ਮਾਰਕਸਵਾਦ ਸਿਰ ਨਹੀਂ ਥੋਪਿਆ ਜਾ ਸਕਦਾ, ਉਸ ਨੂੰ ਲਾਗੂ ਕਰਨ ਵਾਲਿਆਂ ਦੀ ਧੁੰਦਲੀ ਦ੍ਰਿਸ਼ਟੀ ਨੂੰ ਠਹਿਰਾਉਣਾ ਉਚਿਤ ਰਹੇਗਾ। ਜ਼ਰਾ ਮਹਾਨ ਕਾਰਲ ਮਾਰਕਸ ਦੇ ਇੰਨ੍ਹਾਂ ਸ਼ਬਦਾਂ ਨੂੰ ਵੀ ਗਹੁ ਨਾਲ ਪੜ੍ਹ ਵਿਚਾਰ ਲਿਆ ਜਾਵੇ :

"ਭਾਰਤ ਇੱਕ ਅਜਿਹਾ ਦੇਸ਼ ਹੈ ਜੋ ਕੇਵਲ ਹਿੰਦੂ ਮੁਸਲਮਾਨਾਂ ਵਿੱਚ ਹੀ ਨਹੀਂ ਵੰਡਿਆ ਹੋਇਆ

ਬਲਕਿ ਇਹ ਕਬੀਲਿਆਂ ਅਤੇ ਜਾਤਾਂ ਵਿੱਚ ਬੁਰੀ ਤਰ੍ਹਾਂ ਵੰਡਿਆ ਹੋਇਆ ਹੈ। ਇਸ ਦੇ ਸਮਾਜ ਦਾ ਢਾਂਚਾ ਕੁਝ ਇਸ ਪ੍ਰਕਾਰ ਦਾ ਬਣਿਆ ਹੋਇਆ ਹੈ ਕਿ ਇਸ ਤਰ੍ਹਾਂ ਦਾ ਦੇਸ਼ ਭਾਵ ਸਮਾਜ ਹਾਰ ਹੀ ਸਕਦਾ ਹੈ, ਵਿਜੇਤਾ ਨਹੀਂ ਬਣ ਸਕਦਾ।"

ਪਲਸ ਮੰਚ ਪੰਜਾਬ ਵਲੋਂ ਸਾਂਝਾ ਸੰਸਕ੍ਰਿਤਕ ਅਭਿਆਨ ਦੇ ਝੰਡੇ ਹੇਠ ਕਰਵਾਏ ਗਏ ਤਿੰਨ ਰੋਜ਼ਾ ਦਲਿਤ ਸੈਮੀਨਾਰ ਵਿੱਚ ਪੇਸ਼ ਕੀਤੇ ਗਏ (ਸੁਭਾਸ਼ ਗਾਤਾੜੇ) ਦੇ ਪਰਚੇ ਵਿੱਚ ਭਗਤੀ ਲਹਿਰ ਦੇ ਗੁਰੂ ਕਵੀਆਂ ਵਲੋਂ ਦਲਿਤ ਤੇ ਦੂਜੀਆਂ ਦਬਾਈਆਂ ਜਾਤਾਂ ਦੇ ਦਰਦ ਨੂੰ ਜ਼ੁਬਾਨ ਦੇਣ ਅਤੇ ਅੰਗਰੇਜ਼ੀ ਸ਼ਾਸ਼ਨ ਕਾਲ ਦੌਰਾਨ ਨਵ ਸਿੱਖਿਅਤ ਵਰਗ ਦੇ ਸਮਾਜ ਸੁਧਾਰਕਾਂ ਵੱਲੋਂ, ਸਮਾਜ ਵਿਦਰੋਹੀਆਂ ਵਲੋਂ ਪਹਿਲੀ ਵਾਰ ਇਸ ਦੇ ਵਿਰੁੱਧ ਜਥੇਬੰਦ ਹਮਲੇ ਵਿੱਢਣ ਦੀ ਗੱਲ ਕੀਤੀ ਹੈ। ਦਾਬੇ ਦੀ ਦਹਿਸ਼ਤ ਦੇ ਖ਼ਾਤਮੇ ਲਈ, ਛੂਆ ਛਾਤ ਦੇ ਖ਼ਾਤਮੇ ਲਈ ਲਹਿਰਾਂ ਉੱਠੀਆਂ ਪਰ ਦਲਿਤ ਮੁਕਤੀ ਦਾ ਸਵਾਲ ਸਮਾਜਿਕ ਦਾਬੇ ਦੇ ਖਿਲਾਫ ਸੰਘਰਸ਼ ਦਾ ਵਿਆਪਕ ਰੂਪ ਕਦੇ ਗ੍ਰਹਿਣ ਨਹੀਂ ਕਰ ਸਕਿਆ। ਗਾਤਾੜੇ ਅੱਗੇ ਲਿਖਦਾ ਹੈ ਕਿ ਮਹਾਤਮਾ ਫੂਲੇ ਤੋਂ ਲੈ ਕੇ ਅੰਬੇਦਕਰ, ਪੈਰਿਆਰ, ਸਵਾਮੀ ਅਛੂਤਾ ਨੰਦ, ਅਯਯਨਕਲੀ ਆਦਿ ਬਹੁਤ ਸਾਰੇ ਲੋਕਾਂ ਨੇ ਇਸ ਸਵਾਲ ਨੂੰ ਅਜੰਡੇ 'ਤੇ ਲਿਆਉਣ ਦੇ ਜ਼ੋਰਦਾਰ ਯਤਨ ਕੀਤੇ, ਪਰ ਬਸਤੀਵਾਦੀ ਵਿਰੋਧੀ ਅੰਦੋਲਨ ਦੇ ਆਪਣੇ ਵਹਾ ਅਤੇ ਉਸਦੀ ਲੀਡਰਸ਼ਿਪ ਦੇ ਨਰਮ ਅਤੇ ਢਿੱਲੇ ਢਾਲੇ ਰੁੱਖ ਕਾਰਨ ਪੂਰੇ ਦੇਸ਼ ਪੱਧਰ 'ਤੇ ਸਮਾਜਿਕ ਬਰਾਬਰੀ ਨੂੰ ਸਥਾਪਤ ਕਰਨ ਦਾ ਇਹ ਸੰਘਰਸ਼ ਸਿਰੇ ਨਹੀਂ ਚੜ੍ਹ ਸਕਿਆ। ਬਸਤੀਵਾਦੀ ਦੌਰ 'ਚ ਚੱਲੇ ਸੰਘਰਸ਼ਾਂ ਦੇ ਸਿੱਟੇ ਵਜੋਂ ਅਤੇ ਆਜ਼ਾਦ ਭਾਰਤ ਦੇ ਹਾਕਮਾਂ ਵੱਲੋਂ ਅਪਣਾਈਆਂ ਨੀਤੀਆਂ 'ਤੇ ਚਲਦਿਆਂ ਸੱਚੀਓਂ ਹੀ ਤਸਵੀਰ ਬਦਲੀ ਹੈ। ਅੱਜ ਹਕੀਕਤ ਇਹ ਹੈ ਕਿ ਭਾਰਤੀ ਸਮਾਜ ਦੇ ਹੇਠਲੇ ਡੰਡਿਆਂ ਤੇ ਸਦੀਆਂ ਨਹੀਂ ਹਜ਼ਾਰਾਂ ਵਰ੍ਹਿਆਂ ਤੋਂ ਧੱਕ ਦਿੱਤੇ ਗਏ ਦਲਿਤਾਂ ਦੀ ਹਾਜ਼ਰੀ ਅੱਜ ਸਮਾਜ ਦੇ ਚਾਰੇ ਪਾਸੀ ਹੀ ਨਹੀਂ ਸੱਤਾ ਦੇ ਗਲਿਆਰਿਆਂ ਵਿੱਚ ਵੀ ਮਹਿਸੂਸ ਕੀਤੀ ਜਾ ਰਹੀ ਹੈ।"

ਸੁਭਾਸ਼ ਗਾਤਾੜੇ ਦੇ ਇਸ ਕਥਨ ਨੂੰ ਅੱਗੇ ਵਿਸਥਾਰ ਦਿੰਦਿਆਂ ਸਹਿਜੇ ਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਨ੍ਹਾਂ ਲੋਕਾਂ ਨੇ ਹੀ ਦਲਿਤ ਚੇਤਨਾ ਅਤੇ ਸਮਾਜਕ ਤਬਦੀਲੀ ਦੇ ਪ੍ਰਸ਼ਨ ਨੂੰ ਅੱਗੇ ਤੋਰਿਆ ਹੈ—ਹੁਣ ਅਗਲਾ ਸੁਆਲ ਇਸਦੀ ਦਿਸ਼ਾ ਨਿਰਧਾਰਤ ਕਰਨ ਦਾ ਹੈ। ਕੀ ਵੋਟ ਪ੍ਰਣਾਲੀ ਦੁਆਰਾ ਰਾਜ ਸੱਤਾ 'ਤੇ ਕਾਬਜ਼ ਹੋ ਕੇ ਉਪਰੀ ਢਾਂਚੇ ਨੂੰ ਤੋੜਿਆ ਜਾ ਸਕਦਾ ਹੈ।

ਮੇਰੀ ਸਾਰੀ ਵਿਚਾਰ ਚਰਚਾ ਅਤੇ ਮੇਰੀਆਂ ਧਾਰਨਾਵਾਂ ਦੀ ਸੁਭਾਸ਼ ਗਾਤਾੜੇ ਦੇ ਇਨ੍ਹਾਂ ਸ਼ਬਦਾਂ ਦੁਆਰਾ ਵੀ ਪੁਸ਼ਟੀ ਹੋ ਜਾਂਦੀ ਹੈ : "ਜੇਕਰ ਆਜ਼ਾਦੀ ਦੇ ਅੰਦੋਲਨ ਦੀ ਹੀ ਚਰਚਾ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਸਾਮਰਾਜਵਾਦ ਜਗੀਰਦਾਰੀ ਦੇ ਖਿਲਾਫ ਚੱਲੇ ਉਸ ਸਮੇਂ ਦੇ ਸੰਘਰਸ਼ ਨੂੰ ਮੋਟੇ ਤੌਰ 'ਤੇ ਤਿੰਨ ਧਾਰਾਵਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੀ ਧਾਰਾ ਹੈ ਭਾਰਤ 'ਚ ਉਭਰਦੇ ਪੂੰਜੀਪਤੀ ਵਰਗ ਦੀ ਅਗਵਾਈ ਵਾਲੀ ਕਾਂਗਰਸ ਦੀ ਧਾਰਾ। ਸਮਾਜਵਾਦ ਦੇ ਸੁਪਨਿਆਂ ਤੋਂ ਪ੍ਰੇਰਤ ਬੁਨਿਆਦੀ ਬਦਲਾਅ ਨੂੰ ਸਮਰਪਿਤ ਕਮਿਉਨਿਸਟਾਂ ਜਾਂ ਦੂਜੇ ਖੱਬੇ ਖੱਬੀਆਂ ਦੀ ਧਾਰਾ ਅਤੇ ਤੀਜੀ ਤਾਕਤ ਜਾਤ ਪਾਤ ਪ੍ਰਥਾ ਦੇ ਖ਼ਾਤਮੇ ਅਤੇ ਬ੍ਰਹਮਣਵਾਦ ਤੋਂ ਮੁਕਤੀ ਲਈ ਯਤਨਸ਼ੀਲ ਫੂਲੇ, ਅੰਬੇਦਕਰ, ਪੈਰਿਆਰ ਆਦਿ ਦੇ ਵਿਚਾਰਾਂ 'ਤੇ ਚੱਲਣ ਵਾਲੀ ਸਮਾਜਿਕ ਵਿਦਰੋਹ ਦੀ ਧਾਰਾ।

ਚਾਹੀਦਾ ਤਾਂ ਇਹ ਸੀ ਕਿ ਕਮਿਉਨਿਸਟਾਂ ਅਤੇ ਜਾਤ ਪ੍ਰਥਾ ਦੇ ਖਾਤਮੇ ਅਤੇ ਬ੍ਰਹਮਣਵਾਦ ਦੀ ਜਕੜ ਦੇ ਖਿਲਾਫ ਸੰਘਰਸ਼ਸ਼ੀਲ ਸਮਾਜਿਕ ਵਿਦਰੋਹ ਦੀ ਧਾਰਾ ਦਰਮਿਆਨ ਇੱਕ ਯੁੱਧਨੀਤਿਕ ਗੱਠਜੋੜ ਕਾਇਮ ਹੁੰਦਾ। ਅਜਿਹੇ ਮੌਕੇ ਇਤਿਹਾਸ ਨੇ ਪ੍ਰਦਾਨ ਕੀਤੇ ਵੀ। ਵੋਰੀ ਤੌਰ ਤੇ ਗੱਠ- ਜੜ ਬਣੇ ਵੀ ਪਰ ਇਹ ਸਿਲਸਿਲਾ ਦੂਰ ਤੱਕ ਨਹੀਂ ਚੱਲ ਸਕਿਆ। ਅਜਿਹਾ ਨਹੀਂ ਕਿ ਕਮਿਉਨਿਸਟਾਂ ਅੰਦਰ ਇਸ ਸਬੰਧੀ ਹਲਚਲ ਨਹੀਂ ਚੱਲ ਰਹੀ ਸੀ। 1930 ਵਿੱਚ ਭਾਰਤੀ ਕਮਿਉਨਿਸਟ ਪਾਰਟੀ ਵਲੋਂ ਪੇਸ਼ 'ਪਲੇਟਫਾਰਮ ਆਫ



ਐਕਸ਼ਨ ਦੇ ਜ਼ਰੀਏ' 'ਜਾਤ ਪ੍ਰਥਾ ਦੇ ਪੂਰਨ ਖਾਤਮੇ ਦੀ' ਅਤੇ ਸਭ ਤਰ੍ਹਾਂ ਦੀ ਮੁਕਤੀ, ਜਾਤ ਪ੍ਰਥਾ ਦਾ ਖਾਤਮਾ ਅਤੇ ਸਾਰੇ ਰੂਪਾਂ 'ਚ ਜਾਤ ਪਾਤ ਨਾ ਬਰਾਬਰੀ ਦੇ ਖਿਲਾਫ ਸੰਘਰਸ਼ ਕਰਨ ਦੀ ਗੱਲ ਕਹੀ ਗਈ ਸੀ। 1948 'ਚ ਪੂਰੇ ਭਾਰਤ ਦੀ ਕਮਿਉਨਿਸਟ ਪਾਰਟੀ ਦੀ ਦੂਜੀ ਕਾਂਗਰਸ 'ਚ ਛੂਅ ਛਾਤ ਦੇ ਖਾਤਮੇ ਦੇ ਸੁਆਲ ਨੂੰ ਬਾਕਾਇਦਾ ਉਠਾਇਆ ਗਿਆ ਜਿਸ ਵਿੱਚ ਕਿਹਾ ਗਿਆ ਸੀ : "ਸਾਡੀ ਜਨਤਾ ਦਾ ਸਭ ਤੋਂ ਵੱਧ ਦਬਾਏ ਤਬਕੇ ਦੇ ਮੈਂਬਰ 6 ਕਰੋੜ ਅਛੂਤ ਜਮਹੂਰੀ ਇਨਕਲਾਬ ਦਾ ਤਾਕਤਵਾਰ ਅੰਗ ਹਨ।"

ਪਰ ਇਤਿਹਾਸ ਗਵਾਹ ਹੈ ਕਿ ਅਮਲੀ ਖੇਤਰ ਵਿੱਚ ਲਾਗੂ ਕਰਨ ਵਿੱਚ ਕਮਿਉਨਿਸਟ ਕਾਮਯਾਬ ਨਹੀਂ ਹੋ ਸਕੇ। ਜਿਸ ਕਰਕੇ ਦਲਿਤਾਂ ਵਿੱਚ ਉਨ੍ਹਾਂ ਪ੍ਰਤੀ ਬੇਗਾਨਗੀ ਦੀ ਭਾਵਨਾ ਪੈਦਾ ਹੋਣੀ ਕੁਦਰਤੀ ਸੀ। ਕਦੀ ਕਾਂਗਰਸ ਤੋਂ, ਕਦੀ ਰਿਪਬਲਿਕਿਨ ਪਾਰਟੀ ਤੋਂ, ਕਦੀ ਡੀ ਐਸ ਫੋਰ ਦੇ ਨਾਂ ਹੇਠ ਅਤੇ ਹੁਣ ਬਸਪਾ ਦੇ ਝੰਡੇ ਹੇਠ ਇਹ ਦਲਿਤ ਸਮਾਜ ਰਾਹਤ ਹਾਸਲ ਕਰਨ ਦੇ ਯਤਨ ਕਰ ਰਿਹਾ ਹੈ। ਜਿਸਦਾ ਹਸ਼ਰ ਵੀ ਕੋਈ ਚੰਗਾ ਹੁੰਦਾ ਨਹੀਂ ਜਾਪਦਾ। ਆਰਥਿਕ, ਰਾਜਨੀਤਿਕ ਮੁਕਤੀ ਹਾਸਲ ਕਰੇ ਬਗੈਰ ਉਪਰੀ ਢਾਂਚੇ ਨੂੰ ਕਿਵੇਂ ਤੋੜਿਆ ਜਾ ਸਕੇਗਾ ? ਉਪਰੀ ਢਾਂਚੇ ਵਿਰੁੱਧ ਕੇਵਲ ਗੁੱਸਾ ਕੱਢੀ ਜਾਣ ਨਾਲ, ਮਿੱਤਰਾਂ ਦੀ ਪਛਾਣ ਕੀਤੇ ਬਗੈਰ ਸਭ ਨੂੰ ਹੀ ਕੋਸੀ ਜਾਣ ਨਾਲ ਦਲਿਤ ਮੁਕਤੀ ਦਾ ਦੁਆਰ ਨਹੀਂ ਖੁੱਲ੍ਹੇਗਾ, ਇਹ ਮੇਰਾ ਪੱਕਾ ਵਿਸ਼ਵਾਸ ਹੈ।

ਆਓ ਹੁਣ ਥੋੜ੍ਹੀ ਕੁ ਚਰਚਾ ਅੱਜ ਕੱਲ੍ਹ ਦੀ 'ਦਲਿਤ ਸਾਹਿਤ ਧਾਰਾ' ਬਾਰੇ ਵੀ ਕਰ ਲਈਏ। ਦਲਿਤ ਸੁਵਾਲ ਨਾਲ ਪ੍ਰਣਾਏ ਸਾਡੇ ਉਹ ਮਿੱਤਰ ਸਾਹਿਤਕਾਰ ਜਿਨ੍ਹਾਂ ਨੇ ਬ੍ਰਹਮਣੀ ਸਾਮਰਾਜੀ ਮੁੱਲ ਵਿਧਾਨ ਦੇ ਢੇਰ ਤਸੀਹੇ ਅਤੇ ਸੰਤਾਪ ਭੋਗੇ ਹਨ। ਅੱਜ ਕੱਲ੍ਹ ਬਹੁਤ ਜ਼ੋਰ ਨਾਲ ਦਲਿਤ ਸਾਹਿਤ ਦੀ ਗੱਲ ਕਰਦੇ ਹਨ ਅਤੇ ਕੁਝ ਕੁ ਪ੍ਰੇਮ ਪ੍ਰਕਾਸ਼ ਵਰਗੇ ਤਮਾਸ਼ਬੀਨ ਲੇਖਕਾਂ ਦੀਆਂ ਜਾਤਾਂ ਪੁਣਨ ਦੀ ਸ਼ਰਾਰਤ ਪੂਰਨ ਖੇਡ ਤੱਕ ਮਹਿਦੂਦ ਰਹਿ ਰਹੇ ਹਨ।

ਅੱਜ ਕੱਲ੍ਹ ਇਹ ਸੁਆਲ ਖਾਸਾ ਭਖਿਆ ਹੋਇਆ। ਦਲਿਤ ਸਾਹਿਤ ਕੀ ਹੈ ? ਕੀ ਕੇਵਲ ਦਲਿਤ ਸਮਾਜ 'ਚੋਂ ਆਏ ਸਾਹਿਤਕਾਰ ਹੀ ਦਲਿਤ ਸਾਹਿਤ ਦੀ ਸਿਰਜਣਾ ਕਰ ਸਕਦੇ ਹਨ ? ਆਦਿ। ਇਨ੍ਹਾਂ ਪ੍ਰਸ਼ਨਾਂ ਪ੍ਰਤੀ ਵਿਗਿਆਨਕ ਪਹੁੰਚ ਅਪਣਾਏ ਬਗੈਰ ਸਾਰਥਕ ਸਿੱਟੇ ਨਹੀਂ ਕੱਢੇ ਜਾ ਸਕਦੇ।

ਡਾ. ਚਮਨ ਲਾਲ ਅੱਜ ਕੱਲ੍ਹ ਦਲਿਤ ਸਾਹਿਤ ਸਮੀਖਿਆ ਵੱਲ ਰੁਚਿਤ ਹੈ। ਉਹ ਆਪਣੇ ਇਕ ਖੋਜ ਪੱਤਰ ਵਿੱਚ ਲਿਖਦਾ ਹੈ। "ਭਾਵੇਂ ਪੰਜਾਬ ਵਿਚ ਜਾਤ ਭੇਦ ਅਤੇ ਜਾਤ ਟਕਰਾਅ ਹੋਰ ਰਾਜਾਂ ਜਿੰਨਾ ਤਿੱਖਾ ਨਹੀਂ। ਫਿਰ ਵੀ ਇਸ ਗੱਲ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੇ ਪੇਂਡੂ ਸਮਾਜ ਵਿੱਚ ਜਾਤ ਭੇਦ ਹੈ ਅਤੇ ਕਈ ਵਾਰ ਇਹ ਬੜਾ ਤਿੱਖਾ ਰੂਪ ਧਾਰ ਲੈਂਦਾ ਹੈ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੇ ਬਾਵਜੂਦ, ਪੰਜਾਬੀ ਸਮਾਜ ਦੀਆਂ ਵੱਖ-ਵੱਖ ਜਾਤਾਂ ਨੇ ਜਾਤ ਆਧਾਰਤ ਗੁਰਦੁਆਰੇ ਬਣਾਏ ਹਨ, ਇਹ ਗੱਲ ਤਾਂ ਖੁਦ ਗੁਰੂ ਸਾਹਿਬਾਨ ਵੀ ਪ੍ਰਵਾਨ ਨਾ ਕਰਨ ਤੇ ਉਹ ਅੱਗੇ ਜਾ ਕੇ ਦਲਿਤ ਦਿਸ਼ਾ ਵੱਲ ਉਨਮੁੱਖ ਸਾਹਿਤ ਦਾ ਸਭ ਤੋਂ ਪਹਿਲਾਂ ਭੰਡਾਰ ਆਦਿ ਗ੍ਰੰਥ ਜਾਂ ਗੁਰੂ ਗ੍ਰੰਥ ਨੂੰ ਮੰਨਦਾ ਹੈ।

ਇਸ ਵਿਚਾਰ ਨੂੰ ਵਿਸਥਾਰ ਦਿੰਦਿਆਂ ਅੱਜ ਦੀ ਸਥਿਤੀ ਦਾ ਜ਼ਾਇਜ਼ਾ ਲੈਂਦਿਆਂ ਅਸੀਂ ਵੇਖ ਸਕਦੇ ਹਾਂ ਕਿ ਪੜ੍ਹ ਲਿਖ ਕੇ ਪਾਠੀ ਅਤੇ ਕੀਰਤਨੀਏ ਬਣ ਕੇ ਅੱਜ ਵੀ ਵੱਡੀ ਗਿਣਤੀ ਵਿੱਚ ਦਲਿਤ ਪਰਿਵਾਰਾਂ ਦੇ ਜੰਮਪਲ ਗੁਰਦੁਆਰਿਆਂ ਵਿੱਚ ਰੋਟੀ ਰੋਜ਼ੀ ਕਮਾ ਰਹੇ ਹਨ ਭਾਵੇਂ ਕਿ ਗੁਰਦਵਾਰਿਆਂ ਵਿੱਚ ਉਹੀ ਜੱਟ (ਬ੍ਰਹਮਣ) ਸਾਮਰਾਜ ਦਾ ਬੋਲ ਬਾਲਾ ਹੈ ਅਤੇ ਹਰੇਕ ਅੰਮ੍ਰਿਤਧਾਰੀ ਸਿੰਘ ਦੇ ਨਾਂ ਨਾਲ ਉਸਦੀ ਜਾਤ ਵੀ ਜੁੜੀ ਹਈ ਹੈ। ਜਦੋਂ ਕਿ ਦਸਵੇਂ ਗੁਰੂ ਗੋਬਿੰਦ ਸਿੰਘ ਨੇ ਸਭ ਅੰਮ੍ਰਿਤਧਾਰੀ ਸਿੰਘਾਂ ਦੀ ਜਾਤ-ਸਢੀ ਐਲਾਨੀ ਸੀ। ਇਥੇ ਤਾਂ ਇੱਕ ਜਾਤ ਵਿੱਚ ਜਾਤ ਦਰ ਜਾਤ ਦਾ ਟੇਢਾ ਮਸਲਾ ਸਮਾਜਿਕ ਤਸਵੀਰ ਨੂੰ

ਇੰਨਾਂ ਖਲਤ ਮਲਤ ਕਰ ਰਿਹਾ ਹੈ ਕਿ ਰੱਬ ਹੀ ਰਾਖਾ ਹੈ।

ਦਲਿਤ ਸਾਹਿਤ ਦੀ ਪ੍ਰਵਿਰਤੀ ਦੀ ਗੱਲ ਕਰਦਿਆਂ ਡਾ. ਚਮਨ ਲਾਲ ਇਸ ਦੀਆਂ ਜੜ੍ਹਾਂ ਮਰਾਠੀ ਸਾਹਿਤ ਵਿੱਚ ਵੇਖਦਾ ਹੈ। ਉਸ ਤੋਂ ਬਾਅਦ ਗੁਜਰਾਤੀ, ਕੰਨੜ੍ਹ, ਤੇਲਗੂ, ਤਾਮਿਲ ਅਤੇ ਹਿੰਦੀ ਸਾਹਿਤ ਰਾਹੀਂ ਪੰਜਾਬੀ ਸਾਹਿਤ ਵਿੱਚ ਪ੍ਰਵੇਸ਼ ਮੰਨਦਾ ਹੈ। ਉਹ ਵੀ ਦਲਿਤ ਸਾਹਿਤਕਾਰਾਂ ਦੀਆਂ ਸਵੈਜੀਵਨੀਆਂ ਰਾਹੀਂ। ਸ਼ਰਣ ਕੁਮਾਰ ਲਿੰਬਾਲੇ (ਅਕਰਮਾਸ਼ੀ) ਓਮ ਪ੍ਰਕਾਸ਼ ਵਾਲਮੀਕੀ (ਜੂਠ) ਬੇਬੀ ਕਾਂਬਲੇ (ਜਿਉਣ ਅਸਾਡਾ) ਆਦਿ ਸਵੈਜੀਵਨੀਆਂ ਪ੍ਰਕਾਸ਼ਤ ਹੋਈਆਂ। ਪੰਜਾਬੀ ਵਿੱਚ ਵੀ ਲਾਲ ਸਿੰਘ ਦਿਲ (ਦਾਸਤਾਨ) ਅਤੇ ਪ੍ਰੇਮ ਗੋਰਖੀ (ਗੈਰ ਹਾਜ਼ਰ ਆਦਮੀ) ਨੇ ਸਵੈਜੀਵਨੀਆਂ ਲਿਖੀਆਂ। ਇਨ੍ਹਾਂ ਸਵੈਜੀਵਨੀਆਂ ਵਿੱਚ ਜਾਤੀ ਪ੍ਰਬੰਧ ਹੱਥੋਂ ਨਿੱਜੀ ਤੌਰ ਤੇ ਭੋਗੇ ਸੰਤਾਪ ਅਤੇ ਉਤਪੀੜਨ ਦੇ ਸਮਾਚਾਰ ਤਾਂ ਮਿਲਦੇ ਹਨ ਪਰ ਸਮੁੱਚੇ ਸਮਾਜਕ ਵਰਤਾਰੇ ਅਤੇ ਇਸ ਦੇ ਹੱਲ ਵੱਲ ਇਹ ਲੇਖਕ ਰੁਚਿਤ ਨਹੀਂ ਜਾਪਦੇ। ਡਾ. ਚਮਨ ਲਾਲ ਲਿਖਦਾ ਹੈ ਕਿ ਸੱਤਵੇਂ ਦਹਾਕੇ ਵਿੱਚ ਅਤਰਜੀਤ ਦੀ ਕਹਾਣੀ 'ਬਠਲੂ ਚਮਿਆਰ' ਨਾਲ ਪਹਿਲੀ ਵਾਰ ਸਸ਼ਕਤ ਢੰਗ ਨਾਲ ਦਲਿਤ ਚਰਿੱਤਰ ਪੰਜਾਬੀ ਸਾਹਿਤ ਵਿੱਚ ਉਭਰਿਆ। ਭੂਰਾ ਸਿੰਘ ਕਲੇਰ ਦੀ 'ਟੁੱਟ ਪੱਤੇ' ਪ੍ਰੇਮ ਗੋਰਖੀ ਦੀ 'ਅਰਜਨ ਸਫੈਦੀ ਵਾਲਾ', ਕਿਰਪਾਲ ਕਜ਼ਾਕ ਦੀ 'ਹੁੰਮਸ' ਆਦਿ ਕਹਾਣੀਆਂ ਨਾਲ ਇਸ ਧਾਰਾ ਨੂੰ ਹੋਰ ਗਤੀ ਮਿਲੀ। ਇਸ ਤੋਂ ਬਿਨਾਂ ਅੱਜ ਨਵੀਂ ਪੀੜ੍ਹੀ 'ਚ ਮੱਖਣ ਮਾਨ, ਜਿੰਦਰ, ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ, ਅਜਮੇਰ ਸਿੱਧੂ ਆਦਿ ਨੇ ਵੀ ਦਲਿਤ ਲੇਖਕਾਂ ਤੇ ਤੌਰ 'ਤੇ ਆਪਣੀ ਪਛਾਣ ਬਣਾਈ ਹੈ। ਸਰਵਮੀਤ ਅਤੇ ਬਲਜਿੰਦਰ ਨਸਰਾਲੀ ਨੇ ਪ੍ਰਗਤੀਸ਼ੀਲ ਦ੍ਰਿਸ਼ਟੀ ਰੱਖਦਿਆਂ ਦਲਿਤ ਜੀਵਨ ਨੂੰ ਕਹਾਣੀ ਰਚਨਾ ਦਾ ਵਿਸ਼ਾ ਬਣਾਇਆ ਹੈ। ਇਸ ਤੋਂ ਪਹਿਲਾਂ ਨਾਵਲਾਂ ਵਿੱਚ ਦਲਿਤ ਚਰਿੱਤਰਾਂ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਡਾ.ਟੀ.ਆਰ. ਵਿਨੋਦ ਦੀ ਖੋਜ ਅਨੁਸਾਰ ਭਾਈ ਵੀਰ ਸਿੰਘ ਦੇ ਬਾਬਾ ਨੌਧ ਸਿੰਘ ਤੋਂ ਲੈ ਕੇ ਨਾਨਕ ਸਿੰਘ ਦੇ ਚਿੱਟਾ ਲਹੂ, ਜਸਵੰਤ ਕੰਵਲ ਦਾ ਹਾਣੀ, ਆਦਿ ਵਿਚਾਰੇ ਜਾ ਸਕਦੇ ਹਨ। ਉਸ ਤੋਂ ਬਾਅਦ ਨਿਰੋਲ ਯਥਾਰਥਕ ਪੱਧਰ 'ਤੇ ਪ੍ਰੋ: ਗੁਰਦਿਆਲ ਸਿੰਘ ਨੇ ਦਲਿਤ ਪਾਤਰਾਂ ਨੂੰ ਪੰਜਾਬੀ ਪਾਠਕਾਂ ਦੇ ਵਿਹੜਿਆਂ ਵਿੱਚ ਉਤਾਰਿਆ। ਮੜ੍ਹੀ ਦਾ ਦੀਵਾ ਦਾ ਜਗਸ਼ੀਰ ਬਹੁਤ ਹੀ ਸ਼ਕਤੀਸ਼ਾਲੀ ਪਾਤਰ ਵਜੋਂ ਪੰਜਾਬੀ ਮਾਨਸਿਕਤਾ ਨੂੰ ਪ੍ਰਵਾਨ ਹੋਇਆ। ਇਸ ਤੋਂ ਇਲਾਵਾ ਗੁਰਦਿਆਲ ਸਿੰਘ ਦੇ ਆਥਣ ਉਗਣ, ਅਣਹੋਏ, ਅੰਨ੍ਹੇ ਘੋੜੇ ਦਾ ਦਾਨ ਤੋਂ ਇਲਾਵਾ ਗਿਆਨੀ ਸੋਹਣ ਸਿੰਘ ਸੀਤਲ ਦਾ ਨਾਵਲ 'ਯੁੱਗ ਬਦਲ ਗਿਆ' ਵੀ ਸ਼ਾਹਕਾਰ ਕਿਰਤਾਂ ਹਨ।

ਨਾਟਕ ਇਕਾਂਗੀ ਖੇਤਰ ਵਿੱਚ ਡਾ: ਹਰਚਰਨ ਸਿੰਘ ਦਾ ਰੱਤਾ ਸਾਲੂ, ਬਲਵੰਤ ਗਾਰਗੀ ਦੇ ਨਾਟਕ ਲੋਹਾ ਕੁੱਟ, ਕੇਸਰ, ਕਣਕ ਦੀ ਬੱਲੀ ਆਦਿ ਤੋਂ ਅੱਗੇ ਚਰਨ ਦਾਸ ਸਿੱਧੂ, ਅਜਮੇਰ ਔਲਖ, ਗੁਰਸ਼ਰਨ ਸਿੰਘ ਆਦਿ ਨਾਟਕਕਾਰਾਂ ਨੇ ਵੀ ਆਪਣੇ ਨਾਟਕਾਂ ਵਿੱਚ ਦਲਿਤ ਉਤਪੀੜਨ ਦੇ ਚਿੱਤਰ ਉਲੀਕੇ ਹਨ।

ਕਵਿਤਾ ਵਿੱਚ ਸੰਤ ਰਾਮ ਉਦਾਸੀ ਅਤੇ ਲਾਲ ਸਿੰਘ ਦਿਲ ਦਾ ਦਲਿਤ ਵੇਦਨਾ ਸੰਵੇਦਨਾ ਦੀ ਕਵਿਤਾ ਵਿੱਚ ਪ੍ਰਸਤੁਤੀ ਕਰਨ ਵਿੱਚ ਵਿਸ਼ੇਸ਼ ਅਤੇ ਵਰਨਣ ਯੋਗ ਸਥਾਨ ਰਿਹਾ ਹੈ। ਇੱਥੇ ਹੀ ਬੱਸ ਨਹੀਂ ਗੈਰ ਦਲਿਤ ਪਿਛੋਕੜ ਵਾਲੇ ਕਵੀ ਪਾਸ਼ ਨੇ ਵੀ ਦਲਿਤ ਉਤਪੀੜਨ ਨੂੰ ਆਪਣੀ ਕਵਿਤਾ ਵਿੱਚ ਪੂਰੀ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ।

ਕਹਾਣੀ ਖੇਤਰ ਵਿੱਚ ਅਤਰਜੀਤ 'ਮਾਸ ਖੋਰੇ' 'ਟੁੱਟਦੇ ਬਣਦੇ ਰਿਸ਼ਤੇ', ਅਦਨਾ ਇਨਸਾਨ ਅਤੇ ਅੰਨ੍ਹੀ ਥੇਹ ਪੁਸਤਕਾਂ ਦੀਆ ਕਹਾਣੀਆਂ ਦੁਆਰਾ ਦਲਿਤ ਚੇਤਨਾ ਅਤੇ ਪ੍ਰਗਤੀਵਾਦੀ ਚੇਤਨਾ ਦੀ ਇੱਕਸੁਰਤਾ ਰਾਹੀਂ ਜੁਝਾਰ ਪਾਤਰਾਂ ਦੀ ਸਿਰਜਨਾ ਕਰਨ ਵਿੱਚ ਰੁਚੀ ਵਿਖਾਈ ਹੈ। ਪੰਜਾਬੀ ਸਾਹਿਤ ਵਿਚ 'ਬਠਲੂ ਚਮਿਆਰ' ਕਹਾਣੀ ਨਾਲ ਦਲਿਤ ਚੇਤਨਾ ਦਾ ਸ੍ਰੀ-ਗਣੇਸ਼ ਹੋਇਆ।

"ਪੰਜਾਬੀ ਵਿੱਚ ਦਲਿਤ ਅਲੋਚਨਾ ਹਾਲੇ ਬੜੀ ਘੱਟ ਲਿਖੀ ਗਈ ਹੈ। ਡਾ. ਗੁਰਬਚਨ ਨੇ ਆਲੋਚਨਾਂ



ਵਲੋਂ ਦਲਿਤ ਸਾਹਿਤ ਨੂੰ ਅੱਖੋਂ ਪਰੋਖੇ ਕਰਨ ਦਾ ਇਲਜ਼ਾਮ ਤਾਂ ਲਾਇਆ ਹੈ ਪਰ ਉਹਨਾਂ ਵੀ ਏਸ ਧਾਰਾ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ। "ਤਾਂ ਇਸ ਤੋਂ ਕੀ ਇਹ ਸਿੱਟਾ ਕੱਢ ਲਿਆ ਜਾਵੇ ਕਿ ਸਾਡੇ ਆਲੋਚਕ ਜਾਣ ਬੁੱਝ ਕੇ ਦਲਿਤ ਸਾਹਿਤ ਵੱਲ ਰੁਚੀ ਨਹੀਂ ਵਿਖਾ ਰਹੇ। ਇਸ ਪਾਸੇ ਡਾ. ਸੁਰਿੰਦਰ ਅਜਨਾਤ ਨੇ ਸੁਹਿਰਦਤਾ ਪੂਰਨ ਦਖਲ ਦਿੱਤਾ ਹੈ। ਉਹ ਦਲਿਤ ਸਾਹਿਤ ਦੀ ਪਰਿਭਾਸ਼ਾ ਬਿਆਨ ਕਰਦੇ ਹੋਏ ਲਿਖਦੇ ਹਨ:

"ਦਲਿਤ ਸਾਹਿਤ ਚਾਹੇ ਦਲਿਤਾਂ ਵਿੱਚ ਜੰਮੇ ਵਿਅਕਤੀ ਦੁਆਰਾ ਰਚਿਆ ਜਾਵੇ ਚਾਹੇ ਕਿਸੇ ਗੈਰ ਦਲਿਤ ਉਸਦਾ ਨਾਇਕ ਦਲਿਤ ਹੁੰਦਾ ਹੈ ਜੋ ਸ਼ੂਦਰ ਵੀ ਹੋ ਸਕਦਾ ਹੈ ਅਤੇ ਅਤਿ ਸ਼ੂਦਰ ਵੀ। ਡਾ. ਅਜਨਾਤ ਦੀਆਂ ਇਹ ਟੂਕਾਂ ਵੀ ਮੁੱਲਵਾਨ ਹਨ:

"ਜਿੱਥੋਂ ਤੱਕ ਦਲਿਤ ਸਾਹਿਤ ਸੁਹਜ ਸ਼ਾਸ਼ਤਰ ਵਿਚਲੇ ਸੁਹਜ ਦਾ ਪ੍ਰਸ਼ਨ ਹੈ ਇਹ ਬਿਲਕੁੱਲ ਸਪੱਸ਼ਟ ਹੈ ਕਿ ਦਲਿਤ ਸਾਹਿਤ ਦਾ ਸੁਹਜ ਵਿਧਾਨ ਆਮ ਪ੍ਰਚਲਤ ਵਿਧਾਨ ਨਹੀਂ ਹੋ ਸਕਦਾ। ਦਲਿਤ ਸਾਹਿਤ ਸੁਤੰਤਰਤਾ ਨੂੰ ਹੀ ਸੁਹਜ ਮੰਨ ਕੇ ਚਲਦਾ ਹੈ। ਇਤਿਹਾਸ ਗਵਾਹ ਹੈ ਕਿ ਹਜ਼ਾਰਾਂ ਲੱਖਾਂ ਲੋਕਾਂ ਨੇ ਸੁਤੰਤਰਤਾ, ਪ੍ਰੇਮ, ਨਿਆਂ, ਸਮਤਾ ਲਈ ਬਲੀਦਾਨ ਦਿੱਤੇ। ਸਮਤਾ, ਸੁਤੰਤਰਤਾ, ਨਿਆਂ ਅਤੇ ਪ੍ਰੇਮ ਇਹ ਵਿਅਕਤੀ ਅਤੇ ਸਮਾਜ ਦੀਆਂ ਮੂਲ ਭੂਤ ਭਾਵਨਾਵਾਂ ਹਨ। ਡਾ. ਸ਼ਰਣ ਕੁਮਾਰ ਲਿੰਬਾਲੇ ਲਿਖਦਾ ਹੈ ਕਿ ਕਿੱਧਰੇ ਵੀ ਅਨੰਦ ਅਤੇ ਸੁਹਜ ਲਈ ਕ੍ਰਾਂਤੀ ਨਹੀਂ ਹੋਈ ਜਦਕਿ ਸਮਤਾ, ਸੁਤੰਤਰਤਾ ਅਤੇ ਨਿਆਂ ਲਈ ਅਨੇਕਾਂ ਵਾਰ ਤਖਤੇ ਪਲਟੇ ਗਏ ਹਨ। ਅਨੰਦ ਨੂੰ ਕੇਂਦਰ ਬਿੰਦੂ ਸਵੀਕਾਰ ਕਰਨ ਵਾਲਾ ਸਾਹਿਤ ਰਸ ਨੂੰ ਕੇਂਦਰੀ ਸਥਾਨ ਪ੍ਰਦਾਨ ਕਰਦਾ ਹੈ ਤੇ ਇਹ ਮਨੋਰੰਜਨ ਵਾਦੀ ਹੋ ਨਿਬੜਦਾ ਹੈ। ਜਦਕਿ ਸਮਤਾ, ਸੁਤੰਤਰਤਾ ਅਤੇ ਨਿਆਂ ਨੂੰ ਸਵੀਕਾਰ ਕਰਨ ਵਾਲਾ ਸਾਹਿਤ ਕ੍ਰਾਂਤੀਕਾਰੀ ਹੁੰਦਾ ਹੈ ਅਤੇ ਉਹ ਮਨੁੱਖ ਅਤੇ ਸਮਾਜ ਨੂੰ ਕੇਂਦਰੀ ਬਿੰਦੂ ਮੰਨ ਕੇ ਚੱਲਦਾ ਹੈ।

ਘੱਟ ਗਿਣਤੀਆਂ ਚੋਂ ਉੱਠੇ ਅਤੇ ਉੱਭਰ ਰਹੇ ਲੇਖਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵੇਦਨਾ ਦਾ ਸਾਹਿਤ ਰਚਣ ਦੀ ਬਜਾਏ ਡਾ. ਸੁਰਿੰਦਰ ਅਜਨਾਤ ਦੇ ਸ਼ਬਦਾਂ ਵਿੱਚ ਸੰਵੇਦਨਾ ਦਾ ਸਾਹਿਤ ਰਚਣ। ਇਸ ਸ਼ੇਰ ਵਿੱਚ ਕੋਈ ਦਮ ਨਹੀਂ ਕਿ ਅਸੀਂ ਸਹਾਨੂਭੂਤੀ ਦਾ ਸਾਹਿਤ ਨਹੀਂ ਚਾਹੁੰਦੇ, ਅਨੁਭੂਤੀ ਦਾ ਸਾਹਿਤ ਚਾਹੁੰਦੇ ਹਾਂ। ਜਰੂਰੀ ਨਹੀਂ ਹਰੇਕ ਵਿਅਕਤੀ ਦਾ ਨਿੱਜੀ ਅਨੁਭਵ ਉਸਦੇ ਮਹਾਨ ਸਾਹਿਤਕਾਰ ਬਣਨ ਦੀ ਗਰੰਟੀ ਹੋਵੇ ਤੇ ਨਾਂ ਹੀ ਇਹ ਜਰੂਰੀ ਤੇ 100% ਸੱਚ ਹੈ ਕਿ ਦਲਿਤ ਸਮਾਜ ਵਿੱਚੋਂ ਆਇਆ ਹਰੇਕ ਲੇਖਕ ਹੀ ਦਲਿਤ ਚੇਤਨਾ ਦਾ ਲੇਖਕ ਹੈ। ਸਹਾਨੂੰਭੂਤੀ (ਹਮਦਰਦੀ) ਹੀ ਸਹੀ, ਮੁਨਸ਼ੀ ਪ੍ਰੇਮ ਚੰਦ, ਸੁਜਾਨ ਸਿੰਘ ਆਦਿ ਨੂੰ ਇੱਕ ਵੱਢੋਂ ਨਕਾਰਿਆ ਨਹੀਂ ਜਾ ਸਕਦਾ। ਦੇਸ਼ ਦੀ ਸਮੁੱਚੀ ਸੰਪਤੀ ਵਿੱਚ ਦਲਿਤਾਂ ਦੀ ਬਰਾਬਰ ਹਿੱਸੇਦਾਰੀ ਨਾਲ ਹੀ ਬਰਾਬਰਤਾ, ਸੁਤੰਤਰਤਾ, ਇਨਸਾਫ, ਪ੍ਰੇਮ ਅਤੇ ਮਿਲਵਰਤਨ ਦਾ ਸੁਪਨਾ ਸਾਕਾਰ ਹੋ ਸਕਦਾ ਹੈ। ਇਹੋ ਸਾਹਿਤ ਦੇ ਵਿਸ਼ੇ ਹੋਣੇ ਚਾਹੀਦੇ ਹਨ। ਜਾਤੀ ਪਾਤੀ ਪ੍ਰਬੰਧ ਦਾ ਮਲੀਆਮੇਟ ਕਰਨ ਲਈ ਅੰਤਮ ਨਿਸ਼ਾਨਾ ਜਮਾਤੀ ਸਮਾਜਿਕ ਬਰਾਬਰੀ ਵੱਲ ਹੀ ਸੇਧਤ ਹੋਣਾ ਚਾਹੀਦਾ ਹੈ। ਤੇ ਏਸੇ ਦਿਸ਼ਾ ਵਿੱਚ ਸਾਨੂੰ ਸਾਹਿਤਕਾਰਾਂ ਨੂੰ ਪੂਰਕ ਸ਼ਕਤੀ ਵਲੋਂ ਕਾਰਜਸ਼ੀਲ ਹੋਣ ਦੀ ਜ਼ਰੂਰਤ ਹੈ। ਭਵਿੱਖ ਵਿਚ ਮੈਂ ਭੂਰਾ ਸਿੰਘ ਕਲੇਰ, ਗੋਰਖੀ, ਦੇਸ ਰਾਜ ਕਾਲੀ, ਮੱਖਣ ਮਾਨ, ਭਗਵੰਤ ਰਸੂਲਪੁਰੀ, ਅਜਮੇਰ ਸਿੱਧੂ, ਗੁਰਮੀਤ ਕੜਿਆਲਵੀ ਆਦਿ ਲੇਖਕਾਂ ਕੋਲੋਂ ਸੰਵੇਦਨਸ਼ੀਲਤਾ ਅਤੇ ਪ੍ਰਗਤੀਵਾਦੀ ਦਖ਼ਲ ਦੀ ਉਮੀਦ ਕਰ ਸਕਦਾ ਹਾਂ। ਦਲਿਤਵਾਦ ਦੇ ਰਟੇ ਰਟਾਏ ਨਾਲੋਂ ਅਮਲੀ ਤੌਰ 'ਤੇ ਇਸਦੇ ਖ਼ਾਤਮੇ ਲਈ ਜਹਾਦ ਦੀ ਲੋੜ ਹੈ।

❖❖❖

# ਦਲਿਤ ਸਾਹਿਤ ਤੇ ਭਵਿੱਖ ਦਾ ਸੱਚ / *ਗੁਰਦਿਆਲ ਸਿੰਘ*

ਦਲਿਤ ਸਾਹਿਤ ਸੰਬੰਧੀ ਇਕ ਵਿਚਾਰ ਇਹ ਵੀ ਹੈ ਕਿ 'ਦਲਿਤ ਲੇਖਕਾਂ ਵਲੋਂ ਲਿਖਿਆ ਗਿਆ ਸਾਹਿਤ ਹੀ ਦਲਿਤ ਸਾਹਿਤ ਹੈ।'

ਇਹ ਵਿਚਾਰ ਠੀਕ ਹੋ ਸਕਦਾ ਹੈ। ਕਾਰਨ ਸਪੱਸ਼ਟ ਹੈ ਕਿ ਸਾਹਿਤ ਦਾ ਮੂਲ ਆਧਾਰ ਅਨੁਭਵ ਹੁੰਦਾ ਹੈ। ਭਾਰਤ ਵਿਚ ਦਲਿਤ ਜਾਤੀਆਂ ਦਾ ਅਨੁਭਵ ਦੂਸਰੀਆਂ ਸਭ ਜਾਤੀਆਂ ਤੋਂ ਵੱਖਰਾ ਹੈ। (ਇਹ ਓਮ ਪ੍ਰਕਾਸ਼ ਬਾਲਮੀਕੀ ਦੀ ਪੁਸਤਕ 'ਜੂਠ' ਤੋਂ ਵੀ ਸਿੱਧ ਹੁੰਦਾ ਹੈ) ਇਸ ਵਿਚਾਰ ਦਾ ਇਕ ਕਾਰਨ ਇਹ ਵੀ ਹੈ ਕਿ ਅਨੇਕ 'ਪਛੜੀਆਂ ਜਾਤੀਆਂ' ਨਾਲ, ਭਾਰਤੀ ਸਮਾਜ ਦੀਆਂ ਉੱਚ-ਜਾਤੀਆਂ ਦਾ ਵਿਹਾਰ ਕੁਝ ਵੱਖਰਾ ਹੈ। ਮਿਸਾਲ ਵਜੋਂ ਪੰਜਾਬ ਦੇ ਪਿੰਡਾਂ 'ਚ (ਜਿਥੇ ਨਿਮਨ-ਜਾਤੀਆਂ ਨਾਲ ਭਿੰਨ-ਭੇਦ ਸ਼ਾਇਦ ਹੋਰ ਇਲਾਕਿਆਂ ਤੋਂ ਘੱਟ ਹੈ), ਲੁਹਾਰ, ਤਰਖਾਣ, ਦਰਜੀ, ਘੁਮਿਆਰ, ਮਹਿਰੇ ਆਦਿ ਪਛੜੀਆਂ ਜਾਤੀਆਂ ਹਨ, ਪਰ ਇਨ੍ਹਾਂ ਨਾਲ ਪਿੰਡਾਂ ਦੀ ਉੱਚ-ਜਾਤੀ, ਜੱਟਾਂ ਦਾ ਵਿਹਾਰ ਨਿਮਨ-ਜਾਤੀਆਂ ਵਾਲਾ ਨਹੀਂ ਹੈ। ਭਾਰਤ ਦੇ ਕਈ ਹੋਰ ਖਿੱਤਿਆਂ ਵਾਂਗ ਅਛੂਤਾਂ ਵਾਲੀ ਨਫ਼ਰਤ ਤੇ ਵਿਹਾਰ ਭਾਵੇਂ ਜੱਟ ਜਾਤੀਆਂ ਦਾ ਦਲਿਤਾਂ (ਚੂੜ੍ਹੇ ਚਮਿਆਰ ਆਦਿ) ਨਾਲ ਵੀ ਨਹੀਂ, ਪਰ ਇਨ੍ਹਾਂ ਦੀਆਂ ਬਸਤੀਆਂ (ਵਿਹੜੇ) ਪਿੰਡ ਤੋਂ ਅੱਜ ਤੱਕ ਵੀ ਵੱਖਰੇ ਹਨ। ਉਨ੍ਹਾਂ ਨਾਲ ਵਰਤਮਾਨ ਸਮੇਂ ਅੰਦਰ ਕੁਝ ਵਿਹਾਰ ਬਦਲਿਆ ਹੈ, ਪਰ ਸਭਿਆਚਾਰ ਤੌਰ 'ਤੇ ਦਲਿਤ-ਜਾਤੀਆਂ ਅੱਜ ਵੀ ਬਹੁਤ ਵੱਡੀ ਪੱਧਰ 'ਤੇ ਉੱਚ ਤੇ ਪਛੜੀਆਂ ਜਾਤੀਆਂ ਨਾਲੋਂ ਬਹੁਤ ਹੱਦ ਤੱਕ ਕੱਟੀਆਂ ਹੋਈਆਂ ਹਨ। ਅਜਿਹੇ ਕਾਰਨਾਂ ਕਰਕੇ ਹੀ ਦਲਿਤ ਜਾਤੀਆਂ ਦਾ ਅਨੁਭਵ, ਬਾਕੀ ਜਾਤੀਆਂ ਨਾਲੋਂ ਵੱਖਰਾ ਹੈ। ਇਨ੍ਹਾਂ ਜਾਤੀਆਂ ਵਿੱਚ ਜਨਮੇ ਸੰਵੇਦਨਸ਼ੀਲ ਤੇ ਪੜ੍ਹੇ-ਲਿਖੇ ਨੌਜਵਾਨਾਂ ਦਾ ਅਨੁਭਵ ਆਮ ਲੋਕਾਂ ਨਾਲੋਂ ਹੋਰ ਵੀ ਵੱਖਰਾ ਹੈ। ਇਨ੍ਹਾਂ ਵਿਚੋਂ ਜਿਹੜੇ ਵੀ ਲੇਖਕ ਪੈਦਾ ਹੋਏ ਹਨ, ਉਨ੍ਹਾਂ ਦਾ ਲਿਖਿਆ ਸਾਹਿਤ, ਹੋਰ ਹਰ ਜਾਤੀ ਦੇ ਲੇਖਕਾਂ ਨਾਲੋਂ ਵੱਖਰਾ ਹੋਣਾ ਸੁਭਾਵਿਕ ਹੈ। ਅਜਿਹੇ ਲੇਖਕਾਂ ਦੀਆਂ ਲਿਖਤਾਂ ਵਿਚ ਕਲਾ-ਕੌਸ਼ਲਤਾ ਦਾ ਪੱਧਰ ਉਸੇ ਅਨੁਪਾਤ ਨਾਲ ਭਿੰਨ ਹੋਣਾ ਵੀ ਸੁਭਾਵਿਕ ਹੈ ਜਿਵੇਂ ਇਨ੍ਹਾਂ ਦਾ ਅਨੁਭਵ। (ਕਲਾ-ਕੌਸ਼ਲ ਦਾ ਸਿੱਧਾ ਸਬੰਧ ਵਿਸ਼ੇ-ਵਸਤੂ ਨਾਲ ਹੁੰਦਾ ਹੈ। ਇਸ ਲਈ ਵਸਤੂ ਦੀ ਭਿੰਨਤਾ ਸਾਹਿਤ ਦੇ ਇਸ ਪੱਖ ਨੂੰ ਵੀ ਪ੍ਰਭਾਵਿਤ ਕਰਦੀ ਹੈ।) ਦਲਿਤ ਸਾਹਿਤ ਹੋਰ ਕੋਈ ਪ੍ਰਵਾਨਗੀ ਦੇਵੇ ਜਾਂ ਨਾ, ਪਰ ਦਲਿਤ ਜਾਤੀਆਂ ਦੇ ਲੋਕ ਜ਼ਰੂਰ ਪ੍ਰਵਾਨ ਕਰਨਗੇ। (ਕਰ ਰਹੇ ਹਨ)।

ਇੰਝ ਦਲਿਤ ਸਾਹਿਤ ਆਪਣੀ ਵੱਖਰੀ ਪਛਾਣ ਬਣਾ ਰਿਹਾ ਹੈ। ਇਸ ਨਾਲ ਦਲਿਤ-ਜਾਤੀਆਂ ਅੰਦਰ ਕੁਝ ਸੂਝ-ਸਮਝ ਤੇ ਚੇਤਨਾ ਪੈਦਾ ਹੋ ਰਹੀ ਹੈ। ਇਸੇ ਚੇਤਨਾ ਸਦਕਾ ਉਹਨਾਂ ਅੰਦਰੋਂ ਸਦੀਆਂ ਦਾ ਹੀਣ-ਭਾਵ ਰੋਹ ਵਿਚ ਬਦਲ ਰਿਹਾ ਹੈ। ਇਹ ਰੋਹ ਉੱਚ ਜਾਤੀਆਂ ਪ੍ਰਤੀ ਵਿਦਰੋਹ ਦਾ ਰੂਪ ਧਾਰਨ ਕਰ ਰਿਹਾ ਹੈ। ਇਹ ਸਿਲਸਿਲਾ ਮਹਾਂਰਾਸ਼ਟਰ ਤੋਂ ਜਾਰੀ ਹੋ ਕੇ ਸਾਰੇ ਦੇਸ਼ ਵਿਚ ਫੈਲਦਾ ਜਾ ਰਿਹਾ ਹੈ (ਤੇ ਵਧਦਾ ਵੀ ਜਾ ਰਿਹਾ ਹੈ)।

ਏਥੇ ਇਕ ਹੋਰ ਨੁਕਤਾ ਸਾਫ ਕਰਨਾ ਜ਼ਰੂਰੀ ਹੈ। ਅਨੇਕ ਲੇਖਕ, ਵਿਦਵਾਨ, 'ਦਲਿਤ' ਸ਼ਬਦ ਉਨ੍ਹਾਂ ਸਭ ਜਾਤੀਆਂ ਦੇ ਲੋਕਾਂ ਲਈ ਵਰਤਦੇ ਹਨ ਜਿਹੜੀਆਂ ਜ਼ਮੀਨ-ਜਾਇਦਾਦ ਜਾਂ ਪੈਦਾਵਾਰੀ-ਸਾਧਨਾਂ ਤੋਂ ਵਿਹੂਣੀਆਂ ਹਨ ਤੇ ਸਿਰਫ ਆਪਣੀ ਮਿਹਨਤ-ਮਜ਼ਦੂਰੀ ਜਾਂ ਕਿਸੇ ਤਰ੍ਹਾਂ ਦੇ ਹੁਨਰ ਜਾਂ ਵਿਦਿਆ ਦੇ ਆਸਰੇ ਗੁਜ਼ਾਰਾ ਕਰ ਰਹੀਆਂ ਹਨ। ਇਹ ਪ੍ਰੀਭਾਸ਼ਾ ਠੀਕ ਹੋ ਸਕਦੀ ਹੈ। ਪਰ ਭਾਰਤ ਦੀ ਵਰਣ ਵਿਵਸਥਾ ਅਨੁਸਾਰ ਇਹ ਠੀਕ ਨਹੀਂ। ਇਕ ਅਰਬ ਦੀ ਆਬਾਦੀ ਵਿਚ ਕੁਝ ਕਰੋੜ ਲੋਕ ਅਜਿਹੇ ਵੀ ਹਨ ਜਿਨ੍ਹਾਂ ਦਾ ਜਨਮ ਉੱਚ-ਜਾਤੀਆਂ ਵਿਚ ਹੋਇਆ ਹੈ, ਪਰ ਉਨ੍ਹਾਂ ਦੀ ਮਾਇਕ ਦਸ਼ਾ ਦਲਿਤਾਂ ਨਾਲੋਂ ਵੀ ਮਾੜੀ ਹੈ। ਪਰ ਅਜਿਹੇ ਲੋਕਾਂ ਪ੍ਰਤੀ ਉੱਚ-ਜਾਤੀਆਂ (ਜਾਂ 'ਸਵਰਨ ਜਾਤੀਆਂ') ਅੰਦਰ ਉਨ੍ਹਾਂ ਦਲਿਤ ਜਾਤੀਆਂ ਵਾਲਾ ਭਿੰਨ-ਭੇਦ ਤੇ ਦੂਰੀ ਨਹੀਂ ਜੋ ਜਨਮ ਤੋਂ ਨਿਮਨ-ਜਾਤੀਆਂ (ਸ਼ੂਦਰਾਂ) ਨਾਲੋਂ ਵੱਖਰਾ ਹੈ। ਮਿਸਾਲ ਵਜੋਂ ਪੰਜਾਬ ਦੇ ਇਕ ਦੋ ਕਿੱਲੇ ਦਾ ਮਾਲਕ ਜੱਟ, ਭਾਵੇਂ ਨਿਮਨ-ਜਾਤੀ ਦੇ ਦਿਹਾੜੀਦਾਰ ਨਾਲੋਂ ਮੰਦੀ ਦਸ਼ਾ ਵਿਚ ਜਿਊ ਰਿਹਾ ਹੋਵੇ, ਪਰ ਉਹ ਪਿੰਡ ਦੇ ਜੱਟ-ਭਾਈਚਾਰੇ ਵਿਚ ਬਰਾਬਰਤਾ ਦੀ ਪੱਧਰ 'ਤੇ ਵਿਚਰ



ਸਕਦਾ ਹੈ (ਤੇ ਵਿਚਰਦਾ ਹੈ)। 30/40 ਕਿੱਲੇ ਦੇ ਮਾਲਕ ਨੂੰ ਉਹ, 'ਹੋਰ ਸੁਣਾ ਭਤੀਜ ਕੀ ਹਾਲ ਹੈ ?' ਕਹਿਕੇ ਆਪਣੇ ਸਕੇ ਭਤੀਜੇ ਵਾਂਗ ਬੁਲਾ ਸਕਦਾ ਹੈ। ਪਰ ਅਜਿਹਾ ਵਿਹਾਰ ਨਿਮਨ-ਜਾਤੀ ਦਾ ਕਈ ਬੰਦਾ, ਕਿਸੇ ਜੱਟ-ਜ਼ਿਮੀਦਾਰ ਨਾਲ ਨਹੀਂ ਕਰ ਸਕਦਾ। (ਉਹਦੀ ਮਾਨਸਿਕਤਾ ਤੇ ਸਦੀਆਂ ਦੇ ਸੰਸਕਾਰ ਹੀ ਉਹਨੂੰ ਅਜਿਹੇ ਵਿਹਾਰ ਤੋਂ ਵਰਜ ਦਿੰਦੇ ਹਨ।)

ਭਾਰਤ ਦੀ ਬਹੁਜਨ ਸਮਾਜ ਪਾਰਟੀ ਦਾ ਮੂਲ ਆਧਾਰ ਨਿਮਨ-ਜਾਤੀਆਂ ਹਨ। ਪਛੜੀਆਂ ਜਾਤੀਆਂ ਦੀ ਮਾਨਸਿਕਤਾ, ਉੱਚ-ਜਾਤੀਆਂ ਦੇ ਸਦੀਆਂ ਦੇ ਵਤੀਰੇ ਕਾਰਨ ਨਿਮਨ-ਜਾਤੀਆਂ ਤੋਂ ਵੱਖਰੀ ਹੋ ਚੁੱਕੀ ਹੈ। ਉਹ ਲੋਕ ਆਪਣੇ-ਆਪ ਨੂੰ ਉਨ੍ਹਾਂ ਉੱਚ ਜਾਤੀਆਂ ਦੇ ਵਧੇਰੇ ਨੇੜੇ ਸਮਝਦੇ ਹਨ ਤੇ ਨਿਮਨ-ਜਾਤੀਆਂ ਤੋਂ ਲਗਭਗ ਓਨਾ ਹੀ ਦੂਰ ਮਹਿਸੂਸ ਕਰਦੇ ਹਨ ਜਿੰਨਾਂ ਉੱਚ-ਜਾਤੀਆਂ। ਜੇ ਕੁਝ ਚੇਤਨ ਲੋਕਾਂ ਦਾ ਵਤੀਰਾ ਵੱਖਰਾ ਹੈ ਤਾਂ ਉਨ੍ਹਾਂ ਦੀ ਗਿਣਤੀ ਕਿਵੇਂ ਵੀ 5 ਤੋਂ 10% ਤੋਂ ਵੱਧ ਨਹੀਂ ਹੈ।)

ਇਹ ਸਥਿਤੀ ਸ਼ਾਇਦ ਭਾਰਤ ਦੀ ਵਰਣ-ਵਿਵਸਥਾ ਕਾਰਨ, ਸਾਰੀ ਦੁਨੀਆਂ ਦੇ ਸਮਾਜਾਂ ਤੋਂ ਵੱਖਰੀ ਹੈ। ਇਸੇ ਕਾਰਨ ਭਾਰਤੀ ਸਮਾਜ-ਵਿਵਸਥਾ, 'ਤੀਜੇ ਸੰਸਾਰ' (ਗ਼ਰੀਬ ਦੇਸ਼) ਵਿਚ ਸਭ ਤੋਂ ਵਧੇਰੇ ਗੁੰਝਲਦਾਰ ਹੈ। ਭਾਰਤ ਦੀ ਰਾਜ-ਵਿਵਸਥਾ ਦੀ ਅਖੌਤੀ ਧਰਮ-ਨਿਰਪੇਖਤਾ ਅੱਧੀ ਸਦੀ ਤੋਂ ਨਿਰਾ ਭਰਮ-ਜਾਲ ਬਣ ਕੇ ਰਹਿ ਗਈ ਹੈ। ਅੰਗਰੇਜ਼ੀ ਦੇ (Secular) ਸ਼ਬਦ ਸਹੀ ਅਰਥ ਹਨ Not Concerned with Religion ਪਰ ਸਾਡੀਆਂ ਰਾਜਨੀਤਕ ਪਾਰਟੀਆਂ ਨੇ ਇਸ ਦੇ ਅਰਥ ਆਪਣੇ ਹਿੱਤਾਂ ਅਨੁਸਾਰ ਬਦਲ ਕੇ ਇਹ ਕੀਤੇ ਹੋਏ ਹਨ : (Concerned With All Religions) ਜਿਸਦਾ ਸਿੱਟਾ ਇਹ ਹੋਇਆ ਹੈ ਕਿ ਭਾਰਤ ਦੀ ਰਾਜਨੀਤੀ ਵਿਚ ਧਰਮਾਂ ਤੇ ਜਾਤੀਆਂ ਦਾ ਦਖ਼ਲ ਘਟਣ ਦੀ ਥਾਂ ਵਧਦਾ ਹੀ ਗਿਆ ਹੈ। ਨਿਰੋਲ ਧਰਮ ਦੇ ਨਾਂ ਉੱਤੇ ਬਣੀਆਂ ਪਾਰਟੀਆਂ ਵੀ ਕਿਸੇ ਦੂਜੇ ਧਰਮ ਦੇ ਦੋ-ਚਾਰ ਬੰਦੇ ਨਾਲ ਰਲ੍ਹਾ ਕੇ (ਜਾਂ 'ਮੁੱਲ' ਖਰੀਦ ਕੇ) ਆਪਣੇ ਆਪ ਨੂੰ 'ਧਰਮ-ਨਿਰਪੇਖ', ਇਸ ਲਈ ਸਿੱਧ ਕਰਦੀਆਂ ਆ ਰਹੀਆਂ ਹਨ ਤਾਂ ਜੋ ਦੂਜੇ ਧਰਮ ਦੇ ਵੋਟਰਾਂ ਨੂੰ ਭਰਮਾ ਕੇ ਰਾਜਸੱਤਾ ਹਥਿਆ ਸਕਣ। ਇੰਝ ਜਾਤੀ-ਪ੍ਰਥਾ ਸਮਾਪਤ ਹੋਣ ਦੀ ਥਾਂ ਕਿਸੇ ਨਾ ਕਿਸੇ ਰੂਪ ਵਿਚ ਹੋਰ ਗੁੰਝਲਦਾਰ ਹੁੰਦੀ ਚਲੀ ਗਈ ਹੈ।

ਪਰ ਦੁਖਦਾਈ ਗੱਲ ਇਹ ਹੈ ਕਿ ਅਨਪੜ੍ਹ ਤੇ ਅਗਿਆਨੀ ਜਨਤਾ (ਜਿਸਦੀ ਗਿਣਤੀ 80% ਹੈ) ਉੱਚ-ਜਾਤੀਆਂ ਤੇ ਸਮਰਿਧ-ਵਰਗਾਂ (ਸਰਮਾਏਦਾਰੀ) ਦੀਆਂ ਲੂੰਬੜ-ਚਾਲਾਂ ਨੂੰ ਅੱਜ ਤੱਕ ਪੂਰੀ ਤਰ੍ਹਾਂ ਨਹੀਂ ਸਮਝ ਸਕੀ। ਕਿਉਂਕਿ ਉਨ੍ਹਾਂ ਨੂੰ ਇਹ ਗੁੰਝਲਾਂ ਬਾਰੇ ਸਮਝਾਉਣ ਵਾਲੀਆਂ ਰਾਜਸੀ ਪਾਰਟੀਆਂ ਨੇ ਵੀ ਹੇਠਲੀ-ਪੱਧਰ ਤੋਂ ਲੋਕ-ਚੇਤਨਾ ਵਿਕਸਿਤ ਕਰਨ ਦੇ ਕੰਡਿਆਲੇ ਤੇ ਮੁਸ਼ਕਿਲ ਰਾਹਾਂ ਤੋਂ ਲਾਂਭੇ ਜਾ ਕੇ, ਸੱਤਾ ਹਥਿਆਉਣ ਦੇ ਸੌਖੇ ਰਾਹ ਅਪਨਾਉਣੇ ਸ਼ੁਰੂ ਕਰ ਦਿੱਤੇ ਹਨ। ਸਿੱਟਾ ਸਾਡੇ ਸਾਹਮਣੇ ਹੈ : ਦੇਸ਼ ਦੀ ਹਰ ਸਮੱਸਿਆ ਵਿਕਰਾਲ ਰੂਪ ਧਾਰਦੀ ਤੁਰੀ ਜਾਂਦੀ ਹੈ। ਆਰਥਿਕਤਾ , ਰਾਜ-ਪ੍ਰਬੰਧ, ਰਾਜਸੀ ਮਾਹੌਲ-ਸਭ ਬੁਰੀ ਤਰ੍ਹਾਂ ਦੂਸ਼ਿਤ ਹੋ ਚੁੱਕੇ ਹਨ। ਭ੍ਰਿਸ਼ਟਾਚਾਰ ਸਿਖਰ ਤੱਕ ਜਾ ਪਹੁੰਚਿਆ ਹੈ। ਸ਼ਾਇਦ ਕੋਈ ਵੀ ਅਜਿਹਾ ਸਮਾਜ-ਵਿਰੋਧੀ ਕਰਮ ਨਹੀਂ ਜਿਹੜਾ ਆਏ ਦਿਨ ਨਾ ਵੱਧ ਰਿਹਾ ਹੋਵੇ। (ਅਖ਼ਬਾਰਾਂ ਤੇ ਹੋਰ ਅਨੇਕ ਸਾਧਨਾਂ ਰਾਹੀਂ ਮਿਲਦੀ ਜਾਣਕਾਰੀ ਇਸਦਾ ਪ੍ਰਤੱਖ ਸਬੂਤ ਹੈ।)

ਪਰ ਗੱਲ ਤਾਂ ਦਲਿਤ ਸਾਹਿਤ ਦੀ ਚੱਲ ਰਹੀ ਹੈ। ਪਰ ਇਥੇ ਇਹ ਭਰਮ ਦੂਰ ਹੋ ਜਾਣਾ ਚਾਹੀਦਾ ਹੈ ਕਿ 'ਸਾਹਿਤ-ਸੰਸਾਰ', ਸਮਾਜ ਨਾਲੋਂ ਵੱਖਰੀ ਸ਼ੈਅ ਹੈ। ਸਾਹਿਤ ਹਰ ਰੂਪ ਵਿਚ ਸਮਾਜ ਨਾਲ ਜੁੜਿਆ ਹੁੰਦਾ ਹੈ। ਸਾਹਿਤ ਵਿਚ ਆਦਰਸ਼ ਤੇ ਪ੍ਰਕਿਰਤੀਵਾਦ ਤੋਂ ਆਰੰਭ ਹੋ ਕੇ ਰੁਮਾਂਸਵਾਦ, ਯਥਾਰਥਵਾਦ, ਆਧੁਨਿਕਵਾਦ (ਤੇ ਹੁਣ ਉਤਰ-ਆਧੁਨਿਕ ਵਾਦ) ਤੱਕ ਹਰ 'ਵਾਦ' ਸਮੇਂ-ਸਥਾਨ ਦੇ ਭੇਦ ਨਾਲ, ਵੱਖ-ਵੱਖਰੇ ਸਮਾਜਾਂ ਦੇ ਇਤਿਹਾਸਿਕ ਦੌਰਾਂ ਵਿਚੋਂ ਪੈਦਾ ਹੋਏ ਹਨ। ਕੋਈ ਵੀ ਵਿਚਾਰ, ਭਾਵ, ਦ੍ਰਿਸ਼ਟੀਕੋਣ, ਦਰਸ਼ਨ ਕਦੇ ਖਲਾਅ ਵਿਚ ਪੈਦਾ ਨਹੀਂ ਹੋਇਆ। ਇਸ ਲਈ ਦਲਿਤ-ਸਮਾਜ ਸਾਹਿਤ ਦਾ ਅਧਾਰ ਵੀ ਸਮਾਜਿਕ, ਇਤਿਹਾਸਕ ਪ੍ਰਸਥਿਤੀਆਂ ਹਨ। (ਇਹ ਕਿਸੇ ਵੀ ਵੱਡੇ ਤੋਂ ਵੱਡੇ ਵਿਦਵਾਨ ਦੀ ਨਿਰੀ ਪ੍ਰਤਿਭਾ ਜਾਂ 'ਚਮਤਕਾਰੀ' ਬੁੱਧੀ ਦੀ ਪੈਦਾਵਾਰ ਨਹੀਂ।)

ਦਲਿਤ ਸਾਹਿਤ ਦਾ ਵਿਕਾਸ ਉਸ ਰਫ਼ਤਾਰ ਨਾਲ ਸੰਭਵ ਹੈ ਜਿਵੇਂ ਨਿਮਨ-ਜਾਤੀਆਂ ਦੀ ਚੇਤਨਾ

ਦਾ ਵਿਕਾਸ ਸੰਭਵ ਹੋਏਗਾ। ਇਹ ਇਸ ਲਈ ਕਿ ਇਹ, ਵਿਰੋਧ-ਵਿਕਾਸ ਦਾ ਮਸਲਾ ਹੈ ਤੇ ਵਿਰੋਧ-ਵਿਕਾਸ ਦਾ ਸਿਧਾਂਤ ਨਿਰੋਲ ਵਿਗਿਆਨਕ ਹੈ। ਵਿਗਿਆਨ ਅੱਜ ਤੱਕ ਦੀ, ਮਨੁੱਖ ਦੀ ਸਭ ਤੋਂ ਮਹਾਨ ਪ੍ਰਾਪਤੀ ਹੈ। ਵਿਗਿਆਨ ਸਿਰਫ ਸੰਸਾਰ ਤੇ ਉੱਚ-ਵਰਗਾਂ ਦੀ 'ਰਖੇਲ' ਬਣ ਕੇ, ਚੰਦ ਦੇਸ਼ਾ, ਸਮਾਜਾਂ (ਜਿਵੇਂ ਅਮਰੀਕਾ ਤੇ ਪੱਛਮੀ ਦੇਸ਼) ਦੇ ਵਿਹੜਿਆਂ ਤੱਕ ਸੀਮਤ ਨਹੀਂ ਰਹਿ ਸਕਦਾ। ਸਮਰਧਿ ਕੌਮਾਂ ਦੇ ਇਸ ਨੂੰ 'ਰਖੇਲ' ਬਣਾ ਕੇ ਵਰਤਣ ਦੇ ਬਾਵਜੂਦ, ਇਹਦੇ ਅਕੱਟ ਸਿਧਾਂਤ, ਹਰ ਪੱਧਰ ਉੱਤੇ, ਹਰ ਤਰ੍ਹਾਂ ਦੇ ਲੋਕਾਂ (ਵਰਗਾਂ) ਦੀ ਸਮਝ-ਸੂਝ ਤੇ ਚੇਤਨਾ ਨੂੰ ਪ੍ਰਭਾਵਿਤ ਕਰ ਰਹੇ ਹਨ। ਅੱਗ ਜਾਂ ਸੂਰਜ ਵਾਂਗ ਹੀ ਵਿਗਿਆਨ ਦੇ ਪ੍ਰਭਾਵਾਂ ਨੂੰ ਕੱਖਾਂ ਜਾਂ ਬੱਦਲਾਂ ਵਿਚ ਲੁਕਾ ਕੇ ਨਹੀਂ ਰੱਖਿਆ ਜਾ ਸਕਦਾ। ਇਹਨੇ ਵਰਤਮਾਨ ਭਾਰਤੀ ਵਰਣ-ਵਿਵਸਥਾ, ਰਾਜਨੀਤੀ, ਗਲੋਬਲਾਈਜੇਸ਼ਨ, ਅਖੌਤੀ 'ਅਜ਼ਾਦ-ਸੰਸਾਰ' ਦੇ ਦੰਭ ਨੂੰ ਨੰਗਿਆ ਕਰਨਾ ਹੀ ਹੈ। ਸਾਧਾਰਨ ਸ਼ਬਦਾਂ ਵਿਚ ਵਿਗਿਆਨ ਦੋਧਾਰੀ ਤਲਵਾਰ ਹੈ। ਜੇ ਅੱਜ ਇਹਨੂੰ ਵਿਸ਼ਵ-ਸਰਮਾਏਦਾਰੀ ਆਪਣੇ ਹਿਤਾਂ ਲਈ ਵਰਤਣ ਵਾਸਤੇ ਹਰ ਹਰਬਾ ਵਰਤ ਰਹੀ ਹੈ ਤਾਂ ਕਲ੍ਹ ਨੂੰ ਇਸੇ ਵਿਗਿਆਨ ਦੇ ਪ੍ਰਭਾਵਾਂ ਕਾਰਨ ਪੈਦਾ ਹੋਈ ਲੋਕ-ਚੇਤਨਾ ਨੇ ਇਸੇ ਸਰਮਾਏਦਾਰੀ ਦੇ ਹੱਥੀਂ ਪਾਲੇ ਇਸ 'ਦਿਓ' ਨੂੰ, ਉਸੇ (ਸਰਮਾਏਦਾਰੀ) ਦੇ ਵਿਨਾਸ਼ ਦਾ ਕਾਰਨ ਬਣਾ ਦੇਣਾ ਹੈ। (ਇਹ ਸਭ ਕਿਵੇਂ ਹੋਏਗਾ-ਇਹ ਵੱਖਰਾ ਵਿਸ਼ਾ ਹੈ ਜਿਸ ਲਈ ਏਥੇ ਥਾਂ ਨਹੀਂ।)

ਵਿਗਿਆਨ ਦਾ ਵਿਕਾਸ ਹੁਣ ਕਿਤੇ ਵੀ ਰੁਕ ਨਹੀਂ ਸਕਦਾ। ਇਸੇ ਵਿਕਸਿਤ ਵਿਗਿਆਨ ਦੇ ਪ੍ਰਭਾਵਾਂ ਕਾਰਨ ਪਹਿਲਾਂ ਦਲਿਤ ਜਾਤੀਆਂ ਦੀ ਸੂਝ-ਸਮਝ ਵਿਕਾਸ ਕਰਕੇ ਦਲਿਤ-ਸਾਹਿਤ ਦਾ ਰੂਪ ਧਾਰੇਗੀ, ਫੇਰ ਇਸੇ ਸਾਹਿਤ ਰਾਹੀਂ ਵਿਕਸਿਤ ਹੋਈ ਚੇਤਨਾ ਅਧੀਨ, ਪਛੜੀਆਂ-ਜਾਤੀਆਂ ਦੀ ਉਹ ਸੋਚ-ਸਮਝ ਬਦਲੇਗੀ ਜਿਸ ਅਧੀਨ ਉਹ ਅੱਜ ਆਪਣੇ-ਆਪ ਨੂੰ ਉੱਚ-ਜਾਤੀਆਂ ਤੇ ਉੱਚ-ਵਰਗਾਂ ਦੇ ਨੇੜੇ ਸਮਝਣ ਦੇ ਭਰਮ-ਜਾਲ ਵਿਚ ਫਸੀਆਂ ਹੋਈਆਂ ਹਨ। ਅਖ਼ੀਰ ਇਹੋ ਚੇਤਨਾ ਸਾਰੇ ਜਾਤੀ-ਬੰਧਨਾਂ ਨੂੰ ਤੋੜ ਕੇ ਵਰਣ-ਵਿਵਸਥਾ ਦੇ ਮੂਲ ਆਧਾਰ, ਵਰਗ-ਵਿਵਸਥਾ ਤੱਕ ਪਹੁੰਚੇਗੀ ਜਿਥੋਂ ਦੋ ਵਰਗਾਂ (ਸਰਮਾਏਦਾਰੀ ਤੇ ਸਾਧਨਹੀਣਤਾ ਵਰਗ) ਵਿਚਕਾਰ ਸਿੱਧਾ ਸੰਘਰਸ਼ ਹੋਏਗਾ ਜੋ ਸਮੁੱਚੀ ਮਾਨਵਤਾ ਦੇ ਕਲਿਆਣ ਦਾ ਆਧਾਰ ਬਣੇਗਾ।

ਤੇ ਅੰਤ ਇਸ ਸੰਘਰਸ਼ ਨੂੰ ਪ੍ਰਚੰਡ ਕਰਨ ਵਾਲਾ ਸਾਹਿਤ ਆਪਣੇ ਪੂਰੇ ਪ੍ਰਭਾਵਸ਼ਾਲੀ ਰੂਪ ਵਿਚ ਪੈਦਾ ਹੋ ਕੇ, ਸੰਸਾਰ ਦੇ 3/4 ਅਸਲ ਰੂਪ 'ਦਲਿਤ ਲੋਕਾਂ' ਦੀ ਮੁਕਤੀ ਦਾ ਸਹਾਇਕ ਬਣੇਗਾ। (ਇਹ ਨਿਰਾ ਸੁਪਨ-ਸੰਸਾਰ ਨਹੀਂ, ਵਿਗਿਆਨਕ-ਸੋਚ ਉੱਤੇ ਆਧਾਰਿਤ ਇਤਿਹਾਸਕ ਸੱਚ ਹੈ-ਉਹ ਸੱਚ ਜੋ 'ਕੂੜ' ਵਾਂਗ ਕਦੇ 'ਨਿਖੁੱਟਦਾ' ਨਹੀਂ, ਸਦਾ 'ਸੱਚ' ਹੀ ਰਹਿੰਦਾ ਹੈ।) ਸਾਡੇ ਜਾਤੀ ਦਰ ਜਾਤੀ ਵਿਚ ਗ੍ਰਸੇ ਸਮਾਜ ਲਈ ਸਮਾਜਵਾਦ ਤੇ ਇਨਕਲਾਬ ਤੱਕ ਪਹੁੰਚਣ ਵਾਲਾ ਇਹੋ ਇੱਕ (ਬਿਖੜਾ) ਰਾਹ ਹੈ।

❖❖❖

## ਸੂਚਨਾ

ਕੇਂਦਰੀ ਪੰਜਾਬੀ ਲੇਖਕ ਸਭਾ ਦੀ ਦਸੰਬਰ ਵਿਚ ਹੋਈ ਚੋਣ ਨੇ ਪੰਜਾਬੀ ਸਾਹਿਤ-ਜਗਤ ਵਿਚ ਇਕ ਗੰਭੀਰ ਬਹਿਸ ਛੇੜ ਦਿੱਤੀ ਹੈ ਤੇ ਸਭਾ ਦੀ ਚੋਣ ਵਿਚ ਜਿੱਤ ਪ੍ਰਾਪਤ ਕਰਨ ਲਈ ਵਰ੍ਹਿਆਂ ਤੋਂ ਕੀਤੀ ਜਾ ਰਹੀ ਜਾਹਲੀ ਭਰਤੀ ਦੇ ਪ੍ਰਸ਼ਨ ਨੂੰ ਏਜੰਡੇ ਤੇ ਲੈ ਆਂਦਾ ਹੈ। ਸਭਾ ਦੇ ਵਰਤਮਾਨ ਪ੍ਰਧਾਨ ਵਲੋਂ ਡਾ. ਤਜਵੰਤ ਮਾਨ ਨੂੰ ਹੱਤਕ ਇੱਜ਼ਤ ਦੇ ਮੁਕੱਦਮੇ ਦੀ ਦਿੱਤੀ ਗਈ ਧਮਕੀ ਦੇ ਉੱਤਰ ਵਿਚ ਡਾ. ਮਾਨ ਨੇ 34 ਸਫੇ ਦਾ ਜੋ ਉੱਤਰ ਲਿਖ ਕੇ ਭੇਜਿਆ ਹੈ ਅਸੀਂ ਉਸ ਨੂੰ ਚਿਰਾਗ਼ ਦੇ ਅਗਲੇ ਅੰਕਾਂ ਵਿਚ ਲੜੀ-ਵਾਰ ਛਾਪਣਾ ਆਰੰਭ ਕਰ ਰਹੇ ਹਾਂ।



# ਪ੍ਰਿੰ : ਸੁਜਾਨ ਸਿੰਘ ਦੀਆਂ ਕਥਾਵਾਂ ਅਤੇ ਦਲਿਤ ਚੇਤਨਾ

—ਡਾ. ਸੁਰਜੀਤ ਬਰਾੜ

ਪਿਛਲੇ ਦੋ ਚਾਰ ਸਾਲਾਂ ਤੋਂ ਆਲੋਚਕਾਂ ਚ ਦਲਿਤ ਚੇਤਨਾ ਸੰਬੰਧੀ ਬੇਲੋੜੇ ਵਾਦ ਵਿਵਾਦ ਨੇ ਜ਼ੋਰ ਫੜਿਆ ਹੋਇਆ ਹੈ। ਵੰਨ ਸੁਵੰਨੇ ਗੈਰ ਵਿਗਿਆਨਕ ਸਿਧਾਂਤਾ ਦੀ ਆਮਦ ਅਤੇ ਉਤਪਤੀ ਕਾਰਨ ਉਧੜਧੁੰਮੀ ਮੱਚੀ ਹੋਈ ਹੈ। ਦਲਿਤਾਂ ਨੂੰ ਵਿਸ਼ੇਸ਼ ਜਾਤਾਂ-ਉਪਜਾਤਾਂ ਨਾਲ ਜੋੜ ਕੇ ਕਈ ਭਰਾਂਤੀਆ ਉਤਪੰਨ ਕੀਤੀਆਂ ਜਾ ਰਹੀਆਂ ਹਨ। ਅੱਜ ਵੀ ਮਹਿਜ ਸ਼ੂਦਰਾ ਨੂੰ ਹੀ ਦਲਿਤ ਗਰਦਾਨਿਆ ਜਾ ਰਿਹਾ ਹੈ। ਬੇਸ਼ਕ ਇਸ ਪੱਖ-ਤੱਥ ਨੂੰ ਆਨਣ-ਫਾਨਣ ਨਹੀਂ ਕੀਤਾ ਜਾ ਸਕਦਾ ਕਿ ਸ਼ੂਦਰਾਂ ਨਾਲ ਸੰਬੰਧਤ ਜਾਤਾਂ-ਉਪਜਾਤਾਂ ਦਾ ਸਦੀਆਂ ਤੋਂ ਉਤਪੀੜਨ-ਲੁੱਟ-ਸ਼ੋਸ਼ਣ ਹੁੰਦਾ ਰਿਹਾ ਹੈ। ਇਸ ਵਰਗ ਨੇ ਲੰਬਾ ਸਮਾਂ ਸਰੀਰਕ ਅਤੇ ਮਾਨਸਕ ਸੰਤਾਪ ਅਤੇ ਪੀੜਾ ਹੰਢਾਈ ਹੈ। ਜਿੰਨਾ ਹਰ ਖੇਤਰ ਵਿੱਚ ਧੱਕਾ ਇਸ ਵਰਗ ਨਾਲ ਹੋਇਆ ਹੈ ਉਸ ਕਾਰਨ ਤਵਾਰੀਖ ਅਤੇ ਸੰਸਕ੍ਰਿਤੀ ਵੀ ਸ਼ਰਮਸਾਰ ਹੈ। ਹਰ ਚੇਤਨ ਵਿਅਕਤੀ ਇਸ ਮਾਜਰੇ ਪ੍ਰਤੀ ਸੋਚ ਕੇ ਦੰਗ ਹੀ ਨਹੀਂ ਹੁੰਦਾ ਸਗੋ ਸੁੰਨ ਅਤੇ ਪਰੇਸ਼ਾਨ ਵੀ ਹੁੰਦਾ ਹੈ। ਸਦੀਆਂ ਤੋਂ ਇਸ ਵਰਗ ਦੀ ਜਿੰਦਗੀ ਪਸ਼ੂਆਂ ਤੋਂ ਵੀ ਬਦਤਰ ਰਹੀ ਹੈ। ਮਲੀਨ ਤੋਂ ਮਲੀਨ ਕੰਮ ਕਰਨ ਲਈ ਇਹ ਵਰਗ ਮਜਬੂਰ ਸੀ। ਇਸ ਨਾਲ ਅਮਾਨਵੀ ਵਿਵਹਾਰ ਇਕ ਆਮ ਵਰਤਾਰਾ ਸੀ। ਕੀਤੇ ਕੰਮ ਲਈ ਨਾ ਮਾਤਰ ਮਿਹਨਤਾਨਾ ਦਿੱਤਾ ਜਾਂਦਾ ਸੀ। ਅਖੌਤੀ ਵੈਸ਼ਾਂ ਸਮੇਤ ਹਰ ਉੱਪਰਲੀ ਸਵਰਨ ਜਾਤੀ ਸ਼ੂਦਰਾਂ ਦੇ ਸਪਰਸ਼ ਤੋਂ ਭਿੱਟ ਮਹਿਸੂਸ ਕਰਦੀ ਸੀ। ਇਸੇ ਤਰ੍ਹਾਂ ਵੈਸ਼ਾਂ ਨਾਲ ਸੰਬੰਧਤ ਜਾਤਾਂ-ਉਪਜਾਤਾਂ (ਜੱਟ, ਛੀਂਬੇ, ਤਰਖਾਣ, ਲੁਹਾਰ, ਨਾਈ, ਘੁਮਿਆਰ, ਸੁਨਿਆਰ, ਝਿਊਰ ਆਦਿ) ਦਾ ਜੀਵਨ ਵੀ ਅਤਿ ਕਠਨ, ਬਦਤਰ ਅਤੇ ਜ਼ੋਖਮ ਭਰਿਆ ਸੀ। ਇਹ ਵਰਗ ਵੀ ਉੱਪਰਲੀਆਂ ਸਵਰਨ ਜਾਤੀਆ ਲਈ ਹੀ ਕਿਰਤ ਕਰਦਾ ਸੀ। ਉਤਪਾਦਨ ਦੇ ਹਰ ਸਾਧਨ ਤੇ ਘਟ ਗਿਣਤੀ ਸਵਰਨ ਜਾਤਾਂ ਦਾ ਹੀ ਕੰਟਰੋਲ ਹੁੰਦਾ ਸੀ। ਸਾਮੰਤੀ ਆਰਥਕ ਪ੍ਰਬੰਧ 'ਚ ਵੈਸਾਂ ਦੀ ਲੁੱਟ ਗੁਲਾਮਦਾਰੀ ਪ੍ਰਬੰਧ ਨਾਲੋਂ ਜ਼ਿਆਦਾ ਘਨਾਉਣੀ ਅਤੇ ਤਿੱਖੀ ਸੀ। ਅੱਜ ਵੀ ਇਨ੍ਹਾਂ ਅਖੌਤੀ ਵੈਸ਼ਾਂ ਦੀ ਹਾਲਤ ਮਾੜੀ ਹੈ। ਕੀ ਫਿਰ ਇਹ ਅੱਜ ਦਲਿਤ ਨਹੀਂ?

ਕਬੀਲਾ ਸਿਸਟਮ ਖ਼ਤਮ ਹੋਣ ਪਿਛੋਂ ਜਦ ਗੁਲਾਮਦਾਰੀ ਪ੍ਰਥਾ ਪ੍ਰਾਰੰਭ ਹੋਈ। ਜਦ ਇਕ ਕਬੀਲਾ ਦੂਜੇ ਕਬੀਲੇ ਦਾ ਗੁਲਾਮ ਹੋ ਗਿਆ। ਇਸ ਦੌਰ ਵਿੱਚ ਨਿੱਜੀ ਜਾਇਦਾਦ ਉੱਪਰ ਮਰਦ ਦਾ ਕਬਜ਼ਾ ਹੋ ਜਾਂਦਾ ਹੈ ਸਿੱਟੇ ਵਜੋਂ ਨਾਰੀ ਵੀ ਮਰਦ ਦੀ ਨਿੱਜੀ ਜਾਇਦਾਦ ਦਾ ਇਕ ਹਿੱਸਾ ਬਣ ਜਾਂਦੀ ਹੈ। ਨਾਰੀ ਪ੍ਰਧਾਨ ਸਮਾਜਕ ਵਿਵਸਥਾ ਟੁੱਟ ਜਾਂਦੀ ਹੈ ਅਤੇ ਮਰਦ-ਪ੍ਰਧਾਨ ਸਮਾਜਕ ਢਾਂਚਾ ਆਰੰਭ ਹੋ ਜਾਂਦਾ ਹੈ। ਗੁਲਾਮਦਾਰੀ ਵਿਵਸਥਾ ਤੋ ਲੈ ਕੇ ਸਮਕਾਲ ਤੱਕ ਨਾਰੀ ਦੀ ਬਦਤਰ ਅਤੇ ਮੰਦੀ ਹਾਲਤ ਦੀ ਲੰਬੀ ਗਾਥਾ ਹੈ। ਵਿਡੰਬਣਾਮਈ ਪੱਖ ਤਾਂ ਇਹ ਹੈ ਕਿ ਪੂੰਜੀਵਾਦ ਦੇ ਨਵੇਂ ਦੌਰ (ਜਿਸਨੂੰ ਭੂਮੰਡਲੀਕਰਨ, ਨਿੱਜੀਕਰਨ ਅਤੇ ਉਦਾਰੀਕਰਨ ਕਿਹਾ ਜਾਂਦਾ ਹੈ) ਵਿੱਚ ਵੀ ਨਾਰੀ-ਉਤਪੀੜਨ-ਲੁੱਟ ਸ਼ੋਸ਼ਣ ਬੰਦ ਨਹੀਂ ਹੋਇਆ ਸਗੋਂ ਇਸਨੇ ਹੋਰ ਬਦਤਰ ਰੂਪ ਅਖਤਿਆਰ ਕਰ ਲਿਆ ਹੈ। ਇਥੋਂ ਤੱਕ ਕਿ ਅਖੌਤੀ ਸ਼ੂਦਰਾਂ ਅਤੇ ਵੈਸ਼ਾਂ ਨੇ ਵੀ ਹਰ ਆਰਥਕ ਪ੍ਰਬੰਧ ਵਿੱਚ ਨਾਰੀ ਨਾਲ ਨਿੰਦਣਯੋਗ ਅਤੇ ਅਨੈਤਿਕ ਵਿਵਹਾਰ ਕੀਤਾ ਹੈ। ਸੋ ਨਾਰੀ ਵਰਗ ਵੀ ਦਲਿਤਾਂ ਦੀ ਜ਼ਦ 'ਚ ਹੀ ਆਉਂਦਾ ਹੈ। ਮੈਂ ਇਸ ਦੁੱਖਦਾਈ ਪਹਿਲੂ ਦਾ ਕੇਵਲ ਸਰਲੀਕਰਨ ਨਹੀਂ ਕਰ ਰਿਹਾ ਸਗੋਂ ਮਾਨਵੀ ਨੈਤਿਕਤਾ ਦੇ ਪੱਖੋਂ ਬੁੱਧੀਜੀਵੀ ਵਰਗ ਨੂੰ ਸੋਚਣ ਲਈ ਮਜਬੂਰ ਕਰ ਰਿਹਾ ਹਾਂ।

ਉਪਰੋਕਤ ਪਿੱਠਭੂਮੀ 'ਚ ਇਨ੍ਹਾਂ ਸਥਿਤੀਆਂ-ਪ੍ਰਸਥਿਤੀਆਂ ਨੂੰ ਵਾਚਦਿਆਂ ਇਹ ਸੁਆਲ ਬੜੀ ਸ਼ਿਦੱਤ ਨਾਲ ਉਦੇਮਾਨ ਹੁੰਦਾ ਹੈ ਕਿ ਫਿਰ ਅੱਜ ਦਲਿਤ ਹੈ ਕੌਣ? ਦਲਿਤ ਸ਼ਬਦ ਨੂੰ ਫਿਰ ਕਿਵੇਂ ਪਰਿਭਾਸ਼ਿਤ ਕੀਤਾ ਜਾਵੇ। ਈਮਾਨਦਾਰੀ ਅਤੇ ਸੁਹਿਰਦਤਾ ਨਾਲ ਇਸ ਪੱਖ/ਤੱਥ ਉੱਪਰ ਬਹਿਸ ਨੂੰ ਕੇਂਦਰਤ ਕਰਕੇ ਇਸ ਦਲਿਤ ਸ਼ਬਦ ਦੀ ਹੱਦ ਬੰਦੀ ਕਰਨੀ ਨਿਹਾਇਤ ਜ਼ਰੂਰੀ ਹੈ। ਮੇਰਾ ਵਿਚਾਰ ਹੈ ਕਿ ਜਿਹੜੇ ਲੋਕ ਆਰਥਕ ਪੱਖ ਪਛੜੇ ਹੋਏ ਹਨ, ਜਿਹੜੇ ਸਾਧਨਹੀਣ ਹਨ, ਜਿਹੜੇ ਗਰੀਬੀ ਦੀ ਰੇਖਾ ਤੋਂ ਹੇਠਾਂ ਹਨ, ਜੋ ਜੀਵਨ-ਸਹੂਲਤਾਂ ਅਤੇ ਅਧਿਕਾਰਾਂ ਤੋਂ ਵੰਚਿਤ ਹਨ, ਜਿਨ੍ਹਾਂ ਦੀ ਮਿਹਨਤ ਸ਼ਕਤੀ ਦੀ ਪ੍ਰਤੱਖ ਜਾਂ

ਅਪ੍ਰਤੱਖ ਲੁੱਟ ਹੁੰਦੀ ਹੈ, ਅਜਿਹੀ ਸਮੁੱਚੀ ਕਿਰਤੀ-ਸ਼੍ਰੇਣੀ ਹੀ ਦਲਿਤ ਹੈ। ਇਸ ਦੇ ਵਿਪਰੀਤ ਸਥਾਪਤ ਹੋ ਰਹੇ ਨਵੇਂ-ਪੂੰਜੀਵਾਦੀ ਦੌਰ 'ਚ ਜਿਨ੍ਹਾਂ ਲੋਕਾਂ ਦਾ ਪੈਦਾਵਾਰੀ ਸਾਧਨਾਂ ਤੇ ਪੂਰਾ ਕਬਜ਼ਾ ਹੈ, ਜਿਨ੍ਹਾਂ ਵਿੱਚ ਅਖੌਤੀ ਸਵਰਨ ਜਾਤਾਂ ਦੇ ਲੋਕ ਹੀ ਨਹੀਂ ਸਗੋਂ ਅਖੌਤੀ ਵੈਸ਼ਾਂ-ਸ਼ੂਦਰਾਂ ਦੇ ਲੋਕ ਵੀ ਸ਼ਾਮਲ ਹਨ। ਉਹ ਦਲਿਤ ਨਹੀਂ, ਲੁਟੇਰੇ ਹਨ। ਸ਼ੋਸ਼ਕ ਤਾਂ ਸ਼ੋਸ਼ਕ ਹੈ ਭਾਵੇਂ ਉਹ ਕਿਸੇ ਵੀ ਜ਼ਾਤ ਜਾਂ ਉਪਜਾਤ ਨਾਲ ਸੰਬੰਧਤ ਹੋਵੇ। ਹਰ ਪੂੰਜੀਪਤੀ ਦਾ ਖਾਸਾ ਇਕ ਸਮਾਨ ਹੀ ਹੁੰਦਾ ਹੈ। ਉਸਦੀ ਜੀਵਨ-ਜਾਚ, ਉਸਦੀ ਸੋਚ ਅਤੇ ਮਾਨਸਿਕਤਾ 'ਚ ਕੋਈ ਵੱਡਾ ਅੰਤਰ ਨਹੀਂ ਹੁੰਦਾ। ਉਸਦੀ ਪ੍ਰਵਿਰਤੀ/ਬਿਰਤੀ ਕਿਰਤੀ ਵਰਗ ਦੀ ਲੁੱਟ-ਸ਼ੋਸ਼ਣ ਹੀ ਹੋਏਗੀ। ਅਮੀਰ ਸ਼ੂਦਰ ਜਾਂ ਵੈਸ਼ ਕਿਸੇ ਗਰੀਬ ਸ਼ੂਦਰ ਅਤੇ ਵੈਸ਼ ਨੂੰ ਕੋਈ ਰਿਆਇਤ ਜਾਂ ਮਦਦ ਨਹੀਂ ਕਰੇਗਾ। ਅਜਿਹੇ ਸਮੇਂ ਤੇ ਤਾਂ ਪਵਿੱਤਰ ਰਿਸ਼ਤੇ ਵੀ ਰਿਸ਼ਤੇ ਨਹੀਂ ਰਹਿੰਦੇ।

ਹੁਣ ਅਗਲਾ ਕਾਬਲੇਗੌਰ ਸੁਆਲ ਦਲਿਤਾਂ ਦੀ ਨਿਸ਼ਾਨਦੇਹੀ ਅਤੇ ਸ਼ਨਾਖਤ ਦਾ ਦਰਪੇਸ਼ ਹੈ। ਸਰਵ ਪ੍ਰਵਾਨਤ ਮਾਰਕਸੀ ਨਜ਼ਰੀਏ ਮੁਤਾਬਕ ਜ਼ਿੰਦਗੀ ਦੇ ਹਾਸ਼ੀਏ ਤੋਂ ਬਾਹਰ ਵਿਚਰ ਰਹੇ ਖੇਤ ਮਜ਼ਦੂਰ, ਸਨਅਤੀ ਮਜ਼ਦੂਰ, ਬੇਜ਼ਮੀਨੀ ਕਿਸਾਨੀ, ਛੋਟੀ ਅਤੇ ਸੀਮਾਂਤ ਕਿਸਾਨੀ, ਛੋਟੇ ਦੁਕਾਨਦਾਰਾਂ, ਰੇੜ੍ਹੀ-ਮਜ਼ਦੂਰਾਂ ਦੇ ਅਤਿਰਿਕਤ ਹੋਰ ਵਿਭਿੰਨ ਥਾਵਾਂ ਤੇ ਕਿਰਤ ਕਰਦੇ ਮਿਹਨਤਕਸ਼, ਲੰਪਨ ਮਜ਼ਦੂਰ ਆਦਿ ਤਬਕੇ, ਉਪ-ਤਬਕੇ ਵੀ ਦਲਿਤ-ਸ਼੍ਰੇਣੀ ਦਾ ਅੰਗ ਕਹੇ ਜਾ ਸਕਦੇ ਹਨ ਜਿਨ੍ਹਾਂ ਵਿੱਚ ਸੱਭ ਅਖੌਤੀ ਜਾਤਾਂ-ਉਪਜਾਤਾਂ (ਬ੍ਰਹਮਨ, ਖੱਤਰੀ, ਜੱਟ, ਦਰਜੀ, ਛੀਂਬੇ, ਘੁਮਿਆਰ, ਲੁਹਾਰ, ਤਰਖਾਣ, ਸੁਨਿਆਰ, ਨਾਈ, ਝਿਊਰ, ਮਰਾਸੀ, ਜੁਲਾਹੇ, ਚਮਿਆਰ, ਚੂੜ੍ਹੇ-ਮਜ਼੍ਹਬੀ, ਧਾਨਕੇ, ਭੰਗੀ ਆਦਿ) ਸ਼ਾਮਲ ਹਨ। ਇਸ ਤੋਂ ਬਿਨਾਂ ਹੇਠਲਾ ਮਧਵਰਗ ਵੀ ਦਲਿਤ ਸ਼੍ਰੇਣੀ ਦਾ ਹੀ ਇਕ ਹਿੱਸਾ ਹੈ। ਸੋ ਪੰਤਾਲੀ ਪ੍ਰਤੀਸ਼ਤ ਲੋਕ ਜੋ ਗਰੀਬੀ-ਰੇਖਾ ਤੋਂ ਹੇਠਾਂ ਜਿੰਦਗੀ ਜੀ ਰਹੇ ਹਨ ਇਹ ਸਭ ਦਲਿਤ ਹਨ। 80% ਭਾਰਤੀ ਨਾਰੀ ਗੁਲਾਮਾਂ ਵਰਗਾ ਜੀਵਨ ਜੀਣ ਲਈ ਮਜਬੂਰ ਹੈ, ਸੋ ਨਾਰੀ ਵਰਗ ਵੀ ਦਲਿਤ ਸ਼੍ਰੇਣੀ ਦਾ ਇਕ ਅਹਿਮ ਹਿੱਸਾ ਹੈ।

ਇਨ੍ਹਾਂ ਸੁਆਲਾਂ ਨਾਲ ਹੀ ਅੰਤਰ ਸੰਬੰਧਤ ਹੈ ਇਕ ਹੋਰ ਅਹਿਮ ਸੁਆਲ, ਜਿਹੜਾ ਸਾਡੀ ਫਿਰਕਮੰਦੀ ਦਾ ਪ੍ਰਮੁੱਖ ਹਿੱਸਾ ਹੋਣਾ ਚਾਹੀਦਾ ਹੈ? ਉਹ ਇਹ ਹੈ ਕਿ ਉਪਰੋਕਤ ਦਲਿਤਾਂ ਦੇ ਬੇਆਵਾਜ਼ ਵਰਗਾ-ਉਪਵਰਗਾਂ ਨੂੰ ਬਾਆਵਾਜ਼ ਕਰਨ ਹਿਤ ਇਕ ਪਲੇਟਫਾਰਮ ਉੱਪਰ ਕਿਸ ਬਿਧ ਜਥੇਬੰਦ ਕੀਤਾ ਜਾਵੇ ਭਾਵ ਸਾਰੇ ਦਲਿਤਾਂ ਨੂੰ ਜਮਾਤੀ ਜਦੋਜਹਿਦ ਦੇ ਰਸਤੇ ਕਿਵੇਂ ਤੋਰਿਆ ਜਾਵੇ। ਇਹ ਸੁਆਲ ਅੱਜ ਵੱਡੀ ਅੜਾਉਣੀ ਵਾਲਾ ਹੈ, ਸਾਡੇ ਕੋਲ ਕੋਈ ਅਜਿਹਾ ਸਰਵ-ਪ੍ਰਵਾਨਤ ਨਜ਼ਰੀਆ ਜਾਂ ਨੁਸਖ਼ਾ ਪ੍ਰਾਪਤ ਨਹੀਂ ਜਿਸ ਰਾਹੀ ਇਸ ਗੰਭੀਰ ਪ੍ਰਸ਼ਨ ਨੂੰ ਨਵਿਰਤ ਕੀਤਾ ਜਾ ਸਕੇ। ਭਾਰਤੀ ਸਮਾਜ ਦੀ ਜਮਾਤੀ ਬਣਤਰ ਭਾਵੇਂ ਬਹਿਰੂਨੀ ਤੌਰ ਤੇ ਪ੍ਰਤੱਖ ਨਜ਼ਰ ਆਉਂਦੀ ਹੈ ਪਰੰਤੂ ਆਂਤਰਿਕ ਤੌਰ ਤੇ ਇਕ ਤਾਂ ਇਹ ਅਖੌਤੀ ਜਾਤਾਂ-ਪਾਤਾਂ ਦੇ ਗੁੰਝਲਦਾਰ ਤਾਣੇ-ਪੇਟੇ ਵਿੱਚ ਉਲਝੀ ਹੋਈ ਹੈ, ਦੂਜੇ ਇਨ੍ਹਾਂ ਦਲਿਤ ਵਰਗਾਂ ਦੇ ਪਰਸਪਰ ਟਕਰਾਵੇਂ ਜਮਾਤੀ ਹਿਤ ਹਨ ਜਿਸ ਕਰਕੇ ਇਕ ਪਲੇਟਫ਼ਾਰਮ ਉਸਰ ਨਹੀਂ ਰਿਹਾ। ਜਦ ਤੱਕ ਇਹ ਮਸਲਾ ਹੱਲ ਨਹੀਂ ਹੁੰਦਾ, ਉਦੋਂ ਤੱਕ ਦ੍ਰਿੜ ਅਤੇ ਲੰਬੀ ਜਮਾਤੀ ਲੜਾਈ ਦੇਣੀ ਅਸੰਭਵ ਕਾਰਜ ਹੈ। ਮੇਰਾ ਇਹ ਵੀ ਵਿਚਾਰ ਹੈ ਕਿ ਜੇਕਰ ਅੱਜ ਦੀਆਂ ਸਾਮੰਤੀ ਰਹਿੰਦ-ਖੂੰਹਦ ਵਾਲੀਆਂ ਹਾਲਤਾਂ/ਕੀਮਤਾਂ 'ਚ ਸਮਾਜਵਾਦ ਵੀ ਆ ਜਾਂਦਾ ਹੈ ਤਾਂ ਵੀ ਜਾਤ-ਪਾਤ ਵਿਵਸਥਾ ਅਤੇ ਇਨ੍ਹਾਂ ਜਾਤਾਂ ਪਾਤਾਂ 'ਚ ਪਰਸਪਰ ਦਵੰਦ ਅਤੇ ਤਨਾਅ ਖ਼ਤਮ ਨਹੀਂ ਹੋ ਸਕੇਗਾ। ਮੌਜੂਦਾ ਆਰਥਕ ਆਧਾਰ ਨੂੰ ਤਹਿਸ ਨਹਿਸ ਕਰਨ ਨਾਲ ਇਸ ਉੱਪਰ ਉਸਰੇ ਸਮਾਜਕ-ਸਭਿਆਚਾਰਕ-ਧਾਰਮਕ-ਮਜ਼ਹਬੀ ਅਤੇ ਮਨੋਵਿਗਿਆਨਕ ਉਸਾਰ ਢਾਂਚਿਆਂ ਨੂੰ ਇਕ ਝਟਕੇ ਨਾਲ ਨੇਸਤੋਨਾਬੂਤ ਨਹੀਂ ਕੀਤਾ ਜਾ ਸਕਦਾ। ਇਹ ਮਸਲੇ ਸਹਿਜਮਈ ਦੀਰਘਕਾਲੀ ਪ੍ਰਕਿਰਿਆ ਹੱਲ ਕੀਤੇ ਜਾ ਸਕਣਗੇ। ਇਕ ਕੀਮਤ ਦਾ ਦੂਜੀ ਕੀਮਤ ਇਕੋ ਸਾਹੇ ਰੂਪਾਂਤਰਨ ਨਹੀਂ ਹੁੰਦਾ। ਇਸ ਤਬਦੀਲੀ ਲਈ ਬਾਰ-ਬਾਰ ਸਾਂਸਕ੍ਰਿਤਕ ਅਭਿਯਾਨ ਚਲਾਉਣੇ ਪੈਣਗੇ। ਕ੍ਰਾਂਤੀ-ਦਰ-ਕ੍ਰਾਂਤੀ ਕਰਨੀ ਪਵੇਗੀ ਫੇਰ ਹੀ ਇਹ ਬੀਮਾਰ, ਬਦੀਆਂ ਕਦਰਾ ਕੀਮਤਾਂ, ਪ੍ਰਤਿਮਾਨ (ਸਮੇਤ ਜ਼ਾਤ ਪਾਤ) ਟੁੱਟ ਕੇ ਇਨ੍ਹਾਂ ਦਾ ਸਥਾਨ ਸਿਹਤਮੰਦ-ਵਿਗਿਆਨਕ ਕਦਰਾਂ ਕੀਮਤਾਂ ਲੈਣਗੀਆਂ।

ਇਹ ਭਾਵੇਂ ਕਿਸੇ ਹੱਦ ਤੱਕ ਵਾਸਤਵਿਤ ਤੱਥ ਹੈ ਕਿ ਪੂੰਜੀਵਾਦ ਦੀ ਚੜ੍ਹਤ ਨਾਲ ਸਾਮੰਤੀ ਰਿਸ਼ਤੇ



ਅਤੇ ਜਾਤ-ਪਾਤੀ ਸੁਰਚੰਨਾ ਟੁੱਟ ਜਾਏਗੀ ਪਰ ਇਹ ਪੂਰਨ ਅਤੇ ਅੱਟਲ ਸੱਚ ਨਹੀਂ। ਅਜੋਕਾ ਪੂੰਜੀਵਾਦ ਭਾਰਤ ਵਿੱਚ ਇਨ੍ਹਾਂ ਪਿੱਛੇ ਖਿੱਚੂ-ਗੈਰ ਸਿਹਤਮੰਦ ਹਾਲਤਾਂ/ਪ੍ਰਸਥਿਤੀਆਂ/ਪ੍ਰਤਿਮਾਨਾਂ ਨੂੰ ਆਪਣੇ ਹਿਤ 'ਚ ਵਰਤਣ ਲਈ ਹਰ ਸੰਭਵ-ਅਸੰਭਵ ਜਤਨ ਕਰ ਰਿਹਾ ਹੈ। ਮਸਲਨ ਜ਼ਾਤਪਾਤ ਦੇ ਬਲ ਰਾਹੀਂ ਉਹ ਭਾਰਤੀ ਸਮਾਜ ਦੀ ਜਮਾਤੀ ਕਤਾਰਬੰਦੀ ਅਤੇ ਨਿਖੇੜਾ ਨਹੀਂ ਹੋਣ ਦੇ ਰਿਹਾ। ਇਸ ਮਸਲੇ ਦੀ ਉਹ ਆਪਣੇ ਜਮਾਤੀ ਹਿਤਾਂ ਦੀ ਪੂਰਤੀ ਹਿਤ ਕੁਵਰਤੋਂ ਕਰ ਰਿਹਾ ਹੈ। ਦੂਜਾ, ਭਾਰਤ ਵਿੱਚ ਪੂੰਜੀਵਾਦ ਦਾ ਸਹਿਜ ਵਿਕਾਸ ਨਹੀਂ ਹੋ ਰਿਹਾ ਹੈ ਜਿਵੇਂ ਪੱਛਮ ਵਿੱਚ ਹੋਇਆ ਹੈ। ਅਸੀ ਤੇਜ਼ੀ ਨਾਲ ਬਾਹਰੋਂ ਤਕਨਾਲੌਜੀ ਲਿਆ ਕੇ ਆਪਣੇ ਉੱਪਰ ਥੋਪੀ ਜਾ ਰਹੇ ਹਾਂ, ਸੋ ਪੂੰਜੀਵਾਦ ਤਾਂ ਉਦਾਰੀਕਰਨ , ਭੂਮੰਡਲੀਕਰਨ ਅਤੇ ਨਿੱਜੀਕਰਨ ਦੇ ਸਿਧਾਤਾਂ ਨਾਲ ਲੈਸ ਹੋ ਕੇ ਸਰਗਰਮ ਹੈ ਪਰੰਤੂ ਸਾਡੀਆਂ ਕਦਰਾਂ ਕੀਮਤਾਂ/ਪ੍ਰਤਿਮਾਨ/ਰਿਸ਼ਤੇ ਉਵੇਂ ਬਦਲੇ ਨਹੀਂ ਜਿਵੇਂ ਬਦਲਣੇ ਚਾਹੀਦੇ ਸਨ। ਸੰਸਕ੍ਰਿਤੀ ਤੇਜ਼ ਗਤੀ ਨਾਲ ਨਹੀਂ ਬਦਲਦੀ ਹੁੰਦੀ। ਇਸ 'ਚ ਸਹਿਜ ਪਰੀਵਰਤਨ ਹੁੰਦਾ ਹੈ। ਇਹ ਇਕ ਕੁਦਰਤੀ ਨਿਯਮ ਹੈ। ਸੋ ਜਾਤਪਾਤ ਵਰਗੇ ਪੀਡੇ ਪ੍ਰਤਿਮਾਨ ਜਿਹੜੇ ਉਪਰੋਕਤ ਕਾਰਨ ਕਰਕੇ ਟੁੱਟ ਨਹੀਂ ਰਹੇ, ਪਰ ਇਹ ਅੱਜ ਸਾਡੇ ਲਈ ਸਿਰਦਰਦੀ ਅਤੇ ਜ਼ੋਖਮ ਵਾਲਾ ਕਾਰਜ ਬਣਿਆ ਪਿਆ ਹੈ। ਇਸ ਲਈ ਸਾਡੇ ਬੁੱਧੀਜੀਵੀਆਂ, ਸਾਹਿਤਕਾਰਾਂ ਨੂੰ ਨਵੀਆਂ ਸਿਹਤਮੰਦ ਕੀਮਤਾਂ ਸਥਾਪਤ ਕਰਨ ਲਈ ਅਤੇ ਦਲਿਤਾਂ ਨੂੰ ਚੇਤਨ ਕਰਨ ਲਈ ਸਰਗਰਮ ਦਖਲਅੰਦਾਜ਼ੀ ਕਰਨੀ ਪਵੇਗੀ।

ਪੰਜਾਬੀ ਸਾਹਿਤਕਾਰਾਂ ਦੀ ਬਹੁ ਗਿਣਤੀ ਲੋਕਪੱਖੀ ਭਾਵ ਦਲਿਤ ਪੱਖੀ ਰਹੀ ਹੈ। ਇਸਦਾ ਪ੍ਰਮੁੱਖ ਕਾਰਨ ਇਹ ਹੈ ਕਿ ਸਾਡੇ ਵਧੇਰੇ ਸਾਹਿਤਕਾਰ ਖੱਬੇ ਪੱਖੀ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਸਨ (ਹਨ)। ਉਨ੍ਹਾਂ ਨੇ ਆਪਣੀਆਂ ਕਵਿਤਾਵਾਂ, ਕਥਾਵਾਂ-ਨਾਵਲਾਂ ਅਤੇ ਨਾਟਕਾਂ ਵਿੱਚ ਉਪਰੋਕਤ ਸ਼ਨਾਖ਼ਤ ਕੀਤੇ ਗਏ ਦਲਿਤ/ਨਿਮਨ ਵਰਗ ਦੇ ਲੋਕਾਂ ਦੀਆਂ ਸੱਮਸਿਆਵਾਂ, ਉਨ੍ਹਾਂ ਦੀਆਂ ਭਾਵਨਾਵਾਂ, ਉਨ੍ਹਾ ਦੇ ਸੰਕਟਾਂ, ਉਨ੍ਹਾਂ ਦੇ ਦੁੱਖਾਂ ਦਰਦਾਂ, ਉਨ੍ਹਾਂ ਨਾਲ ਵਾਪਰੀਆਂ ਹੋਣੀਆ-ਅਣਹੋਣੀਆਂ ਦੀ ਪ੍ਰਸਤੁਤੀ ਰਾਹੀਂ ਉਨ੍ਹਾਂ ਨੂੰ ਗਿਆਨ ਅਤੇ ਚੇਤਨਾ ਮੁਹਈਆ ਕੀਤੀ ਹੈ। ਇਸ ਪੱਖ ਉਹ ਕਿੱਥੇ ਤੱਕ ਸਫਲ ਰਹੇ ਹਨ ਇਹ ਇਕ ਵੱਖਰਾ ਵਿਚਾਰਨਯੋਗ ਵਿਸ਼ਾ ਹੈ ਪਰ ਪੰਜਾਬੀ ਸਾਹਿਤ ਵਿੱਚ ਪ੍ਰਚਲਤ ਖਾਸ ਕਰ ਪ੍ਰਗਤੀਵਾਦੀ-ਯਥਾਰਥਵਾਦੀ-ਨਕਸਲਵਾਦੀ, ਸਾਹਿਤ ਧਾਰਾਵਾਂ ਨੇ ਨਿਮਨ ਅਤੇ ਦਲਿਤ ਲੋਕਾਂ ਨੂੰ ਆਪਣੇ ਮਾਨਵੀ ਹੱਕਾਂ ਬਾਰੇ ਅਤੇ ਦਕੀਆਨੂਸੀ ਕੀਮਤਾਂ/ਪ੍ਰਤਿਮਾਨਾਂ ਤੋਂ ਨਿਜਾਤ ਪਾਉਣ ਲਈ ਸੋਝੀ ਦਿੱਤੀ ਹੈ। ਉਨ੍ਹਾਂ ਨੂੰ ਸਮਾਜ ਬਦਲਣ, ਸਮਾਜਵਾਦ ਲਿਆਉਣ ਲਈ ਪ੍ਰਤੱਖ ਜਾਂ ਪਰੋਖ ਮਾਰਕਸੀ ਫਲਸਫ਼ਾ ਵੀ ਮੁਹਈਆ ਕੀਤਾ ਹੈ।

ਇੱਥੇ ਇਹ ਵਿਰਾਟ ਪ੍ਰਸ਼ਨ ਵੀ ਨਜਿੱਠਣ ਵਾਲਾ ਹੈ ਕਿ ਲੋਕ ਪੱਖੀ ਸਾਹਿਤ ਸਾਡੀ ਦੱਬੀ ਪਈ ਨਿਧੀ ਹੈ, ਬੰਦ ਪਿਆ ਖਜ਼ਾਨਾ ਹੈ। ਇਸਨੂੰ ਲੋਕਾਂ ਦੇ ਹੱਥਾਂ ਤੱਕ ਪਹੁੰਚਾਇਆ ਕਿਸ ਵਿਧੀ ਨਾਲ ਜਾਵੇ? ਹਾਲਾਂ ਕਿ ਦਲਿਤ ਅਤੇ ਨਿਮਨ ਵਰਗ ਨਾਲ ਸੰਬੰਧਤ ਰਚਿਆ ਗਿਆ ਉੱਚ ਕੋਟੀ ਦਾ ਸਾਹਿਤ ਉਨ੍ਹਾਂ ਕੋਲ ਪੁੱਜਿਆ ਹੀ ਨਹੀਂ। ਮਹਿੰਗੀਆਂ ਪੁਸਤਕਾਂ ਉਨ੍ਹਾਂ ਦੀ ਪਹੁੰਚ ਤੋਂ ਦੂਰ ਹਨ, ਦੂਜੇ ਇਹ ਗਰੀਬੀ ਦੀ ਰੇਖਾ ਤੋਂ ਹੇਠਾਂ ਜਿਉਣ ਵਾਲਾ ਵਰਗ ਹੀ ਵਧੇਰੇ ਨਿਰਅੱਖਰ ਹੈ। ਇਸ ਵਰਗ ਨੂੰ ਨਹੀਂ ਪਤਾ ਸਾਹਿਤ, ਸਾਹਿਤਕਾਰ, ਪੁਸਤਕਾਂ ਦੀ ਕੀ ਅਰਥ ਹੁੰਦਾ ਹੈ। ਇਸ ਅਤਿ ਗਰੀਬ-ਨਿਮਨ ਵਰਗ ਨੂੰ ਸਾਖਰ ਕਰਨ ਦੀ ਲੋੜ ਹੈ। ਦੂਜੇ ਇਨ੍ਹਾਂ ਤੀਕ ਸਸਤੀਆਂ ਦਰਾਂ ਤੇ ਪੁਸਤਕਾਂ ਪਹੁੰਚਾਉਣ ਲਈ ਪਹਿਲ ਦੇ ਆਧਾਰ ਤੇ ਕਾਰਜ ਕਰਨਾ ਚਾਹੀਦਾ ਹੈ। ਇਹ ਬਿਖਮ ਕਾਰਜ ਇਕੱਲੇ ਸਾਹਿਤਕਾਰਾਂ ਦੇ ਕਰਨ ਗੋਚਰਾ ਨਹੀਂ। ਇਸ ਲਈ ਸਮਾਜ ਦੇ ਵਿਸ਼ਾਲ ਹਿੱਸੇ (ਅੱਗੇਵਧੂ ਖੱਬੇਪੱਖੀ ਰਾਜਨੀਤਕ ਦਲ, ਸਮਾਜ ਸੇਵੀ ਜੱਥੇਬੰਦੀਆਂ, ਟਰੇਡ ਅਤੇ ਅਵਾਮੀਂ ਯੂਨੀਅਨਾਂ) ਨੂੰ ਸਰਗਰਮ ਭੂਮਿਕਾ ਨਿਭਾਉਣੀ ਪਵੇਗੀ। ਹਾਲਾਤ ਇਹ ਹਨ ਕਿ ਸਮੇਤ ਸਾਹਿਤਕਾਰ ਸਮਾਜ ਦੇ ਸਾਰੇ ਹਿੱਸੇ ਗੈਰ ਸਰਗਰਮ ਹਨ। ਨਾਟਕ-ਕਾਰ ਗੁਰਸ਼ਰਨ ਸਿੰਘ ਹੀ ਇਕ ਮਿਥ ਭੰਜਕ ਨਾਟਕ-ਕਾਰ ਹਨ ਜੋ ਮੰਚ ਦੇ ਮਾਧਿਅਮ ਰਾਹੀ ਲੋਕਾਂ/ਦਲਿਤਾਂ ਤੱਕ ਪੁੱਜਿਆਂ ਹੈ। ਹੋਰ ਕੋਈ ਵੀ ਅਜਿਹਾ ਮਿਥ ਭੰਜਕ ਲੇਖਕ ਨਹੀਂ ਜਿਸਦੀ ਮਿਸਾਲ ਦਿੱਤੀ ਜਾ ਸਕੇ। ਜ਼ਰਖੇਜ਼ ਸਮਾਂ ਅਸੀਂ ਅਜਾਈ ਗੁਆ ਰਹੇ ਹਾਂ।

ਸੁਜਾਨ ਸਿੰਘ ਇਕ ਪ੍ਰਗਤੀਵਾਦੀ ਵਿਚਾਰਧਾਰਾ ਦਾ ਲਖਾਇਕ ਕਥਾਕਾਰ ਸੀ। ਉਹ ਜ਼ਾਹਰਾ ਤੌਰ ਤੇ

ਸਮਾਜਵਾਦੀ ਵਿਚਾਰਾਂ ਦਾ ਧਾਰਨੀ ਸੀ। ਆਪਣੀਆਂ ਕਥਾਵਾਂ 'ਚ ਸਮਾਜਵਾਦ ਨੂੰ ਪ੍ਰਸਤੁਤ ਕਰਨ ਸਮੇਂ ਉਸਦੀ ਪਹੁੰਚ ਭਾਵੇਂ ਆਦਰਸ਼ਵਾਦੀ ਸੀ ਪਰੰਤੂ ਉਸਦੀ ਪ੍ਰਤੀਬਧਤਾ, ਈਮਾਨਦਾਰੀ ਅਤੇ ਸੁਹਿਦਰਤਾ ਉੱਤੇ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਉਹ ਖੱਬੀਆਂ ਲਹਿਰਾਂ 'ਚ ਆਪਣੀ ਸਮੱਰਥਾ ਅਨੁਸਾਰ ਯੋਗਦਾਨ ਪਾਉਂਦਾ ਰਿਹਾ ਸੀ। ਉਸਦੀ ਕਹਿਣੀ ਅਤੇ ਕਰਨੀ 'ਚ ਸੁਮੇਲਤਾ ਸੀ ਜਿਸ ਦੀ ਲੋੜ ਸਾਨੂੰ ਅੱਜ ਵੀ ਹੈ।

ਸੁਜਾਨ ਸਿੰਘ ਦੀਆਂ ਕਥਾਵਾਂ 'ਚ ਦਲਿਤ/ਨਿਮਨ ਜਮਾਤ (ਜਿਸਦੀ ਸ਼ਨਾਖ਼ਤ ਮੈਂ ਉੱਪਰ ਕੀਤੀ ਹੈ) ਦੇ ਜਾਤੀਗਤ ਮਸਲੇ, ਉਸਦੀ ਅਧੋਗਤੀ, ਉਸ ਨਾਲ ਵਾਪਰਦੀਆਂ ਅਣਹੋਣੀਆਂ, ਉਸਦੀ ਲੁੱਟ ਅਤੇ ਸ਼ੋਸ਼ਣ, ਉਸ ਨਾਲ ਕੀਤੇ ਜਾਂਦੇ ਧੱਕੇ-ਅਨਿਆਂ, ਦੁਰਵਿਵਹਾਰ-ਅਤਿਆਚਾਰ, ਉਸਦੀਆਂ ਅਪੂਰਤ ਇਛਾਵਾਂ-ਅਤ੍ਰਿਪਤ ਮਨੋਭਾਵਨਾਵਾਂ ਨੂੰ ਬੜੇ ਮਾਰਮਕ ਰੂਪ 'ਚ ਵਿਅਕਤ ਕੀਤਾ ਹੈ। ਸੁਜਾਨ ਸਿੰਘ ਨੇ ਨਾਰੀ ਵਰਗ ਦੀ ਵੇਦਨਾ, ਉਸਦੀ ਕਰੁਣਾਮਈ ਅਤੇ ਵਿਡੰਬਨਾਮਈ ਸਥਿਤੀ ਦਾ ਵੀ ਵਰਨਣ ਕੀਤਾ ਹੈ। ਨਾਰੀ ਵਰਗ ਮਧਵਰਗੀ ਮਰਦਾਂ ਤੋਂ ਹੀ ਨਹੀਂ ਸਗੋਂ ਦਲਿਤ ਅਤੇ ਨਿਮਨ ਵਰਗੀ ਮਰਦਾਂ ਤੋਂ ਵੀ ਪੀੜਤ ਅਤੇ ਪਰੇਸ਼ਾਨ ਹੈ। ਉਸ ਦਾ ਉਤਪੀੜਨ, ਉਸ ਨਾਲ ਅਨਿਆਂ, ਉਸਦੀ ਸਰੀਰਕ ਅਤੇ ਮਾਨਸਕ ਲੁੱਟ ਅਤੇ ਸ਼ੋਸ਼ਣ ਆਮ ਵਰਤਾਰੇ ਹਨ ਜਿਨ੍ਹਾਂ ਨੂੰ ਸੁਜਾਨ ਸਿੰਘ ਨੇ ਆਪਣੀਆ ਕਥਾਵਾਂ 'ਚ ਦ੍ਰਿਸ਼ਮਾਨ ਕੀਤਾ ਹੈ। ਵਿਸ਼ੇਸਕਰਕੇ ਸੁਜਾਨ ਸਿੰਘ ਨੇ ਜਾਤਪਾਤ, ਛੂਆ ਛਾਤ, ਰੰਗ ਭੇਦ ਵਰਗੇ ਅਹਿਮ ਅਤੇ ਜਦੀਦ ਮਸਲਿਆਂ ਨੂੰ ਆਪਣੀਆਂ ਕਥਾਵਾਂ 'ਚ ਰਜਿਸਟਰਡ ਕੀਤਾ ਹੈ। ਇਨ੍ਹਾਂ ਗੰਭੀਰ ਮਸਲਿਆਂ ਨੂੰ ਨਜਿੱਠਣ ਲਈ ਸੁਜਾਨ ਸਿੰਘ ਦੀ ਪਹੁੰਚ ਅਤੇ ਵਿਚਾਰਧਾਰਾ ਅੱਗੇ ਵਧੂ ਰਹੀ ਹੈ। ਸੁਜਾਨ ਸਿੰਘ ਉਪਰੋਕਤ ਹਰ ਮਸਲੇ ਦਾ ਹੱਲ ਜਮਾਤ ਰਹਿਤ ਸਮਾਜ ਸਥਾਪਤ ਕਰਨ ਵਿੱਚ ਗਰਦਾਨਦਾ ਹੈ ਇਸੇ ਕਰਕੇ ਉਸਦੀ ਲੱਗਭੱਗ ਪ੍ਰਤੀਏਕ ਕਥਾ ਵਿੱਚ ਇੱਛਤ ਯਥਾਰਥ ਭਾਰੂ ਹੈ।

ਸੁਜਾਨ ਸਿੰਘ ਨੇ ਜ਼ਿੰਦਗੀ ਦੇ ਹਾਸ਼ੀਏ ਕਿਰਤੀ ਅਤੇ ਮਜ਼ਦੂਰ ਵਰਗ ਦੇ ਲੋਕਾਂ ਦੀ ਵੇਦਨਾਮਈ, ਸਮੱਸਿਆਵਾਂ ਲਿਬਰੇਜ਼ ਜ਼ਿੰਦਗੀ ਦੀ ਗਾਥਾ ਦਾ ਮਾਰਮਕ ਵਰਨਣ ਬਹੁਤ ਸਾਰੀਆਂ ਕਥਾਵਾਂ 'ਚ ਰੂਪਮਾਨ ਕੀਤਾ ਹੈ। ਇਸ ਲੁੱਟ ਅਧਾਰਤ ਆਰਥਕ ਪ੍ਰਬੰਧ ਵਿੱਚ ਇਸ ਕਿਰਤੀ-ਮਜ਼ਦੂਰ-ਮਿਹਨਤਕਸ਼ ਨੂੰ ਆਪਣੀਆਂ ਲੋੜਾਂ-ਇਛਾਵਾਂ ਪੂਰਤ ਕਰਨ ਲਈ ਦਿਨ ਰਾਤ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਪਰੰਤੂ ਫਿਰ ਵੀ ਉਸਦੀਆਂ ਲੋੜਾਂ-ਇਛਾਵਾਂ ਨਿਗੂਣੀਆਂ ਉਜਰਤਾਂ ਨਾਲ ਪੂਰਤੀ ਨਹੀ ਹੁੰਦੀਆਂ। ਉਸ ਸਾਹਮਣੇ ਸੱਮਸਿਆਵਾਂ ਹੀ ਸੱਮਸਿਆਵਾਂ ਹਨ ਜਿਨ੍ਹਾਂ ਦਾ ਉਸ ਕੋਲੋ ਨਿਵਾਰਨ ਨਹੀਂ ਹੁੰਦਾ। ਉਹ ਆਪਣੇ ਬੱਚਿਆਂ ਨੂੰ ਵਿਦਿਆਂ ਦੇਣ ਤੋਂ ਅਸਮਰੱਥ ਹੈ। ਮਨੋਰੰਜਨ ਉਸਦੇ ਜੀਵਨ 'ਚੋ ਮਨਫੀ ਹੈ। ਇਸ ਦੇ ਵਿਪਰੀਤ ਕਿਰਤੀ-ਮਜ਼ਦੂਰ ਦੀ ਕਿਰਤ ਤੇ ਪਲਣ ਵਾਲਾ ਸਗੋਂ ਹੋਰ ਅਮੀਰ ਹੋ ਰਿਹਾ ਹੈ। ਇਕ ਕਿਰਤੀ ਸਾਧਨ ਹੀਣ ਹੈ, ਉਸ ਕੋਲ ਆਪਣੀ ਕਿਰਤ ਵੇਚਣ ਤੋਂ ਸਵਾਏ ਕੁਝ ਨਹੀਂ ਹੁੰਦਾ। ਸਮੁੱਚੇ ਪੈਦਾਵਾਰੀ ਸਾਧਨਾਂ ਤੇ ਕਬਜ਼ਾ ਪੂੰਜੀਪਤੀ ਦਾ ਹੁੰਦਾ ਹੈ ਜਿਹੜਾ ਕਿਰਤੀ ਦੀ ਕਿਰਤ ਦੀ ਲੁੱਟ ਅਤੇ ਸ਼ੋਸ਼ਣ ਦੇ ਬਲ ਰਾਹੀਂ ਜਿਉਂਦਾ ਹੈ। 'ਸਵਰਗ ਦੀ ਝਲਕ' ਅਜਿਹੀ ਭਾਵਨਾਂ ਦੀ ਤਰਜਮਾਨੀ ਕਰਦੀ ਕਥਾ ਹੈ ਜਿਸ ਵਿੱਚ ਇਕ ਠੇਕੇਦਾਰ ਵੇਹਲਾ ਬੈਠਾ ਹੀ ਕਿਰਤੀ ਦੀ ਕਿਰਤ ਲੁੱਟਦਾ ਹੈ। ਇਹ ਕਥਾ ਠੇਕੇਦਾਰੀ ਸਿਸਟਮ ਦੀ ਕਰੂਰਤਾ ਬਾਰੇ ਇਕ ਚਿੰਨ੍ਹਾਤਮਕ ਕਥਾ ਹੈ। ਠੇਕੇਦਾਰੀ ਸਿਸਟਮ ਪੂੰਜੀਵਾਦ ਦਾ ਇਕ ਅਹਿਮ ਅੰਗ ਹੈ। ਸੁਜਾਨ ਸਿੰਘ ਇਸ ਲੁੱਟ-ਸ਼ੋਸ਼ਣ ਵਾਲੇ ਸਿਸਟਮ ਨੂੰ ਖਤਮ ਕਰਕੇ ਸਮਾਜਵਾਦ ਲਿਆਉਣ ਲਈ ਹੋਕਾ ਦਿੰਦਾ ਹੈ। 'ਹੱਲ' ਕਥਾ ਵੀ ਅਜਿਹੀ ਹੈ ਜਿਸ ਵਿੱਚ ਮਜ਼ਦੂਰ ਆਪਣੀਆਂ ਉਜਰਤਾਂ ਵਧਾਉਣ ਲਈ ਜਥੇਬੰਦ ਹੁੰਦੇ ਹਨ। ਸੰਘਰਸ਼ ਰਾਹੀ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਦੇ ਹਨ।

'ਬਾਗਾਂ ਦਾ ਰਾਖਾ' ਇਕ ਅਜਿਹੀ ਕਥਾ ਹੈ ਜਿਸ ਵਿੱਚ ਬਾਰੂ ਇਕ ਬਾਗਾਂ ਦਾ ਰਾਖਾ ਹੈ ਪਰ ਉਹ ਭੁੱਖਮਰੀ ਦੀ ਸ਼ਿਕਾਰ ਹੈ। ਉਸਨੂੰ ਬੀਮਾਰ ਹੋਣ ਦੇ ਬਾਵਜੂਦ ਵੀ ਬਾਗਾਂ ਦੀ ਰਾਖੀ ਕਰਨੀ ਪੈਂਦੀ ਹੈ। ਤਰਾਸਦਕ ਅਤੇ ਦੁਖਦ ਪਹਿਲੂ ਇਹ ਹੈ ਕਿ ਅਜਿਹੇ ਸਮੇਂ ਉਸ ਦੀ ਮਦਦ ਉਸਦਾ ਪਰਿਵਾਰ ਵੀ ਨਹੀਂ ਕਰਦਾ। ਸ਼ਾਹ ਦੀਆਂ ਗਾਲ੍ਹਾਂ ਨਾਲ ਵੀ ਪੀੜਤ ਪਰਿਵਾਰ ਨੂੰ ਕੋਈ ਫਰਕ ਨਹੀਂ ਪੈਂਦਾ। ਗਰੀਬੀ ਨੇ ਉਨ੍ਹਾਂ



ਦੀ ਇੱਜ਼ਤ ਅਤੇ ਸਵੈਮਾਨ ਨੂੰ ਖ਼ਤਮ ਕਰ ਦਿੱਤਾ ਹੈ। ਬਾਰੂ ਇਸ ਕਥਾ ਦਾ ਅਜਿਹਾ ਚਿਨ੍ਹ ਹੈ ਜਿਸ ਰਾਹੀਂ ਇਸ ਦਲਿਤ ਵਰਗ ਦੀ ਤਰਾਸਦੀ ਦਾ ਵਰਨਣ ਕੀਤਾ ਗਿਆ ਹੈ। ਬਾਰੂ ਵਰਗੇ ਲੋਕਾਂ ਦਾ ਬਾਗਾਂ/ਜ਼ਮੀਨਾਂ ਤੇ ਹੱਕ ਹੋਣਾ ਚਾਹੀਦਾ ਹੈ ਜਦ ਕਿ ਜ਼ਿਮੀਦਾਰ ਅਤੇ ਸ਼ਾਹਾਂ ਦਾ ਨਹੀਂ, ਅਜਿਹੀ ਚੇਤਨਾ ਸੁਜਾਨ ਸਿੰਘ ਦਲਿਤ ਵਰਗ ਨੂੰ ਪ੍ਰਦਾਨ ਕਰਦਾ ਹੈ। 'ਕੁਲਫ਼ੀ' ਵੀ ਇਕ ਗਰੀਬ ਪਰਿਵਾਰ ਦੀ ਕਥਾ ਹੈ ਜੋ ਆਪਣੇ ਬੱਚਿਆਂ ਦੀਆਂ ਨਾ ਮਾਤਰ ਇਛਾਵਾਂ ਪੂਰਤੀ ਕਰਨ ਤੋਂ ਅਸਮਰੱਥ ਹੈ। ਗਰੀਬ ਬੱਚਾ ਜੋ ਬੂਲੀ (ਅਮੀਰ ਬੱਚਾ) ਤੋਂ ਕੁਲਫ਼ੀ ਖੋਹੰਦਾ ਹੈ, ਦਲਿਤ ਜਮਾਤ ਦਾ ਪ੍ਰਤੀਕ ਹੈ ਅਤੇ ਬੂਲੀ ਸਰਮਾਏਦਾਰ ਦਾ ਪ੍ਰਤੀਕ। ਇਸ ਕਹਾਣੀ ਦਾ ਇਹੋ ਪ੍ਰਮੁੱਖ ਸੁਨੇਹਾ ਹੈ ਕਿ ਦਲਿਤਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਉਸ ਗਰੀਬ ਬੱਚੇ ਵਰਗਾ ਕਦਮ ਚੁੱਕਣਾ ਪਵੇਗਾ, ਅਜਿਹੇ ਕਦਮ ਤੋਂ ਬਿਨਾਂ ਹੱਕ/ਸ਼ਕਤੀ ਨਹੀਂ ਮਿਲਣੀ। 'ਨੇੜੇ-ਨੇੜੇ' ਅਤੇ 'ਕਪੂਰ ਅਤੇ ਮਜ਼ਦੂਰ' ਕਥਾਵਾਂ ਮਜ਼ਦੂਰਾਂ ਦੇ ਜਥੇਬੰਦਕ ਏਕੇ ਨਾਲ ਸੰਬੰਧਤ ਹਨ, ਉਹ ਆਪਣੀਆਂ ਮੰਗਾਂ ਮੰਨਵਾਉਣ ਉਜਰਤਾਂ ਵਧਾਉਣ ਲਈ ਸੰਘਰਸ਼ ਕਰਦੇ ਹਨ ਅਤੇ ਕੁਝ ਨਾ ਕੁਝ ਪ੍ਰਾਪਤ ਵੀ ਕਰ ਲੈਂਦੇ ਹਨ। 'ਕਪੂਰ ਅਤੇ ਮਜ਼ਦੂਰ' ਕਥਾ ਤਾਂ ਜਾਤ ਦੀ ਬਜਾਏ ਜਮਾਤ ਦਾ ਸਬਕ ਵੀ ਪੜਾਉਂਦੀ ਹੈ। ਮਹਾਂਕਵੀ, ਕਲਮ ਜਾਗ ਪਈ, ਮਨੁੱਖ ਅਤੇ ਪਸ਼ੂ, ਇਕੋ ਰਸਤਾ, ਬਹਾਦਰ, ਹੱਲ, ਗੁਲਾਬ ਅਤੇ ਗਲਤੀ ਅਜਿਹੀਆਂ ਹੀ ਕਥਾਵਾਂ ਹਨ ਜਿਨ੍ਹਾਂ ਵਿੱਚ ਦਲਿਤਾਂ/ਮਜਦੂਰਾਂ ਨੂੰ ਜਮਾਤੀ ਤੌਰ ਤੇ ਚੇਤਨ ਹੋ ਕੇ ਜਮਾਤੀ ਸੰਘਰਸ਼ ਕਰਨ ਲਈ ਪਰੇਰਿਆ ਹੈ। ਇਹਨਾਂ ਕਥਾਵਾਂ ਦਾ ਕੇਂਦਰੀ ਮੋਟਿਫ ਇਹ ਹੈ ਕਿ ਜ਼ਾਤ ਪਾਤ, ਛੂਆਛਾਤ, ਰੰਗਭੇਦ ਨੂੰ ਤਿਲਾਂਜਲੀ ਦੇਣੀ ਪਵੇਗੀ ਅਤੇ ਜਥੇਬੰਦਕ ਸੰਘਰਸ਼ ਕਰਕੇ ਜਮਾਤ ਰਹਿਤ ਸਮਾਜ ਸਿਰਜਣਾ ਪਵੇਗਾ।

ਕਿਸਮਤਵਾਦ ਵਿੱਚ ਦਲਿਤਾਂ ਦਾ ਵਧੇਰੇ ਅਕੀਦਾ ਹੈ। ਇਹ ਭਾਈਚਾਰਾ ਵਧੇਰੇ ਅੰਧ ਵਿਸ਼ਵਾਸੀ, ਵਹਿਮੀ ਭਰਮੀਂ ਹੈ। ਸੁਜਾਨ ਸਿੰਘ ਨੇ 'ਬੰਦ ਖਲਾਸ', 'ਜਾਗਾ', ਇਲਾਜ ਅਤੇ 'ਗਰੀਬਾਂ ਦਾ ਵਿਸ਼ਵਾਸ' ਆਦਿ ਕਥਾਵਾਂ ਵਿੱਚ ਇਸ ਵਰਗ ਦੀ ਮਾਨਸਿਕਤਾ ਚੋ ਦਕੀਆਨੂਸੀ ਕਦਰਾਂ ਕੀਮਤਾਂ, ਅੰਧ ਵਿਸ਼ਵਾਸਾਂ ਅਤੇ ਥੋਥੇ ਸੰਸਕਾਰਾਂ ਨੂੰ ਕੱਢਣ ਲਈ ਤਰਕਸ਼ੀਲ ਵਿਸ਼ੇ ਅੰਕਿਤ ਕੀਤੇ ਹਨ। ਸੁਜਾਨ ਸਿੰਘ ਦਲਿਤਾਂ ਨੂੰ ਅਖੌਤੀ ਧਾਰਮਕ ਪ੍ਰਤਿਮਾਨਾਂ ਨੂੰ ਤਿਆਗ ਕੇ ਮਾਨਵਤਾ ਧਰਮ ਗ੍ਰਹਿਣ ਕਰਨ ਲਈ ਪਰੇਰਿਤ ਕਰਦਾ ਹੈ। ਕਲਿਆਨ ਸੁੰਦਰੀ, ਖੁਸ਼ੀ ਦਾ ਦਿਨ ਅਤੇ ਪਹੁ ਫੁੱਟ ਵੀ ਇਸ ਪੱਖੋਂ ਯਾਦਗਾਰੀ ਕਥਾਵਾਂ ਹਨ।

ਜਾਤਪਾਤ, ਵਰਨਵੰਡ ਭਾਰਤ ਵਿੱਚ ਇਕ ਵੱਡ ਆਕਾਰੀ ਅਤੇ ਖਤਰਨਾਕ ਮਸਲਾ ਹੈ ਜਿਸ ਦੀ ਨਿਕਟ ਭਵਿੱਖ ਵਿੱਚ ਸੁਲਝਣ ਦੀ ਸੰਭਾਵਨਾ ਨਹੀਂ। ਇਹ ਭਾਰਤੀ ਸਮਾਜ ਦੇ ਮੱਥੇ ਤੇ ਕਲੰਕ ਵਾਂਗ ਹੈ। ਨਵ-ਪੂੰਜੀਵਾਦ ਦੇ ਇਸ ਦੌਰ ਵਿੱਚ ਵੀ ਇਹ ਵਿਕਰਾਲ ਅਤੇ ਕੁਹਜਮਈ ਪ੍ਰਥਾ ਟੁੱਟੀ ਨਹੀਂ। ਭਿੱਟ, ਛੂਆਛਾਤ, ਭੇਦ-ਭਾਵ, ਦਮਨ-ਅਤਿਆਚਾਰ ਅਤੇ ਲੁੱਟ ਸ਼ੋਸ਼ਣ ਦਲਿਤ ਵਰਗ ਅੱਜ ਵੀ ਭੋਗ ਰਿਹਾ ਹੈ।

ਇਸ ਵਰਗ ਨਾਲ ਹੁੰਦਾ ਇਹ ਧੱਕਾ, ਇਸ ਵਰਗ ਦਾ ਇਹ ਦਰਦ ਮਾਨਵ-ਵਾਦੀ ਲੇਖਕਾਂ ਦੇ ਸਦਾ ਏਜੰਡੇ ਤੇ ਰਿਹਾ ਹੈ (ਅਤੇ ਅੱਜ ਵੀ ਹੈ)। ਸਾਡੇ ਅਜਿਹੇ ਲੇਖਕਾਂ ਦਾ ਜਾਤਪਾਤ-ਰੰਗਭੇਦ-ਛੂਆਛਾਤ 'ਚ ਬਿਲਕੁੱਲ ਵਿਸ਼ਵਾਸ਼ ਨਹੀਂ। ਸੁਜਾਨ ਸਿੰਘ ਨੇ ਵੀ ਆਪਣੀਆਂ ਕਥਾਵਾਂ ਵਿੱਚ ਇਸ ਵਿਰਾਟ ਅਤੇ ਵਿਕਰਾਲ ਮਸਲੇ ਨੂੰ ਅਗਰਭੂਮੀ 'ਚ ਰੱਖ ਕੇ ਨਜਿੱਠਣ ਦਾ ਸੁਹਿਰਦ ਜਤਨ ਕੀਤਾ ਹੈ। 'ਪ੍ਰਾਹੁਣਾ' ਕਥਾ ਏਕ ਪਿਤਾ ਏਕਸ ਕੇ ਹਮ ਬਾਰਿਕ ਦੇ ਵਿਸ਼ਵਾਸ਼ ਦੀ ਲਖਾਇਕ ਕਥਾ ਹੈ। ਪਰ 'ਬਾਗਾਂ ਦਾ ਰਾਖਾ' ਕਥਾ ਵਿੱਚ ਸੁਜਾਨ ਸਿੰਘ ਅਖੌਤੀ ਆਰੀਅਨ ਸਭਿਅਤਾ ਦੀ ਖਿੱਲੀ ਉਡਾਉਂਦਾ ਹੈ ਕਿਉਂਕਿ ਇਹ ਸਭਿਅਤਾ ਜ਼ਾਤਪਾਤ ਉੱਪਰ ਆਧਾਰਤ ਹੈ। ਬਾਰੂ ਵਰਗੇ ਦਲਿਤਾਂ ਦੇ ਪੁਰਖਿਆਂ ਦੇ ਕੰਨਾਂ 'ਚ ਸਦੀਆਂ ਪਹਿਲਾਂ ਸਿੱਕਾ ਢਾਲ ਕੇ ਪਾਇਆ ਗਿਆ ਤਾਂ ਕਿ ਉਹ ਦੇਵ ਬਾਣੀ ਨਾ ਸੁਣ ਸਕਣ। ਮਹਾਤਮਾ ਬੁੱਧ, ਰਵੀਦਾਸ, ਕਬੀਰ, ਨਾਨਕ ਅਤੇ ਗੁਰੂ ਗੋਬਿੰਦ ਸਿੰਘ ਹੁਰਾਂ ਨੇ ਜ਼ਾਤਪਾਤ ਤੋੜਨ ਲਈ ਅਨੇਕਾਂ ਇਸ ਸੁਰੰਚਨਾਂ ਉੱਪਰ ਪ੍ਰਹਾਰ ਕੀਤੇ ਪਰ ਬ੍ਰਹਮਵਾਦ ਸਮੇਂ ਸਮੇਂ ਜ਼ਾਤਪਾਤ ਵਿਵਸਥਾ ਵਿਚ ਅੜਿੱਕਾ ਬਣਦਾ ਰਿਹਾ ਜਿਸ ਕਾਰਨ ਜ਼ਾਤ ਪਾਤ ਦਾ ਵਜੂਦ ਅੱਜ ਵੀ ਹੈ। ਸੁਜਾਨ ਸਿੰਘ ਬ੍ਰਹਮਵਾਦ ਦੀ ਇਸ ਕਰੂਰਤਾ ਅਤੇ ਬਰਬਰਤਾ ਦਾ ਆਪਣੀ

ਉਕਤ ਕਥਾ ਵਿੱਚ ਪਰਦਾ ਚਾਕ ਕਰਦਾ ਹੈ।

'ਇੱਜ਼ਤ ਦਾ ਸਵਾਲ' ਦਲਿਤਾਂ ਵਿੱਚ ਵਿਦਮਾਨ ਅਨੇਕਾਂ ਜਾਤਾਂ ਉਪਜਾਤਾਂ ਦੀਆਂ ਕਈ ਪਰਤਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਜਾਤਾਂ-ਉਪਜਾਤਾਂ ਇਕ ਦੂਜੇ ਨਾਲ ਵਰਤ-ਵਰਤਾਰਾ, ਲੈਣ-ਦੇਣ ਨਹੀਂ ਰੱਖਦੀਆਂ। ਪਰਸਪਰ ਇਕ ਦੂਜੇ ਨੂੰ ਹਿਕਾਰਤੀ ਨਜ਼ਰ ਨਾਲ ਵੀ ਦੇਖਦੀਆਂ ਹਨ। ਇਹੋ ਕਾਰਨ ਹੈ ਕਿ ਪਿੰਡ ਵਿੱਚ ਜੇਕਰ ਕੋਈ ਮਸਲਾ ਖੜ੍ਹਾ ਹੋ ਜਾਵੇ ਤਾਂ ਉਹ ਜਾਤੀਗਤ-ਮਸਲਾ ਬਣ ਜਾਂਦਾ ਹੈ। ਉਪਰੋਕਤ ਕਥਾ ਵਿੱਚ ਸੁਜਾਨ ਸਿੰਘ ਦਲਿਤਾਂ ਦੇ ਮਸਲੇ ਜੋ ਜਾਤੀਗਤ ਰੂਪ/ਰੁਖ ਅਪਨਾ ਲੈਂਦੇ ਹਨ, ਉਨ੍ਹਾਂ ਨੂੰ ਜਮਾਤੀ ਰੰਗਣ ਦੇਣ ਦਾ ਪ੍ਰਯਾਸ ਕਰਦਾ ਹੈ। ਲੇਖਕ ਦੀ ਇਹ ਪਹੁੰਚ ਭਾਵੇਂ ਇਛੱਤ-ਯਥਾਰਥਵਾਦੀ ਹੈ ਪਰੰਤੂ ਇਹ ਭਾਵਨਾਂ/ਵਿਚਾਰ ਭਵਿੱਖਮੁਖੀ ਹਨ। 'ਪਾਸੇ ਦਾ ਸੋਨਾ' ਛੂਆ-ਛਾਤ ਅਤੇ ਭਿੱਟ ਦੇ ਮਸਲੇ ਕਾਰਗਰ ਕਥਾ ਹੈ। ਦੋਸਤ, ਇਮਤਿਹਾਨ, ਇਕੋ ਰਸਤਾ, ਹਮਦਰਦ, ਮਹਾਨਤਾ, ਤਿਆਗੀ ਅਤੇ ਕਲਿਆਣ ਸੁੰਦਰੀ ਕਥਾਵਾਂ ਵਿੱਚ ਅਜਿਹੇ ਹੀ ਮਸਲੇ ਵਿਅਕਤ ਗਏ ਹਨ ਅਤੇ ਇਨ੍ਹਾਂ ਜਾਤ-ਪਾਤ ਦੇ ਮਸਲਿਆਂ ਦਾ ਹੱਲ 'ਸਮਾਜਵਾਦ' ਵਿੱਚ ਹੀ ਸੰਭਵ ਹੈ, ਇਹੋ ਇਨ੍ਹਾਂ ਕਥਾਵਾਂ ਦਾ ਕੇਂਦਰੀ ਨੁਕਤਾ/ਵਿਚਾਰ ਹੈ। 'ਕੁੱਤਾ' ਕਥਾ ਇਕ ਵੱਖਰੇ ਜ਼ਾਵੀਏ ਦੀ ਕਥਾ ਹੈ। ਕਥਾ ਵਿੱਚ ਇਕ ਪਰਿਵਾਰ ਈਸਾਈ ਧਰਮ ਇਸ ਲਈ ਗ੍ਰਹਿਣ ਕਰਦਾ ਹੈ ਤਾਂ ਕਿ ਉਹ ਆਪਣੇ ਨਾਂ ਨਾਲੋਂ ਚੂੜ੍ਹਾ ਸ਼ਬਦ ਲਾਹ ਸਕੇ ਪਰ ਅਜਿਹਾ ਸੰਭਵ ਨਹੀਂ ਹੁੰਦਾ ਕਿਉਂਕਿ ਸਵਰਨ ਜਾਤਾਂ ਦੇ ਲੋਕ ਦਲਿਤ-ਜਾਤਾਂ ਨੂੰ ਸਮਾਨ ਰੁਤਬਾ/ਮਾਨਤਾ ਨਹੀਂ ਦਿੰਦੀਆਂ। ਸੋ ਦਲਿਤਾਂ ਨੂੰ ਆਪਣਾ ਸਮਾਨਤਾਯੋਗ ਰੁਤਬਾ ਹਾਸਲ ਕਰਨ ਲਈ ਅਜੇ ਹੋਰ ਸੰਘਰਸ਼ ਕਰਨਾ ਪਵੇਗਾ। ਇਹੀ ਇਸ ਕਥਾ ਦਾ ਸੰਕੇਤ ਹੈ।

ਸਾਡੇ ਸਮਾਜ ਵਿੱਚ ਨਾਰੀ ਵਰਗ ਦੂਹਰੀ-ਤਿਹਰੀ ਗੁਲਾਮੀ ਭੋਗ ਰਹੀ ਹੈ। ਔਰਤਾਂ ਨਾਲ ਬਲਾਤਕਾਰ, ਛੇੜਛਾੜ, ਕੁੱਟਮਾਰ, ਜ਼ਬਰਜ਼ੁਲਮ, ਹੱਤਿਆ, ਧੱਕੇ-ਧੋੜੇ, ਅਨਿਆਂ ਇਕ ਆਮ ਵਰਤਾਰਾ ਹੈ। ਉਸਨੂੰ ਪੈਰ ਦੀ ਜੁੱਤੀ ਗਰਦਾਨਿਆ ਜਾਂਦਾ ਹੈ। ਭੋਗਣ ਦੀ ਵਸਤੂ ਸਮਝਿਆ ਹੈ। ਮੰਡੀ ਦੀ ਵਸਤੂ ਵਾਂਗ ਖ਼ਰੀਦੋ ਫ਼ਰੋਖ਼ਤ ਕੀਤੀ ਜਾਂਦੀ ਹੈ। ਔਰਤ ਦੀ ਬੇਤਹਾਸ਼ਾ ਲੁੱਟ-ਸ਼ੋਸ਼ਣ ਹਰ ਵਰਗ ਕਰਦਾ ਹੈ। ਕਿਸੇ ਵੀ ਅਖੌਤੀ ਜਾਤ ਜਾਂ ਧਰਮ ਵਿੱਚ ਉਸਦਾ ਦਰਜਾ ਸਾਵਾਂ ਨਿਆਂ ਸੰਗਤ ਅਤੇ ਅਦਬਯੋਗ ਨਹੀਂ ਸਗੋਂ ਅਤੀ ਨੀਵਾਂ, ਨਿਗੂਣਾ ਅਤੇ ਵਿਡੰਬਨਾਮਈ ਹੈ। ਸਾਡਾ ਸਮਾਜ ਔਰਤ ਨੂੰ ਨਾ ਘਰੇ ਨਾ ਬਾਹਰ ਕੋਈ ਤਰਜੀਹ ਦਿੰਦਾ ਹੈ। ਉਹ ਹਮੇਸ਼ਾ ਡਰ ਦਹਿਸ਼ਤ ਅਤੇ ਵਹਿਸ਼ਤ ਭਰੇ ਵਿਕਟ ਮਾਹੌਲ ਵਿੱਚ ਸਮਾਂ ਬਸਰ ਕਰ ਰਹੀ ਹੈ।

ਸੁਜਾਨ ਸਿੰਘ ਨੇ ਨਾਰੀ ਵਰਗ ਦੀਆਂ ਵੇਦਨਾਵਾਂ, ਸਮੱਸਿਆਵਾਂ ਨੂੰ ਬਾਰੀਕੀ ਨਾਲ ਸਮਝਿਆ ਹੈ ਅਤੇ ਆਪਣੀਆਂ ਕਥਾਵਾਂ 'ਚ ਮਾਨਵੀ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕੀਤਾ ਹੈ। 'ਅਨਜੋੜ ਵਿਆਹ' ਸਾਡੇ ਸਮਾਜ ਦਾ ਕੌੜਾ ਸੱਚ ਹੈ। ਨੌਜਵਾਨ ਲੜਕੀਆਂ ਨੂੰ ਅਮੀਰ ਬੁੱਢਿਆਂ ਨਾਲ ਵਿਆਹ ਕੇ ਉਨ੍ਹਾਂ ਲੜਕੀਆਂ ਦੀਆਂ ਕਾਵਨਾਵਾਂ ਦਾ ਹਨਨ ਕੀਤਾ ਜਾਂਦਾ ਹੈ। ਇਸ ਸੰਕਟ/ਸਮੱਸਿਆ ਦੇ ਮੋਚਨ ਲਈ ਸੁਜਾਨ ਸਿੰਘ ਨੇ ਅਨਜੜ ਅਤੇ 'ਰਾਸ ਲੀਲ੍ਹਾ' ਵਰਗੀਆਂ ਖੂਬਸੂਰਤ ਕਥਾਵਾਂ ਦੀ ਰਚਨਾ ਕੀਤੀ ਹੈ।

'ਰੱਬ ਦੀ ਮੌਤ' ਕਥਾ ਵਿੱਚ ਇਕ ਗਰੀਬ ਨੌਜਵਾਨ ਲੜਕੀ ਨਾਲ ਕਾਰਖਾਨੇ ਦਾ ਮਾਲਕ ਜਬਰਜਿਨਾਹ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਬਰਜਿਨਾਹ ਦਾ ਮੌਕਾ ਪ੍ਰਦਾਨ ਕਰਨ ਵਿੱਚ ਰੇਸ਼ਮਾਂ ਦੇ ਮਜ਼ਦੂਰ ਸਾਥੀ ਕਾਰਖਾਨੇਦਾਰ ਦੀ ਮਦਦ ਕਰਦੇ ਹਨ ਪਰੰਤੂ ਰੇਸ਼ਮੋ ਆਪਣੀ ਇਜ਼ੱਤ ਬਚਾਉਣ ਲਈ ਉਸ ਨੂੰ ਚੱਲ ਰਹੀਆਂ ਮਸ਼ੀਨਾਂ 'ਚ ਧੱਕਾ ਦੇ ਕੇ ਮਾਰ ਦਿੰਦੀ ਹੈ। ਇਸ ਕਥਾ ਦਾ ਕੇਂਦਰੀ ਮੋਟਿਫ ਇਹੋ ਹੈ ਕਿ ਮਜ਼ਦੂਰ ਅਜੇ ਸੰਗਠਿਤ ਨਹੀਂ, ਉਹ ਕਾਰਖਾਨੇਦਾਰ ਦੇ ਚਾਪਲੂਸ ਹਨ ਜਿਸ ਕਾਰਨ ਅਜਿਹੇ ਦੁਖਾਂਤ ਵਾਪਰਦੇ ਹਨ। ਅਜਿਹੇ ਬਦਤਰ ਮਾਹੌਲ ਵਿੱਚ ਰੇਸ਼ਮ ਵਰਗੀਆਂ ਲੜਕੀਆਂ ਕੋਲ ਇਕੋ ਰਾਹ ਬਚਦਾ ਹੈ ਜਿਹੜਾ ਉਪਰੋਕਤ ਕਥਾ ਵਿੱਚ ਉਸਨੇ ਚੁਣਿਆ ਹੈ। 'ਦੂਜਾ ਵਿਆਹ' ਅਤੇ 'ਅਪੀਲ' ਔਰਤਾਂ ਨਾਲ ਹੁੰਦੀ ਕੁੱਟਮਾਰ, ਦੁਰਵਿਵਹਾਰ ਦੀਆਂ ਕਥਾਵਾਂ ਹਨ। 'ਨਰਸ' ਨਰਸਾਂ ਦੀ ਸਰੀਰਕ-ਮਾਨਸਕ ਹੁੰਦੀ ਲੁੱਟ-ਸ਼ੋਸ਼ਣ ਦਾ ਬਿਉਰਾ ਹੈ। ਪਛਾਣ, ਦੋ ਰਸਤੇ ਅਤੇ 'ਡੇਢ ਆਦਮੀ' ਕਥਾਵਾਂ 'ਚ ਵੱਖ ਵੱਖ ਔਰਤਾਂ ਨੂੰ ਘਰੇਲੂ ਅਤੇ ਸਮਾਜਕ ਮਜਬੂਰੀ ਕਾਰਨ ਮੰਡੀ 'ਚ ਇਕ ਵਸਤੂ ਵਾਂਗ ਆਪਣਾ ਸਰੀਰ ਵੇਚ ਕੇ ਪੈਸਾ ਕਮਾਉਣਾ ਪੈਂਦਾ ਹੈ। 'ਇੱਜ਼ਤ ਦਾ ਸਵਾਲ' ਕਥਾ ਵਿੱਚ



ਛੇੜਛਾੜ ਅਤੇ ਕੁੜੀਆਂ ਨਾਲ ਕੀਤੀ ਜਾਂਦੀ ਜ਼ਬਰਦਸਤੀ ਦਾ ਸੁਆਲ ਉਤਪੰਨ ਕੀਤਾ ਗਿਆ ਹੈ। 'ਭੀਸ਼ਮ ਤਪੱਸਿਆ' ਇਕ ਵਿਧਵਾ ਔਰਤ ਦੀ ਕਰੁਣਾਮਈ ਜੀਵਨ ਦੀ ਵਾਸਤਵਿਕ ਝਲਕ ਹੈ। 'ਸਿਧਾਰਥ ਕੁਮਾਰ' ਕਥਾ ਵਿੱਚ ਕੁਝ ਔਰਤਾਂ ਨੂੰ ਰੂਪ ਪੱਖੋਂ ਕਰੂਪ ਹੋਣ ਕਾਰਨ ਤਰਾਸਦਕ ਜੀਵਨ ਜਿਉਣ ਲਈ ਬੇਵਸ ਹੋਣਾ ਪੈਂਦਾ ਹੈ। 'ਹਮਦਰਦ' ਕਥਾ ਵਿੱਚ ਇਕ ਸ਼ਾਹ ਕੰਮੀਆਂ ਦੀ ਲੜਕੀ ਨੂੰ ਆਪਣੇ ਚੁੰਗਲ 'ਚ ਫਸਾ ਕੇ ਆਪਣੀ ਕਾਮ ਇੱਛਾ ਦੀ ਪੂਰਤੀ ਕਰਦਾ ਹੈ।

ਪ੍ਰਿੰ. ਸੁਜਾਨ ਸਿੰਘ ਇਕ ਸੁਚੇਤ ਅਤੇ ਪ੍ਰਤੀਬੱਧ ਕਥਾਕਾਰ ਸੀ। ਉਹ ਆਪਣੀਆਂ ਕਥਾਵਾਂ ਰਾਹੀਂ ਨਾਰੀ ਵਰਗ ਨੂੰ ਆਪਣੇ ਹਨਨ ਹੋ ਰਹੇ ਅਧਿਕਾਰਾਂ ਬਾਰੇ ਵਿਵੇਕਸ਼ੀਲ ਕਰਦਾ ਹੈ। ਸੁਜਾਨ ਸਿੰਘ ਦੀਆਂ ਨਾਇਕਾਵਾਂ ਜ਼ਿੰਦਗੀ ਨਾਲ ਜੁੜੀਆਂ ਹੋਈਆਂ ਹਨ ਅਤੇ ਉਹ ਵਿਪਰੀਤ ਪ੍ਰਸਥਿਤੀਆਂ ਵਿਰੁੱਧ ਜਦੋਜਹਿਦ ਕਰਦੀਆਂ ਹਨ। ਉਹ ਹਾਰ ਕੇ ਵੀ ਹਾਰ ਨਹੀਂ ਮੰਨਦੀਆਂ। ਸੁਜਾਨ ਸਿੰਘ ਔਰਤ ਵਰਗ ਨੂੰ ਮਾਨਵ-ਵਾਦੀ ਸੋਝੀ ਪ੍ਰਦਾਨ ਕਰਦਾ ਹੈ, ਇਹੋ ਇਨ੍ਹਾਂ ਕਥਾਵਾਂ ਦਾ ਹਾਂਦਰੂ ਪੱਖ ਹੈ।

'ਸਿੱਟਾ' ਕਥਾ ਟੁੱਟ ਰਹੀ ਨਿੱਕੀ-ਸੀਮਾਂਤ ਕਿਸਾਨੀ ਨਾਲ ਸੰਬੰਧਤ ਹੈ। ਘੱਟ ਜ਼ਮੀਨ ਕਾਰਨ ਨਿੱਕੀ-ਸੀਮਾਂਤ ਕਿਸਾਨੀ ਕਰਜ਼ਈ ਹੋ ਰਹੀ ਹੈ। ਕਰਜ਼ੇ ਕਾਰਨ ਉਸਨੂੰ ਆਪਣੀ ਭੋਇੰ ਵੇਚਣੀ ਪੈ ਰਹੀ ਹੈ। ਜੇ ਉਹ ਭੋਇੰ ਨਹੀਂ ਵੇਚਦੀ ਤਾਂ ਸਿਰੋਂ ਕਰਜ਼ਾ ਨਹੀਂ ਲਹਿੰਦਾ। ਕਿਸਾਨੀ ਦੀਆਂ ਜਿਨਸਾਂ ਦਾ ਵਾਜਬ ਮੁੱਲ ਨਹੀਂ ਪੈਂਦਾ। ਇਸ ਵਰਗ ਨੂੰ ਅਚੇਤ ਹੋਣ ਕਾਰਨ ਹੋਰ ਕੋਈ ਬਦਲ ਨਜ਼ਰ ਨਹੀਂ ਆਉਂਦਾ, ਸਿੱਟੇ ਵਜੋਂ ਉਹ ਖੁਦਕੁਸ਼ੀਆਂ ਦੇ ਉਝੜ ਰਾਹ ਪਈ ਹੋਈ ਹੈ। ਪੂੰਜੀਵਾਦ ਦੇ ਮੌਜੂਦਾ ਆਕਰਮਣ ਨਾਲ ਇਸ ਨਿਮਨ ਕਿਸਾਨੀ ਦੀ ਹਾਲਤ ਹੋਰ ਬਦਤਰ ਹੋਣ ਦੀ ਸੰਭਾਵਨਾ ਬਣ ਗਈ ਹੈ ਜਿਸ ਨਾਲ ਇਸ ਵਰਗ ਦਾ ਹੋਰ ਕੰਗਾਲੀਕਰਨ ਹੋਏਗਾ। ਸਿੱਟੇ ਵਜੋਂ ਉਸਨੂੰ ਆਪਣੀ ਉਪਜੀਵਕਾ ਲਈ ਮਜ਼ਦੂਰੀ ਕਰਨ ਵਰਗਾ ਬਦਲ ਲੱਭਣਾ ਪਵੇਗਾ। ਇਸ ਇਤਿਹਾਸਕ ਵਰਤਾਰੇ ਨੂੰ ਆਧੁਨਿਕ ਬੁਰਜੂਆ ਸਿਧਾਂਤਾਂ ਨਾਲ ਰੋਕਿਆ ਨਹੀਂ ਜਾ ਸਕੇਗਾ। ਅਗੇਤ-ਪਛੇਤ ਇਸ ਨਿਮਨ ਕਿਸਾਨੀ ਨੂੰ ਮਜ਼ਦੂਰ ਵਰਗ ਦਾ ਹਿੱਸਾ ਬਣਨਾ ਪਵੇਗਾ ਅਤੇ ਉਸਨੂੰ ਸਾਮੰਤੀ-ਜੱਟਵਾਦੀ ਹਉਂ ਤਿਆਗਣੀ ਪਵੇਗੀ। ਉਪਰੋਕਤ ਕਥਾ ਅਜਿਹਾ ਹੀ ਸੰਕੇਤ ਦਿੰਦੀ ਜਾਪਦੀ ਹੈ।

'ਦੈਂਤ ਦਾ ਨਾਸ' ਕਥਾ ਵਿੱਚ ਇਕ ਨਕਸਲੀ ਦਲਿਤਾਂ ਦੀਆਂ ਧੀਆਂ ਭੈਣਾਂ ਦੀ ਲੁੱਟੀ ਜਾਂਦੀ ਇੱਜ਼ਤ ਅਤੇ ਕਤਲਾਂ ਦਾ ਬਦਲਾ ਚੁਕਾਉਣ ਲਈ ਤਿੰਨ ਲੱਠਮਾਰ ਧਨੀ ਕਿਸਾਨਾਂ ਦਾ ਕਤਲ ਕਰ ਦਿੰਦਾ ਹੈ। ਇਹ ਕਥਾ ਵਿਅਕਤੀਵਾਦੀ ਕਤਲਾਂ ਦੇ ਸੰਦਰਭ 'ਚ ਕੁਝ ਅਹਿਮ ਪਰ ਵਿਵਾਦਗ੍ਰਸਤ ਪ੍ਰਸ਼ਨਾਂ ਨੂੰ ਮੁਖਾਤਿਬ ਹੈ। ਪਰ ਅਜੇ ਲੋਕ ਜਥੇਬੰਦ ਨਹੀਂ ਜਿਸ ਕਾਰਨ ਇਸ ਵਿਰਾਟ ਸਮੱਸਿਆ ਦਾ ਉਪਰੋਕਤ ਵਕਤੀ ਸਮਾਧਾਨ ਅਨੁਵਾਰੀ ਵੀ ਸੀ।

ਸੁਜਾਨ ਸਿੰਘ ਦੀਆਂ ਕਥਾਵਾਂ ਦੇ ਕਥਾਨਕ/ਬਿਰਤਾਤਾਂ ਵਿੱਚ ਇਕ ਸੁਨੇਹਾ ਹੁੰਦਾ ਹੈ। ਉਸਦੇ ਉਸਾਰੇ ਗਏ ਨਾਇਕ-ਨਾਇਕਾਵਾਂ (ਕਾਮਰੇਡ, ਬੁੱਧੀਜੀਵੀ, ਅੱਗੇਵਧੂ ਲੋਕ, ਜਥੇਬੰਦਕ ਨੇਤਾ, ਦਲਿਤ ਮਰਦ ਅਤੇ ਔਰਤਾਂ) ਸਿਹਤਮੰਦ ਨਵੀਆਂ ਕਦਰਾਂ ਕੀਮਤਾਂ ਦੇ ਧਾਰਨੀ ਅਤੇ ਲਖਾਇਕ ਹਨ। ਉਹ ਜਾਤਪਾਤ, ਧਾਰਮਕ ਪਾਖੰਡਵਾਦ, ਅੰਧ-ਵਿਸ਼ਵਾਸ਼ਾਂ 'ਚ ਅਕੀਦਾ ਨਹੀਂ ਰੱਖਦੇ। ਉਹ ਹਾਰਾਂ-ਪਿਛਾੜਾਂ ਤੋਂ ਨਿਰਾਸ਼ ਨਹੀਂ ਹੁੰਦੇ ਬਲਕਿ ਜ਼ਿੰਦਗੀ ਲਈ ਬਾਰ ਬਾਰ ਸਿਦਕਦਿਲੀ ਅਤੇ ਸੁਹਿਰਦਤਾ ਨਾਲ ਜੂਝਦੇ ਹਨ ਅਤੇ ਆਪਣੀ ਨਿਰਧਾਰਤ ਮੰਜ਼ਲ ਪਾਉਂਦੇ ਹਨ। ਸੁਜਾਨ ਸਿੰਘ ਦੇ ਨਾਇਕ ਨਾਇਕਾਵਾਂ ਸਮਾਜਵਾਦੀ ਸਮਾਜ 'ਚ ਵਿਸ਼ਵਾਸ਼ ਰੱਖਦੇ ਹਨ, ਸਿੱਧੇ ਜਾਂ ਅਸਿੱਧੇ ਉਹ ਸਮਾਜਵਾਦ ਲਈ ਜਦੋਜਹਿਦ ਕਰਦੇ ਹਨ।

ਅੰਤ ਵਿੱਚ ਮੈਂ ਸਮੁੱਚੇ ਸਾਹਿਤਕਾਰਾਂ ਨੂੰ ਦੋ ਸੁਝਾਅ ਦੇਣਾ ਚਾਹੁੰਦਾ ਹੈ। ਇਕ, ਉਨ੍ਹਾਂ ਨੂੰ ਇਸ ਭੂਮੰਡਲੀਕਰਨ, ਨਿੱਜੀਕਰਨ ਅਤੇ ਉਦਾਰੀਕਰਨ ਦੇ ਦੌਰ ਵਿੱਚ ਦਲਿਤ/ਨਿਮਨ ਜਮਾਤ ਨਾਲ ਪ੍ਰਤੀਬੱਧ ਹੋਣਾ ਚਾਹੀਦਾ ਹੈ। ਦੂਜਾ ਸਮਾਜ ਵਿੱਚ ਲੇਖਕਾਂ ਨੂੰ ਅੱਜ ਆਪਣੀ ਸਰਗਰਮ ਭੂਮਿਕਾ/ਦਖ਼ਲਅੰਦਾਜ਼ੀ ਕਰਨੀ ਚਾਹੀਦੀ ਹੈ। ਇਹ ਸਾਡੇ ਸਮਿਆਂ ਦੀ ਅਣਸਰਦੀ ਲੋੜ ਹੈ।

❖❖❖

# ਦਲਿਤ ਚੇਤਨਾ ਅਤੇ ਆਧੁਨਿਕ ਪੰਜਾਬੀ ਕਵਿਤਾ/ਡਾ. ਸਰਬਜੀਤ ਸਿੰਘ

ਦਲਿਤ ਚੇਤਨਾ ਅਤੇ ਦਲਿਤ ਵਰਤਾਰਾ ਅੱਜ ਵਿਭਿੰਨ ਭਾਰਤੀ ਖੇਤਰਾਂ ਵਿਚ ਚਰਚਾ ਦਾ ਵਿਸ਼ਾ ਹੈ। ਕੁਝ ਇਸ ਨੂੰ ਇਕਹਿਰੇ ਰੂਪ ਵਿਚ ਪ੍ਰਵਾਨ ਕਰਦੇ ਹਨ ਅਤੇ ਕੁਝ ਅਜੇ ਵੀ ਸਭਿਆਚਾਰਕ ਅਵਚੇਤਨੀ ਗੰਢ ਕਰਕੇ ਮੂਲੋਂ ਹੀ ਨਕਾਰ ਰਹੇ ਹਨ। ਕੁਝ ਇਸ ਵਰਤਾਰੇ ਨੂੰ ਸਮਝ ਕੇ ਢੁੱਕਵਾਂ ਵਿਚਾਰਧਾਰਕ ਪਰਿਪੇਖ ਬਣਾਉਣ ਦੇ ਅਮਲ ਵਿਚ ਹਨ। ਤਥਾਕਥਿਤ ਸੋਚਵਾਨ ਗੁਲਾਮ ਜ਼ਿਹਨੀਅਤ ਕਰਕੇ ਭਾਰਤੀ ਸਮਾਜ ਦੀ ਜਟਿਲ ਬਣਤਰ ਨੂੰ ਸਮਝਣ ਦੀ ਬਜਾਏ ਬਾਹਰਲੀਆਂ ਅੰਤਰ-ਦ੍ਰਿਸ਼ਟੀਆਂ ਨੂੰ ਢੁਕਾਉਣ ਦੇ ਰਸਤੇ ਪਏ ਹੋਏ ਹਨ। ਇਹ ਬਿਲਕੁਲ ਠੀਕ ਹੈ ਕਿ ਕੌਮਾ ਤਰੀ ਪੱਧਰ ਦੇ ਚਿੰਤਨ ਰਾਹੀ ਅਸੀਂ ਹੋਰ ਸਮਰਿੱਥ ਹੋ ਸਕਦੇ ਹਾਂ ਪਰ ਭਾਰਤ ਸਮਾਜਕ ਸੰਰਚਨਾ ਨੂੰ ਸਮਝਣ ਲਈ ਸਾਨੂੰ ਪੱਛਮਵਾਦ ਦੇ ਗੁਲਾਮ ਨਹੀਂ ਹੋ ਜਾਣਾ ਚਾਹੀਦਾ ਸਗੋਂ ਭਾਰਤੀ ਪਰੰਪਰਾ, ਰੀਤੀਆਂ ਅਤੇ ਅਵਚੇਤਨ ਨੂੰ ਉਥੋਂ ਦੀ ਸੰਰਚਨਾ ਦੀ ਸਮਝ ਤੋਂ ਬਗੈਰ ਨਹੀਂ ਜਾਣਿਆ ਜਾ ਸਕਦਾ। ਭਾਰਤੀ ਸਮਾਜ ਦੀ ਜਟਿਲ ਬਣਤਰ ਨੂੰ ਇਕਹਿਰੇ ਰੂਪ ਵਿਚ ਸਮਝਣ ਵਾਲੇ ਸੋਚਵਾਨ ਆਖਰ ਨੂੰ ਰੱਦਣ ਜਾਂ ਸਵੀਕਾਰਨ ਤੋਂ ਅਗਾਂਹ ਨਹੀਂ ਤੁਰਦੇ। ਇਸੇ ਕਰਕੇ ਸਥਿਤੀ ਗੁੰਝਲਦਾਰ ਅਤੇ ਭੰਬਲਭੂਸੇ ਵਿਚ ਪਾਉਣ ਵਾਲੀ ਬਣੀ ਹੋਈ ਹੈ। ਦਲਿਤ/ਵਰਣ/ਜਾਤ ਦਾ ਵਰਤਾਰਾ ਭਾਰਤੀ ਸਮਾਜ ਦੀ ਅਜਿਹੀ ਵਿਲੱਖਣ ਵਿਸ਼ਸ਼ਤਾ ਹੈ ਜਿਸ ਕਾਰਨ ਇਹ ਦੁਨੀਆਂ ਦੇ ਹੋਰਨਾਂ ਸਮਾਜਾਂ ਤੋਂ ਨਿਵੇਕਲੀ ਹੈ ਪਰੰਤੂ ਇਹ ਵਿਸ਼ੇਸ਼ਤਾ ਵੀ ਏਨੇ ਅਸਾਵੇਂ ਅਤੇ ਉਗੜੇ-ਦੁਗੜੇ ਰੂਪ ਵਿਚ ਹੈ ਕਿ ਜਿਸ ਨੂੰ ਅੱਖਾਂ ਮੀਟਕੇ ਭਾਰਤ ਦੇ ਹਰੇਕ ਪ੍ਰਾਂਤ 'ਤੇ ਜਾਂ ਸਥਾਨ ਵਿਚ ਇਕੋ ਜਿਹਾ ਲਾਗੂ ਨਹੀਂ ਕੀਤਾ ਜਾ ਸਕਦਾ। ਇਸ ਵਰਤਾਰ ਦੀ ਗੁੰਝਲ ਪ੍ਰਤੀ ਸੁਚੇਤ ਕਰਦਿਆਂ ਪ੍ਰਸਿੱਧ ਸਮਾਜਸ਼ਾਸਤਰੀ ਪ੍ਰੋ. ਸ਼ਿਆਮ ਚਰਣ ਦੂਬੇ ਲਿਖਦਾ ਹੈ :-

"ਸੱਚ ਤਾਂ ਇਹ ਹੈ, ਕੋਈ ਇਕਸਾਰ ਸਰਬ ਭਾਰਤੀ ਦਰਜੇਬੰਦੀ ਨਹੀਂ ਮਿਲਦੀ ; ਕੁਝ ਜਾਤਾਂ ਦੀ ਇਕ ਇਲਾਕੇ ਵਿਚ ਇਕ ਕਿਸਮ ਦੇ ਅਹੁਦੇ ਵਾਲੀ ਪਦਵੀ ਹੈ ਅਤੇ ਹੋਰਨਾਂ ਇਲਾਕਿਆਂ ਵਿਚ ਹੋਰ ਪਦਵੀ ਹੈ। ਇਥੋਂ ਤੱਕ ਕਿ ਸਾਰੇ ਹਿੰਦੂ ਸਮਾਜ ਵਿਚ ਵਰਣਾਂ ਦੀ ਵੰਡ ਵੀ ਇਕਸਾਰ ਨਹੀ, ਦੱਖਣ ਵਿਚ ਕੋਈ ਦੇਸੀ ਤੇ ਪ੍ਰਮਾਣਿਕ ਖੱਤਰੀ ਜਾਂ ਵੈਸ਼ ਨਹੀਂ।"

ਅਸਾਂਵੀ ਵੰਡ ਅਤੇ ਬਣਤਰ ਕਾਰਨ ਇਹ ਵਰਤਾਰਾ ਵਧੇਰੇ ਗੁੰਝਲਦਾਰ ਹੈ। ਦੂਸਰਾ ਇਹ ਕਾਰਨ ਵੀ ਹੈ ਕਿ ਅਸੀਂ ਵਰਣ ਅਤੇ ਜਾਤ ਨੂੰ ਇਕੋ ਜਿਹੀ ਪਰਿਭਾਸ਼ਕ ਸ਼ਬਦਾਵਲੀ ਵਿਚ ਕਬੂਲਦੇ ਹੋਏ ਅਗਾਂਹ ਦੋਵਾਂ ਨੂੰ ਏਨਾਂ ਰਲਗੱਡ ਕਰ ਦਿੰਦੇ ਹਾਂ ਕਿ ਜਾਤ ਅਤੇ ਵਰਣ ਇਕ ਦੂਜੇ ਦਾ ਪ੍ਰਾਇਵਾਚੀ ਪ੍ਰਤੀਤ ਹੋਣ ਲੱਗ ਪੈਂਦਾ ਹੈ। ਅਸੀਂ ਵਰਣ ਦੇ ਅੰਤਰ-ਭੇਦ ਵਿਚ ਜ਼ਾਤ ਨੂੰ ਜਜ਼ਬ ਕਰ ਦੇਣ ਨਾਲ ਇਸ ਵਰਤਾਰੇ ਨੂੰ ਹੋਰ ਉਲਝਾ ਦਿੰਦੇ ਹਾਂ। ਵਰਣ ਅਤੇ ਜ਼ਾਤ ਦੋਵੇਂ ਅੱਲਗ ਹਨ। ਜਾਤਾਂ ਅੰਦਰ ਅੱਗੇ ਦਰਜਾਬੰਦੀ ਹੋਰ ਵੀ ਗੁੰਝਲਦਾਰ ਮਸਲਾ ਹੈ। ਪ੍ਰੋ. ਸ਼ਿਆਮ ਚਰਣ ਦੂਬੇ ਦਾ ਨੁਕਤਾ ਵਿਸ਼ੇਸ਼ ਧਿਆਨ ਖਿੱਚਦਾ ਹੈ, "ਅਛੂਤ ਜਾਤਾਂ ਵਿਚਕਾਰ ਵੀ ਛੂਤ-ਛਾਤ ਦੀ ਪ੍ਰਥਾ ਜਾਰੀ ਹੈ। ਆਂਧਰਾਂ ਪ੍ਰਦੇਸ਼ ਵਿੱਚ ਮਾਲਾ ਲੋਕ ਆਪਣੇ ਆਪ ਨੂੰ ਮਦੀਗਿਆਂ ਨਾਲੋਂ ਸ੍ਰੇਸ਼ਠ ਸਮਝਦੇ ਹਨ। ਮਹਾਰਾਸ਼ਟਰ ਦੇ ਮਹਾਰ ਲੋਕ ਆਪਣੇ ਆਪ ਨੂੰ ਢੇਡਾਂ, ਮੰਗਾਂ ਅਤੇ ਹੋਰ ਦਲਿਤ ਸਮੂਹਾਂ ਨਾਲੋਂ ਉਚੇਰੇ ਮੰਨਦੇ ਹਨ। ਉਤਰ ਪ੍ਰਦੇਸ਼ ਤੇ ਬਿਹਾਰ ਵਿਚ ਅਨੁਸੂਚਿਤ ਜਾਤਾਂ ਵਿਚੋਂ ਚਮਾਰਾਂ ਦੀ ਜਾਤ ਉਚੇਰੀ ਹੈ।" ਪੰਜਾਬ ਵੀ ਇਸ ਤਰ੍ਹਾਂ ਦੇ ਵਖਰੇਵੇਂ ਤੋਂ ਮੁਕਤ ਨਹੀਂ ਹੈ।

ਅਸਾਵੀਂ ਵਰਗ ਵੰਡ ਅੱਗੋਂ ਹੋਰ ਕਈ ਗੁੰਝਲਾਂ ਪੈਦਾ ਕਰ ਦਿੰਦੀ ਹੈ ਜਿਸ ਕਾਰਨ ਪੂਰੇ ਭਾਰਤੀ ਪ੍ਰਸੰਗ ਵਿਚ ਇਕ ਦਲਿਤ ਪਰਿਪੇਖ ਬਣਾਉਣ ਵਿਚ ਕਠਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦੂਸਰਾ ਇਹ ਵੀ ਹੈ ਕਿ ਆਜ਼ਾਦੀ ਤੋਂ ਬਾਅਦ ਬੁਰਜ਼ਵਾ ਲੋਕਤੰਤਰੀ ਪ੍ਰਬੰਧ ਦਰਮਿਆਨ ਸਮਕਾਲੀ ਭਾਰਤੀ ਸਮਾਜ ਆਧੁਨਿਕਤਾ ਅਤੇ ਪਰੰਪਰਾ ਦੀ ਤਿੱਖੀ ਕਸ਼ਮਕਸ਼ ਵਿਚੋਂ ਲੰਘ ਰਿਹਾ ਹੈ। ਇਸ ਸਮਾਜ ਵਿੱਚ ਇਕ ਪਾਸੇ ਦਲਿਤਾਂ ਨੂੰ ਸਮਾਜਕ ਰੂਪ ਵਿਚ ਉਚਿਆਉਣ ਦੇ ਯਤਨ ਹਨ ਅਤੇ ਦੂਸਰੇ ਪਾਸੇ ਜਾਤ ਦਾ ਰਾਜਨੀਤੀਕਰਣ ਵੀ ਜਾਰੀ ਹੈ। ਤਾਕਤ ਦੀ ਖਿੱਚ ਨੇ ਜ਼ਾਤ ਕੇਂਦਰਿਤ ਮਸਲਿਆਂ ਨੂੰ ਅਜਿਹਾ ਰੂਪ ਦੇ ਦਿੱਤਾ ਹੈ ਕਿ ਸਮਾਜਕ ਨਿਆਂ, ਲੋਕਤੰਤਰੀ ਕਦਰਾਂ ਕੀਮਤਾਂ ਨੂੰ ਭ੍ਰਿਸ਼ਟ ਰੂਪ ਵਿਚ ਰੂਪਾਂਤਰਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਵੱਖ



ਵੱਖ ਸੂਬਿਆਂ ਵਿਚ ਨਿੱਤ ਪ੍ਰਤੀਦਿਨ ਬਣਦੀਆਂ ਬਿਨਸਦੀਆਂ ਰਾਜਸੀ ਸਮੀਕਰਨਾਂ ਨੂੰ ਦੇਖਿਆਂ ਇਸ ਤੱਥ ਦੀ ਸਮਝ ਪੈਂਦੀ ਹੈ।

ਜਦੋਂ ਦਲਿਤ ਮਸਲੇ ਦੀ ਪੰਜਾਬ ਦੇ ਪ੍ਰਸੰਗ ਵਿਚ ਚਰਚਾ ਕੀਤੀ ਜਾਂਦੀ ਹੈ ਤਾਂ ਬਹੁਮਤ ਸੋਚਵਾਨਾਂ ਜਾਂ ਸ਼ਬਦ ਕਰਮੀਆਂ ਦਾ ਇਹ ਮੱਤ ਨਾਲ ਜਾ ਖੜਦਾ ਹੈ ਕਿ ਪੰਜਾਬ ਵਿਚ ਵਰਣ-ਪ੍ਰਬੰਧ ਦੀ ਹੋਂਦ ਤਾਂ ਹੈ ਪਰੰਤੂ ਜਾਤ ਦਾ ਵਖਰੇਵਾਂ ਨਹੀਂ ਹੈ। ਦੂਸਰਾ ਘੱਟ ਘੱਟ ਇਹ ਮਹਾਰਾਸ਼ਟਰਸ, ਆਂਧਰ ਪ੍ਰਦੇਸ਼, ਬਿਹਾਰ ਆਦਿ ਵਰਗੀ ਖਤਰਨਾਕ ਸਥਿਤੀ ਨਹੀਂ ਹੈ। ਇਹ ਗੱਲ ਤੱਥ ਰੂਪ ਵਿਚ ਸੱਚ ਹੈ ਕਿ ਪੰਜਾਬ ਵਿਚ ਦਲਿਤ ਵਰਤਾਰਾ ਹੋਰਨਾ ਸੂਬਿਆਂ ਵਰਗਾ ਨਹੀਂ ਪਰ ਵਰਣ ਅਤੇ ਜਾਤੀ ਵਿਤਕਰਿਆਂ ਤੋਂ ਕੋਰਾ ਮੁਨਕਰ ਹੋਣਾ ਪੰਜਾਬੀ ਸਮਾਜ ਦੇ ਯਥਾਰਥ ਨੂੰ ਵਿਗਾੜ ਕੇ ਪੇਸ਼ ਕਰਨਾ ਹੈ। ਪੰਜਾਬੀ ਸਮਾਜ ਦੇ ਸਭਿਆਚਾਰਕ, ਧਾਰਮਿਕ ਅਤੇ ਨੈਤਿਕ ਜੀਵਨ ਵਰਤਾਰਿਆਂ ਵਿਚ ਜਾਤੀ ਮਾਨਸਿਕ ਵਿਕਾਰਾਂ ਦੀ ਜਕੜਬੰਦ ਅਜੇ ਵੀ ਕਾਇਮ ਹੈ। ਪੰਜਾਬੀ ਸਮਾਜ ਵਿਚ ਇਸ ਅਨੁਪਾਤ ਦੇ ਕਮਜ਼ੋਰ ਹੋਣ ਦੇ ਵਿਚਾਰ ਧਾਰਕ ਹੋਰ ਕਾਰਨ ਹਨ। ਪੰਜਾਬੀ ਸਮਾਜ ਵਿਚ ਸਿੱਖ ਗੁਰੂ ਅਤੇ ਉਹਨਾਂ ਦੇ ਸਮਾਜੀ-ਰਾਜਨੀਤਕ ਅੰਦੋਲਨ ਦਾ ਮੁੱਖ ਰੋਲ ਹੈ। ਦੂਸਰਾ ਪੰਜਾਬੀ ਸਮਾਜ ਵਿਚ ਬ੍ਰਾਹਮਣੀ/ਹਿੰਦੂ ਧਰਮ ਦੀ ਘੱਟ ਗਿਣਤੀ ਦਾ ਮੁੱਦਾ ਵੀ ਹੈ। ਤੀਸਰਾ ਆਧੁਨਿਕ ਸਮੇਂ ਵਿਚ ਹਰੀ ਕ੍ਰਾਂਤੀ ਦਾ ਨਿਰਣਾਇਕ ਰੋਲ ਹੈ। ਚੌਥਾ ਇਤਿਹਾਸਕ ਤੌਰ ਤੇ ਗਦਰ ਲਹਿਰ ਦਾ ਪ੍ਰਭਾਵ ਵੀ ਅਹਿਮੀਅਤ ਵਾਲਾ ਨੁਕਤਾ ਹੈ। ਪੰਜਵਾਂ ਇਹਨਾ ਦੇ ਨਾਲ ਹੀ ਸਾਂਝੀ ਸੰਸਕ੍ਰਿਤੀ ਦਾ ਸਭਿਆਚਾਰਕ ਵਰਤਾਰਾ ਹੈ।

ਪੰਜਾਬ ਵਿਚ ਦਲਿਤ ਲਹਿਰ ਦਾ ਰਾਜਨੀਤਕ ਉਭਾਰ ਅੰਗਰੇਜ਼ੀ ਸਾਮਰਾਜ ਵੇਲੇ ਹੀ ਹੋਂਦ ਵਿਚ ਆ ਚੁੱਕਾ ਸੀ। ਇਸ ਲਹਿਰ ਨੇ ਦਲਿਤ-ਪਛਾਣ ਦੇ ਮੁੱਦੇ ਨੂੰ ਉਸ ਸਮੇਂ ਰਾਜਨੀਤਕ ਦ੍ਰਿਸ਼ਟੀ ਤੋਂ ਸੰਚਾਰਿਆ ਸੀ ਜਦੋਂ ਅਜੇ ਭਾਰਤੀ ਸਮਾਜ ਵਿਚ ਇਹ ਨੈਤਿਕ ਪੱਧਰ ਦੇ ਵਰਤਾਰੇ ਤੋਂ ਅਗਾਂਹ ਨਹੀਂ ਸੀ. ਕਹਿਣ ਤੋਂ ਭਾਵ ਹੈ ਕਿ ਪੰਜਾਬ ਦਲਿਤ-ਵਰਤਾਰੇ ਬਾਰੇ ਚਰਚਾ ਕਰਦਿਆਂ ਬਹੁਤੇ ਸੋਚਵਾਨ ਇਹ ਆਮ ਕਹਿੰਦੇ ਹਨ ਕਿ ਪੰਜਾਬ ਵਿਚ ਇਹ ਇਕ ਫ਼ੈਸ਼ਨ ਵਜੋਂ ਜਾਂ ਮਹਾਰਾਸ਼ਟਰ ਆਦਿ ਦੀ ਦੇਖਾ ਦੇਖੀ ਆਇਆ ਹੈ। ਪੰਜਾਬ ਅੰਦਰ ਦਲਿਤ ਵਰਤਾਰੇ ਪ੍ਰਤੀ ਪ੍ਰਸਿੱਧ ਸਮਾਜ ਸ਼ਾਸਤ੍ਰੀ ਡਾ. ਸੁਰਿੰਦਰ ਸਿੰਘ ਜੋਧਕਾ ਅੰਗਰਜ਼ੀ ਚਿੰਤਕ ਮਾਰਕ ਜ਼ਰਗਨਜ਼ ਮਾਇਰ ਦੇ ਹਵਾਲੇ ਨਾਲ ਲਿਖਦਾ ਹੈ :-

"Apart from the reformist movements of the Hundus and Sikhs. colonial Panjab also witnessed the emergence of an important autonomous dalit movement. The famous Ad Dharam movement initiated by Mangoo Ram during the 1920s has been among the most successful of dalit mobilizations in the history of modern India. The Ad Dharam movement not only successfully mobilised a large majority of the chamars from the Doaba region. it also played an important role in transforming the social identity of dalits in the region."

ਪੰਜਾਬ ਵਿਚ ਦਲਿਤ ਲਹਿਰ ਦਾ ਉਹ ਪਰਿਪੇਖ ਮਿਲਦਾ ਹੈ ਜੋ ਕਿ ਰਾਜਨੀਤਕ ਦ੍ਰਿਸ਼ਟੀ ਦਾ ਧਾਰਨੀ ਹੈ। ਮੰਗੂ ਰਾਮ ਇਕ ਅਮੀਰ ਦਲਿਤ (ਚਮਾਰ) ਦੇ ਘਰ ਪੈਦਾ ਹੋਇਆ। ਇਹ ਪਰਿਵਾਰ ਬ੍ਰਿਟਿਸ਼ ਆਰਮੀ ਨੂੰ ਬੂਟ ਸਪਲਾਈ ਕਰਦਾ ਸੀ। ਆਰਥਿਕ ਤੌਰ ਤੇ ਸੰਪੰਨ ਹੋਣ ਦੇ ਬਾਵਜੂਦ ਇਨ੍ਹਾਂ ਨੇ ਜਾਤੀ ਵਿਤਕਰਿਆਂ ਦਾ ਸੰਤਾਪ ਹੰਢਾਇਆ ਸੀ। ਮੰਗੂ ਰਾਮ ਦਾ ਆਰੰਭਲਾ ਸਮਾਂ/ਇੰਗਲੈਂਡ ਅਤੇ ਅਮਰੀਕਾ ਵਿਚ ਬੀਤਿਆ। ਉਥੇ ਹੀ ਉਹ ਗਦਰ ਲਹਿਰ ਨਾਲ ਸੰਬੰਧਿਤ ਹੋਇ ਜ਼ਬਤ ਸ਼ੁਦਾ ਦਸਤਾਵੇਜ਼ ਇਹ ਦੱਸਦੇ ਹਨ। ਕਿ ਲਾਲਾ ਹਰਦਿਆਲ ਨੇ ਮੰਗੂ ਰਾਮ ਦੀ ਡਿਊਟੀ ਦਲਿਤ ਫਰੰਟ ਉਤੇ ਲਾਈ ਸੀ। ਅਜੇ ਉਹ ਦਸਤਾਵੇਜ਼ ਸਾਨਫ਼ਰਾਸਿਸਕੋ ਵਿਚੋਂ ਬਾਹਰ ਨਹੀਂ ਆ ਸਕਦੇ। ਮੰਗੂ ਰਾਮ ਆਦਿ ਧਰਮ ਮੰਡਲ ਦਾ ਕਰਤਾ ਧਰਤਾ ਸੀ। ਇਹੀ ਆਦਿ ਧਰਮ ਦਾ ਅਗਾਊਂ ਸੰਪਰਕ ਆਰੀਆ ਸਮਾਜ ਦੀ 'ਸ਼ੁੱਧੀ ਪ੍ਰਕ੍ਰਿਆ' ਨਾਲ ਹੋਇਆ ਅਤੇ

ਬਾਦ ਵਿਚ ਭੀਮ ਰਾਓ ਅੰਬੇਦਕਰ ਦੀ ਸ਼ਡਿਊਲਡ ਕਾਸਟਸ ਫ਼ੈਡਰੇਸ਼ਨ ਵਿਚ ਜਜ਼ਬ ਹੋਈ ਸੀ। ਇਹੀਓ ਬਾਦ ਵਿਚ ਰਾਜਸੀ ਪਾਰਟੀ ਰਿਪਬਲੀਕਨ ਪਾਰਟੀ (Republican Party of India) ਬਣੀ ਸੀ। ਦੇਸ਼ ਦੀ ਆਜ਼ਾਦੀ ਬਾਅਦ ਇਹ ਲਹਿਰ/ਪਾਰਟੀ ਕਮਜ਼ੋਰ ਹੁੰਦੀ ਚਲੀ ਗਈ। ਇਸ ਦੇ ਆਪਣੇ ਇਤਿਹਾਸਕ ਅਤੇ ਸਥਾਨਕ ਕਾਰਨ ਹਨ। ਪਰੰਤੂ ਪੰਜਾਬ ਅੰਦਰ ਦਲਿਤ ਲਹਿਰ ਦੇ ਮਿਲਦੇ ਇਤਿਹਾਸਕ ਪ੍ਰਮਾਣਾਂ ਤੋਂ ਸਾਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਪੰਜਾਬ ਹਮੇਸ਼ਾਂ ਦਲਿਤ ਪਛਾਣ ਲਈ ਰਾਜਸੀ ਦ੍ਰਿਸ਼ਟੀ ਤੋਂ ਸੁਚੇਤ ਰਿਹਾ ਹੈ। ਇਹ ਵੀ ਤੱਥ ਖ਼ਾਸ ਧਿਆਨ ਦੀ ਮੰਗ ਕਰਦਾ ਹੈ ਕਿ 'ਪੰਜਾਬ ਦਲਿਤ ਆਬਾਦੀ ਦੇ ਪੱਖ ਤੋਂ ਭਾਰਤ ਦੇ ਹੋਰਨਾ ਸੂਬਿਆਂ ਨਾਲੋਂ ਮੁਕਾਬਲਤਨ ਵੱਧ ਆਬਾਦੀ ਵਾਲਾ ਸੂਬਾ ਹੈ। 1991 ਦੀ ਜਨਗਣਨਾ ਅਨੁਸਾਰ ਪੰਜਾਬ ਦਾ ਦਲਿਤ ਆਬਾਦੀ 28.3 ਪ੍ਰਤੀਸ਼ਤ ਸੀ ਜਦ ਕਿ ਬਾਕੀ ਸਾਰੇ ਭਾਰਤ ਦੀ ਔਸਤ ਆਬਾਦੀ 16.32 ਪ੍ਰਤੀਸ਼ਤ ਸੀ।' ਮੌਜੂਦਾ ਸਮੇਂ ਵਿਚ ਦਲਿਤ ਵਰਤਾਰੇ ਬਾਰੇ ਚਰਚਾ ਕਰਦਿਆਂ ਸਾਡੀ ਅੱਖ ਪੰਜਾਬ ਦੇ ਉਸ ਰਾਜਨੀਤਕ ਇਤਿਹਾਸ ਉਪਰ ਜ਼ਰੂਰ ਟਿਕੀ ਰਹਿਣੀ ਚਾਹੀਦੀ ਹੈ ਜਿਸ ਵਿਚ ਦਲਿਤ ਸਿਰਫ਼ ਤੇ ਸਿਰਫ਼ ਨੈਤਿਕ ਹੋਂਦ ਦੀ ਖਾਤਰ ਹੀ ਨਹੀਂ ਸਗੋਂ ਰਾਜਨੀਤਕ ਲੜਾਈ ਵੀ ਲੜਦੇ ਰਹੇ ਹਨ। ਇਹ ਇਕੋ ਸਮੇਂ ਬ੍ਰਾਹਮਣਵਾਦੀ ਵਰਣਿਕ ਸਮਾਜੀ ਪ੍ਰਬੰਧ ਤੇ ਜਾਤੀਵਾਦੀ ਵਿਚਾਰਧਾਰਾ ਦੇ ਨਾਲ ਨਾਲ ਬਰਤਾਨਵੀ ਸਾਮਰਾਜੀ ਸ਼ੋਸ਼ਣੀ ਤਾਕਤ ਦੇ ਵਿਰੁੱਧ ਵੀ ਲੜੀ ਹੈ। ਇਸੇ ਕਰਕੇ ਆਦਿ ਧਰਮ ਦੀ ਲਹਿਰ ਨੂੰ ਸਾਨੂੰ ਕੌਮੀ ਮੁਕਤੀ ਲਹਿਰ ਦੇ ਅੰਗ ਵਜੋਂ ਦੇਖਣਾ ਚਾਹੀਦਾ ਹੈ ਜੋ ਅੰਦਰੂਨੀ ਅਤੇ ਬਹਿਰੂਨੀ ਸਾਮਰਾਜਵਾਦ ਦਾ ਰਾਜਨੀਤਕ ਵਿਚਾਰਧਾਰਕ ਵਿਰੋਧ ਕਰਕੇ ਇਕ ਅਜਿਹੇ ਸਮਾਜ ਦਾ ਸੁਪਨਾ ਲੈਂਦੀ ਹੈ ਜਿਸ ਵਿਚ ਜਾਤੀ ਦੀ ਥਾਂ ਮਨੁੱਖ ਦੀ ਅਹਿਮੀਅਤ ਹੋਵੇ।

ਇਸ ਸਮੁੱਚੇ ਇਤਿਹਾਸਕ ਅਤੇ ਰਾਜਨੀਤਕ ਪਰਿਪੇਖ ਨੂੰ ਉਸਾਰਨ ਦਾ ਭਾਵ ਹੈ ਤਾਂ ਜੋ ਪੰਜਾਬੀ ਕਵਿਤਾ ਨੂੰ ਸਮਝਿਆ ਜਾ ਸਕੇ। ਉਂਝ ਭਾਰਤੀ ਕਵਿਤਾ ਵਿਚ ਮੱਧਕਾਲੀ ਕਵੀ ਵਿਸ਼ੇਸ਼ ਤੌਰ ਤੇ ਸੰਤ ਕਵੀ ਇਸ ਜਾਤੀ ਪ੍ਰਥਾ ਦੇ ਪ੍ਰਬੰਧ ਨੂੰ ਕਾਟੇ ਹੇਠ ਹੀ ਨਹੀਂ ਲੈ ਕੇ ਆਉਂਦੇ ਸਗੋਂ ਇਕ ਬਦਲ ਦਾ ਸੁਪਨਾਂ ਵੀ ਪੇਸ਼ ਕਰਦੇ ਹਨ। ਇਹ ਵੱਖਰਾ ਮਸਲਾ ਹੈ ਕਿ ਅਸੀਂ ਆਧੁਨਿਕ ਪ੍ਰਵਚਨ ਵਿਚ ਇਸ ਸੁਪਨੇ ਨੂੰ ਅਧਿਆਤਮਕਤਾ ਦੀ ਸੀਮਾਂ ਵਿਚ ਲਪੇਟ ਕੇ ਰੱਖ ਦਿੱਤਾ ਹੈ। ਇਸੇ ਕਰਕੇ ਅਸੀਂ ਪਰੰਪਰਾ ਦੇ ਕ੍ਰਾਤੀਕਾਰੀ ਤੱਤਾਂ ਨੂੰ ਪਛਾਨਣ ਤੇ ਆਧੁਨਿਕ ਸਮੇਂ ਵਿਚ ਨਵ-ਸਿਰਜਣ ਕਰਕੇ ਕੁਝ ਨਵਾਂ ਸਿਰਜਣ ਦੀ ਥਾਂਵੇ ਗੁਲਾਮ ਜ਼ਿਹਨੀਅਤ ਦੇ ਭਾਰ ਥੱਲੇ ਸਭ ਕੁਝ ਪੱਛਮਵਾਦ ਦੇ ਪੇਟੇ ਪਾਈ ਜਾ ਰਹੇ ਹਾਂ। ਸੰਤ ਕਵੀਆਂ ਨੇ ਭਾਰਤੀ ਸਮਾਜਕ ਸੰਰਚਨਾਂ ਪ੍ਰਤੀ ਅਨੁਭਵੀ ਅਤੇ ਵਿਚਾਰਧਾਰਕ ਦ੍ਰਿਸ਼ਟੀ ਤੋਂ ਕ੍ਰਿਟੀਕ ਪੇਸ਼ ਕੀਤਾ ਹੈ। ਅਸੀਂ ਆਧੁਨਿਕ ਸਮੇਂ ਵਿਚ ਸਿਰਫ਼ ਵਿਚਾਰਧਾਰਕ ਦ੍ਰਿਸ਼ਟੀ ਤੋਂ ਚਰਚਾ ਕੀਤੀ ਹੈ। ਸੰਤ ਕਵੀਆਂ ਦੀ ਰਚਨਾ ਬਾਰੇ ਚਰਚਾ ਇਕ ਬਹੁਤ ਵੱਡੇ ਨਿਬੰਧ ਦੀ ਮੰਗ ਕਰਦੀ ਹੈ। ਪਰ ਮੈਂ ਆਧੁਨਿਕ ਸਮੇਂ ਵਿਚ ਉਤਪੰਨ ਹੋਈ ਕਵਿਤਾ ਤੱਕ ਆਪਣੀ ਚਰਚਾ ਨੂੰ ਸੀਮਤ ਰੱਖਾਂਗਾ।

ਆਧੁਨਿਕ ਪੰਜਾਬੀ ਕਵਿਤਾ ਦੇ ਆਰੰਭ ਬਾਰੇ ਕਈ ਤਿੱਖੇ ਮਤਭੇਦ ਹਨ। ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਸੁੱਤੇ ਸਿੱਧ ਭਾਈ ਵੀਰ ਸਿੰਘ ਨੂੰ ਮੋਢੀ ਮੰਨਣ ਦਾ ਵਿਚਾਰ ਮਿੱਥ ਦਾ ਰੂਪ ਧਾਰਨ ਕਰ ਗਿਆ ਹੈ। ਆਧੁਨਿਕਤਾ ਦੀ ਪਛਾਣ ਅਤੇ ਪਰਿਭਾਸ਼ਾ ਨੂੰ ਸਮਝਣ ਤੋਂ ਬਿਨਾਂ ਹੀ ਭਾਈ ਵੀਰ ਸਿੰਘ ਨੂੰ ਮੋਢੀ ਸਿਹਰਾ ਪਹਿਨਾਉਣ ਲਈ ਅਜਿਹੇ ਗੈਰ ਤਰਕਸੰਗਤ ਤਰਕ ਵੀ ਸਥਾਪਤ ਕੀਤੇ ਗਏ ਹਨ ਕਿ ਭਾਈ ਵੀਰ ਸਿੰਘ ਵਿਚਾਰ ਪੱਖੋਂ ਮੱਧਕਾਲੀ ਜੀਵਨ-ਦ੍ਰਿਸ਼ਟੀ ਨੂੰ ਸੰਚਾਰਦਾ ਹੈ ਅਤੇ ਰੂਪ ਦੇ ਪੱਖ ਤੋਂ ਆਧੁਨਿਕ ਕਾਵਿ ਰੂਪ ਨੂੰ ਅਪਣਾਉਂਦਾ ਹੈ। ਇਸ ਅਦਵੈਤਵਾਦ ਨੇ ਪੰਜਾਬੀ ਚਿੰਤਨ ਪਰੰਪਰਾ ਵਿਚ ਗੰਧਲੇਪਣ ਦੀ ਸਥਿਤੀ ਉਤਪੰਨ ਕਰ ਦਿੱਤੀ ਹੈ। ਇਹ ਅੱਗੋਂ ਪੂਰੀ ਪੰਜਾਬੀ ਕਾਵਿ-ਪਰੰਪਰਾ ਬਾਰੇ ਮਨਚਾਹੇ ਸਿੱਟਿਆਂ ਤੇ ਆਪਣਾ ਤੋੜਾ ਝਾੜਦੀ ਹੈ। ਭਾਰਤੀ ਆਧੁਨਿਕਤਾ ਭਾਰਤ ਦੀ ਸਾਂਝੀ, ਸਹਿਜ ਵਿਕਾਸ ਪ੍ਰਕਿਰਿਆ ਦੀ ਦੇਣ ਨਹੀਂ ਸਗੋਂ ਬਰਤਾਨਵੀ ਸਾਮਰਾਜ ਦੀ ਲੁੱਟ-ਖਸੁੱਟ ਦੀ ਰਾਜਸੀ ਬਣਤਰ ਵਿਚੋਂ ਉਤਪੰਨ ਹੋਈ ਹੈ। ਇਸੇ ਵਿਚੋਂ ਅਸੀਂ ਆਧੁਨਿਕ ਪੰਜਾਬੀ ਸਾਹਿਤ ਦੀ ਪਛਾਣ ਕਰਦੇ ਹਾਂ। ਭਾਰਤੀ ਪਰੰਪਰਾ



ਤੇ ਭਾਰਤੀ ਵਿਕਾਸ ਨੂੰ ਬਾਹਰਮੁਖੀ ਦ੍ਰਿਸ਼ਟੀ ਤੋਂ ਦੇਖਣ ਦੀ ਲੋੜ ਹੈ। ਇਸੇ ਕਰਕੇ ਅਸੀਂ ਇਹ ਵੀ ਖਤਰਨਾਕ ਸੰਕਟ ਉਤਪੰਨ ਕਰ ਲਿਆ ਕਿ ਬਰਤਾਨਵੀ ਸਾਮਰਾਜੀ ਗਲਬੇ ਦੌਰਾਨ ਚਿੰਤਕਾਂ ਅਤੇ ਖੋਜੀਆਂ ਦੇ ਬਸਤੀ ਵਿਚ ਕੀਤੇ ਗਏ ਕੰਮ ਨੂੰ ਮਹਾਨ ਸਵੀਕਾਰ ਕਰਨ ਲੱਗ ਪਏ ਜਦੋਂ ਕਿ ਉਨ੍ਹਾਂ ਨੇ ਭਾਸ਼ਾ, ਵਿਆਕਰਣ, ਕਲਚਰ, ਲੋਕ ਸਾਹਿਤ ਜਾਂ ਲੋਕ ਗਾਥਾਵਾਂ ਬਾਰੇ ਇਸ ਲਈ ਕੰਮ ਕੀਤਾ ਸੀ ਕਿ ਭਾਰਤੀ ਲੋਕ ਜੀਵਨ ਅਤੇ ਅਵਚੇਤਨ ਨੂੰ ਚੰਗੀ ਤਰ੍ਹਾਂ ਸਮਝਕੇ ਸ਼ੋਸ਼ਣ ਨੂੰ ਸਹਿਜ ਤੇ ਯੋਗ ਠਹਿਰਾਉਂਦੇ ਹੋਏ 'ਵਿਕਾਸ ਦਾ ਵਿਸ਼ਵਾਸ' ਭਾਰਤੀ ਜਨ ਦੇ ਮਨਾਂ ਵਿਚ ਬੈਠਾਇਆ ਜਾ ਸਕੇ। ਬਰਤਾਨਵੀ ਸਾਮਰਾਜ ਇਥੇ ਲੋਕ ਸੰਸਕ੍ਰਿਤੀ ਜਾਂ ਲੋਕ ਜੀਵਨ ਨੂੰ ਅਮੀਰ ਬਣਾਉਣ ਨਹੀਂ ਸਗੋਂ ਗਰੀਬ, ਕੰਗਾਲ ਅਤੇ ਗੁਲਾਮ ਬਣਾਉਣ ਲਈ ਆਇਆ ਸੀ। ਬਰਤਾਨਵੀ ਸਾਮਰਾਜ ਦੀ ਸਾਂਸਕ੍ਰਤਿਕ ਸਾਜਿਸ਼ ਦੀ ਪਛਾਣ ਦੀ ਥਾਂਵੇ ਵਿਰਸੇ ਦੇ ਮੋਹ ਦੇ ਮਾਰੇ ਅਸੀਂ 'ਚੋਰ ਨੂੰ ਮਿੱਤਰ' ਸਮਝਣ ਦਾ ਭੁਲੇਖਾ ਖਾਈ ਬੈਠੇ ਹਾਂ?

ਆਧੁਨਿਕਤਾ ਦੀ ਪੁਨਰ ਪਰਿਭਾਸ਼ਾ ਤੋਂ ਬਾਅਦ ਅਸੀਂ ਪੰਜਾਬੀ ਕਾਵਿ ਸ਼ਾਸਤਰ ਦੀ ਮੌਲਿਕ ਅਤੇ ਵਿਗਿਆਨਕ ਉਸਾਰੀ ਕਰ ਸਕਣ ਦੇ ਸਮਰੱਥ ਹੋਵਾਂਗੇ। ਪੰਜਾਬੀ ਮਨੁੱਖ ਦੀ ਝਗੀਟੀ ਮਾਨਸਿਕਤਾ ਅਤੇ ਦੁਫ਼ੇੜ ਸਥਿਤੀ ਵਿਚੋਂ ਅਜਿਹੀ ਅੰਤਰ-ਦ੍ਰਿਸ਼ਟੀ ਉਤਪੰਨ ਕਰਨੀ ਹੈ ਜਿਹੜੀ ਪੰਜਾਬੀ ਸਮਾਜ ਦੀ ਡਾਇਲੈਕਟਸ ਨੂੰ ਸਮਝਦੇ ਉਸਦੀ ਮੌਲਿਕਤਾ ਅਤੇ ਵਿਲੱਖਣਤਾਂ ਦੀ ਨਿਸ਼ਾਨ-ਦੇਹੀ ਕਰ ਸਕੇ।

ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਉਪਰ ਨਜ਼ਰਸਾਨੀ ਕਰਦਿਆਂ ਇਹ ਤੱਥ ਭਲੀ ਭਾਂਤ ਉਜਾਗਰ ਹੋ ਜਾਂਦਾ ਹੈ ਕਿ ਪੰਜਾਬੀ ਵਿਚ ਦਲਿਤ ਉਨਮੁਖ ਕਵਿਤਾ ਪ੍ਰਮਾਣਿਕ ਰੂਪ ਵਿਚ ਘੱਟ ਹੈ। ਉਂਝ ਇਸ ਦੇ ਪਛਾਣ-ਚਿਨ੍ਹ ਕਵਿਤਾ ਵਿਚੋਂ ਮਿਲ ਜਾਂਦੇ ਹਨ। ਸੁਚੇਤ ਤੌਰ ਤੇ ਦਲਿਤ ਪਛਾਣ, ਦਲਿਤ ਚੇਤਨਾ ਦਾ ਪ੍ਰਮਾਣ ਨਹੀਂ ਮਿਲਦਾ। ਦਲਿਤਾਂ ਬਾਰੇ ਸੰਕੇਤ ਜਾਣਕਾਰੀ ਤੇ ਉਹਨਾ ਦੀ ਜੀਵਨ ਸਥਿਤੀ ਦੀ ਟੋਹ ਜ਼ਰੂਰ ਮਿਲ ਜਾਂਦੀ ਹੈ। ਧਨੀ ਰਾਮ ਚਾਤ੍ਰਿਕ ਦਾ ਪ੍ਰਸਿੱਧ ਗੀਤ 'ਮੇਲੇ ਵਿਚ ਜੱਟ' ਵਿਚੋਂ ਇਹ ਜਾਣਕਾਰੀ ਮਿਲਦੀ ਹੈ :-

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ
ਮੀਹਾਂ ਦੀ ਉਡੀਕ 'ਤੇ ਸਿਆੜ ਕੱਢ ਕੇ
ਮਾਲ ਢਾਂਡਾ ਸਾਂਭਣੇ ਨੂੰ ਚੂੜਾ ਛੱਡ ਕੇ
ਪੱਗ ਝੱਗਾ ਚਾਦਰਾ ਨਵਾਂ ਸੰਵਾਇ ਕੇ
ਸੰਮਾਂ ਵਾਲੀ ਡਾਂਗ ਉਤੇ ਤੇਲ ਲਾਇ ਕੇ
ਕੱਛੇ ਮਾਰ ਵੰਝਲੀ ਆਨੰਦ ਛਾ ਗਿਆ
ਮਾਰਦਾ ਦਮਾਮੇਂ ਜੱਟ ਮੇਲੇ ਆ ਗਿਆ

ਪੰਜਾਬ ਦਾ ਜੱਟ ਜਦੋਂ ਮੇਲੇ ਵਿਚ ਜਸ਼ਨ ਮਨਾਉਣ ਲਈ ਜਾ ਰਿਹਾ ਹੈ ਤਾਂ ਦਲਿਤ ਪਾਤਰ (ਸੀਰੀ) ਮੇਲੇ ਦਾ ਆਨੰਦ ਮਾਨਣ ਦੀ ਸਥਿਤੀ ਤੋਂ ਵੀ ਵਿਰਵਾ ਹੈ। ਪਰੰਤੂ ਇਸ ਤੋਂ ਬਿਨਾਂ ਜੋ ਮਹਤੱਵਪੂਰਨ ਪਹਿਲੂ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਹੈ ਕਿ ਪੰਜਾਬ ਦਾ ਦਲਿਤ ਆਪਣੇ ਜਾਤੀਗਤ ਕਿੱਤਿਆਂ ਤੋਂ ਬਿਨਾਂ ਖੇਤੀ-ਬਾੜੀ ਆਧਾਰਿਤ ਕਿੱਤਿਆਂ ਨਾਲ ਸੰਬੰਧਿਤ ਰਿਹਾ ਹੈ। ਪੰਜਾਬ ਵਿਚ 'ਸੀਰੀ ਪਰੰਪਰਾ' ਦਾ ਵਿਸ਼ੇਸ਼ ਦਖ਼ਲ ਰਿਹਾ ਹੈ। ਇਹ ਕਿੱਤਾ ਸਿੱਧਾ ਪੰਜਾਬ ਦੀ ਕਿਸਾਨੀ (ਜੱਟਾਂ) ਅਤੇ ਸੀਰੀ (ਨਵੀਆਂ ਜਾਂਤਾਂ) ਦਰਮਿਆਨ ਉਤਪਾਦਨੀ ਸੰਬੰਧਾਂ 'ਚੋਂ ਪ੍ਰਗਟ ਹੋਇਆ ਜਿਸ ਨਾਲ ਪੰਜਾਬ ਵਿਚ ਭ੍ਰਿਸ਼ਟਤਾ (Pollution) ਦਾ ਰੂਪ ਭਾਵੇਂ ਖ਼ਤਮ ਤਾਂ ਨਹੀਂ ਹੋਇਆ ਪਰ ਮੱਧਮ ਜ਼ਰੂਰ ਪਿਆ। ਹਰੀ ਕ੍ਰਾਂਤੀ ਨੇ ਇਸ ਉੱਪਰ ਵਿਸ਼ੇਸ਼ ਤੌਰ ਤੇ ਸੱਟ ਮਾਰੀ। ਪੰਜਾਬ ਵਿਚ ਬ੍ਰਾਹਮਣਵਾਦੀ ਵਿਚਾਰਧਾਰਾ ਦੀ ਥਾਂ ਸਿੱਖ ਗੁਰੂਆਂ ਦੀ ਵਿਚਾਰਧਾਰਾਂ ਦਾ ਇਕ ਸਿੱਕੇਬੰਦ ਰੋਲ ਹੈ। ਤੀਸਰਾ ਪੰਜਾਬ ਵਿਚ ਬਹੁਗਿਣਤੀ ਜੱਟਾਂ ਦੀ ਹੈ ਜਿਹੜੀ ਵਰਣ ਵਿਵਸਥਾ ਅਨੁਸਾਰ ਸ਼ਿਲਪਕਾਰਾਂ 'ਚੋਂ ਹੈ ਜੋ ਆਪ ਪਹਿਲੇ ਅਤੇ ਉੱਤਮ ਵਰਣਾ 'ਚੋਂ ਹਨ। ਪਰੰਤੂ ਇਸਦੇ ਬਾਵਜੂਦ ਪੰਜਾਬ ਦਾ

ਦਲਿਤ ਵੀ ਅਛੂਤ ਹੋਣ ਦਾ ਸੰਤਾਪ ਹੰਢਾਉਂਦਾ ਰਿਹਾ ਹੈ। ਪ੍ਰੋ. ਐਸ. ਐਸ. ਜੋਧਕਾ ਲਿਖਦੇ ਹਨ :-

"As elsewhere in India, the scheduled castes of Panjab are not a homogenous category. In Panjab they are divided into 37 different communities. Though historically they have all been victims of caste opression and have experienced the stigma of being untouchable, their current status is not similar."

ਪੰਜਾਬ ਦੇ ਦਲਿਤ ਨੇ ਪਤਿਤ (Polluted) ਹੋਣ ਦਾ ਸੰਤਾਪ ਹੰਢਾਇਆ ਹੈ। ਇਸ ਸੰਤਾਪ ਦੀ ਧੁਨੀ ਪਿਛਲੇ ਸਮੇਂ ਤੋਂ ਖ਼ਾਸ ਤੌਰ ਤੇ ਪ੍ਰਚੰਡ ਹੋਈ ਦੇਖੀ ਜਾ ਸਕਦੀ ਹੈ। ਜ਼ਾਤ ਪਾਤ ਦੀ ਦ੍ਰਿਸ਼ਟੀ ਤੋਂ ਤਿੱਖੀ ਸੁਰ ਸਟੇਜੀ ਕਵੀ ਗੁਰਦਾਸ ਰਾਮ ਆਲਮ ਦੇ ਕਾਵਿ ਵਿਚ ਵਧੇਰੇ ਹੈ। ਇਥੇ ਇਕ ਨੁਕਤਾ ਧਿਆਨ-ਕੇਂਦਰਿਤ ਕਰਦਾ ਹੈ ਕਿ ਪੰਜਾਬੀ ਦੀ ਰੋਮਾਂਟਿਕ ਪ੍ਰਗਤੀਵਾਦੀ ਕਾਵਿ ਧਾਰਾ ਵਿਚ ਵਰਣ ਵਿਵਸਥਾ ਦਾ ਅੰਤ ਵੀ ਜਮਾਤੀ ਸਮਾਜ ਦੇ ਅੰਤ ਵਿਚ ਹੀ ਸ਼ਾਮਲ ਸੀ। ਇਸ ਕਰਕੇ ਰੋਮਾਂਟਿਕ ਪ੍ਰਗਤੀਵਾਦੀ ਪੰਜਾਬੀ ਕਵਿਤਾ ਦਾ ਪ੍ਰਾਜੈਕਟ ਪੰਜਾਬੀ ਸਮਾਜ ਦੀ ਸੰਰਚਨਾਵੀਂ ਵਿਰੋਧਤਾਵਾਂ ਨੂੰ ਜਿੱਥੇ ਫੜ੍ਹਨ 'ਚ ਉੱਕਿਆ ਹੈ ਉਹਨਾਂ ਵਿਚ ਇਕ ਦਲਿਤ ਅਤੇ ਵਰਣ ਵਿਵਸਥਾ ਦਾ ਫਰੰਟ ਵੀ ਸ਼ਾਮਲ ਹੈ। ਗੁਰਦਾਸ ਰਾਮ ਆਲਮ ਦੇ ਚਾਰ ਕਾਵਿ ਸੰਗ੍ਰਹਿ 'ਜੇ ਮੈਂ ਮਰ ਗਿਆ', 'ਅੱਲੇ ਫੱਟ', 'ਉਡਦੀਆਂ ਧੂੜਾਂ' ਅਤੇ 'ਆਪਣਾ ਆਪ' ਵਿਚੋਂ ਇਸੇ ਦਲਿਤ ਦੀ ਪਛਾਣ ਦਾ ਮਸਲਾ ਵਾਰ ਵਾਰ ਉਭਰਦਾ ਹੈ। ਉਸ ਦੀ ਦ੍ਰਿਸ਼ਟੀ ਅਤੇ ਵਿਚਾਰਧਾਰਾਈ ਸੀਮਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰੰਤੂ ਉਹ ਦਲਿਤ ਮਨੁੱਖ ਦੀ ਹੋਂਦ ਅਤੇ ਪਛਾਣ ਦੇ ਮਸਲੇ ਨੂੰ ਬਾਰ ਬਾਰ ਉਭਾਰਦਾ ਹੈ :-

ਜੁਲਾਹਾ, ਪਥੇਰਾ, ਭੰਗੀ, ਮੋਚੀ,
ਹੋਰ ਅਜੇਹੀਆਂ ਲੱਖਾਂ ਰੂਹਾਂ
ਦੋਜ਼ਖ਼ ਅੰਦਰ ਭਟਕ ਭਟਕ ਕੇ (ਆਲਮ-ਕਾਵਿ)
ਲੈਣ ਪਈਆਂ ਜ਼ਿੰਦਗੀ ਦੀਆਂ ਸੂਹਾਂ ਪੰਨਾ 94

ਡਾਕਟਰ ਸਾਹਿਬ ਤਕੜੇ ਹੋਕੇ ਹੱਥ ਪਾਇਓ,
ਚੋਖੇ ਸਾਲ ਹੋ ਗਏ ਤਾਣ ਲਾ ਚੁੱਕਾਂ।
ਛੂਤ-ਛਾਤ ਦੀ ਤੂਤਨੀ ਨਿੱਕਲੀ ਨਹੀਂ,
ਜਾ ਜਾ ਰੀਗਾ ਦੇ ਦੂਸ਼ਨਾਂ ਲਾਹ ਚੁੱਕਾਂ।
ਮੁਸਲਮ, ਹਿੰਦੂ, ਇਸਾਈ ਅਤੇ ਸਿੱਖ ਸਾਰੇ,
ਲਿਆ ਕੇ ਮਾਂਦਰੀ ਨਬਜ਼ ਵਿਖਾ ਚੁੱਕਾਂ। (ਉਹੀ-ਪੰਨਾ-40)

ਇਨ੍ਹਾਂ ਸਰਲ ਸੰਚਾਰੀ ਕਾਵਿ ਸਤਰਾਂ ਚੋਂ ਉਸ ਦੇ ਕਾਵਿ ਦੇ ਮਸਲੇ ਦੀ ਸੋਝੀ ਲੱਗਦੀ ਹੈ। ਗੁਰਦਾਸ ਰਾਮ ਆਲਮ ਭਾਵੇਂ ਸਰਲ ਚਿੱਤ ਸ਼ਾਇਰ ਹੈ ਪਰ ਉਹ ਦਲਿਤ ਨੂੰ ਫਿਰਕਾਪ੍ਰਸਤੀ ਦੇ ਰੂਪ 'ਚ ਨਹੀਂ ਉਭਾਰਦਾ ਸਗੋਂ ਵਾਰ ਵਾਰ ਉਹ ਦਰੜੀਆਂ ਹੋਈਆਂ ਜਮਾਤਾਂ ਦੇ ਕਿਰਤੀਆਂ, ਕਿਸਾਨਾਂ ਤੇ ਹੋਰਨਾਂ ਕਿੱਤਿਆਂ ਦੇ ਕਾਮਿਆਂ ਨਾਲ ਖੜ੍ਹਦਾ ਹੈ। ਜਾਤ-ਪਾਤ ਉਪਰ ਕਟਾਖ਼ਸ਼ੀ ਸੁਰ 'ਚ ਬੋਲਦਾ ਹੈ ਪਰ ਉਹ ਇਕ ਅਜਿਹੇ ਭਵਿੱਖ ਦਾ ਸੁਪਨਾ ਲੈਂਦਾ ਹੈ ਜਿਸ ਵਿਚੋਂ ਹੋਰਨਾਂ ਵਿਤਕਰਿਆਂ ਦੇ ਨਾਲ ਵਰਣ ਵਿਵਸਥਾ ਦਾ ਵੀ ਅੰਤ ਹੋਵੇ। ਵਰਣ ਵਿਵਸਥਾ ਪ੍ਰਤੀ ਉਹ ਜਾਤੀ ਸੰਕੀਰਨਤਾ 'ਚੋਂ ਨਹੀਂ ਸਗੋਂ ਮਾਨਵਵਾਦੀ ਦ੍ਰਿਸ਼ਟੀ ਤੋਂ ਬੋਲਦਾ ਹੈ, ਇਹ ਮਾਨਵਵਾਦ ਦਾ ਭਾਰਤੀ ਪਰਿਪੇਖ ਹੈ ਜਿਸ ਵਿਚ ਆਦਰਸ਼ਵਾਦ ਦਾ ਰੋਲ ਹੈ। ਉਹ ਕਹਿੰਦਾ ਹੈ :-

ਏਸ਼ੀਆ ਇਕੱਠਾ ਰਵ੍ਹੇ, ਅਮਨ ਅਜਿੱਤ ਬਣੇ,
ਹਿੰਦ ਦੀ ਤਰੱਕੀ ਓਹਲੇ, ਹੋਣ ਨਾ ਖਿਆਲ ਭਿੰਨ।
ਫਿਰਕੇਵਾਦੀ ਜ਼ਹਿਰ, ਜਾਤ-ਪਾਤ ਨਾ ਗਲੁੱਛ ਸਕੇ।



ਬੋਲੀਆਂ ਦਾ ਆਡਾ, ਰੋਕ ਲਈਏ ਜੇ ਭੁਚਾਲ ਤਿੰਨ।

(ਉਹੀ-ਪੰਨਾ-88)

ਉਸ ਦੀ ਕਾਵਿ ਚੇਤਨਾ ਵਿਚ ਇਹ ਵੀ ਸਮਝ ਅਤੇ ਅੰਤਰ ਦ੍ਰਿਸ਼ਟੀ ਹੈ ਕਿ 'ਜੇ ਅਛੂਤ ਵੱਖਰੇ ਹੁੰਦੇ ਹਿੰਦੁਸਤਾਨੀਆਂ ਤੋਂ ਤਾਂ ਪਾਕਿਸਤਾਨ ਵਾਂਗ ਅਛੂਤਾਂ ਦਾ ਵੀ ਵੱਖਰਾ ਮੁਲਕ ਹੋ ਸਕਦਾ ਸੀ। ਇਹ ਚੇਤਨਾ ਬਹੁ ਦਿਸ਼ਾਵੀ ਹੈ ਜਿਸਨੂੰ ਮਹਿਜ਼ ਜਾਤ ਪਾਤ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ ਸਗੋਂ ਦਲਿਤ ਚੇਤਨਾਂ ਵਿਚੋਂ ਰਾਸ਼ਟਰੀ ਧੁਨੀ ਤੱਕ ਪਹੁੰਚਣ ਦੀ ਸੰਭਾਵਨਾ ਦੇ ਦੀਦਾਰ ਹੁੰਦੇ ਹਨ। ਗੁਰਦਾਸ ਰਾਮ ਆਲਮ ਦੀ ਕਵਿਤਾ ਛੰਦ ਬੱਧ, ਪ੍ਰਗੀਤਕ ਅਤੇ ਸਰੋਤਾ ਕਲਚਰ ਉਨਮੁਖ ਹੈ ਜਿਹੜੀ ਬਹੁਤੇ ਥਾਵਾਂ ਤੇ ਇਕਹਰੇ ਅਰਥਾਂ ਤੱਕ ਸੀਮਤ ਹੈ। ਹੋਰ ਸਟੇਜੀ ਕਵਿਤਾ ਵਰਗੇ ਇਸ ਵਿਚ ਗੁਣ ਵੀ ਹੈਨ ਅਤੇ ਕਲਾਤਮਕਤਾ ਦਾ ਪੱਧਰ ਵੀ ਹੈ ਪਰ ਸਮਕਾਲੀ ਵਰਤਾਰਿਆਂ ਪ੍ਰਤੀ ਇਕਹਿਰਾ ਪ੍ਰਤਿਉੱਤਰ ਇਸ ਕਵਿਤਾ ਦੀ ਵੱਡੀ ਸੀਮਾ ਹੈ।

ਦਲਿਤ ਚੇਤਨਾ ਦਾ ਪੰਜਾਬੀ ਕਾਵਿ ਵਿਚ ਉਸ ਸਮੇਂ ਗੁਣਾਤਮਕ ਪਰਿਵਰਤਣ ਹੁੰਦਾ ਹੈ ਜਦੋਂ ਜੁਝਾਰੂ ਕਾਵਿ ਸਮੇਂ ਲਾਲ ਸਿੰਘ ਦਿਲ ਦੀ ਕਵਿਤਾ ਸਾਹਮਣੇ ਆਉਂਦੀ ਹੈ। ਵੀਹਵੀਂ ਸਦੀ ਦੀ ਸਮੁੱਚੀ ਪ੍ਰਗਤੀਸ਼ੀਲ ਕਵਿਤਾ ਵਿਚ ਲਾਲ ਸਿੰਘ ਦਿਲ ਏਸੇ ਕਰਕੇ ਵੱਖਰਾ ਹੈ ਕਿ ਉਸ ਨੇ ਸਮਾਜ ਨੂੰ ਜਮਾਤੀ ਦ੍ਰਿਸ਼ਟੀ ਦੇ ਨਾਲ ਨਾਲ ਜਾਤੀ ਸੰਰਚਨਾ ਵਿਚੋਂ ਪਛਾਣਦਿਆਂ ਉਹਨਾਂ ਸਭਿਆਚਾਰਕ ਵਿਰੋਧਾਂ ਨੂੰ ਉਜਾਗਰ ਕੀਤਾ ਜਿਹਨਾ ਨੂੰ ਪ੍ਰਗਤੀਵਾਦੀ ਵਿਚਾਰਵਾਨ ਪ੍ਰਵਾਨ ਤਾਂ ਕਰਦੇ ਸਨ ਪਰੰਤੂ ਉਹਨਾਂ ਕਦੇ ਮੁੱਖ ਏਜੰਡੇ ਉਪਰ ਨਹੀਂ ਰੱਖੇ ਸਨ। ਮਾਰਕਸੀ ਦ੍ਰਿਸ਼ਟੀ ਨੂੰ ਇਹ ਵਿਚਾਰਧਾਰਕ ਮਕਾਨਕੀ ਰੂਪ ਨਾਲ ਲਾਗੂ ਕਰਨ ਵਿਚ ਧਰਮ-ਵਿਸ਼ਵਾਸੀ ਵਰਗਾ ਰੋਲ ਨਿਭਾਉਂਦੇ ਰਹੇ। ਇਸ ਸੰਬੰਧ ਵਿਚ ਡਾ: ਸ਼ਰਣ ਕੁਮਾਰ ਲਿੰਬਾਲੇ ਚਿੰਤਨ-ਭਰਪੂਰ ਨੁਕਤੇ ਨੂੰ ਉਭਾਰਦਿਆਂ ਲਿਖਦਾ ਹੈ :-

"ਸਮਾਜਵਾਦੀ ਲੋਕਾਂ ਨੇ ਰਾਜਨੀਤਕ ਅਤੇ ਆਰਥਿਕ ਅੰਦੋਲਨ ਉਪਰ ਜ਼ੋਰ ਦਿੱਤਾ। ਸਮਾਜਕ ਕ੍ਰਾਂਤੀ ਦਾ ਉਦੇਸ਼ ਪ੍ਰਾਪਤ ਕਰਨ ਲਈ ਇਸ ਅੰਦੋਲਨ ਨੂੰ ਸਭਿਆਚਾਰਕ ਅੰਦੋਲਨ ਨਾਲ ਜੋੜਨਾ ਆਵਸ਼ਕ ਸੀ। ਸਮਾਜਵਾਦੀਆਂ ਨੇ ਅਜਿਹਾ ਨਹੀਂ ਕੀਤਾ। ਕਮਿਊਨਿਸਟ ਅੰਦੋਲਨ, ਸਮਾਜਿਕ ਸਿੱਖਿਆ ਅਤੇ ਸਭਿਆਚਾਰ ਦੇ ਇਰਦ ਗਿਰਦ ਗੁੰਨ੍ਹਿਆਂ ਗਿਆ ਹੁੰਦਾ, ਤਾਂ ਭਾਰਤੀ ਮਾਰਕਸਵਾਦੀ ਵਿਚਾਰ ਪ੍ਰਣਾਲੀ ਵਿਕਸਿਤ ਹੋਈ ਹੁੰਦੀ। ਭਾਰਤ ਵਿਚ ਮਾਰਕਸਵਾਦੀ ਲੋਕ ਮਜ਼ਦੂਰਾਂ ਦੇ ਪ੍ਰਸ਼ਨਾਂ ਉੱਤੇ ਲੜਦੇ ਰਹ ਪਰੰਤੂ ਜਾਤੀ-ਪ੍ਰਬੰਧ ਅਤੇ ਛੂਆ-ਛਾਤ ਵੱਲ ਉਹਨਾਂ ਧਿਆਨ ਹੀ ਨਹੀਂ ਦਿੱਤਾ। ਇਸੇ ਕਰਕੇ ਮਾਰਕਸਵਾਦੀ ਦਲਿਤਾਂ ਦੇ ਵਿਸ਼ਵਾਸ-ਪਾਤਰ ਨਹੀਂ ਬਣ ਸਕੇ।"

ਜ਼ਿਹੋ ਜਿਹੀ ਸਥਿਤੀ ਲਗੱਭਗ ਬਾਕੀ ਭਾਰਤ ਵਿਚ ਪ੍ਰਗਤੀਵਾਦੀ ਚਿੰਤਕਾਂ ਦੀ ਰਹੀ ਲਗਭਗ ਉਹੋ ਜਿਹੀ ਪੰਜਾਬੀ ਚਿੰਤਕਾਂ ਦੀ ਹੀ ਰਹੀ ਹੈ। ਕਈ ਵਾਰ ਅਖਾਉਤੀ ਪ੍ਰਗਤੀਵਾਦੀ ਅਤੇ ਮਕਾਨਕੀ ਮਾਰਕਸੀ ਦਲਿਤ ਦੀ ਗੱਲ ਕਰਨ ਨੂੰ ਜਾਤੀ ਸੰਕੀਰਨਤਾ ਅਤੇ ਫਿਰਕਾਪ੍ਰਸਤ ਅਰਥਾਂ ਵਿਚ ਲੈਂਦੇ ਰਹੇ। ਜਿਸਦੇ ਸਿੱਟੇ ਅੱਜ ਸਭ ਦੇ ਸਾਹਮਣੇ ਹਨ।

ਲਾਲ ਸਿੰਘ ਦਿਲ ਜੁਝਾਰ ਕਵਿਤਾ ਦੇ ਦੌਰ ਵਿਚ ਜਦੋਂ ਲਲਕਾਰਵਾਂ ਕਾਵਿ ਪ੍ਰਵਚਨ ਵਧੇਰੇ ਮਕਬੂਲੀਅਤ ਪ੍ਰਾਪਤ ਕਰਦਾ ਸੀ ਉਦੋਂ ਚਰਚਿਤ ਤਾਂ ਹੋਇਆ ਪਰੰਤੂ ਉਸ ਦੇ ਕਾਵਿ ਉਚਾਰ ਦੀ ਵਿੱਲਖਣਤਾ ਨੂੰ ਪਛਾਨਣ ਦੀ ਥਾਂਵੇ ਲਹਿਰ ਦੇ ਆਸ਼ਿਆਂ ਅਨੁਕੂਲ ਹੋਰ ਘੱਟ ਪ੍ਰਤਿਭਾਵਾਨ ਕਵੀਆਂ ਜਿੰਨਾਂ ਕੁ ਹੀ ਥਾਂ ਪ੍ਰਾਪਤ ਹੋ ਸਕਿਆ। ਲਾਲ ਸਿੰਘ ਦਿਲ ਜੁਝਾਰ ਕਾਵਿ ਦਾ ਮਹੱਤਵਪੂਰਨ ਕਵੀ ਹੈ ਪਰੰਤੂ ਸਮਾਜਕ ਸੰਰਚਨਾ ਦੀ ਅਣਦੇਖੀ, ਅਣਗੌਲੀ, ਗੈਰਮਹੱਤਵ ਗੁੰਝਲ ਨੂੰ ਜਿਸ ਰੂਪ 'ਚ ਉਹਨੇ ਫੜਿਆ ਅਤੇ ਫਿਰ ਬਾਹਰਮੁਖੀ ਚਿੰਤਨ ਦ੍ਰਿਸ਼ਟੀ 'ਚੋਂ ਲੰਘਾਕੇ ਕਾਵਿ-ਪ੍ਰਵਚਨ ਵਿਚ ਰੂਪਾਂਤਰਿਤ ਕੀਤਾ, ਉਸ ਕਾਰਨ ਇਹ ਵੱਡਾ ਕਵੀ ਹੈ। ਜਦੋਂ ਇਤਿਹਾਸ ਦਾ ਚਾਨਣਾ ਲੱਗੇਗਾ ਤਾਂ ਬਹੁਤ ਸਾਰੇ ਮਕਬੂਲ ਕਵੀ ਜੋ ਚਿਤਰਪਟ ਤੇ ਛਾਏ ਰਹੇ, ਉਹ ਅਲੋਪ ਤਾਂ ਨਹੀ, ਗੌਣ ਜ਼ਰੂਰ ਹੋ ਜਾਣਗੇ। ਲਾਲ ਸਿੰਘ ਦਿਲ ਓਪਰੇ ਅਨੁਭਵ ਅਤੇ

ਵਿਚਾਰਧਾਰਕ ਆਭਾਮੰਡਲ ਦੀ ਥਾਂਵੇ ਆਪਣੇ ਅਨੁਭਵ ਵਿਚੋਂ ਬੋਲਦਾ ਹੈ। ਇਸੇ ਕਰਕੇ ਉਸ ਦੀ ਕਵਿਤਾ ਦੀਆਂ ਜੜ੍ਹਾਂ ਅਤੀਤ ਵਿਚ ਹਨ। ਉਹ ਵਰਤਮਾਨ ਵਰਤਾਰਿਆਂ ਦੀ ਗੁੰਝਲਾ ਨੂੰ ਇੱਕਹਿਰੇਪਣ ਦੀ ਥਾਵੇਂ ਰਾਜਨੀਤਕ ਅਰਥਾਂ ਦੇ ਪਾਸਾਰ ਨਾਲ ਜੋੜ ਕੇ ਭਵਿੱਖ ਦੇ ਨਵ-ਨਿਰਮਾਣ ਦੀ ਨਕਸ਼ਕਾਰੀ ਕਰਦਾ ਹੈ। ਦਲਿਤ ਜੀਵਨ ਦੀ ਕਰੂਰਤਾ ਦਾ ਅਹਿਸਾਸ ਉਸਨੂੰ ਗਿਲਾਨੀ ਨਹੀਂ ਸਗੋਂ ਸੋਝੀ ਦਾ ਅਹਿਸਾਸ ਜਗਾਉਂਦਾ ਹੈ। ਇਹੋ ਕਿਸੇ ਕਵੀ ਦੀ ਕਵਿਤਾ ਦਾ ਹੋਰਨਾ ਅਹਿਮ ਪੱਖਾਂ ਵਰਗਾ ਪੱਖ ਹੁੰਦਾ ਹੈ। ਲਾਲ ਸਿੰਘ ਦਿਲ ਬੋਲਦਾ ਹੈ:-

ਬਾਂਸਾਂ ਤੋਂ ਪੁਰਾਣਾ ਕੁਝ ਵੀ ਨਹੀਂ ਸੀ
ਜੇ ਸੀ
ਤਾਂ ਉਹ ਕੁਝ ਵੀ ਨਹੀਂ ਸੀ
ਗੰਗਾ ਤੋਂ ਪੁਰਾਣਾ ਕੁਝ ਵੀ ਨਹੀਂ ਸੀ
ਨਾ ਸ਼ਿਵ ਦੇ ਕਲਪਕਾਰ
ਨਾ ਸ਼ਿਵ ਦਾ ਨਾਂ
ਮਨੁੱਖ ਦੀ ਪਿੱਠ ਵਿਚਲਾ ਖਾਲ
ਕਹਿੰਦੇ ਨੇ ਜਿਸਨੂੰ ਭਰਤ ਦੇ ਤੀਰ ਦੀ ਨਿਸ਼ਾਨ ਹੈ
ਕਹਿੰਦੇ ਨੇ ਬਿਜਲੀ ਗੁਆਲੇ ਦੀ ਧੀ ਹੈ
ਪਰ ਜਿਵੇਂ
ਬਿਜਲੀ
ਬਾਂਸ
ਪਿੱਠਾਂ ਦੇ ਖਾਲ
ਗੰਗਾ ਦੇ ਪਾਣੀ
ਪਹਿਲਾਂ ਵੀ ਸਨ
ਆਰੀਆਂ ਤੋਂ ਪਹਿਲਾਂ
ਏਥੇ ਬੰਦੇ ਸਨ। (ਨਾਗਲੋਕ-ਪੰਨਾ-92)

ਲਾਲ ਸਿੰਘ ਦਿਲ ਆਰੀਆਂ ਤੋਂ ਪਹਿਲਾਂ ਜਿਹੜੇ ਆਦਿਵਾਸੀ ਜਾ ਮੂਲ ਭਾਰਤ ਵਾਸੀਆਂ ਦੀ ਗੱਲ ਕਰਦਾ ਹੈ, ਉਹ ਹੀ ਉਹ ਲੋਕ ਹਨ ਜਿਹਨਾਂ ਦੀ ਰਚਨਾਤਮਕ ਸ਼ਕਤੀ ਨੂੰ ਵਰਣ ਵਿਵਸਥਾ ਰਾਹੀ ਸੰਸਥਾਵੀ ਰੂਪ ਵਿਚ ਢਾਲਕੇ ਅਜਿਹੇ ਜੀਵਨ ਦੇ ਭਾਗੀ ਬਣਾ ਦਿੱਤਾ ਗਿਆ ਕਿ ਉਹ ਅਣਮਨੁੱਖਾ, ਪਸ਼ੂਆਂ ਵਰਗਾ ਜੀਵਨ ਬਤੀਤ ਕਰਨ 'ਤੇ ਮਜਬੂਰ ਹੋ ਗਏ। ਇਸ ਤੋਂ ਵੱਡਾ ਮਾਨਵ ਅਤੇ ਮਾਨਵਜਾਤੀ ਨਾਲ ਕੀ ਦੁਖਾਂਤ ਵਾਪਰ ਸਕਦਾ ਹੈ ਕਿ ਸਾਂਸਕ੍ਰਤਿਕ ਮਾਨਵ ਹੁੰਦਿਆਂ ਹੋਇਆਂ ਤਥਾਕਥਿਤ ਹੱਥੋਂ ਪਸ਼ੂ ਵਰਗਾ ਜੀਵਨ ਬਤੀਤ ਕਰੇ। ਲਾਲ ਸਿੰਘ ਆਪਣੀ ਰਚਨਾ ਵਿਚ ਦਲਿਤ ਜੀਵਨ ਨਾਲ ਜੁੜੇ ਅਨੇਕ ਦੁਖਾਂਤਕ ਵੇਰਵਿਆਂ, ਬਿਰਤਾਂਤਾਂ ਅਤੇ ਸਥਿਤੀਆਂ ਨੂੰ ਪੰਜਾਬੀ ਕਾਵਿ-ਸਮੂਹ ਦਾ ਅੰਗ ਬਣਾ ਕੇ ਸਮਾਜਕ ਯਥਾਰਥ ਦੀ ਉਸ ਸੁੰਨ ਹੋਈ ਪਰਤ ਵੱਲ ਧਿਆਨ ਖਿੱਚਦਾ ਹੈ ਜਿਸਨੂੰ ਇਕ ਵੱਡੀ ਗਿਣਤੀ ਹੰਢਾ ਰਹੀ ਹੈ। ਦੂਸਰਾ ਉਹ ਉਸ ਮੌਨ ਅਤੇ ਹਾਸ਼ੀਆਕ੍ਰਿਤ ਮਨੁੱਖ ਦੀ ਬੇਜ਼ੁਬਾਨ ਸਥਿਤੀ ਨੂੰ ਕੇਂਦਰ ਵਿਚ ਲੈ ਆਉਂਦਾ ਹੈ ਜਿਸਨੂੰ ਸਮੇਂ ਦੀ ਤਾਕਤ, ਸੱਤਾ ਅਤੇ ਜਾਬਰ ਹਕੂਮਤ ਨੇ ਦਰੜ ਰੱਖਿਆ ਹੈ।

ਇਹ ਗੱਲ ਦੱਸੀ ਜਾਏ
ਜੇ ਦੂਜੇ ਸਿਤਾਰੇ ਦੇ ਲੋਕਾਂ ਨੂੰ
ਪੱਥਰ ਹੋ ਜਾਵਣ
ਨਾ ਮੁੜ ਉੱਠਣ



ਪਸ਼ੂਆਂ ਨੂੰ ਜੇ ਇਸਦਾ ਅਨੁਭਵ ਹੋ ਜਾਏ
ਜੰਗਲਾਂ ਨੂੰ ਨੱਸ ਜਾਵਣ
ਮਨੁੱਖਤਾ ਤੋਂ ਡਰਦੇ ਚੀਖਦੇ। (ਨਾਗਲੋਕ-ਪੰਨਾ-84)

ਲਾਲ ਸਿੰਘ ਦਿਲ ਦੀ ਇਹ ਕਵਿਤਾ ਇਹ ਸੋਝੀ ਵੀ ਸੰਚਾਰ ਰਹੀ ਹੈ ਕਿ ਪੰਜਾਬ ਵਿਚ ਵੀ ਲੋਕਾਂ ਦਾ ਜੀਵਨ ਬਦਤਰ ਰਿਹਾ ਹੈ। ਉਹ ਜੀਵਨ ਕਿੰਨਾ ਕੁ ਤ੍ਰਾਸਦਿਕ, ਹੀਣਤਾ ਭਰਿਆ ਅਤੇ ਜ਼ੁਲਮ ਭਰਪੂਰ ਹੋ ਸਕਦਾ ਹੈ ਜਿਸ ਨੂੰ ਅਨੁਭਵ ਕਰਕੇ ਪਸ਼ੂ ਵੀ ਜੰਗਲਾਂ ਨੂੰ ਜਾ ਨੱਸਣ। ਇਉਂ ਲਾਲ ਸਿੰਘ ਦਿਲ ਜੁਝਾਰ ਕਾਵਿ ਦੇ ਉਸ ਦੌਰ ਵਿਚ ਦਲਿਤ ਜੀਵਨ ਨੂੰ ਪ੍ਰਗਟਾ ਰਿਹਾ ਹੈ ਜਦੋਂ ਕ੍ਰਾਂਤੀ ਦੇ ਬੋਲਬਾਲੇ ਦਾ ਮੁਹਾਵਰਾ ਭਾਰੂ ਸੀ। ਉਸ ਦੀ ਕਵਿਤਾ ਵਿਚ ਉਚੀ ਸੁਰ, ਨਾਅਰਾ ਸ਼ੈਲੀ, ਰੋਹ ਭਰੀ ਸ਼ਬਦਾਵਲੀ ਅਤੇ ਵਿਸਫ਼ੋਟਕ ਕਾਰਜਸ਼ੈਲੀ ਹੋਰਨਾਂ ਨਕਸਲੀ ਕਵੀਆਂ ਵਰਗੀ ਨਹੀਂ ਸਗੋਂ ਉਹ ਕ੍ਰਾਂਤੀਕਾਰੀ ਚੇਤਨਾ ਦਾ ਕਵੀ ਹੈ ਜਿਸ ਦੇ ਭਵਿੱਖ ਵਿਚ ਹੋਰ ਵੀ ਸਾਰਥਕ ਰਹਿਣ ਤੇ ਹੋਣ ਦੀ ਸੰਭਾਵਨਾ ਸੀ ਕਿਉਂਕਿ ਲਾਲ ਸਿੰਘ ਦਿਲ ਇਕੋ ਇਕ ਕਵੀ ਹੈ ਜਿਸ ਕੋਲ ਕ੍ਰਾਂਤੀਕਾਰੀ ਵਿਚਾਰਧਾਰਕ ਦ੍ਰਿਸ਼ਟੀ ਵੀ ਹੈ, ਭਾਰਤੀ ਸਮਾਜਕ ਸੰਰਚਨਾ ਦੀ ਸੂਝ ਵੀ ਹੈ, ਕੌੜਾ ਅਤੇ ਤਿੱਖਾ ਛਿਲਤਰੀ ਅਨੁਭਵ ਵੀ ਹੈ, ਨਿਆਰੀ ਕਾਵਿ ਭਾਸ਼ਾ ਵੀ ਹੈ, ਰੰਬੇ ਦੇ ਘਸੇ ਮੁੱਠੇ ਵਰਗੀ ਕਾਵਿ ਸ਼ਿਲਪ ਵੀ ਹੈ। ਜਦੋਂ ਉਹ ਬੋਲਦਾ ਹੈ ਤਾਂ ਅਣਕਾਵਿਕ ਭਾਸ਼ਾ 'ਚੋ ਵੀ ਕਾਵਿਕ ਸੁਹਜ ਜਗਾ ਲੈਂਦਾ ਹੈ। ਇਹ ਉਸਦੀ ਕਵਿਤਾ ਨਾਲ ਵਿਚਾਰਧਾਰਕ ਵਿਰੋਧ ਵਿਚ ਵਿਚਰਦੇ ਰਹੇ ਸੋਚਵਾਨ ਵੀ ਮੰਨਦੇ ਰਹੇ ਹਨ। ਉਸ ਦੀ ਕਵਿਤਾ ਵਿਚ ਇਕੋ ਸਮੇਂ ਪਰੰਪਰਾ ਅਤੇ ਪਰਿਵਰਤਨ, ਪਰੰਪਰਾ ਅਤੇ ਵਿਕਾਸ, ਜ਼ਾਤ ਅਤੇ ਜਮਾਤ ਆਦਿਕ ਜੁੱਟ ਰਚੇ ਮਿਚੇ ਮਿਲਦੇ ਹਨ?

ਸ਼ਾਮ ਪਈ ਤਾਂ ਗਧਿਆਂ ਵਾਲੇ
ਸੱਧਾਂ ਵਾਲੇ
ਛੱਜਾਂ ਵਾਲੇ
ਸਭ ਕਵਿਤਾ ਹਨ
ਮਿੱਲ ਕਵਿਤਾ ਹਨ
ਜਾਬਰ ਦੇ ਛੁਰਿਆਂ ਥੱਲੇ
ਵੀ ਕਵਿਤਾ ਹੈ
ਮਿੱਲ ਕਵਿਤਾ ਹਨ। (ਨਾਗਲੋਕ-ਪੰਨਾ-76)

ਦਲਿਤ ਪਛਾਣ ਪ੍ਰਤੀ ਅਤੇ ਦਲਿਤ ਮਨੁੱਖ ਪ੍ਰਤੀ ਆਪਣਾ ਕਾਵਿਕ ਪ੍ਰਤਿਉੱਤਰ ਕਰਨ ਵਾਲਿਆਂ ਵਿਚੋਂ ਇਕ ਕਵੀ ਸਿਰੀ ਰਾਮ ਅਰਸ਼ ਹੈ। ਉਸ ਕੋਲ ਮਿੱਥ ਦੀ ਸੂਝ ਅਤੇ ਮਿੱਥ ਵਿਚ ਵਿਚਰਦੇ ਦਲਿਤ ਮਨੁੱਖ ਦਾ ਵਿਅਕਤੀਤਵ, ਉਸਦੀ ਸਥਿਤੀ ਦਾ ਭਰੋਸੇਯਗ ਗਿਆਨ ਹੈ। ਉਸ ਦਾ ਮਹਾਂ-ਕਾਵਿ 'ਅਗੰਮੀ ਨੂਰ' ਭਗਤ ਰਵਿਦਾਸ ਬਾਰੇ ਪੜ੍ਹਨਯੋਗ ਕਿਰਤ ਹੈ। ਅਰਸ਼ ਵਰਤਮਾਨ ਸਮੇਂ ਵਿਚ ਦਲਿਤ ਮਨੁੱਖ ਦੀ ਸਥਿਤੀ ਅਤੇ ਮਿਥਿਹਾਸਕ ਵੇਰਵਿਆਂ ਨਾਲ ਜੋੜਦੇ ਜਦੋਂ ਕਾਵਿ ਪਾਠ ਦੀ ਸਿਰਜਣਾ ਕਰਦਾ ਹੈ ਤਾਂ ਉਹ ਪੂਰਨ ਭਾਰਤੀ ਪਰੰਪਰਾ ਦਾ ਪਰਿਪੇਖ ਸਿਰਜਦਾ ਹੈ। ਦੂਸਰਾ ਉਸਦਾ ਕਾਵਿ ਪਾਤਰ ਪੇਂਡੂ ਜੀਵਨ 'ਚੋਂ ਉਠਕੇ ਸ਼ਹਿਰੀਕਰਨ ਦੇ ਅਮਲ 'ਚ ਵਿਚਰਦਾ ਹੋਇਆ ਸਭਿਆਚਾਰਕ ਹੀਣਤਾ ਤੇ ਸੰਤਾਪ ਨੂੰ ਭੋਗਦਾ ਹੈ। ਉਹ ਆਰਥਿਕ ਸੰਪੰਨਤਾ ਦੇ ਬਾਵਜੂਦ ਫਿਰ ਵੀ ਦੂਜੇ ਦਰਜੇ ਦੇ ਸ਼ਹਿਰੀ ਦੀ ਹੋਣੀ ਭੋਗਦਾ ਹੈ।

ਮੇਰੀ ਸਾਧਨਾ! ਕਾਮਯਾਬੀ ਤੇ ਮੇਰੀ!!
ਤੁਸੀਂ ਮਨ ਹੀ ਮਨ ਵਿਚ ਬੜੇ ਖ਼ੁਸ਼ ਸੀ ਹੋਏ
ਮਗਰ ਆਰੀਆਂ ਵੰਸ਼ ਦੇ ਨਿਯਮ ਝੱਟ ਪੱਟ
ਤੁਹਾਡੇ ਮੇਰੇ ਆਕੇ ਅੱਗੇ ਖਲੋਏ! (ਸਪਰਸ਼-ਪੰਨਾ-28)

ਉਸਦੀ ਕਵਿਤਾ ਅਤੇ ਗ਼ਜ਼ਲ ਵਿਚ ਮਿੱਥ ਦਾ ਵਿਸ਼ੇਸ਼ ਪ੍ਰਭਾਵ ਹੈ। ਉਹ ਦਲਿਤ ਮਹਾਂਪੁਰਸ਼ਾਂ

ਅਤੇ ਯੋਧਿਆਂ ਪ੍ਰਤੀ ਨਮਸਕਾਰੀ ਰੁਖ਼ ਰੱਖਦਾ ਹੈ।'ਮਾਥ ਛਤਰ ਧਰਦਾ ਹੈ।', 'ਪੁਰਸਲਾਤ', 'ਗਲਤ ਫ਼ਹਿਮੀ', 'ਪੱਤਹੀਣ', 'ਵਿਵਰਜਤ ਸਿੱਖਿਆ' ਕਵਿਤਾਵਾਂ 'ਤੋਂ ਬਿਨਾਂ ਉਹ ਮਾਨਵਵਾਦੀ ਦ੍ਰਿਸ਼ਟੀ 'ਤੋਂ ਬਹੁਤ ਸਾਰੇ ਗ਼ਜ਼ਲਾਂ ਦੇ ਸ਼ੇਅਰਾਂ ਵਿਚ ਦਲਿਤ ਚੇਤਨਾ ਨੂੰ ਸੰਚਾਰਦਾ ਹੈ। ਉਸਦੀ 'ਆਰਸੀ' ਵਿਚ ਛਪੀ ਕਵਿਤਾ ਜ ਇਲਾਹਾਬਾਦ ਦੇ ਇਕ ਪਿੰਡ ਵਿਚ 21 ਜਨਵਰੀ 1999 ਨੂੰ ਨੰਗੀ ਕਰਕੇ ਘੁਮਾਈ ਗਈ ਔਰਤ ਬਾਰੇ ਹ. ਬੜੀ ਭਾਵਪੂਰਤ ਹੈ :-

ਤੂੰ ਨਹੀਂ ਸੈਂ ਕੁਲ-ਵਧੂ ਇਤਿਹਾਸ ਦੀ
ਨਾ ਹੀ 'ਪੰਚਾਲੀ' ਕਿਸੇ ਮਿਥਿਹਾਸ ਦੀ
ਨਾ ਗਦਾਧਾਰੀ ਕੋਈ ਪਤੀ ਤੇਰਾ
ਤੂੰ ਹੈ ਪਤਨੀ ਇਕ ਅਭਾਗੇ ਦਾਸ ਦੀ (ਆਰਸੀ)

ਅਜੋਕੀ ਪੰਜਾਬੀ ਕਵਿਤਾਂ ਵਿਚ ਦਲਿਤ ਕਾਵਿ ਨੂੰ ਇਕ ਵੱਖਰੀ ਸੁਰ ਦੀ ਕਵਿਤਾ ਵਜੋਂ ਪਛਾਣਿਆ ਜਾਣ ਲੱਗਾ ਹੈ। ਇਸ ਵੱਖਰੀ ਸੁਰ ਵਿਚ ਕੁਝ ਕਵਿਤਾ ਸਿਰਫ਼ ਦਲਿਤਾਂ ਦੇ ਸਮੱਸਿਆਕਾਰ ਦੀ ਲਛਮਣ ਰੇਖਾ ਨੂੰ ਉਲੰਘਦੀ ਨਹੀਂ। ਪਰੰਤੂ ਕੁਝ ਨਵੀਂ ਕਵਿਤਾ ਜੋ ਸਮੁੱਚੇ ਸੰਦ੍ਰਿਸ਼ ਵਿਚ ਦਲਿਤ ਮੁਕਤੀ ਦਾ ਪ੍ਰਵਚਨ ਉਸਾਰਦੀ ਹੈ ਉਸ ਪ੍ਰਤੀ ਵਿਚਾਰਧਾਰਕ ਮਤਭੇਦ ਹਨ। ਦਰਅਸਲ ਅੱਜ ਦੇ ਪੂੰਜੀਵਾਦੀ ਸਮਰੂਪੀਕਰਨ (ਵਿਸ਼ਵੀਕਰਨ) ਦੇ ਦੌਰ ਵਿਚ ਆਮ ਮਨੁੱਖ ਅਤੇ ਦਲਿਤ ਮਨੁੱਖ ਸਾਹਮਣੇ ਹੋਰ ਵੀ ਅਨੇਕਾਂ ਵੰਗਾਰਾਂ ਆ ਖੜੋਈਆਂ ਹਨ। ਸਥਾਨਕ ਮਸਲਿਆਂ ਦੇ ਸਮਵਿੱਥ ਕੌਮੀ ਅਤੇ ਕੌਮਾਂਤਰੀ ਸਥਿਤੀ ਤੋਂ ਅਣਭਿੱਗ ਨਹੀਂ ਰਿਹਾ ਜਾ ਸਕਦਾ। ਇਸ ਲਈ ਦਲਿਤ ਮੁਕਤੀ ਦਾ ਮਸਲਾ ਵਧੇਰੇ ਗੰਭੀਰਤਾ ਨਾਲ ਵਿਚਾਰਿਆ ਅਤੇ ਵਿਉਂਤਿਆ ਜਾਣਾ ਚਾਹੀਦਾ ਹੈਂ। ਨਵੀਂ ਕਵਿਤਾ ਵਿਚ ਬਲਬੀਰ ਮਾਧੋਪੁਰੀ, ਮਦਨ ਵੀਰਾ ਅਤੇ ਜੈਪਾਲ ਦੀਆਂ ਨਜ਼ਮਾ ਵਿਚੋਂ ਇਹ ਸੋਅ ਮਿਲਦੀ ਹੈ।

ਹੁਣ ਤਾਂ
ਸੁੰਗੜ ਕੇ ਰਹਿ ਗਿਆ ਹੈ
ਦੂਰੀਆਂ ਦਿਖਾਉਂਦਾ ਖਲਾਅ ਵੀ
ਧੁਪ ਕੇ ਰੰਗਾਂ ਵਾਂਗ
ਇਕ ਮਿਕ ਹੋ ਗਏ ਨੇ
ਸੱਤਾਂ ਦੇ ਸੱਤ ਮਹਾਂਦੀਪ ਵੀ
ਕੱਚ ਵਾਂਗ ਢਹਿ ਗਈ ਹੈ
ਬਰਲਿਨ ਦੀ ਦੀਵਾਰ ਵੀ
ਤੇ ਮੇਰੀ ਸੰਸਕ੍ਰਿਤੀ ਦੇ ਬੱਜਰ ਕਪਾਟ
ਜਿਸ ਨੂੰ ਲੱਗੇ ਨਾ ਚਾਬੀ
ਕੋਈ ਤਰਕ ਕਰੇ ਨਾ ਕਾਟ। (ਭਖਦਾ ਪਾਤਾਲ-ਪੰਨਾ-39)

ਡੱਬ ਖੜੱਬੀ ਇਸ ਦੁਨੀਆਂ ਦਾ
ਵਤਨੀ ਹਾਂ-ਪਰ ਬੇਵਤਨ ਹਾਂ
ਨੈਂਣ ਨਕਸ਼ ਦੇ ਹੁੰਦਿਆਂ ਹੋਇਆਂ
ਨਕਸ਼ਹੀਣ ਹਾਂ
ਮੈਲੇ ਜਿਹੇ ਪੱਤਰ ਤੇ ਪਿਆ
ਮਟਮੈਲਾ ਮਿਟਿਆ ਜਿਹਾ
ਇਕ ਸਿਰਨਾਵਾਂ ਹਾਂ



ਨਾ ਹੁੰਦਿਆਂ ਵੀ ਬੇਨਾਵਾਂ ਹਾਂ! (ਮਦਨਵੀਰਾ, ਭਾਖਿਆ-ਪੰਨਾ-15)

ਨਵ ਕਵਿਤਾ ਦਾ ਕਾਵਿ-ਪਾਤਰ ਇਕਹਿਰੇਪਨ ਨੂੰ ਤੋੜਦਾ ਹੈ। ਪੂਰੇ ਦ੍ਰਿਸ਼ ਵਿਚ ਉਸਨੂੰ ਵਿਗੋਚਾ ਵੀ ਹੈ, ਗੁੱਸਾ ਵੀ ਹੈ, ਰੋਹ ਵੀ ਹੈ ਕਿ ਵਿਕਾਸ ਦੀ ਤੇਜ਼ ਰਫ਼ਤਾਰ ਸਥਿਤੀ ਵਿਚ ਉਹ ਅਜੇ ਵੀ ਵਰਣ-ਪ੍ਰਬੰਧ ਵਿਚ ਛਾਂਗਿਆ ਹੋਇਆ ਹੈ। ਉਸ ਦੀ ਲੜਾਈ ਅਤੇ ਜਦੋਜਹਿਦ ਸਭ ਨਾਲੋਂ ਪਹਿਲਾਂ ਬਰਾਬਰ ਦੇ ਮਨੁੱਖ ਦੀ ਮਾਨਤਾ ਦੀ ਹੈ। ਦਲਿਤ ਮਨੁੱਖ ਵੀ ਭਾਰਤੀ ਮਨੁੱਖ ਵਾਂਗ ਸ਼ੋਸ਼ਣ ਅਤੇ ਜਬਰ ਦਾ ਸ਼ਿਕਾਰ ਹੈ ਪਰੰਤੂ ਜਾਤੀ ਹੀਣਤਾ ਰਾਹੀਂ ਉਸ ਅੰਦਰੋਂ ਮਨੁੱਖੀ ਗੌਰਵ ਨੂੰ ਤਬਾਹ ਕੀਤਾ ਜਾ ਰਿਹਾ ਹੈ। ਇਸ ਮਨੁੱਖੀ ਗੌਰਵ ਨੂੰ ਜਗਾਉਂਦੀ ਜਿੱਥੇ ਵੀ ਕਵਿਤਾ ਉਦੈ ਹੁੰਦੀ ਹੈ ਉਸ ਦੀ ਸਾਰਥਿਕਤਾ ਤਥਾ-ਕਥਿਤ ਜਾਤੀ-ਕਵਿਭਾ ਨਾਲੋਂ ਵਧੇਰੇ ਹੈ। ਦਲਿਤ ਕਵਿਤਾ ਨੂੰ ਜਾਤੀ ਵਿਰੋਧਾਂ ਦੀ ਥਾਂਵੇ ਵਰਣ-ਵਿਵਸਥਾ ਨੂੰ ਸਮਝਣ ਦੀ ਜ਼ਰੂਰਤ ਹੈ।

ਨਵੀਂ ਕਵਿਤਾ ਵਿਚ ਦਲਿਤ ਦੀਆਂ ਦੁਸ਼ਵਾਰੀਆਂ, ਤੰਗੀਆਂ-ਤੁਰਸ਼ੀਆਂ, ਦੁੱਖਾਂ-ਗ਼ਮਾਂ, ਘਾਟਾਂ-ਊਣਾਂ, ਚਾਹਤਾਂ-ਸੁਪਨਿਆਂ ਦਾ ਭਰਵਾਂ ਚਿਤਰਣ ਮਿਲਦਾ ਹੈ। ਇਸ ਕਵਿਤਾ ਨੇ ਦ੍ਰਿਸ਼ਟੀ ਦੀ ਪੱਧਰ ਤੇ ਜਾਤੀਗਤ ਸੀਮਾਵਾਂ ਤੋਂ ਪਾਰ ਵੀ ਜਾਣਾ ਹੈ। ਇਹਨਾਂ ਤੋਂ ਪਾਰ ਜਾਣ ਲਈ ਹੋਰ ਵਿਚਾਰਧਾਰਕ ਦ੍ਰਿਸ਼ਟੀਆਂ ਉਪਰ ਵੀ ਨਿਗਾਹ ਰੱਖਣੀ ਪਵੇਗੀ। ਅਜਿਹੀ ਨਿਗਾਹ ਪ੍ਰਤੀ ਦਲਿਤ ਸੁਹਜ ਸ਼ਾਸਤਰੀ ਸੁਚੇਤ ਵੀ ਹਨ। ਡਾ. ਸ਼ਰਣ ਕੁਮਾਰ ਲਿੰਬਾਲੇ ਦੀ ਟਿੱਪਣੀ ਵਾਚਣਯੋਗ ਹੈ।

"ਦਲਿਤ ਸਾਹਿਤ ਦਲਿਤਾਂ ਦੇ ਸੰਘਰਸ਼ ਦਾ ਸਾਹਿਤ ਹੈ। ਹੁਣ ਦਲਿਤ ਸਾਹਿਤ ਅੰਦੋਲਨ ਨੂੰ ਅੰਬੇਦਕਰਵਾਦ ਦੇ ਨਾਲ ਨਾਲ ਮਾਰਕਸਵਾਦ ਨੂੰ ਵੀ ਸਵੀਕਾਰ ਹੋਵੇਗਾ, ਤਾਂ ਹੀ ਇਹ ਸੰਘਰਸ਼ ਅਰਥ ਪੂਰਨ ਹੋਵੇਗਾ, ਅਜਿਹੀ ਸਮਝ ਸਥਾਪਤ ਕਰਨੀ ਪਵੇਗੀ।"

ਦਲਿਤ ਰਚਨਾਕਾਰਾਂ ਅਤੇ ਚਿੰਤਕਾਂ ਨੂੰ ਸਿਧਾਂਤਾਂ ਦੀਆਂ ਸੀਮਾਵਾਂ ਦੇ ਨਾਲ ਨਾਲ ਸਿਧਾਂਤਾਂ ਨੂੰ ਰਚਨਾਤਮਕ ਅਤੇ ਕਿਰਿਆਸ਼ੀਲ ਬਣਾਉਣਾ ਪਵੇਗਾ।

ਦਲਿਤ ਕਵਿਤਾ ਦਾ ਅਧਿਐਨ ਕਰਦਿਆਂ ਇਹ ਦਿਲਚਸਪ ਤੱਥ ਉਜਾਗਰ ਹੁੰਦਾ ਹੈ ਕਿ ਹੋਰਨਾ ਵਿਧਾਵਾਂ ਵਿਚ ਤਾਂ ਗੈਰ-ਦਲਿਤ, ਮਾਨਵਵਾਦੀ ਦ੍ਰਿਸ਼ਟੀ ਵਾਲੇ ਰਚਨਾਕਾਰ ਦਲਿਤ ਸਥਿਤੀ ਅਤੇ ਸਮੱਸਿਆਂ ਬਾਰੇ ਲਿਖਦੇ ਰਹੇ ਹਨ ਪਰ ਕਵਿਤਾ ਵਿਚ ਦਲਿਤਾਂ ਨੇ ਹੀ ਕਾਵਿ ਸਿਰਜਣ ਵਿਚ ਸਰਗਰਮੀ ਦਿਖਾਈ ਹੈ। ਕਵਿਤਾ ਅੰਦਰ ਇਹ ਨੁਕਤਾ ਹੋਰ ਵੀ ਧਿਆਨ ਦੀ ਮੰਗ ਕਰਦਾ ਹੈ।

ਆਧੁਨਿਕ ਪੰਜਾਬੀ ਕਾਵਿ ਵਿਚ ਦਲਿਤ ਚੇਤਨਾ ਦੇ ਕਾਵਿ ਦੀ ਅਣਹੋਂਦ ਨਹੀਂ। ਪਰੰਤੂ ਇਹ ਕਦੇ ਮੁੱਖ ਸੁਰ ਦੀ ਕਵਿਤਾ ਵੀ ਨਹੀਂ ਬਣੀ। ਜਿਹੋ ਜਿਹੀ ਸਮਾਜਕ ਅਤੇ ਰਾਜਨੀਤਕ ਦਾਇਰਿਆਂ ਦੀ ਸਥਿਤੀ ਹੈ ਉਹੋ ਜਿਹੀ ਪੰਜਾਬੀ ਆਲੋਚਕਾਂ ਅਤੇ ਚਿੰਤਨ ਦੀ ਵੀ ਹੈ। ਹੁਣ ਸਾਹਮਣੇ ਆ ਰਹੀ ਕਵਿਤਾ ਦੀਆਂ ਭਾਵੇਂ ਆਪਣੀਆਂ ਸੀਮਾਵਾਂ ਵੀ ਹਨ ਪਰੰਤੂ ਇਸ ਕਵਿਤਾ ਤੋਂ ਅੱਖ ਨਹੀਂ ਫੇਰੀ ਜਾ ਸਕਦੀ। ❖

## ਹਵਾਲੇ ਅਤੇ ਯਾਦ-ਟਿੱਪਣੀਆਂ

1. ਭਾਰਤੀ ਸਮਾਜ-ਪੰਨਾ-48-49
2. ਉਹੀ, ਪੰਨਾ-54
3. Seminar 508. December-2001. P-42.
4. Journal of Indian School of Political Economy. 'Prejudice Without Pollution'?. Scheduled Castes in Contemporary Panjab Page : 381.
5. ibid. P. 394.
6. ਦਲਿਤ ਸਾਹਿਤਯ ਦਾ ਸੌਂਦਰਯ ਸ਼ਾਸਤਰ, ਪੰਨਾ-65
7. ਉਹੀ, ਪੰਨਾ-69

# ਦਲਿਤ ਸਮੱਸਿਆ ਉੱਪਰ ਵਿਸਤਰਿਤ ਵਿਚਾਰ/ਸੂਫ਼ੀ ਅਮਰਜੀਤ

ਅਸੀਂ ਜਾਣਦੇ ਹਾਂ ਕਿ ਭਾਰਤੀ ਸਮਾਜ ਵਿਚ ਦਲਿਤ ਵਰਗ ਇਕ ਅਜਿਹਾ ਵਰਗ ਹੈ ਜੋ ਸਦੀਆਂ ਤੋਂ ਤ੍ਰਿਸਕਾਰਤ ਰਿਹਾ ਹੈ। ਜਿਸ ਨੂੰ, ਕਿਰਤੀ ਸ਼ਕਤੀ ਦਾ ਸ਼ੋਸ਼ਨ ਕਰਕੇ, ਸਮਾਜਿਕ ਅਤੇ ਆਰਥਿਕ ਬਰਾਬਰੀ ਤੋਂ ਵੰਚਿਤ ਰੱਖਕੇ, ਸੱਭਿਆਚਾਰਿਕ ਤੌਰ ਉੱਪਰ ਵਿਆਪਕ ਸਮਾਜ ਤੋਂ ਅਤਿ ਪਛੜਿਆ ਹੋਣ ਅਤੇ ਮਨੁੱਖ ਹੁੰਦਿਆਂ ਹੋਇਆ ਗੈਰ ਮਨੁੱਖੀ ਵਰਤਾਓ ਦੇ ਕਾਰਨ, ਮਾਨਸਿਕ ਤੌਰ ਉੱਤੇ ਅਵਿਕਸਤ ਰੱਖ ਕੇ, ਦਹਿਸ਼ਤ ਜ਼ਦਾ ਕਰਕੇ ਰੱਖਿਆ ਹੈ।

ਸਮਾਜ ਦੇ ਕਿਸੇ ਹਿੱਸੇ ਦੀ ਅਜਿਹੀ ਸਥਿਤੀ ਹਜ਼ਾਰਾਂ ਵਰ੍ਹਿਆਂ ਤੱਕ ਬਣੀ ਰਹਿਣੀ ਕਿੱਡੀ ਵੱਡੀ ਭਿਆਨਿਕ ਤਰਾਸਦੀ ਹੈ ਜਿਸ ਨੂੰ ਮਹਿਸੂਸ ਕਰਕੇ ਜਾਂ ਜਿਸ ਦਾ ਅਨੁਭਵ ਕਰਨਾ ਹੀ ਕਾਬਾ ਛੇੜ ਦਿੰਦਾ ਹੈ, ਜਿਨ੍ਹਾਂ ਉਸ ਨੂੰ ਹੰਢਾਇਆ ਉਹਨਾਂ ਦੀ ਪੀੜ ਨੂੰ ਦੂਜਾ ਕੋਈ ਜਾਣ ਨਹੀਂ ਸਕਦਾ। ਇਸ ਤਰ੍ਹਾਂ ਦਲਿਤ ਵਰਗ ਦੀ ਇਕ ਜਾਂ ਦੋ ਪੀੜ੍ਹੀਆਂ ਨਹੀਂ, ਸਗੋਂ ਮੋਟੇ ਜਿਹੇ ਅੰਦਾਜ਼ੇ ਅਨੁਸਾਰ ਲੰਘੇ ਤਿੰਨ ਹਜ਼ਾਰ ਸਾਲਾਂ ਵਿੱਚ ਦੋ ਸੌ ਦੇ ਕਰੀਬ ਪੀੜ੍ਹੀਆਂ ਅਣਕਿਆਸੇ ਤਸੀਹਿਆਂ ਨੂੰ ਭੋਗਦੀਆਂ ਰਹੀਆਂ ਹਨ ਕਿ ਉਹਨਾਂ ਦੀ ਚਲੰਤ ਪੀੜ੍ਹੀਆਂ ਦੇ ਚੇਤਨ-ਚਿੰਤਕਾਂ ਵਿਚ ਉੱਚ-ਵਰਗਾਂ ਦੇ ਅਤੇ ਉਹਨਾਂ ਦੇ ਇਤਿਹਾਸਕ ਨਾਇਕਾਂ/ਖਲਨਾਇਕਾਂ ਦੇ ਪ੍ਰਤੀ ਘੋਰ ਨਫ਼ਰਤ ਦਾ ਪੈਦਾ ਹੋਣਾ ਸਮਝ ਵਿਚ ਆਉਣ ਵਾਲੀ ਗੱਲ ਹੈ। ਪ੍ਰੰਤੂ ਅਜੋਕੇ ਸਮੇਂ ਵਿਚ ਗ਼ੈਰ-ਦਲਿਤ ਲੋਕਾਂ ਵਿਚੋਂ, ਜਿਹੜੇ ਲੋਕ, ਦਲਿਤ ਵਰਗ ਦੀ ਅਜੋਕੀ ਸਮੁੱਚੀ ਸਮਾਜੀ ਸਥਿਤੀ ਦੀਆਂ ਹਾਲਤਾਂ ਨੂੰ ਬਦਲਣ ਲਈ ਕਰਮਸ਼ੀਲ ਹਨ ਜਾਂ ਇਸ ਵਿਚ ਕਿਸੇ ਤਰ੍ਹਾਂ ਦੇ ਸਹਿਯੋਗ, ਹਮਦਰਦੀ ਅਤੇ ਸਹਾਇਤਾ ਕਰ ਰਹੇ ਹਨ, ਉਸ ਨੂੰ ਰੱਦ ਕਰਨਾ ਉਚਿਤ ਨਹੀਂ ਹੈ। ਸਗੋਂ ਇਹ ਦਲਿਤ-ਚਿੰਤਕਾਂ ਦੀ ਸੰਕੀਰਨਤਾ ਹੀ ਆਖੀ ਜਾਵੇਗੀ ਜੋ ਕਿ ਉਹਨਾਂ ਦੇ ਹਿਤਾਂ ਦੇ ਵੀ ਉਲਟ ਜਾਂਦੀ ਹੈ।

ਪਿਛਲੇ ਸਮੇਂ ਦੇ ਸਮਾਜਾਂ ਨਾਲੋਂ, ਅਜੋਕੇ ਸਮਾਜ ਦੀ ਬਣਤਰ ਵਿਚ ਬੜਾ ਵੱਡਾ ਫਰਕ ਹੈ। ਭਾਰਤ ਦੇ ਅਜੋਕੇ ਸਮਾਜ ਵਿਚ ਪਹਿਲਾਂ ਵਾਲੀ ਜਾਤੀ ਵੰਡ ਭਾਵੇਂ ਪਹਿਲਾਂ ਵਾਲੀ ਸ਼ਕਤੀ ਅਤੇ ਰੂਪ ਵਾਲੀ ਨਹੀਂ ਰਹੀ, ਪ੍ਰੰਤੂ ਇਹ ਹਾਲੇ ਵੀ ਕਾਇਮ ਹੈ, ਇਸ ਵੰਡ ਨੂੰ ਜੜ੍ਹੋਂ ਪੁੱਟਣ ਲਈ ਹੀ, ਦਲਿਤ ਅਤੇ ਗੈਰ ਦਲਿਤ ਸੰਗਠਣ ਅਤੇ ਚਿੰਤਕ, ਬੌਧਿਕ ਅਤੇ ਸਮਾਜਿਕ-ਰਾਜਨੀਤਿਕ ਸੰਘਰਸ਼ਾਂ ਦੁਆਰਾ ਯਤਨਸ਼ੀਲ ਹਨ। ਇਹਨਾਂ ਸਾਰੇ ਯਤਨਾਂ ਦੇ ਕਾਰਨ, ਜੋ ਤਬਦੀਲੀ ਵੇਖਣ ਵਿਚ ਆਈ ਵੀ ਹੈ, ਉਹ ਬਹੁਤੀ ਤਸੱਲੀ ਕਰਨ ਯੋਗ ਨਹੀਂ ਹੈ। ਮਹਾਂਰਾਸ਼ਟਰ ਇਸ ਵਿਚ ਆਗੂ ਦਾ ਰੋਲ ਨਿਭਾਉਂਦਾ ਆ ਰਿਹਾ ਹੈ। ਕੇਰਲ ਅਤੇ ਪੱਛਮੀ ਬੰਗਾਲ ਵਿਚ ਹੋਇਆ ਕਾਰਜ ਵੀ ਗੌਲਣਯੋਗ ਹੈ। ਜੋਤੀਬਾ ਫੂਲੇ ਅਤੇ ਡਾ. ਅੰਬੇਦਕਰ ਵੀਹਵੀਂ ਸਦੀ ਦੀ ਦਲਿਤ ਲਹਿਰ ਦੇ ਮੋਢੀ ਆਗੂ ਹੋਏ ਹਨ ਜਿਨ੍ਹਾਂ ਤੋਂ ਪ੍ਰੇਰਤ ਹੋ ਕੇ ਅਜੋਕੀ ਦਲਿਤ ਲਹਿਰ ਕਿਰਿਆਸ਼ੀਲ ਹੋਈ ਹੈ।

ਦਲਿਤ ਸਮੱਸਿਆ ਦੇ ਕਈ ਪਹਿਲੂ ਹਨ। ਹਰ ਪਹਿਲੂ ਉੱਪਰ ਘੱਟ-ਵੱਧ ਤੇਜ਼ੀ ਨਾਲ ਕੁਝ ਨਾ ਕੁਝ ਹੋ ਰਿਹਾ ਹੈ। ਇਸ ਦੇ ਲਈ ਅਨੇਕਾਂ ਜਥੇਬੰਦਕ, ਗੈਰ ਜਥੇਬੰਦਕ ਅਤੇ ਵਿਅਕਤੀਗਤ ਯਤਨ ਜਾਰੀ ਹਨ। ਕੁਝ ਜਥੇਬੰਦਕ ਯਤਨ ਤਾਂ ਨਿਰੋਲ ਦਲਿਤਾਂ ਵਲੋਂ ਦਲਿਤ ਲੋਕਾਂ ਦੀ ਚੇਤਨਾ ਨੂੰ ਵਿਕਸਤ ਕਰਨ ਵਾਲੇ ਹਨ ਜੋ ਨਾਲੋਂ ਨਾਲ ਗੈਰ ਦਲਿਤ ਵਰਗਾਂ ਨੂੰ ਵੀ, ਇਸ ਸਮੱਸਿਆ ਦੇ ਹੱਲ ਦੀ ਵਿਸ਼ੇਸ਼-ਲੋੜ ਤੋਂ ਚੇਤਨ ਕਰਨ ਲਈ ਵੀ ਕੰਮ ਆ ਰਹੇ ਹਨ।

ਇਸ ਵੱਡੇ ਅਤੇ ਅਹਿਮ ਸਮਾਜੀ ਪਰਿਵਰਤਨ ਦੇ ਕਾਰਜ ਲਈ, ਸਮੁੱਚੇ ਸਮਾਜ ਨੂੰ ਹਰਕਤ ਵਿਚ ਲਿਆਉਣ ਦੀ ਲੜ ਹੈ। ਉਸ ਦਾ ਧਿਆਨ ਇਸ ਮਸਲੇ ਦੀ ਗੰਭੀਰਤਾ ਵੱਲ ਅਕਰਸ਼ਤ ਕਰਨਾ ਜ਼ਰੂਰੀ ਹੈ। ਬੇਸ਼ਕ ਸਮੱਚ ਸਮਾਜ ਵਿਚ ਉਹ ਜਾਤੀਵਾਦੀ ਸ਼ਕਤੀਆਂ ਵੀ ਸ਼ਾਮਲ ਹਨ, ਜੋ ਇਸ ਸਮੱਸਿਆ ਨੂੰ ਕਾਇਮ



ਰੱਖਣ ਵਾਲੀ ਵਰਨ-ਪ੍ਰਣਾਲੀ ਨੂੰ ਤੋੜੇ ਜਾਣ ਦੇ ਪੱਖ ਵਿਚ ਨਹੀਂ ਹਨ। ਇਹਨਾਂ ਜਾਤੀਵਾਦੀ ਸ਼ਕਤੀਆਂ ਦੇ ਕਾਰਨ ਤਾਂ ਇਹ ਸਮੱਸਿਆ ਕਾਇਮ ਹੈ। ਇਸ ਦੇ ਅਭਾਵ ਵਿੱਚ ਤਾਂ ਸਮੱਸਿਆ ਨੇ ਅਜੋਕੇ ਰੂਪ ਵਿਚ ਨਹੀਂ ਹੋਣਾ ਸੀ। ਪ੍ਰੰਤੂ ਹੁਣ ਸਮਾਜ ਅਜਿਹੇ ਪੜਾ ਉੱਪਰ ਅੱਪੜ ਗਿਆ ਹੈ ਕਿ ਇਹ ਸ਼ਕਤੀਆਂ ਇਸ ਸਮੱਸਿਆ ਦੀ ਹੋਂਦ ਤੋਂ ਇਨਕਾਰ ਕਰਨ ਦੇ ਯੋਗ ਵੀ ਨਹੀਂ ਰਹੀਆਂ ਹਨ। 26 ਦਸੰਬਰ 2001 ਦੇ ਅੰਗਰੇਜ਼ੀ "ਔਰਗੇਨਾਈਜ਼ਰ" ਵਿਚ ਜੋ ਰਾਸ਼ਟਰੀਆ ਸਵੈਮ ਸੇਵਕ ਸੰਘ ਦਾ ਬੁਲਾਰਾ ਹੈ, ਇਹ ਸਫਾਈ ਪੇਸ਼ ਕੀਤੀ ਗਈ ਹੈ ਕਿ ਸੰਘ ਤਾਂ ਆਪਣੇ ਮੋਢੀਆਂ ਦੇ ਸਮੇਂ ਤੋਂ ਹੀ ਦਲਿਤ ਸਮੱਸਿਆ ਨੂੰ ਖਤਮ ਕਰਨ ਦੇ ਯਤਨ ਵਿਚ ਹੈ। ਇਹੋ ਹੀ ਨਹੀਂ ਸਗੋਂ ਉਸ ਨੇ ਇਕ ਉਦਾਹਰਨ ਦੇ ਕੇ ਸਿੱਧ ਕਰਨਾ ਚਾਹਿਆ ਹੈ ਕਿ ਇਹ ਤਾਂ ਦਲਿਤ ਹੀ ਹਨ ਜੋ ਮੰਦਰ ਆਦਿ ਵਿਚ ਪ੍ਰਵੇਸ਼ ਕਰਕੇ ਉੱਚ ਵਰਗਾਂ ਦੇ ਬਰਾਬਰ ਨਹੀਂ ਹੋਣਾ ਚਾਹੁੰਦੇ। ਇਸ ਤੋਂ ਵੱਡੀ ਹਮਾਕਤ ਹੋਰ ਕੀ ਹੋ ਸਕਦੀ ਹੈ। ਕੁਝ ਵੀ ਹੈ ਸਮੱਸਿਆ ਨੂੰ ਸਵੀਕਾਰ ਕਰਨ ਲਈ ਸੰਘ ਪਰਿਵਾਰ ਦੀ ਰਾਜਨੀਤਕ ਮਜਬੂਰੀ ਹੀ ਹੈ।

ਭਾਰਤੀ ਸਮਾਜ ਵਿਚ ਬਣਤਰ ਪੱਖੋਂ ਆਈ ਤਬਦੀਲੀ ਦੇ ਕਾਰਨ, ਸਮਾਜੀ ਵਿਕਾਸ ਦੇ ਵੱਖ-ਵੱਖ ਪੜਾਵਾਂ ਵਿਚੋਂ ਲੰਘਣ ਪਿੱਛੋਂ ਅਜੋਕਾ ਭਾਰਤੀ ਸਮਾਜ, ਇੰਡਸਟਰੀਅਲ-ਪੂੰਜੀਵਾਦੀ ਸਮਾਜ ਦੇ ਰੂਪ ਵਿਚ ਤੇਜ਼ੀ ਨਾਲ ਵਿਕਸਤ ਹੋ ਰਿਹਾ ਹੈ। ਇਸ ਵਿੱਚ ਪਹਿਲੇ ਸਾਰੇ ਸਮਾਜੀ ਰੂਪ ਅਤੇ ਕੰਮਕਾਜ ਤੇ ਉਹਨਾਂ ਦੇ ਘੇਰੇ ਟੁੱਟ ਭੱਜ ਕੇ ਬਦਲ ਰਹੇ ਹਨ ਜਾਂ ਬਦਲ ਗਏ ਹਨ। ਬਣਤਰ ਪੱਖੋਂ ਸਮਾਜ ਦੀ ਵਰਣ ਆਧਾਰਤ ਵੰਡ ਦੀ ਥਾਂ, ਨਵੀਂ ਵਰਗਵੰਡ, ਭਾਵੇਂ ਪੂਰੀ ਤਰ੍ਹਾਂ ਨਹੀ, ਵਿਕਸਤ ਹੋ ਗਈ ਹੈ। ਇਹ ਵੰਡ ਵੀ ਲਗਾਤਾਰ ਬਦਲਦੀ ਰਹਿੰਦੀ ਹੈ। ਮੋਟੇ ਰੂਪ ਵਿੱਚ ਤਿੰਨ ਵਰਗ ਵੰਡਾਂ ਸਾਹਮਣੇ ਆਉਂਦੀਆਂ ਹਨ। ਪੂੰਜੀਪਤੀ-ਅਮੀਰ ਵਰਗ, ਮੱਧ ਵਰਗ ਅਤੇ ਕਿਰਤੀਵਰਗ। ਇਹਨਾਂ ਵਿੱਚ ਭਾਵੇਂ ਉੱਚੀਆਂ ਨੀਵੀਆਂ ਪਰਤਾਂ ਵੀ ਹੁੰਦੀਆਂ ਹਨ। ਪਹਿਲੀ ਵਰਗ ਪਰਣਾਲੀ ਦੇ ਚਾਰ ਵਰਣ, ਤਿੰਨ ਵਰਗਾਂ ਵਿੱਚ ਸਿਮਟ ਗਏ ਹਨ। ਸੁਤੰਤਰਤਾਂ ਦੇ ਪਿਛੋਂ ਸੰਵਿਧਾਨਕ ਸਹੂਲਤਾਂ ਮਿਲਣ ਕਾਰਨ ਪਛੜੀਆਂ ਸ਼੍ਰੇਣੀਆਂ ਅਤੇ ਪੱਟੀਦਰ ਜਾਤੀਆਂ ਵਿਚੋ, ਇਕ ਨਿਗੂਣਾ ਜਿਹਾ ਹਿੱਸਾ ਉਪਰਦੇ ਦੋ ਵਰਗਾਂ-ਅਮੀਰ ਅਤੇ ਮੱਧਵਰਗ ਵਿੱਚ ਪਰੀਵਰਤਤ ਜ਼ਰੂਰ ਹੋਇਆ ਹੈ ਪਰ ਉਪਰਦੇ ਮੱਧ ਵਰਗ ਵਿਚੋਂ ਅਨੇਕਾਂ, ਖਾਸ ਕਰਕੇ ਛੋਟੇ ਕਿਸਾਨੀ ਪਰਵਾਰਾਂ ਵਿਚੋ, ਵੱਡੀ ਗਿਣਤੀ ਵਿੱਚ ਕਿਰਤੀ ਵਰਗ ਵਿੱਚ ਸ਼ਾਮਲ ਹੋ ਗਏ ਹਨ। ਇਸ ਤਬਦੀਲੀ ਦੇ ਅਮਲ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਏਸ ਹੀ ਦ੍ਰਿਸ਼ਟੀ ਦੇ ਪੱਖ ਦਲਿਤ ਵਰਗ ਦੀ ਮੁਕਤੀ ਦੀ ਸੱਮਸਿਆ ਸੰਬੰਧੀ ਪਹੁੰਚ ਧਾਰਨ ਕਰਨੀ ਬਣਦੀ ਹੈ। ਭਾਵ ਦਲਿਤ ਵਰਗ ਵਿੱਚ, ਮੱਧਵਰਗ ਦਾ ਗਰੀਬ ਹੋਇਆ ਇਕ ਹਿੱਸਾ ਵੀ ਕਿਰਤੀ ਦੇ ਰੂਪ ਵਿੱਚ, ਆਰਥਿਕ ਮੁਸ਼ਕਲਾਂ ਦਾ ਦਰੜਿਆ ਆਣ ਰਲਿਆ ਹੈ ਭਾਵੇਂ ਉਹ ਜਾਤੀਵਾਦੀ ਸਮੱਸਿਆਂਵਾਂ ਤੋਂ ਮੁਕਤ ਹੈ।

ਸੁਤੰਤਰਤਾਂ ਤੋਂ ਪਿਛੋਂ ਸਮਾਜੀ ਬਣਤਰ ਵਿਚ ਆਈ ਤਬਦੀਲੀ ਦੇ ਨਾਲ ਹੀ ਪਹਿਲੇ ਸਾਸ਼ਨ ਦਾ ਰੂਪ ਅਤੇ ਬਣਤਰ ਵੀ ਬਦਲ ਗਈ ਹੈ। ਜਿਥੇ ਅੰਗਰੇਜ਼ ਦੇ ਬਸਤੀਵਾਦੀ ਰਾਜ ਤੋਂ ਪਹਿਲਾਂ, ਭਾਰਤੀਆਂ ਨੂੰ ਮੁਗਲ ਬਾਦਸ਼ਾਹਤ ਤੇ ਅਨੇਕਾਂ ਰਾਜਿਆਂ-ਰਜਵਾੜਿਆਂ ਦੇ ਸਾਸ਼ਨ ਹੇਠ, ਸ਼ੋਸ਼ਣ ਕੀਤਾ ਜਾ ਰਿਹਾ ਸੀ, ਉਥੇ ਅੰਗ੍ਰੇਜ਼ ਦੇ ਆਉਣ ਉਪਰ ਤੇ ਮੁਗਲ ਬਾਦਸ਼ਾਹਤ ਦਾ ਅੰਤ ਹੋਣ ਉਤੇ, ਭਾਰਤ ਨੂੰ ਬਰਤਾਨਵੀ ਮਲਕਾ ਦੇ ਬਸਤੀਵਾਦੀ ਰਾਜ ਵਲੋਂ ਸ਼ੋਸ਼ਤ ਕੀਤਾ ਜਾਣ ਲੱਗਾ, ਅਤੇ ਰਾਜਿਆਂ ਰਜਵਾੜਿਆਂ ਦਾ ਕਹਿਰ ਅਤੇ ਲੁੱਟ ਓਸ ਤਰ੍ਹਾਂ ਦੀ ਬਣੀ ਰਹੀ। ਇਸ ਵਿੱਚ ਇਕ ਫਰਕ ਇਹ ਹੋਇਆ ਕਿ ਅੰਗਰੇਜ਼ ਦੇ ਨਾਲ ਇਸਾਈ ਮਿਸ਼ਨਰੀ ਇਸਾਈ ਧਰਮ ਤੇ ਮਾਨਵਵਾਦੀ ਪਰਚਾਰ ਲਈ ਵੀ ਆ ਗਏ। ਇਹਨਾਂ ਦੀ ਮਾਨਵੀ ਸਦਭਾਵਨਾ ਅਤੇ ਸੇਵਾ ਦੇ ਕਾਰਨ ਦਲਿਤਾਂ ਦਾ ਇੱਕ ਹਿੱਸਾ ਪ੍ਰਭਾਵਤ ਹੋ ਕੇ ਇਸਾਈ ਧਰਮ ਨੂੰ ਗ੍ਰਹਿਣ

ਕਰਨ ਵੱਲ ਰੁਚਿਤ ਹੋਇਆ। ਹੁੰਦਾ ਵੀ ਕਿਉਂ ਨਾ। ਭਾਰਤੀ ਧਰਮਾਂ ਦੇ ਪੁਜਾਰੀ ਤਾਂ ਉਹਨਾਂ ਦੀ ਛਾਂ ਤੱਕ ਨਹੀ ਲੈਣ ਦਿੰਦੇ ਸਨ ਤੇ ਨਾ ਹੀ ਮੰਦਰਾਂ ਵਿਚ ਵੜਨ ਦਿੰਦੇ ਸਨ, ਜਦੋਂ ਕਿ ਉਹ ਉਹਨਾਂ ਦੇ ਘਰਾਂ ਵਿੱਚ ਜਾਂਦੇ. ਚਰਚ ਵਿੱਚ ਉਹਨਾਂ ਦੇ ਲਈ ਬੂਹੇ ਖੁਲ੍ਹੇ ਹੁੰਦੇ। ਇਹ ਕੋਈ ਛੋਟਾ ਅੰਤਰ ਨਹੀਂ ਸੀ। ਧਰਮ ਪ੍ਰੀਵਰਤਨ ਨਾਲ ਉਹਨਾਂ ਦੀ ਇਸਾਈ ਭਾਈ ਚਾਰੇ ਵਿੱਚ ਤਾਂ ਚਿੰਨ੍ਹਾਤਮਕ ਬਰਾਬਰੀ ਜ਼ਰੂਰ ਹੋਈ ਪਰੰਤੂ ਵਿਆਪਕ ਸਮਾਜ ਵਿਚ ਅਤੇ ਆਰਥਿਕ ਪੱਖੋਂ ਸਥਿਤੀ ਉਹੋ ਹੀ ਬਣੀ ਰਹੀ। ਸ਼ਹਿਰਾਂ ਵਿੱਚ ਇਸਾਈ ਧਰਮ ਦੇ ਸੰਪਰਕ ਵਿੱਚ ਆਉਣ ਵਾਲੇ ਦਲਿਤਾਂ ਵਿੱਚ ਕਈ ਪੱਖਾਂ ਤੋਂ ਜਾਗਰਤੀ ਦੇ ਸਬੂਤ ਮਿਲਦੇ ਹਨ ਖਾਸ ਕਰਕੇ ਰਹਿਣ ਸਹਿਣ ਵਿੱਚ।

ਇਸ ਧਰਮ ਪ੍ਰੀਵ੍ਰਤਨ ਨੇ ਹੀ ਆਰੀਆ ਸਮਾਜ ਦੇ ਮੋਢੀ ਸਵਾਮੀ ਦਯਾ ਨੰਦ ਅਤੇ ਸਰ ਸਯਦ ਅਹਿਮਦਖਾਂ ਨੂੰ ਆਪਣੇ ਧਾਰਮਿਕ ਖੇਤਰਾਂ ਵਿੱਚ ਮਿਸ਼ਨਰੀ ਭਾਵਨਾ ਨਾਲ, ਨਵ ਜਾਗਰਤੀ ਲਈ ਕੰਮ ਕਰਨ ਲਈ ਪਰੇਰਿਆ। ਪੰਜਾਬ ਵਿਚ ਆਰੀਆ ਸਮਾਜ ਦੇ ਮੁਕਾਬਲੇ ਉਪਰ ਹੀ ਸਿੰਘ ਸਭਾ ਲਹਿਰ ਮਿਸ਼ਨਰੀ ਭਾਵਨਾ ਨਾਲ ਅਰੰਭ ਹੋਈ। ਇਸ ਨੇ ਦਲਿਤਾਂ ਵਿੱਚ ਸ਼ੁਧੀਕਰਨ ਲਹਿਰ ਦੁਆਰਾ ਸਮਾਜ ਦੀ ਮੁਖਧਾਰਾ ਲਈ ਯਤਨ ਕੀਤੇ। ਇਸ ਦਾ ਇਕ ਮਨੋਰਥ ਦਲਿਤਾਂ ਨੂੰ ਇਸਾਈ ਬਣਨ ਤੋਂ ਰੋਕਣਾ ਸੀ। ਕਿਉਂਕਿ ਸੁਆਮੀ ਦਯਾਨੰਦ ਗੁਜਰਾਤ ਦੇ ਸਨ ਜਿਥੇ ਵੱਡੀ ਗਿਣਤੀ ਵਿੱਚ ਧਰਮ ਪ੍ਰੀਵਰਤਨ ਹੋਇਆ ਸੀ ਜਿਸ ਤੋਂ ਉਹ ਪਰੇਰਤ ਹੋਏ ਸਨ। ਇਹਨਾਂ ਧਰਮ ਪ੍ਰੀਵਰਤਤ ਹੋਏ ਲੋਕਾਂ ਨੂੰ ਮੁੜ ਹਿੰਦੂ ਬਣਾਉਣ ਲਈ, ਵੀਹਵੀਂ ਸਦੀ ਦੇ ਦਸਵੇਂ ਦਹਾਕੇ ਵਿਚ ਰਾਸ਼ਟ੍ਰੀਆ ਸਵੈਮ ਸੇਵਕ ਸੰਘ ਵਲੋਂ ਜੋ ਇਸਾਈ ਵਿਰੋਧੀ ਮੁਹਿੰਮ ਵਿੱਢੀ ਗਈ, ਉਸ ਦੇ ਕਾਰਨ ਜੋ ਕੁਝ ਇਸਾਈ ਲੋਕਾਂ ਨਾਲ ਵਾਪਰਿਆਂ, ਉਹੋ ਜਰਮਨੀ ਵਿੱਚ ਹਿਟਲਰ ਦੇ ਨਾਜ਼ੀਆਂ ਵਲੋਂ ਯਹੂਦੀਆਂ ਨਾਲ ਕੀਤੇ ਵਰਤਾਓ ਦੀ ਕਿਸਮ ਦਾ ਹੀ ਸੀ। ਇਸ ਧਾਰਮਿਕ ਅਦਲਾ-ਬਦਲੀ ਨਾਲ, ਨਾ ਹੀ ਪੁਰਾਣੇ ਹਿੰਦੂ ਧਰਮ ਵਿਚ ਬਣੇ ਰਹਿਣ ਭਾਵ ਸ਼ੂਦਰ ਵਰਣ ਵਿਚ ਰਹਿਣ ਜਾਂ ਛੱਡਣ ਨਾਲ, ਦਲਿਤਾਂ ਦੀ ਸਮਾਜੀ ਦਸ਼ਾ ਵਿਚ ਕੋਈ ਬੁਨਿਆਦੀ ਤਬਦੀਲੀ ਹੋਈ।

ਸਮਾਜ ਦੇ ਵਰਣਾਂ ਤੋਂ ਸ਼੍ਰੇਣੀ ਪ੍ਰੀਵਰਤਨ ਦੇ ਰੂਪ ਵਿਚ ਹੋਈ ਬਣਤਰੀ ਤਬਦੀਲੀ ਦੇ ਨਾਲ ਸਮਾਜ ਵਿੱਚ ਇਕ ਹੋਰ ਪ੍ਰੀਵਰਤਨ ਰਾਜਨੀਤਿਕ ਰੂਪ ਦਾ ਹੋਇਆ। ਇਹ ਸੀ ਰਾਜਸੀ ਪਾਰਟੀਆਂ ਦਾ ਗਠਣ। ਇਸ ਵਿਚ ਵੀ ਬਰਤਾਨਵੀ ਬਸਤੀ ਵਾਦੀਆਂ ਨੇ ਯੂਰਪ ਦੇ ਵਿਕਸਤ ਰਾਜਨੀਤਿਕ ਸੰਕਲਪ ਨੂੰ, ਭਾਰਤ ਵਿੱਚ 1886 ਵਿੱਚ ਕਾਂਗਰਸ ਪਾਰਟੀ ਦਾ ਗਠਣ ਕਰਕੇ ਅਮਲ ਵਿਚ ਲਿਆਂਦਾ। ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿੱਚ ਕਾਂਗਰਸ ਦੀ ਲਹਿਰ ਦੇਸ਼ ਭਰ ਵਿੱਚ ਫੈਲ ਗਈ ਅਤੇ ਇਹ ਸੁਤੰਤਰਤਾ ਸੰਗਰਾਮ ਲਈ ਮੁਖ ਕੌਮੀ ਲਹਿਰ ਬਣ ਗਈ। ਏਸੇ ਸਮੇਂ ਪਹਿਲੇਂ ਦਹਾਕੇ ਵਿਚ ਮੁਸਲਮ ਲੀਗ, ਦੂਜੇ ਵਿੱਚ ਸਮਾਜਵਾਦੀ ਵਿਚਾਰਾਂ ਤੇ ਆਧਾਰਤ ਗਰੁੱਪਾਂ ਤੋਂ ਕਮਿਊਨਿਸਟ ਪਾਰਟੀ ਅਤੇ ਗੁਰਦੁਆਰਾ ਸੁਧਾਰ ਲਹਿਰ ਤੋਂ ਅਕਾਲੀ ਪਾਰਟੀ ਦਾ ਗਠਣ ਹੋਇਆ। ਇਹਨਾਂ ਦੇ ਰਾਜਸੀ ਪ੍ਰੋਗਰਾਮ ਧਰਮ ਆਧਾਰਤ ਸੇਧ ਵਿੱਚ ਕੌਮੀ ਲਹਿਰ ਦਾ ਅੰਗ ਸਨ। ਕਾਂਗਰਸ ਵਿੱਚ ਹਿੰਦੂ ਵਿਰਾਸਤ ਨੂੰ ਆਧਾਰ ਬਣਾਇਆ ਗਿਆ। ਮੁਸਲਮ ਲੀਗ ਨੇ ਮੁਸਲਮ ਭਾਈ ਚਾਰੇ ਦੇ ਵਿਕਾਸ, ਅਕਾਲੀਆਂ ਨੇ ਸਿੱਖ ਮਾਨਵਵਾਦੀ ਕੌਮੀ ਭਾਵਨਾ ਦੁਆਰਾ ਸੁਤੰਤਰਤਾ ਲਹਿਰ ਵਿੱਚ ਭਾਗ ਲਿਆ। ਕਮਿਊਨਿਸਟਾਂ ਦੀ ਵਿਚਾਰ ਧਾਰਾ ਨਿਰਲ ਕਿਰਤੀ-ਕਿਸਾਨਾਂ ਦੀ ਮੁਕਤੀ ਦੇ ਉਦੇਸ਼ ਨਾਲ ਸੀ। ਕਾਂਗਰਸ ਵਿੱਚ ਮਹਾਤਮਾ ਗਾਂਧੀ ਦੇ ਸ਼ਾਮਲ ਹੋਣ ਨਾਲ ਇਕ ਵੱਡੀ ਤਬਦੀਲੀ ਇਹ ਆਈ ਕਿ ਉਹਨਾਂ ਸ਼ੂਦਰਾਂ ਨੂੰ, "ਹਰੀਜਨ" ਸ਼ਬਦ ਦਿੱਤਾ। ਇਸ ਸ਼ਾਬਦਿਕ ਤਬਦੀਲੀ ਨਾਲ ਵੀ ਦਲਿਤਾਂ ਦੀ ਦਸ਼ਾ ਵਿਚ ਕੋਈ ਫਰਕ ਨਹੀਂ ਪਿਆ ਪਰੰਤੂ ਬਰਾਬਰ ਦਾ ਅਹਿਸਾਸ ਜ਼ਰੂਰ ਹੋਣ ਲੱਗਿਆ। ਅੱਗੇ ਜਾ ਕੇ ਇਹਨਾਂ ਰਾਜਨੀਤਿਕ ਪਾਰਟੀਆਂ ਦੀ ਟੁੱਟ ਭੱਜ ਵਿਚੋਂ ਹੋਰ ਅਨੇਕਾਂ ਪਾਰਟੀਆਂ ਬਣੀਆਂ. ਜੋ ਕਿ ਸ੍ਰੇਣਿਕ ਦ੍ਰਿਸ਼ਟੀ



ਅਨੁਸਾਰ- ਪੂੰਜੀਪਤੀ ਵਰਗ ਦੇ ਹਿੱਤਾਂ, ਜਾਗੀਰੂ, ਮਧ ਵਰਗੀ ਹਿੱਤਾਂ ਅਤੇ ਕਿਰਤੀ ਸ਼੍ਰੇਣੀ ਦੇ ਹਿੱਤਾਂ ਨੂੰ ਪ੍ਰਤੀਨਿਧਤ ਕਰਨ ਵਾਲੀਆਂ ਹਨ। ਡਾ. ਬੀ. ਆਰ ਅੰਬੇਦਕਰ ਨੇ ਨਿਰੋਲ ਦਲਿਤਾਂ ਦੀ ਰੀਪਬਲਕਿਨ ਪਾਰਟੀ ਦਾ ਗਠਣ ਕੀਤਾ। ਇਸ ਦੇ ਨਾਲ ਦਲਿਤਾਂ ਵਿੱਚ ਜਾਗਰਤੀ ਦਾ ਇਕ ਉਭਾਰ ਉਠਿਆਂ ਪਰੰਤੂ ਵਿਸ਼ਾਲ ਕਿਸਮ ਦੀ ਸਫ਼ਲਤਾ ਨਾ ਮਿਲੀ। ਹਿੰਦੂ ਮਹਾਂ ਸਭਾ ਦਾ ਗਠਣ ਨਿਰੋਲ ਵੈਦਿਕ ਵਰਣ ਪ੍ਰਣਾਲੀ ਦੀ ਦ੍ਰਿਸ਼ਟੀ ਤੋਂ ਕੀਤਾ ਗਿਆ। ਇਸ ਤਰ੍ਹਾਂ ਦਲਿਤਾਂ ਨੂੰ ਉਹਨਾਂ ਦੇ ਸ਼ੂਦਰ ਵਰਣ ਦੇ ਰੂਪ ਵਿਚ ਹੀ ਬਣੇ ਰਹਿਣ ਨੂੰ ਦਰੁਸਤ ਮੰਨਿਆ ਗਿਆ। ਅੱਗੇ ਆਰ. ਐਸ. ਐਲ ਨੇ ਕਈ ਰਾਜਨੀਤਿਕ ਰੂਪਾਂ ਨੂੰ ਅੱਗੇ ਲਿਆਂਦਾ। ਇਹ ਜਨ ਸੰਘ, ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਸ਼ਿਵਸੈਨਾ ਅਤੇ ਵੱਡੇ ਰੂਪ ਵਿਚ ਹੁਣ ਭਾਰਤੀ ਜਨਤਾ ਪਾਰਟੀ ਦੇ ਰੂਪ ਵਿੱਚ ਹੈ। ਜਿਹੜੇ ਕੇਂਦਰ ਵਿੱਚ ਸੱਤਾ ਵਿਚ ਆਉਣ ਨਾਲ ਵਿਆਪਕ ਵਿਰੋਧ ਦੇ ਬਾਵਜੂਦ, ਹਿੰਦੂ ਕਟੜਪੰਥੀ ਧਾਰਮਿਕ ਮੁੱਲਾਂ ਨੂੰ ਸਰਕਾਰ ਦੇ ਹਰ ਖੇਤਰ ਵਿੱਚ ਲਾਗੂ ਕਰਨ ਉਪਰ ਤੁਲੇ ਹੋਏ ਹਨ।

ਇਸ ਤਰ੍ਹਾਂ ਰਾਜਨੀਤਕ ਸੰਗਠਨਾ ਦੇ ਰੂਪ ਵਿੱਚ ਸਮਾਜ ਦੀ ਕਤਾਰ ਬੰਦੀ ਵਿੱਚ ਲੋਕ, ਧਰਮ ਆਧਾਰਤ ਪਾਰਟੀਆਂ ਨੂੰ ਛੱਡ ਕੇ, ਵਰਣਾਂ ਅਤੇ ਵਰਣਾਂ ਦੇ ਬੰਧਨਾਂ ਨੂੰ ਤੋੜ ਕੇ, ਪਾਰਟੀਆਂ ਦੇ ਰਾਜਨੀਤਿਕ ਪ੍ਰੋਗ੍ਰਾਮਾਂ ਤੋਂ ਪ੍ਰਭਾਵਤ ਤੇ ਪਰੇਰਤ ਹੋ ਕੇ ਇਹਨਾਂ ਵਿਚ ਸ਼ਾਮਲ ਹੁੰਦੇ ਹਨ। ਸਮਾਜ ਵਿੱਚ ਵਿਆਪਕ ਅਣਪੜ੍ਹਤਾ ਦੇ ਕਾਰਨ, ਵਿਸ਼ਾਲ ਸਮਾਜੀ ਜਨ ਸਮੂਹਾਂ ਸਮੇਤ ਦਲਿਤਾਂ ਨੂੰ, ਪੂੰਜੀਪਤੀ-ਜਾਗੀਰੂ ਵਰਗਾਂ ਦੀਆਂ ਪਾਰਟੀਆਂ ਅਤੇ ਪ੍ਰਭਾਵਵਾਦੀ ਆਗੂਆਂ ਵਲੋਂ ਸੌਖਿਆਂ ਹੀ ਗੁੰਮਰਾਹ ਕਰ ਲਿਆ ਜਾਂਦਾ ਹੈ। ਜਿਸ ਕਾਰਨ ਉਹ ਝੂਠੀ ਬਰਾਬਰਤਾ ਦੇ ਲਾਰਿਆਂ ਦੇ, ਸਬਜ਼ ਬਾਗਾਂ ਵਿੱਚ ਫਸ ਜਾਂਦੇ ਹਨ। ਇਸ ਸੰਬੰਧ ਵਿੱਚ ਸਭ ਤੋਂ ਵੱਧ ਵਿਸ਼ਵਾਸ਼ਘਾਤੀ ਬੌਧਿਕ ਸ਼ੋਸ਼ਣ, ਜਿੰਨਾ ਦਲਿਤਾਂ ਅਤੇ ਮੁਸਲਮ ਘੱਟ ਗਿਣਤੀ ਦਾ ਹੋਇਆ ਹੈ ਇੰਨਾ ਹੋਰ ਕਿਸੇ ਦਾ ਨਹੀਂ ਹੋਇਆ। ਇਸ ਦੇ ਵਿੱਚ ਕਾਂਗਰਸ ਸਭ ਤੋਂ ਪਰਮੁੱਖ ਪਾਰਟੀ ਹੈ। ਵੈਸੇ ਸ੍ਰੇਣਿਕ ਦ੍ਰਿਸ਼ਟੀ ਤੋਂ ਗ਼ਰੀਬਾਂ, ਗ਼ਰੀਬ ਕਿਸਾਨਾਂ, ਕਿਰਤੀਆਂ ਅਤੇ ਖ਼ਾਸ ਕਰਕੇ ਦਲਿਤ, ਆਦੀਵਾਸੀਆਂ ਤੇ ਪਛੜੀਆਂ ਸ੍ਰੇਣੀਆਂ ਦੀ ਥਾਂ ਕੇਵਲ ਕਮਿਊਨਿਸਟ ਪਾਰਟੀ ਵਿੱਚ ਹੀ ਬਣਦੀ ਹੈ ਜਿਸ ਦੀ ਵਿਚਾਰਧਾਰਕ ਸੇਧ ਸਮੁੱਚੇ ਸਮਾਜਵਾਦੀ ਬਹੁ ਗਿਣਤੀ ਮਿਹਨਤਕਸ਼ ਵਰਗ ਦੀ ਬੰਦ ਖਲਾਸੀ ਨਾਲ ਜੁੜੀ ਹੋਈ ਹੈ। ਕਮਿਊਨਿਸਟ ਲਹਿਰ ਵਿਚ ਮੱਤ ਭੇਦ ਵੱਖਰੀ ਚਰਚਾ ਦੀ ਮੰਗ ਕਰਦੇ ਹਨ।

ਮਹਾਤਮਾ ਗਾਂਧੀ ਦੀ ਦਲਿਤ ਜਾਤੀਆਂ ਵੱਲ ਪਹੁੰਚ, ਉਹਨਾਂ ਨੂੰ ਹਿੰਦੂ ਧਰਮ ਦਾ ਅੰਗ ਸਮਝਣ ਦੇ ਉਪਰ ਸੀ। ਹਿੰਦੂ ਧਰਮ ਵਰਣ ਪ੍ਰਣਾਲੀ ਆਧਾਰਤ ਧਰਮ ਹੈ। ਗਾਂਧੀ ਜੀ ਦਲਿਤਾਂ ਨਾਲ ਵਿਤਕਰੇ ਨੂੰ ਅਨਿਆਂ ਪੂਰਵਕ ਸਮਝਦੇ ਸਨ। ਉਹ ਦਲਿਤਾਂ ਨੂੰ ਹਿੰਦੂ ਧਰਮ ਵਿਚ ਰਹਿੰਦਿਆਂ ਹੋਇਆਂ ਹੀ ਬਰਾਬਰਤਾ ਦੇ ਅਹਿਸਾਸ, ਸਮਝ ਅਤੇ ਅਮਲ ਦੀ ਮਾਨਸਿਕਤਾ ਵਿਕਸਤ ਹੋਈ ਦੇਖਣੀ ਚਾਹੁੰਦੇ ਸਨ। ਡਾ. ਅੰਬੇਦਕਰ ਦਲਿਤ ਮੁਕਤੀ ਅਤੇ ਉਹਨਾਂ ਦੀ ਸਮਾਜ ਵਿੱਚ ਬਰਾਬਰਤਾ ਨੂੰ, ਕੇਵਲ ਦਲਿਤ ਵਰਗ ਨੂੰ ਹੀ ਸੰਗਠਤ ਕਰਕੇ, ਉਹਨਾਂ ਵਿੱਚ ਬੌਧਿਕ ਜਾਗਰਤੀ ਲਿਆ ਕੇ, ਆਪਣੇ ਬਰਾਬਰਤਾ ਦੇ ਹੱਕਾਂ ਦੇ ਲਈ ਸੰਘਰਸ਼ ਕਰਕੇ, ਪ੍ਰਾਪਤ ਕਰਨ ਵਿਚ ਵਿਸ਼ਵਾਸ਼ ਰੱਖਦੇ ਸਨ। ਹਿੰਦੂ ਧਰਮ ਦੇ ਵਿਚ ਰਹਿ ਕੇ ਜਾਂ ਵੱਖਰੇ ਤੌਰ ਉਪਰ ਦਲਿਤ ਜਾਗਰਤੀ ਦੁਆਰਾ. ਬਰਾਬਰਤਾ ਪ੍ਰਾਪਤ ਕਰਨ ਦੇ ਨੁਕਤੇ ਉਪਰ ਹੀ ਡਾ. ਅੰਬੇਦਕਰ ਦੇ ਮਹਾਤਮਾਂ ਗਾਂਧੀ ਨਾਲ ਮਤਭੇਦ ਸਨ। ਪਰੰਤੂ ਡਾ. ਅੰਬੇਦਕਰ, ਸ਼ਾਇਦ ਵਿਅਕਤੀ ਲਈ ਧਾਰਮਿਕ ਵਿਸ਼ਵਾਸ਼ ਜ਼ਰੂਰੀ ਸਮਝਦੇ ਸਨ ਇਸ ਲਈ ਉਹ ਹਿੰਦੂ ਧਰਮ, ਜਿਸ ਨੂੰ ਉਹ ਜਾਤੀਵਾਦੀ-ਮਨੂੰਵਾਦੀ ਸਮਝਦੇ ਸਨ, ਦੀ ਥਾਂ ਬੁੱਧ ਧਰਮ ਵੱਲ ਰੁਚਿਤ ਹੋਏ। ਜੀਵਨ ਅਮਲ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਅਜਿਹੇ ਧਰਮ ਪ੍ਰੀਵਰਤਨ ਨਾਲ ਵੀ ਦਲਿਤ ਵਰਗ ਦੀ ਸਮਾਜਿਕ ਬਰਾਬਰਤਾ ਵਿੱਚ ਅੰਤਰ ਨਹੀਂ ਆਇਆ. ਨਾ ਹੀ ਆਉਂਦਾ ਹੈ.

ਨਾ ਹੀ ਆ ਸਕਦਾ ਹੈ।

ਵੱਖ ਵੱਖ ਸਮਾਜਾਂ ਵਿਚ ਰੰਗ, ਨਸਲ, ਭਾਸ਼ਾ, ਚਿਹਨ ਚੱਕਰ, ਧਰਮ ਜਾਂ ਜਾਤੀ ਵੰਡਾਂ, ਸ਼੍ਰੇਣਿਕ ਵੰਡ ਦੇ ਹੀ ਆਧਾਰ ਰੂਪ ਹਨ। ਹਰ ਰੂਪ ਵੰਡ, ਅਸਲ ਵਿਚ, ਅਮੀਰ-ਗ਼ਰੀਬ ਸ਼੍ਰੇਣਿਕ ਵੰਡ ਦਾ ਹੀ ਰੂਪ ਹੈ। ਭੂਮੀ ਅਤੇ ਸੰਪਤੀ ਦੀ ਮਾਲਕੀ ਤੇ ਮਾਲਕੀ ਵਿਹੂਣਤਾ ਦੇ ਕਾਰਨ ਹੀ ਇਹ ਵੰਡ ਹੁੰਦੀ ਹੈ। ਇਸ ਵੰਡ ਨੂੰ ਕੀ ਕਿਸੇ ਧਰਮ ਪ੍ਰੀਵਰਤਨ ਨਾਲ ਅਲੋਪ ਕੀਤਾ ਜਾ ਸਕਦਾ ਹੈ ? ਸਗੋਂ ਕੀ ਕਿਸੇ ਰਾਜਨੀਤਕ ਪਾਰਟੀ ਵਿੱਚ ਕੇਵਲ ਸ਼ਾਮਲ ਹੋ ਕੇ ਹੀ ਜਾਂ ਕਿਸੇ ਰਾਜਨੀਤਕ ਆਸਥਾ ਨੂੰ ਦੂਜੀ ਪਾਰਟੀ ਵਿਚ ਬਦਲ ਕੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ ? ਤਾਂ ਉੱਤਰ ਨਿਰੋਲ ਦੋ ਟੁੱਕ ਨਾਂਹ ਵਿਚ ਹੀ ਆਉਂਦਾ ਹੈ। ਕਿਉਂਕਿ ਅਜਿਹੀ ਸਮਾਜਕ ਤਬਦੀਲੀ ਤਾਂ ਸਮੁੱਚੇ ਸਮਾਜ ਦੀ ਬੁਨਿਆਦੀ ਕਰਾਂਤੀਕਾਰੀ ਤਬਦੀਲੀ ਨਾਲ ਹੀ ਸੰਭਵ ਹੈ। ਕਾਰਨ ਮਾਰਕਸ ਦੇ ਕਹਿਣ ਅਨੁਸਾਰ ਨਿਰੀਆਂ ਦਾਰਸ਼ਨਿਕ ਵਿਆਖਿਆਵਾਂ ਬੁਨਿਆਦੀ ਸਮਾਜਿਕ ਤਬਦੀਲੀ ਨਹੀਂ ਲਿਆ ਸਕਦੀਆਂ, ਕੇਵਲ ਅਮਲੀ ਬੁਨਿਆਦੀ ਕਰਾਂਤੀ ਹੀ ਅਜਿਹਾ ਕਰਨ ਦੀ ਸਮਰੱਥ ਹੈ।

ਜਿਥੋਂ ਤੱਕ ਕੇਵਲ ਧਰਮ ਦਾ ਸੰਬੰਧ ਹੈ, ਜੇ ਕਰ ਇਸ ਨਾਲ ਸਮਾਜਿਕ ਬਰਾਬਰਤਾ ਸੰਭਵ ਹੋਵੇ ਤਾਂ ਕਿਸੇ ਧਰਮ ਵਿੱਚ ਗ਼ਰੀਬ ਲੋਕ ਨਾ ਹੋਣ। ਕੇਵਲ ਸਮਾਜਕ ਬਰਾਬਰਤਾ, ਆਰਥਿਕਤਾ ਦੀ ਅਣਹੋਂਦ ਵਿੱਚ ਛਲਾਵਾ ਮਾਤਰ ਹੀ ਹੁੰਦੀ ਹੈ। ਧਰਮ ਮਾਨਸਿਕ ਸ਼ਾਂਤੀ, ਸੰਤੁਸ਼ਟਤਾ, ਦੁੱਖਾਂ ਕਸ਼ਟਾਂ, ਵਧੀਕੀਆਂ, ਗੁਰਬਤ ਆਦਿ ਨੂੰ ਸਹਿਨ ਦੀ ਸ਼ਕਤੀ ਦਿੰਦਾ ਹੈ। ਭਾਣਾ ਮੰਨਣ ਦਾ ਬਲ ਬਖਸ਼ਦਾ ਹੈ। ਪ੍ਰਭੂ ਦੀ ਨਜ਼ਰ ਵਿੱਚ ਬਰਾਬਰਤਾ ਦਾ ਅਹਿਸਾਸ ਜਗਾਉਂਗਾ ਹੈ। ਧਰਮ ਆਰਥਿਕ ਮੰਦਹਾਲੀ, ਖੁਸ਼ਹਾਲੀ, ਬੇਰੁਜ਼ਗਾਰੀ, ਗੁਰਬਤ ਆਦਿ ਦੂਰ ਨਹੀਂ ਕਰਦਾ ਪਰੰਤੂ ਕਿਸੇ ਸਮੇਂ ਦੂਰ ਹੋਣ ਦਾ ਵਿਸ਼ਵਾਸ਼ ਬੰਨ੍ਹਾਉਂਦਾ ਹੈ। ਇਸ ਤਰ੍ਹਾਂ ਵਿਅਕਤੀ ਦੀ ਮਾਨਸਿਕਤਾ ਨੂੰ ਧੀਰਜ ਦਵਾਉਂਦਾ ਹੈ। ਉਸ ਨੂੰ ਡੋਲਣ ਤੋਂ ਬਚਾਉਂਦਾ ਹੈ। ਜਦੋਂ ਵਿਅਕਤੀ ਇਸ ਧੀਰਜ ਨੂੰ ਗੁਆ ਲੈਂਦਾ ਹੈ ਜਾਂ ਮੰਦਹਾਲੀ, ਗੁਰਬਤ ਦਾ ਬੋਝ ਅਸਹਿ ਹੋ ਜਾਂਦਾ ਹੈ ਤਾਂ ਉਹ ਪਰਵਾਰ ਸਮੇਤ ਖ਼ੁਦਕੁਸ਼ੀ ਕਰ ਲੈਂਦਾ ਹੈ। ਕਿਉਂਕਿ ਮੰਦਹਾਲੀ ਦਾ ਇਲਾਜ ਤਾਂ ਮੰਦਹਾਲੀ ਤੋਂ ਛੁਟਕਾਰਾ ਹੀ ਹੋ ਸਕਦਾ ਹੈ। ਜੇਕਰ ਸਮਾਜ ਵਿਤ ਰੁਜ਼ਗਾਰ ਦੀ ਗਰੰਟੀ ਪ੍ਰਾਪਤ ਹੁੰਦੀ ਹੈ, ਮਨੁੱਖ ਹੱਥੋਂ ਮਨੁੱਖ ਦੀ ਲੁਟ ਦਾ ਖ਼ਾਤਮਾ ਹੁੰਦਾ ਹੈ ਤਾਂ ਮੰਦਹਾਲੀ ਦਾ ਅਸਲ ਇਲਾਜ ਹੁੰਦਾ ਹੈ। ਸਾਡੇ ਦੇਸ਼ ਦੇ ਪੂੰਜੀਵਾਦੀ-ਜਾਗੀਰੂ ਸਮਾਜ ਨੂੰ ਕਾਇਮ ਰੱਖ ਕੇ ਤਾਂ ਅਜਿਹਾ ਸੰਭਵ ਨਹੀਂ ਹੋ ਸਕਦਾ ਤੇ ਫਿਰ ਦਲਿਤਾਂ ਲਈ ਤਾਂ ਇਹ ਹੋਰ ਵੀ ਅਸੰਭਵ ਹੈ।

ਇੱਕੀਵੀ ਸਦੀ ਦੇ ਪਹਿਲੇ ਵਰ੍ਹੇ ਦੇ ਅੱਧ ਵਿੱਚ, ਦਿੱਲੀ ਵਿਚ ਇਕ ਵੱਡੇ ਸਮਾਗਮ ਵਿੱਚ ਜਿਨ੍ਹਾਂ ਹਜ਼ਾਰਾਂ ਦੀ ਗਿਣਤੀ ਵਿਚ ਦਲਿਤਾਂ ਨੇ ਬੁੱਧ ਧਰਮ ਗ੍ਰਹਿਣ ਕੀਤਾ ਹੈ, ਇਹ ਹਿੰਦੂ ਧਰਮ ਦੇ ਵਿਰੁੱਧ ਦਲਿਤਾਂ ਦੀ, ਨਾ ਬਰਾਬਰੀ ਵਿਰੁੱਧ ਇਕ ਬਰਾਬਰੀ ਤਾਂ ਜ਼ਰੂਰ ਕਹੀ ਜਾ ਸਕਦੀ ਹੈ। ਪਰ ਕੀ ਇਸ ਨਾਲ ਸਮਾਜ ਵਿਚ ਜਾਤੀ-ਵੰਡ ਜਾਂ ਉਹਨਾਂ ਦੀ ਜਿਨ੍ਹਾਂ ਧਰਮ ਬਦਲਿਆ ਹੈ ਗ਼ਰੀਬੀ ਖ਼ਤਮ ਹੋ ਜਾਵੇਗੀ? ਜਾਂ ਕੀ ਇਹ ਵੰਡ ਗ਼ਰੀਬੀ ਖ਼ਤਮ ਕਰਨ ਲਈ ਨਹੀਂ, ਕੇਵਲ ਸਮਾਜਿਕ ਬਰਾਬਰੀ ਲਈ ਹੈ ਤੇ ਉਹ ਇਸ ਨਾਲ ਬੁੱਧ ਮੰਦਿਰਾਂ ਵਿਚ ਬੇਰੋਕ ਸ਼ਾਮਲ ਹੋ ਸਕਣਗੇ? ਤੇ ਕੀ ਉਹਨਾਂ ਉਪਰ ਦਲਿਤ ਹੋਣ ਦਾ, ਗੈਰਮਨੁਖੀ ਕਲੰਕ ਧੋਤਾ ਗਿਆ ਹੈ ਜਾਂ ਧੋਤਾ ਜਾਵੇਗਾ? ਕੀ ਉਹ ਹੁਣ 'ਬੋਧੀ' ਜਾਂ 'ਦਲਿਤ ਬੋਧੀ' ਬਣ ਗਏ ਹਨ ਜਾਂ ਸਵੀਕਾਰ ਕੀਤੇ ਜਾਣ ਲੱਗੇ ਹਨ? ਜੇ ਮੰਨ ਲਈਏ ਕਿ ਉਹ 'ਦਲਿਤ ਬੋਧੀ' ਨਹੀਂ, ਕੇਵਲ 'ਬੋਧੀ' ਬਣ ਗਏ ਹਨ-ਕੀ ਇਸ ਨਾਲ ਉਹ ਆਪਣੇ ਆਪ ਪਿੰਡਾ ਵਿੱਚ, ਜਿਥੋਂ ਉਹ ਆਏ ਸਨ, ਦੂਜੀਆਂ ਜਾਤੀਆਂ ਦੇ ਬਰਾਬਰ ਹੋ ਗਏ ਹਨ? ਜਾਂ ਦੂਜੀਆਂ ਜਾਤੀਆਂ ਨੇ ਉਹਨਾਂ ਨੂੰ ਬਰਾਬਰ ਮੰਨ ਲਿਆ ਹੈ? ਜਾਂ ਉਹ ਕੇਵਲ ਆਪਣੇ ਪਿੰਡ ਵਿਚ ਆਪਣੀ ਜਾਤੀ ਦੇ ਭਾਈ ਚਾਰੇ ਵਿਚ ਹੀ ਬਰਾਬਰ ਹੋਏ ਹਨ, ਜੋ ਉਹ ਪਹਿਲਾਂ ਸਨ



ਹੀ। ਜਾਂ ਉਹ ਬੁੱਧ ਮਤ ਮੰਨਣ ਵਾਲਿਆਂ ਵਿਚ ਬਰਾਬਰ ਹੋ ਗਏ ਹਨ ਤੇ ਹੁਣ ਉਹ ਕਿਸੇ ਵੀ ਮੰਦਰ ਵਿਚ ਦਾਖਲ ਹੋ ਸਕਦੇ ਸਨ। ਨਿਸ਼ਚੇ ਹੀ ਅਜਿਹੀ ਸਮਾਜਕ ਬਰਾਬਰਤਾ ਜੇਕਰ ਉਹਨਾਂ ਨੂੰ ਸਮੁੱਚੇ ਸਮਾਜ ਵਿੱਚ ਪ੍ਰਾਪਤ ਨਹੀਂ, ਕਿਸੇ ਕੰਮ ਦੀ ਬਰਾਬਰਤਾ ਨਹੀਂ ਹੈ। ਇਸ ਤਰ੍ਹਾਂ ਦੀ ਸਮਾਜਿਕ ਬਰਾਬਰੀ ਦੀ ਗਰੰਟੀ ਤਾਂ ਭਾਰਤੀ ਸੰਵਿਧਾਨ ਨੇ 1950 ਤੋਂ ਭਾਵ ਅੱਧੀ ਸਦੀ ਤੋਂ ਦਿਤੀ ਹੋਈ ਹੈ। ਅਜਿਹੀ ਬਰਾਬਰਤਾ ਨੂੰ ਪ੍ਰਾਪਤ ਕਰਨ ਅਤੇ ਗੈਰ ਦਲਿਤ ਸਮਾਜ ਨੂੰ ਜਾਤੀ ਦੇ ਆਧਾਰ ਉਪਰ ਭੇਦ ਭਾਵ ਕਰਨ ਲਈ ਸਜ਼ਾ ਦੀ ਵੀ ਵਿਵਸਥਾ ਹੈ ਪਰੰਤੂ ਸਮਾਜ ਵਿਚ ਦਲਿਤਾਂ ਦੀ ਹੋਂਦ ਸਮਾਪਤ ਨਹੀਂ ਹੋਈ ਕਿਉਂਕਿ ਇਸ ਦੇ ਮੂਲ ਕਾਰਨ ਆਰਥਿਕ ਹਨ। ਸੰਵਿਧਾਨ ਅਨੁਸਾਰ ਮਿਲੀ ਵਿਸ਼ੇਸ਼ ਰਾਖਵੇਂ ਕਰਨ ਦੀ ਸਹੂਲਤ ਕਾਰਨ ਜਿਹੜੇ ਦਲਿਤ ਪਰਵਾਰ ਉਚੀਆਂ ਨੌਕਰੀਆਂ ਪ੍ਰਾਪਤ ਕਰ ਗਏ ਹਨ ਅਤੇ ਆਪਣੇ ਪਿੰਡਾਂ ਨੂੰ ਛੱਡ ਦੂਜੇ ਥਾਵਾਂ ਉਪਰ ਚੰਗੇ ਘਰਾਂ, ਚੰਗੇ ਰਹਿਣ ਸਹਿਣ ਆਦਿ ਨੂੰ ਅਪਣਾ ਸਕੇ ਹਨ ਉਹਨਾਂ ਲਈ ਸਮਾਜਿਕ ਬਰਾਬਰੀ ਹੀ ਨਹੀਂ ਸਤਿਕਾਰਯੋਗ ਸਥਾਨ ਵੀ ਪ੍ਰਾਪਤ ਹੈ। ਸੋ ਮੂਲ ਮੁੱਦਾ ਸਮਾਜਿਕ ਅਤੇ ਆਰਥਿਕ ਬਰਾਬਰੀ ਦਾ ਹੈ। ਤੇ ਕੇਵਲ ਦਲਿਤਾਂ ਦਾ ਹੀ ਨਹੀਂ ਸਮੁੱਚੇ ਸਮਾਜ ਵਿਚ ਅਜਿਹੀ ਬਰਾਬਰੀ ਦਾ ਹੈ। ਭਾਵੇਂ ਦਲਿਤ ਸੱਮਸਿਆਵਾਂ ਨੂੰ ਵਿਸ਼ੇਸ਼ ਪਹਿਲ ਦੇ ਆਧਾਰ ਉਪਰ ਲੈਣ ਦੇ ਮਹੱਤਵਪੂਰਨ ਕਾਰਨ ਹਨ।

ਕਾਂਗਰਸ ਤੋਂ ਪਿਛੋਂ ਰਾਜਸੱਤਾ ਵਾਲੀ ਦੂਜੀ ਵੱਡੀ ਪਾਰਟੀ ਭਾਰਤੀ ਜਨਤਾ ਪਾਰਟੀ ਬਣ ਗਈ ਹੈ ਜੋਂ ਆਰ. ਐਸ. ਐਸ. ਦਾ ਰਾਜਨੀਤਕ ਹਰਾਵਲ ਦਸਤਾ ਹੈ। ਪਿਛਲੀ ਸਦੀ ਦੇ ਦਸਵੇਂ ਦਹਾਕੇ ਕਾਂਗਰਸ ਪਾਰਟੀ ਨੇ ਕੌਮਾਂਤਰੀ ਸਾਮਰਾਜ ਦੇ ਪ੍ਰਭਾਵ ਹੇਠ ਵਿਸ਼ਵੀਕਰਨ ਦੀਆਂ ਜਿਹੜੀਆਂ ਆਰਥਿਕ ਨੀਤੀਆਂ ਨੂੰ ਪਰਵਾਨ ਕਰ ਲਿਆ ਸੀ, ਉਸਨੂੰ ਭਾਜਪਾ ਦੀ ਕੇਂਦਰੀ ਸਰਕਾਰ ਪੂਰੀ ਤੇਜ਼ੀ ਅਤੇ ਸ਼ਕਤੀ ਨਾਲ ਅਮਲ ਵਿਚ ਲਿਆ ਰਹੀ ਹੈ। ਇਹਨਾਂ ਆਰਥਿਕ ਨੀਤੀਆਂ ਦੇ ਕਾਰਨ ਲੱਖਾਂ ਛੋਟੇ ਕਾਰਖਾਨੇਂ ਬੰਦ, ਖੇਤੀ ਉਪਰ ਮਾਰੂ ਪ੍ਰਭਾਵ, ਬੇਰੁਜ਼ਗਾਰੀ ਵਿੱਚ ਵਾਧਾ ਆਦਿ ਹੋਣ ਨਾਲ ਮੱਧ ਸ਼੍ਰੇਣੀ ਅਤੇ ਬੇਰੁਜ਼ਗਾਰ ਕਿਰਤੀ ਸ਼੍ਰੇਣੀ ਵੀ ਬੇਰੁਜ਼ਗਾਰੀ ਦੇ ਦੈਂਤ ਨੇ ਨਿਗਲ ਲਈ ਹੈ, ਇਸ ਹਾਲਤ ਵਿੱਚ ਦਲਿਤ ਵਰਗ ਦੀ ਸਮਾਜਿਕ ਅਤੇ ਆਰਥਿਕ ਦਸ਼ਾ ਦੇ ਸੁਧਰਨ ਦੀਆਂ ਸੰਭਾਵਨਾਵਾਂ ਹੋਰ ਵੀ ਮਧਮ ਪੈ ਗਈਆਂ ਹਨ। ਜਨਤਕ ਖੇਤਰ ਦੇ ਅਨੇਕਾਂ ਲਾਹੇਬੰਦ ਵੱਡੇ ਉਦਿਯੋਗ ਵਿਦੇਸ਼ੀ ਕੰਪਨੀਆਂ ਦੇ ਹਵਾਲੇ ਕਰ ਦਿੱਤੇ ਗਏ ਹਨ। ਭਾਰਤੀ ਸੰਸਕ੍ਰਿਤੀ ਦੇ ਨਾਂ ਉਪਰ ਹਿੰਦੂਤਵ ਦੀਆਂ ਨੀਤੀਆਂ ਨੂੰ ਸਿਖਿਆ ਦੇ ਖੇਤਰਾਂ ਵਿੱਚ, ਦੂਰਦਰਸ਼ਨ ਅਤੇ ਹੋਰਨਾਂ ਪਰਸਾਰ ਸਾਧਨਾਂ ਦੁਆਰਾ ਪਰਚਾਰਿਆ ਜਾ ਰਿਹਾ ਹੈ। ਘੱਟ ਗਿਣਤੀਆਂ ਖ਼ਾਸ ਕਰਕੇ ਮੁਸਲਮਾਨਾਂ, ਇਸਾਈਆਂ, ਪਾਰਸੀਆਂ, ਯਹੂਦੀਆਂ ਅਤੇ ਸਿੱਖਾਂ ਨੂੰ ਦਹਿਸ਼ਤਜ਼ਦਾ ਕਰਕੇ ਉਹਨਾਂ ਨੂੰ ਹਾਸ਼ੀਏ ਉਪਰ ਸੁੱਟਣ ਲਈ ਯਤਨ ਜਾਰੀ ਹਨ। ਆਰ. ਐਸ. ਦੀਆਂ ਪਲਟਨਾਂ ਨੂੰ ਫਾਸ਼ੀ ਅੰਧ-ਕੌਮ ਪ੍ਰਸਤੀ ਨਾਲ ਸਾਣ ਉਪਰ ਲਾਇਆ ਦਾ ਰਿਹਾ ਹੈ। ਇਸ ਹਾਲਤ ਵਿੱਚ ਦਲਿਤਾਂ ਲਈ ਇੱਕਲਿਆਂ ਸੰਘਰਸ਼ ਦਾ ਰਾਹ ਤਾਂ ਖੁਲ੍ਹਾ ਹੈ ਹੀ ਪਰ ਨਾਲ ਸਾਂਝੇ ਮੋਰਚੇ ਵਿੱਚ ਚੇਤਨ ਸ਼ਰਕਤ ਦੀ ਪਹਿਲਾਂ ਨਾਲ ਵੱਧ ਲੋੜ ਹੈ।

ਇਸ ਸਮੇਂ ਬਹੁਜਨ ਸਮਾਜ ਪਾਰਟੀ ਵੱਲ ਵੀ ਜ਼ਰਾ ਧਿਆਨ ਦੇਣ ਦੀ ਲੋੜ ਹੈ। ਭਾਰਤ ਜਿੱਥੇ, ਸਦੀਆਂ ਤੋਂ ਜਾਤੀਵਾਦੀ ਮਾਨਸਿਕਤਾ ਦੀਆਂ ਅਤੀ ਡੂੰਘੀਆਂ ਨੀਹਾਂ ਹਨ, ਜਾਤੀ ਆਧਾਰਤ ਪਾਰਟੀ ਦੀ ਰਾਜਨੀਤੀ ਦਾ ਗਠਣ ਦਲਿਤ ਸਮੱਸਿਆ ਨੂੰ ਹੱਲ ਕਰਨ ਵਿੱਚ, ਇਕੱਲਿਆਂ ਕਿਸੇ ਤਰ੍ਹਾਂ ਵੀ ਸਮਰੱਥ ਨਹੀਂ ਹੈ। ਅਜੋਕੇ ਸਮੇਂ ਵਿੱਚ ਜਦੋਂ ਆਰਥਿਕ ਸਮਾਜੀ ਵਿਕਾਸ ਪੂੰਜੀਵਾਦੀ ਰਾਹ ਉਪਰ ਪੈ ਗਿਆਂ ਹੋਵੇ ਤੇ ਕੌਮਾਂਤਰੀ ਪੂੰਜੀਵਾਦ ਨਵ-ਬਸਤੀ ਅਦ੍ਰਿਸ਼ ਰੂਪਾਂ ਦੁਆਰਾ ਕੰਟਰੋਲ ਕਰਦਾ ਜਾ ਰਿਹਾ ਹੋਵੇ, ਸਮੁੱਚਾ ਸਮਾਜ ਬਿਨਾਂ ਵਰਣ, ਸ਼੍ਰੇਣਿਕ ਵਿਤਕਰੇ ਦੇ ਉਪਭੋਗਤਾ ਦੇ ਰੂਪ ਵਿਚ ਬਦਲ ਰਿਹਾ ਹੋਵੇ, ਉਸ ਸਮੇਂ ਵਿੱਚ ਆਰਥਿਕ ਸਮਾਜਕ ਬਰਾਬਰਤਾ, ਜਨਵਾਦੀ, ਤੇ ਰਾਜਨੀਤਿਕ, ਸਮੂਹਿਕ ਤੇ ਵਿਅਕਤੀਗਤ ਸੁਤੰਤਰਤਾ

ਨੂੰ ਕਾਇਮ ਰੱਖਣਾ ਤੇ ਪ੍ਰਾਪਤ ਕਰਨਾ ਇਕ ਜ਼ਰੂਰਤ ਬਣ ਜਾਂਦੀ ਹੈ। ਇਸ ਦੇ ਲਈ ਵਿਸ਼ਾਲ ਤੋਂ ਵਿਸ਼ਾਲ ਏਕਤਾ ਅਤੇ ਸੰਘਰਸ਼ਾਂ ਦੀ ਲੋੜ ਤੇ ਦ੍ਰਿੜਤਾ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ। ਸੋ ਹਰ ਸੰਗਠਣ ਅਤੇ ਹੇਠਲੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਰਾਜਨੀਤਿਕ ਪਾਰਟੀ, ਜੇਕਰ ਕਿਸੇ ਸਾਂਝੇ ਮੋਰਚੇ ਵਿੱਚ ਸੰਗਠਤ ਨਹੀਂ ਹੁੰਦੀਆਂ ਤਾਂ ਉਹ ਆਪਣੇ ਸ਼੍ਰੇਣਿਕ ਹਿਤਾਂ ਦੀ ਰਾਖੀ ਵੀ ਨਹੀਂ ਕਰ ਸਕਦੀਆਂ ਅਤੇ ਨਾ ਹੀ ਪੂੰਜੀਵਾਦੀ, ਫਾਸ਼ੀ ਹਿੰਦੂਤਵ ਤੇ ਹੋਰ ਸਾਮਰਾਜੀ ਸ਼ਕਤੀਆਂ ਨੂੰ ਹਾਰ ਵੀ ਦੇ ਸਕਦੀਆਂ ਤੇ ਮਿਹਨਤਕਸ਼ ਜਨਤਾ ਦੇ ਵਿਆਪਕ ਹਿਤਾਂ ਵਿਚ ਕੰਮ ਕਰਨ ਵਾਲੀ ਸਰਕਾਰ ਦੀ ਸਥਾਪਨਾ ਵੀ ਨਹੀਂ ਕਰ ਸਕਦੀਆਂ। ਕੁਝ ਪਾਰਟੀਆਂ ਨੇ ਇਸ ਗੰਭੀਰ ਖਤਰੇ ਦਾ ਅਹਿਸਾਸ ਕਰ ਲਿਆ ਹੈ। ਪਰੰਤੂ ਬਹੁਜਨ ਜਨਤਾ ਪਾਰਟੀ ਦੇ ਆਗੂ, ਦੂਜੀਆਂ ਪਾਰਟੀਆਂ ਨਾਲ ਜੋੜਾਂ ਤੋੜਾਂ ਨੂੰ ਮੁਨਾਫੇ ਬਖ਼ਸ ਧੰਦਾ ਸਮਝਦਿਆਂ, ਆਪਣੇ ਦਲਿਤਾਂ ਪ੍ਰਤੀ/ਵਿਸ਼ਵਾਸ਼ ਅਤੇ ਜ਼ਿੰਮੇਵਾਰੀ ਨਾਲ ਖਿਲਵਾੜ ਕਰ ਰਹੇ ਹਨ। ਬਹੁਜਨ ਜਨਤਾ ਪਾਰਟੀ ਦੇ ਆਗੂਆਂ ਦਾ ਲੰਘੇ ਸਾਲਾਂ ਦੇ ਕਿਰਦਾਰ-ਵਿਵਹਾਰ ਤੋਂ, ਇਸ ਦਾ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਾਂ।

ਭਾਰਤ ਦੀ ਅੱਜ ਦੀ ਸਥਿਤੀ ਵਿੱਚ ਰਾਜਨੀਤਿਕ ਪਾਰਟੀਆਂ ਜਨਤਾ ਦੇ ਸਾਹਮਣੇ ਆਪਣੇ ਸੀਮਤ, ਤੰਗ ਨਜ਼ਰ ਨਿਜੀ, ਕੁੰਬਾਪਰਵਰੀ ਕਿਰਦਾਰ ਅਤੇ ਭਰਿਸ਼ਟਾਚਾਰ ਨਾਲ ਲੱਥਪੱਥ ਹੋਏ ਕਲੰਕਤ ਚਿਹਰੇ ਨੂੰ ਦਿਖਾ ਦਿੱਤਾ ਹੈ। ਇਸ ਨਾਲ ਲੋਕਾਂ ਦੀ ਖੁੰਡੀ ਚੇਤਨਤਾ ਨੇ ਇਹ ਪਰਵਾਨ ਕਰ ਲਿਆ ਹੈ ਕਿ ਸਾਰੀਆਂ ਪਾਰਟੀਆਂ ਹੀ ਇਹੋ ਜਿਹੀਆਂ ਹਨ, ਕਿਸੇ ਨੂੰ ਬਦਲ ਲਵੋ? ਜਿਵੇਂ ਰਾਜਨੀਤਿਕ ਆਗੂ ਵਗਦੀ ਗੰਗਾ ਵਿੱਚ ਹੱਥ ਧੋਣ ਲਈ ਮੌਕਾ ਨਹੀਂ ਗਵਾਉਂਦੇ, ਉਸੇ ਤਰ੍ਹਾਂ ਹੀ ਸੰਕਟ ਗ੍ਰਸਤ ਸਮਾਜਿਕ ਹਾਲਤਾਂ ਵਿਚ ਹਰ ਕੋਈ ਜਿਵੇਂ ਕਿਵੇਂ ਕਾਨੂੰਨੀ ਰਾਹ ਤੋਂ ਬਾਹਰ ਜਾ ਕੇ ਆਪਣਾ ਕੰਮ ਹੁੰਦਾ ਦੇਖਣਾ ਚਾਹੁੰਦੇ ਹਨ। ਅਜਿਹੀ ਦਸ਼ਾ ਸਮੁੱਚੇ ਸਮਾਜ ਦੀ ਨੈਤਿਕ ਗਿਰਾਵਟ ਦੇ ਸਿੱਟੇ ਵਜੋਂ ਹੀ ਹੈ। ਪਰੰਤੂ ਸਾਰੀਆਂ ਪਾਰਟੀਆਂ ਨੂੰ, ਇਕੋ ਗੱਲ ਨਾਲ ਬੰਨ੍ਹਣ ਦੀ ਭੁੱਲ ਦੇ ਨਾਲ, ਹਾਕਮਸ਼੍ਰੇਣੀ ਦੇ ਮੀਡੀਏ ਦੇ ਪਰਚਾਰ ਦਾ ਸਿੱਟਾ ਵੀ ਹੈ। ਜਦੋਂ ਕਿ ਇਹ ਜੱਗ ਜ਼ਾਹਰ ਹੈ ਕਿ ਜਿਥੇ ਜਦੋਂ ਵੀ ਕਮਿਊਨਿਸਟ ਪਾਰਟੀ ਦੀ ਸਰਕਾਰ ਬਣੀ ਹੈ ਉਸ ਦੇ ਕਿਸੇ ਮੰਤਰੀ ਉਪਰ ਉਂਗਲ ਨਹੀਂ ਉਠ ਸਕਦੀ। ਉਸ ਦੇ ਕਿਸੇ ਐਮ. ਐਲ. ਏ. ਦੀ ਮੰਡੀ ਦੇ ਮਾਲ ਵਾਂਗ ਵਿਕਰੀ ਵੀ ਨਹੀਂ ਹੁੰਦੀ। ਤਿਰੀਪੁਰਾ, ਕੇਰਲਾ ਅਤੇ ਪੱਛਮੀ ਬੰਗਾਲ ਦੀਆਂ ਸੀ. ਪੀ. ਆਈ. (ਐਮ) ਦੀਆਂ ਸਰਕਾਰਾਂ ਇਸ ਦਾ ਸਬੂਤ ਹਨ। ਪੱਛਮੀ ਬੰਗਾਲ ਵਿੱਚ ਤਾਂ 1977 ਤੋਂ ਲਗਾਤਾਰ ਸੀ. ਪੀ. ਐਮ ਦੀ ਅਗਵਾਈ ਵਿੱਚ ਸਰਕਾਰ ਚਲੀ ਆ ਰਹੀ ਹੈ ਕਿ ਭਰਿਸ਼ਟਾਚਾਰ ਦੀ ਇੱਕ ਵੀ ਉਦਾਹਰਣ ਨਹੀਂ ਮਿਲਦੀ। ਅਫਸੋਸ ਹੈ ਕਿ ਮੀਡੀਆ ਇਸ ਬਾਰੇ ਕਦੇ ਕਦਾਈ ਜ਼ਿਕਰ ਕਰਕੇ ਜ਼ਿੰਮੇਂਵਾਰੀ ਤੋਂ, ਉਸ ਸਮੇਂ ਮੁਕਤ ਹੋ ਜਾਂਦਾ ਹੈ, ਜਦੋਂ ਵੱਡੇ ਵੱਡੇ ਘੁਟਾਲੇ, ਬੋਫੋਰਸ ਤੋਪਾਂ ਦਾ ਹਵਾਲਾ, ਯੂਰੀਆਂ ਖਾਦ ਦਾ, ਕਾਰਗਿਲ ਦੇ ਤਾਬੂਤਾਂ ਦਾ, ਨਿਕੰਮੇ ਮਿਲਟਰੀ ਸਾਜੋ ਸਾਮਾਨ ਦੀ ਖ਼ਰੀਦ ਆਦਿ ਦੇ ਸਾਹਮਣੇ ਆਉਂਦੇ ਹਨ। ਇਥੇ ਇਸ ਗੱਲ ਦੇ ਜ਼ਿਕਰ ਕਰਨ ਦੀ ਇਸ ਲਈ ਲੋੜ ਹੈ ਕਿ ਦਲਿਤ ਵਰਗ ਦੀ ਸਮਾਜਿਕ ਬਰਾਬਰਤਾ ਅਤੇ ਆਰਥਿਕ ਖੁਸ਼ਹਾਲੀ ਲਈ ਲੰਘੇ ਪੰਜਾਹ ਸਾਲਾਂ ਵਿੱਚ ਜੋ ਅਰਬਾਂ-ਖ਼ਰਬਾਂ ਰੁਪਿਆਂ ਬਜਟ ਵਿੱਚ ਰੱਖਿਆ ਤੇ ਖ਼ਰਚਿਆ ਗਿਆ ਹੈ ਉਸ ਦਾ ਵੱਡਾ ਹਿੱਸਾ ਹਾਕਮਾਂ ਤੇ ਅਫਸਰਸ਼ਾਹੀ ਦੀਆਂ ਤਿਜੌਰੀਆਂ ਭਰਨ, ਕੋਠੀਆਂ, ਕਾਰਾਂ ਤੇ ਹੋਰ ਆਯਾਸ਼ੀਆਂ ਉਪਰ ਖਰਚਿਆ ਗਿਆ ਹੈ। ਜਿਥੇ ਕਮਿਊਨਿਸਟ ਸਰਕਾਰਾਂ ਦੇ ਰਾਜਾਂ ਵਿੱਚ ਲੱਖਾਂ ਏਕੜ ਜ਼ਮੀਨ, ਅਣਪੜਤਾ ਦੂਰ ਕਰਨ ਦੇ ਯਤਨਾਂ ਆਦਿ ਦੁਆਰਾ ਸੰਵਿਧਾਨ ਵਲੋਂ ਰਾਜਾਂ ਨੂੰ ਮਿਲੇ ਸੀਮਤ ਅਧਿਕਾਰਾਂ ਦੇ ਬਾਵਜੂਦ ਨਿਸਬਤਨ ਕਿਤੇ ਵੱਧ ਕੰਮ ਹੋਇਆ ਹੈ। ਸੋ ਇਸ ਦਾ ਅਰਥ ਇਹ ਹੈ ਕਿ ਪੱਛਮੀ ਬੰਗਾਲ ਦੇ ਤਰਜ਼ ਦੀ ਕੇਂਦਰ ਵਿੱਚ ਬਣੀ ਸਾਂਝੇ ਫਰੰਟ ਦੀ ਸਰਕਾਰ ਹੀ ਦਲਿਤ ਸੱਮਸਿਆਂ ਨੂੰ ਤੇਜ਼ੀ ਨਾਲ ਹੱਲ ਕਰਨ ਲਈ, ਤਿੱਖੇ ਸਮਾਜਿਕ ਅਤੇ ਆਰਥਿਕ ਪ੍ਰੀਵਰਤਨ ਵਾਲੀਆਂ ਨੀਤੀਆਂ ਦੁਆਰਾ ਅਮਲ ਕਰਨ ਦੇ ਸਮਰੱਥ ਹੋ ਸਕਦੀ ਹੈ। ਦਲਿਤ ਵਰਗ ਨੂੰ ਇਸ ਹਕੀਕਤ ਨੂੰ ਪਛਾਣਨਾ ਚਾਹੀਦਾ ਹੈ।





## ਸ. ਤਰਸੇਮ ਵਲੋਂ ਕਨੂੰਨੀ ਚਾਰਾਜੋਈ ਦੀ ਧਮਕੀ—ਇਕ ਖੋਖਲਾਪਣ

11 ਜਨਵਰੀ 2002 ਦੇ 'ਦੇਸ਼ ਸੇਵਕ' ਅਖਬਾਰ ਵਿਚ ਸ. ਤਰਸੇਮ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੇ 'ਕੇਂਦਰੀ ਸਭਾ ਸਬੰਧੀ ਛਪੀਆਂ ਖਬਰਾਂ ਤੇ ਚਿੱਠੀਆਂ ਵਿਚ ਲਾਏ ਦੋਸ਼ਾਂ ਦਾ ਖੰਡਨ' ਸਿਰਲੇਖ ਹੇਠ ਮੇਰੇ ਵਲੋਂ 24 ਦਸੰਬਰ 2001 ਦੇ 'ਦੇਸ਼ ਸੇਵਕ' ਵਿਚ ਛਪੇ ਬਿਆਨ 'ਕੇਂਦਰੀ ਲੇਖਕ ਸਭਾ ਦੀ ਚੋਣ' ਦੇ ਸਬੰਧ ਵਿਚ ਮੇਰੇ ਸਬੰਧੀ ਕੁਝ ਅਪ-ਸ਼ਬਦ ਅਤੇ ਧਮਕੀ ਭਾਰੀ ਗੱਲ ਲਿਖੀ ਹੈ। ਸ. ਤਰਸੇਮ ਨੇ ਲਿਖਿਆ ਕਿ ਸ. ਤਰਸੇਮ ਬਹੁਤ ਵੱਡਾ ਲੇਖਕ ਹੈ ਅਤੇ ਉਹ ਕੇਂਦਰੀ ਸਭਾ ਦਾ ਤਿੰਨ ਵਾਰ ਮੀਤ ਪ੍ਰਧਾਨ, ਇਕ ਵਾਰ ਸੀਨੀਅਰ ਮੀਤ ਪ੍ਰਧਾਨ, ਦੋ ਵਾਰ ਜਨਰਲ ਸਕੱਤਰ ਰਿਹਾ ਹੈ। ਇਸ ਵਾਰ ਪ੍ਰਧਾਨ ਦੀ ਚੋਣ ਵੀ ਉਹ ਪ੍ਰਤਿਸ਼ਟਾਵਾਦੀ ਲੇਖਕਾਂ ਦੀ ਮਦਦ ਨਾਲ ਜਿੱਤਿਆ ਹੈ ਨਾ ਕਿ ਅਲੇਖਕਾਂ ਜਾਂ ਜਾਹਲੀ ਵੋਟਾਂ ਦੇ ਭੁਗਤਾਣ ਨਾਲ। ਤੇਜਵੰਤ ਮਾਨ ਨੇ ਮੈਨੂੰ ਟੈਲੀਫੋਨ ਉੱਤੇ ਭਾਸ਼ਾ ਵਿਭਾਗ ਦਾ ਇਨਾਮ ਮਿਲਣ ਤੇ ਵਧਾਈ ਦਿੱਤੀ ਸੀ।" ਇਸ ਪੱਤਰ ਵਿਚ ਹੀ ਸ. ਤਰਸੇਮ ਨੇ ਮੈਨੂੰ ਹਰਭਜਨ ਸਿੰਘ ਹੁੰਦਲ, ਦੇਸ਼ ਸੇਵਕ ਦੇ ਬਿਊਰੋ, ਪੱਤਰ ਪ੍ਰੇਰਕ ਪੰਮੀ ਅਤੇ ਹੋਰਾਂ ਨੂੰ ਜਿਸਨੇ ਵੀ ਉਸਦੀ ਪ੍ਰਧਾਨਗੀ ਚੋਣ ਦੇ ਵਿਰੁੱਧ ਲਿਖਿਆ ਹੈ ਕਾਨੂੰਨੀ ਚਾਰਾਜੋਈ ਭਾਵ ਮਾਨਹਾਨੀ ਦਾ ਮੁਕੱਦਮਾ ਕਰਨ ਦੀ ਧਮਕੀ ਦਿੱਤੀ ਹੈ।

ਪਹਿਲੀ ਗਲ ਤਾਂ ਇਹ ਕਿ ਮੈਂ ਇਨ੍ਹਾਂ ਧਮਕੀਆਂ ਤੋਂ ਡਰਨ ਵਾਲਾ ਨਹੀਂ। ਕਿਉਂਕਿ ਮੈਂ ਵੀ ਕੇਂਦਰੀ ਪੰਜਾਬੀ ਲੇਖਕ ਸਭਾ ਜਿਸ ਦਾ ਉਹ ਪ੍ਰਧਾਨ ਹੈ ਤਿੰਨ ਸਾਲ ਮੀਤ ਪ੍ਰਧਾਨ ਰਿਹਾ ਹਾਂ ਉਦੋਂ ਜਦੋਂ ਸ. ਤਰਸੇਮ ਨੂੰ ਕੋਈ ਜਾਣਦਾ ਤਕ ਨਹੀਂ ਸੀ। ਇਹ ਮੈਂ ਹੀ ਹਾਂ ਜਿਸ ਨੇ ਸ. ਤਰਸੇਮ ਦੀ ਕਹਾਣੀ ਜਗਤ ਵਿਚ ਲੇਖ ਲਿਖਕੇ ਪਹਿਚਾਣ ਬਣਾਈ। ਫੇਰ ਮੈਂ ਚੌਦਾਂ (14) ਸਾਲ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ.) ਦਾ ਜਨਰਲ ਸਕੱਤਰ ਰਿਹਾ ਹਾਂ। ਅੱਜ ਕੱਲ੍ਹ ਮੈਂ ਮੀਤ ਪ੍ਰਧਾਨ ਹਾਂ। ਮੇਰੇ ਪਾਸ ਐਸ. ਤਰਸੇਮ ਦੇ ਉਹਨਾਂ ਸਾਰੇ ਬਿਆਨਾਂ ਦੀਆਂ ਕਾਪੀਆਂ ਹਨ ਜੋ ਉਸਨੇ ਮੇਰੇ ਅਤੇ ਮੇਰੀ ਜ਼ਾਤ ਦੇ ਖਿਲਾਫ ਕੇਂਦਰੀ ਸਭਾ ਦੀ ਦੋਫਾੜ ਸਮੇਂ ਅਤੇ ਬਾਅਦ ਵਿਚ ਲਗਾਤਾਰ ਦਿੱਤੇ। ਜਿਸ ਵਿਚ ਮੇਰੇ ਬਾਰੇ ਘਟੀਆ ਸ਼ਬਦਾਵਲੀ ਵਰਤੀ ਗਈ। 'ਭੱਜਦੇ ਨੂੰ ਵਾਹਣ ਤਾਂ ਇਕੋ ਜਿਹਾ ਹੈ' ਜਦ ਕਿ ਪਹਿਲ ਕਰਨ ਦੀ ਧਮਕੀ ਸ. ਤਰਸੇਮ ਨੇ ਦਿੱਤੀ ਹੈ।

ਦੂਜਾ ਸ਼ਾਇਦ ਸ. ਤਰਸੇਮ ਨੇ ਪੜ੍ਹਿਆ ਨਹੀਂ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਜਿਸਦਾ ਸ. ਤਰਸੇਮ ਪ੍ਰਧਾਨ ਚੁਣਿਆ ਗਿਆ ਹੈ ਉਸ ਤੋਂ ਪਹਿਲਾਂ ਪ੍ਰਧਾਨ ਡਾ. ਜਗਤਾਰ ਜਿਸਦਾ ਤਰਸੇਮ ਜਨਰਲ ਸਕੱਤਰ ਰਿਹਾ ਹੈ, ਸ. ਤਰਸੇਮ ਦੀ ਹੋਈ ਬੋਗਸ ਚੋਣ ਬਾਰੇ ਇੰਡੀਅਨ ਐਕਸਪਰੈਸ 11 ਦਸੰਬਰ 2001 ਵਿਚ ਕੀ ਬਿਆਨ ਦਿੰਦਾ ਹੈ। ਇੰਡੀਅਨ ਐਕਸਪਰੈਸ ਦੀ ਮੋਟੀ ਸੁਰਖੀ 'ਚ ਰਿਪੋਰਟਿੰਗ ਹੈ।

"Charges of bogus voting mar kendri Lekhak Sabha Polls. Outgoing president of the premier Punjabi Literacy organisation. Dr. Jagtar Singh Puts number of logus votes at 100."

ਇਸ ਤਰ੍ਹਾਂ ਸਭਾ ਵਿਚ ਅਲੇਖਕਾਂ ਦੀ ਭਰਤੀ ਬਾਰੇ 30 ਨਵੰਬਰ 2001 ਦੇ ਇੰਡੀਅਨ ਐਕਸਪਰੈਸ ਵਿਚ ਡਾ. ਜਗਤਾਰ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਖੁਦ ਕਹਿੰਦਾ ਹੈ ; Out going president puts the number of read authors among Sabhas 2309 members at 50. Punjabi authors play party games for literary polls."

ਇਸ ਬਿਆਨ ਦੀ ਇਸੇ ਰਿਪੋਰਟਿੰਗ ਵਿਚ ਸੰਤੋਖ ਸਿੰਘ ਧੀਰ ਸਾਬਕਾ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਡਾ. ਜਗਤਾਰ ਦੀ ਉਪਰੋਕ ਟਿੱਪਣੀ ਨਾਲ ਸਹਿਮਤ ਹੁੰਦਾ ਕਹਿੰਦਾ ਹੈ। "This is the story of literary activity in Punjab and so you have a Sabha made of more than 2000 authors and we are told a new signature has arrived."

ਜਿਥੋਂ ਤੀਕ ਸ. ਤਰਸੇਮ ਨੂੰ ਭਾਸ਼ਾ ਵਿਭਾਗ ਪੰਜਾਬ ਦਾ ਇਨਾਮ ਮਿਲਣ ਦਾ ਸਵਾਲ ਹੈ ਇਹ ਜੱਗ ਜ਼ਾਹਰ ਹੈ ਕਿ ਉਹ ਇਨਾਮ ਉਸਨੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਡਾ. ਮਦਨ ਲਾਲ ਹਸੀਜਾ ਦੀ ਚਾਪਲੂਸੀ ਅਤੇ ਖਿਦਮਤ ਕਰਕੇ ਪ੍ਰਾਪਤ ਕੀਤਾ ਹੈ। ਮੈਂ ਡਾ. ਸ. ਤਰਸੇਮ ਦੇ ਲੇਖਕ ਹੋਣ ਤੇ ਕਿੰਤੂ ਨਹੀਂ ਕਰਦਾ ਪਰ ਉਸ ਤੋਂ ਵਧੀਆ ਲੇਖਕ ਇਨਾਮ ਦੇ ਹੱਕਦਾਰ ਸਨ ਜੋ ਕਿਸੇ ਗੁੱਟਬੰਦੀ ਕਾਰਨ ਛੱਡ ਦਿਤੇ ਗਏ। ਡਾ. ਹਸੀਜਾ ਨਾਲ ਡਾ. ਤਰਸੇਮ ਦੇ ਸਬੰਧ ਲੁਕੇ ਛਿਪੇ ਨਹੀਂ। ਇਹ ਤਾਂ ਡਾ. ਸ. ਤਰਸੇਮ ਦੀ ਆਪਣੀ ਕਾਰਜਕਾਰਨੀ ਵਿਚ ਵੀ ਵਾਦ-ਵਿਵਾਦ ਦਾ ਵਿਸ਼ਾ ਬਣੇ ਹਨ। ਮੈਂ ਕੋਈ ਫੋਨ ਤੇ ਸ. ਤਰਸੇਮ ਨੂੰ ਵਧਾਈ ਨਹੀਂ ਦਿੱਤੀ। ਉਸਨੇ ਐਵੇਂ ਹੀ ਮੇਰਾ ਨਾਮ ਅਖਬਾਰਾਂ ਵਿਚ ਛਪਵਾ ਲਿਆ। ਜਿਦਾਂ ਆਪਣੇ ਹਮਾਇਤੀਆਂ ਦਾ ਨਾਂ ਮਲੇਰ ਕੋਟਲਾ ਵਿਚ ਇਕ ਮੰਦਰ 'ਚ ਕੇਂਦਰੀ ਮੀਟਿੰਗ ਕਰਕੇ ਛਪਵਾਇਆ ਸੀ। ਜਿਸਦੀ ਬਾਅਦ ਵਿਚ ਚੰਡੀਗੜ੍ਹ ਦੇ ਕੁਝ ਲੇਖਕਾਂ ਨੇ ਅਖਬਾਰਾਂ ਵਿਚ ਤਰਦੀਦ ਵੀ ਕੀਤੀ ਸੀ ਅਤੇ ਡਾ. ਸ. ਤਰਸੇਮ ਨੂੰ ਉਹਨਾਂ ਦੇ ਨਾਂ ਵਰਤਣ ਬਾਰੇ ਕਨੂੰਨੀ ਚਾਰਾਜੋਈ ਕਰਨ ਦੀ ਗੱਲ ਵੀ ਲਿਖੀ ਸੀ। ਜੇਕਰ ਮੈਂ ਮੇਰਾ ਨਾਂ ਗਲਤ ਵਰਤਣ ਲਈ ਕੋਈ ਕਨੂੰਨੀ ਚਾਰਾਜੋਈ ਕਰਨ ਦੀ ਗੱਲ ਹਾਲਾਂ ਤੀਕ ਨਹੀਂ ਕਹੀ ਤਾਂ ਇਕ ਲੇਖਕ ਹੋਣ ਦੇ ਨਾਤੇ ਨਹੀਂ ਕਹੀ। ਮੈਂ ਸੋਚਿਆ ਸੀ ਕਿ ਜੇਕਰ ਆਪਣਾ ਨਾਂ ਚਮਕਾਉਣ ਲਈ ਕੋਈ ਮੇਰੇ ਨਾਂ ਦੀ ਵਰਤੋਂ ਕਰਕੇ ਤਸੱਲੀ ਮਹਿਸੂਸ ਕਰਦਾ ਹੈ ਤਾਂ ਏਨਾ ਕੁ ਖੁੱਲ੍ਹ ਦਿਲਾ ਤਾਂ ਮੈਨੂੰ ਹੋਣਾ ਹੀ ਚਾਹੀਦਾ ਹੈ।

ਅਖੀਰ ਵਿਚ ਮੈਂ ਸ. ਤਰਸੇਮ ਨੂੰ ਚਿਤਾਵਨੀ ਦਿੰਦਾ ਹਾਂ ਕਿ ਉਹ ਏਦਾਂ ਦੀਆਂ ਘੁਣਤਰ ਬਾਜ਼ੀਆਂ ਬੰਦ ਕਰੇ ਅਤੇ ਆਪਣੀ ਸਭਾ ਦੇ ਘਰ ਨੂੰ ਸੰਭਾਲਣ ਵਲ ਵਧੇਰੇ ਧਿਆਨ ਦੇਵੇ। ਇਕ ਜ਼ਿੰਮੇਵਾਰ ਅਹੁਦੇਦਾਰ ਦੀ ਭੂਮਿਕਾ ਅਦਾ ਕਰੇ। ਮੈਨੂੰ ਭਰੋਸੇਯੋਗ ਵਸੀਲੇ ਤੋਂ ਪਤਾ ਲੱਗਿਆ ਹੈ ਕਿ ਉਸ ਨੇ ਵਕੀਲ ਰਾਹੀਂ ਕੋਈ ਨੋਟਸ ਮੈਨੂੰ ਭੇਜਿਆ ਹੈ ਪਰ ਹਾਲਾਂ ਮੈਨੂੰ ਮਿਲਿਆ ਨਹੀਂ। ਮਿਲਣ ਉੱਤੇ ਇਸਦਾ ਢੁੱਕਵਾਂ ਜਵਾਬ ਦੇਵਾਂਗਾ। ***—ਡਾ. ਤੇਜਵੰਤ ਮਾਨ ਮੀਤ ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ, ਸੇਖੋਂ***


**ਫਾਰਮ ਨੰ. 4 ਰੂਲ ਨੰ. 8**

**ਤਿਮਾਹੀ ਚਿਰਾਗ ਬਾਰੇ ਜਾਣਕਾਰੀ**

1. ਪ੍ਰਕਾਸ਼ਨ ਸਥਾਨ—ਜਲੰਧਰ
2. ਪ੍ਰਕਾਸ਼ਨ ਕਾਲ—ਤਿਮਾਹੀ
3. ਪ੍ਰਕਾਸ਼ਕ ਤੇ ਮਾਲਕ—ਡਾ. ਅਨੂਪ ਸਿੰਘ ਭਾਈ ਰਤਨ ਸਿੰਘ ਯਾਦਗਾਰ ਟਰੱਸਟ ਜਲੰਧਰ
4. ਸੰਪਾਦਕ—ਹਰਭਜਨ ਸਿੰਘ ਹੁੰਦਲ, ਪਿੰਡ ਫੱਤੂ ਚੱਕ ਡਾਕ. ਢਿਲਵਾਂ ਜਿਲਾ ਕਪੂਰਥਲਾ (144804)
5. ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹਨ। *(ਡਾ. ਅਨੂਪ ਸਿੰਘ, ਪ੍ਰਕਾਸ਼ਕ ਦੇ ਦਸਤਖਤ।)*




## ਪੁਸਤਕ ਪ੍ਰਾਪਤੀ

1. ਮੋਤੀਆਂ ਵਰਗੇ ਅੱਖਰ (ਮਿਡਲ-ਨਿਬੰਧ) ਹਰਭਜਨ ਸਿੰਘ ਹੁੰਦਲ, ਪੰਨੇ 168 ਮੁੱਲ 175/- ਐਚ.ਕੇ. ਪ੍ਰਕਾਸ਼ਨ 16/16 Ist floor ਗੀਤਾ ਕਾਲੋਨੀ ਦਿੱਲੀ-31।
2. ਘੁੰਮਦੇ ਫਿਰਦਿਆਂ, (ਰੇਖਾ-ਚਿੱਤਰ ਤੇ ਮੁਲਾਕਾਤਾਂ) ਹਰਭਜਨ ਸਿੰਘ ਹੁੰਦਲ, ਮੁੱਲ 160/- ਪੰਨੇ 160 ਐਚ.ਕੇ. ਪ੍ਰਕਾਸ਼ਨ, ਦਿੱਲੀ।
3. ਮੰਥਨ (ਮੁਲਾਕਾਤਾਂ) ਤਰਸੇਮ, ਪੰਨੇ 144 ਮੁੱਲ 80/- ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ
4. ਚਿਲਮਨ ਦੇ ਉਸ ਪਾਰ (ਕਵਿਤਾਵਾਂ) ਸੁਰਜੀਤ ਸਿੰਘ ਕਾਉਂਕੇ, ਪੰਨੇ 64, ਮੁੱਲ 100/- ਅਨਹਦ ਪਬਲੀਕੇਸ਼ਨਜ਼, ਪਟਿਆਲਾ।
5. ....ਤੋਂ ਉਰੇ (ਗ਼ਜ਼ਲਾਂ) ਨਦੀਮ ਪਰਮਾਰ, ਮੁੱਲ 75/- ਨਵ-ਯੁੱਗ, ਦਿੱਲੀ
6. ਮਹਿਕਦੀ ਤਨਹਾਈ (ਗ਼ਜ਼ਲਾਂ) ਸੁਖਦੇਵ ਸਿੰਘ ਗਰੇਵਾਲ ਕੀਮਤ 100/- ਪੰਨੇ 80 ਏਸ਼ੀਆ ਵਿਜ਼ੀਅਨਜ਼
7. ਬੁੱਕਲ ਵਿਚਲੇ ਸੂਰਜ (ਨਜ਼ਮਾਂ) ਡਾ. ਗੁਰਮਿੰਦਰ ਸਿੱਧੂ ਮੁੱਲ 125/- ਪੰਨੇ-128 ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ।
8. ਇਕ ਚਿੜੀ ਤੇ ਮਹਾ ਨਗਰ (ਨਜ਼ਮਾਂ) ਪਰਮਿੰਦਰ ਸੋਢੀ ਮੁੱਲ 80/- ਪੰਨੇ 88 ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ।
9. ਨੀ ਕੁੜੀਓ, ਨੀ ਚਿੜੀਓ (ਗੀਤ) ਹਰਦੇਵ ਦਿਲਗੀਰ ਮੁੱਲ 100/- ਪੰਨੇ 108 ਚੇਤਨਾ ਪ੍ਰਕਾਸ਼ਨ, ਲੁਧਿਆਣਾ।
10. ਅੰਬਰੀ ਅੱਖ (ਨਜ਼ਮਾਂ) ਰਵਿੰਦਰ ਭੱਠਲ, ਮੁੱਲ 50/- ਪੰਨੇ 208 ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ
11. ਗੁੰਮਸ਼ੁਦਾ ਪੈੜਾਂ (ਕਵਿਤਾ) ਧਰਮਪਾਲ ਉਪਾਸ਼ਕ ਮੁੱਲ 40/- ਪੰਨੇ 96 ਕੁਕਨੂਸ ਪ੍ਰਕਾਸ਼ਨ, ਜਲੰਧਰ।
12. ਡਿਓੜੀ (ਕਾਵਿ-ਚਿੱਤਰ) ਸੁਖਵੰਤ ਕੌਰ ਮਾਨ, ਮੁੱਲ 100/- ਪੰਨੇ 88 ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ।
13. ਅਧੂਰੀ ਗੁਫ਼ਤਗੂ (ਕਵਿਤਾ) ਹਰਜੀਤ ਸਿੰਘ ਬੇਦੀ, ਮੁੱਲ 100/- ਪੰਨੇ 96 ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ।
14. 108 ਪੰਜਾਬੀ ਗ਼ਜ਼ਲਗੋ, ਸੰਪਾਦਕ ਚਮਕ ਸੁਰਜੀਤ, ਪੰਨੇ 223 ਮੁੱਲ 100/- ਰਮਨ ਪ੍ਰਕਾਸ਼ਨ ਫ਼ੀਰੋਜ਼ਪੁਰ।
15. ਮੇਰਾ ਵੱਸਦਾ ਰਹੇ ਪੰਜਾਬ (ਕਵਿਤਾਵਾਂ) ਕ੍ਰਿਸ਼ਨ ਲਾਲ ਪਰਵਾਨਾ ਪੰਨੇ 112 ਮੁੱਲ 200/- ਕੇ.ਲਾਲ ਐਂਡ ਕੰਪਨੀ, ਜਲੰਧਰ।
16. ਚਾਨਣ ਦਾ ਹਉਕਾ (ਕਵਿਤਾ) ਲਛਮਣ ਸਿੰਘ ਤਰੌੜਾ ਮੁੱਲ 100/- ਪੰਨੇ 80, ਅਨਹਦ ਪਬਲੀਕੇਸ਼ਨ, ਪਟਿਆਲਾ।
17. ਮੈਂ ਸਾਂ ਜੱਜ ਦਾ ਅਰਦਲੀ (ਆਪ-ਬੀਤੀਆਂ) ਨਿੰਦਰ ਘੁਗਿਆਣਵੀ ਪੰਨੇ 80 ਮੁੱਲ 30/- ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ।
18. ਲੀਹੋਂ ਪਰ੍ਹੇ (ਕਹਾਣੀਆਂ) ਅਮਰੀਕ ਸਿੰਘ ਕੰਡਾ ਪੰਨੇ 112 ਮੁੱਲ 60/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
19. ਤੂੰ ਕੀ ਜਾਣੇਂ (ਕਵਿਤਾ) ਗੁਰਨਾਮ ਢਿੱਲੋਂ, ਪੰਨੇ 88 ਪੰਨੇ 90/- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
20. ਦਿਲ ਦੀ ਕੈਨਵਸ (ਕਵਿਤਾ) ਜਤਿੰਦਰ ਪੱਤੜ ਮੁੱਲ 40/- ਪੰਨੇ-78, ਕੁਕਨੂਸ ਪ੍ਰਕਾਸ਼ਨ ਜਲੰਧਰ।
21. ਮਰਮਰੀ ਜੰਗਲ (ਗ਼ਜ਼ਲਾਂ) ਹਰਚਰਨ, ਪੰਨੇ 80 ਮੁੱਲ 40/- ਕੁਕਨੂਸ ਪ੍ਰਕਾਸ਼ਨ, ਜਲੰਧਰ।
22. ਧਰਤੀ ਪੁੱਤਰ (ਕਹਾਣੀਆਂ) ਪ੍ਰੇਮ ਗੋਰਖੀ, ਪੰਨੇ 96, ਮੁੱਲ 50/- ਕੁਕਨਸ ਪ੍ਰਕਾਸ਼ਨ, ਜਲੰਧਰ
23. ਦੱਖਣੀ ਭਾਰਤ ਦੀ ਯਾਤਰਾ (ਸਫ਼ਰਨਾਮਾ) ਡਾ. ਗੁਰਚਰਨ ਸਿੰਘ ਮਹਿਤਾ, ਪੰਨੇ 104, ਮੁੱਲ 50/- ਕੁਕਨਸ ਪ੍ਰਕਾਸ਼ਨ, ਜਲੰਧਰ

Chiragh Quarterly January-March, 2002
Registered with the Registrar of News-Papers of India No – PUN-PUN O 2776/AL/TC/94


## ਸਾਡੀਆਂ ਕਿਫ਼ਾਇਤੀ ਪ੍ਰਕਾਸ਼ਨਾਵਾਂ

**ਚੋਣਵੀਆਂ ਕਹਾਣੀਆਂ**

| | |
|---|---|
| | ਪ੍ਰੇਮ ਪ੍ਰਕਾਸ਼ |
| | ਵਰਿਆਮ ਸਿੰਘ ਸੰਧੂ |
| | ਜਸਵੰਤ ਸਿੰਘ ਵਿਰਦੀ |
| | ਰਵਿੰਦਰ ਰਵੀ |
| | ਮੈਕਸਿਮ ਗੋਰਕੀ |
| ਪਾਕਿਸਤਾਨੀ ਪੰਜਾਬੀ ਕਹਾਣੀ | |
| ਪਾਕਿਸਤਾਨੀ ਉਰਦੂ ਕਹਾਣੀ | |
| ਅਰਧਨਾਰੀਸ਼ਵਰ | (ਬਿਹਾਰ ਦੀਆਂ ਕਹਾਣੀਆਂ) |
| ਊਣੇ | ਗੁਰਮੀਤ ਕੜਿਆਲਵੀ |
| ਕਥਾ ਜਪਾਨੀ | ਸੰ. ਪਰਮਿੰਦਰ ਸੋਢੀ |

**ਨਾਵਲ**

| | |
|---|---|
| ਪੰਧ | ਅਫ਼ਜ਼ਲ ਅਹਿਸਨ ਰੰਧਾਵਾ |
| ਕਮਜ਼ਾਤ | ਫ਼ਖ਼ਰ ਜ਼ਮਾਨ |
| ਇਕ ਸਮੁੰਦਰ ਪਾਰ | ਮੀਰ ਤਨਹਾ ਯੂਸਫੀ |
| ਬੁੱਢਾ ਜੋ ਇਸ਼ਕੀਆਂ ਕਹਾਣੀਆਂ ਪੜ੍ਹਦਾ | ਲੂਈਸ ਸੈਪਲ ਵੈਦਾ |
| ਪਰਾਈ ਧਰਤੀ | ਇਕਬਾਲ ਅਰਪਨ |
| ਧੁਖਦਾ ਗੋਹਟਾ | ਹਰਨੇਕ ਹੇਅਰ |

**ਵਾਰਤਕ**

| | |
|---|---|
| ਬੰਜਰ ਮਨ ਪੰਜਾਬ | ਜਸਵੀਰ ਸਿੰਘ ਸ਼ੀਰੀ |

**ਕਾਵਿ ਸੰਗ੍ਰਹਿ**

| | |
|---|---|
| ਭੋਇੰ | ਰਾਮ ਸਿੰਘ ਚਾਹਲ |
| ਨਮਿਤ | ਮਨਮੋਹਨ |
| ਭਾਖਿਆ | ਮਦਨ ਵੀਰਾ |
| ਤਾਕਿ ਸਨਦ ਰਹੇ | ਕੰਵਲਜੀਤ ਭੁੱਲਰ |
| ਸ਼ਾਮ ਹੋਣ ਤੋਂ ਪਹਿਲਾਂ | ਜਗੀਰ ਜੋਸਣ |
| ਮਿੱਟੀ ਰੰਗੇ ਸੁਪਨੇ | ਗੁਰਦਿਆਲ ਪੱਲ੍ਹਾ |
| ਮਰਮਰੀ ਜੰਗਲ | ਹਰਚਰਨ |
| ਗੁੰਮਸ਼ੁਦਾ ਪੈੜਾਂ | ਧਰਮਪਾਲ ਉਪਾਸ਼ਕ |
| ਤ੍ਰਿਪਤੀ | ਜਸਬੀਰ ਕੌਰ ਰਾਏ |
| ਦਿਲ ਦੀ ਕੈਨਵਸ | ਜਤਿੰਦਰ ਪੱਤੜ |
| ਨਿਰਵਾਣ | ਹਰਕੇਵਲ ਸਿੰਘ ਲੇਵਲ |
| ਮੀਲ ਪੱਥਰ | ਜਗਵਿੰਦਰ ਜੋਧਾ |
| ਧੜਕਦੇ ਪਲ | ਵਿੰਦਰ |

**ਯਾਤਰਾ ਪ੍ਰਸੰਗ**

ਜਾਣੇ ਅਣਜਾਣੇ ਸਫਰ (ਸੁਪਨਦੀਪ ਸੰਧੂ)
ਦੱਖਣੀ ਭਾਰਤ ਦੀ ਯਾਤਰਾ ਡਾ. ਗੁਰਚਰਨ ਸਿੰਘ ਮਹਿਤਾ

**ਨਾਟਕ**

| | |
|---|---|
| ਸਲੋਮੀ | ਆਸਕਰ ਵਾਈਲਡ |

**ਉਪਰੋਕਤ ਹਰੇਕ ਪੁਸਤਕ ਕੀਮਤ—20 ਰੁਪਏ**

**ਵਿਸ਼ੇਸ਼ ਪੁਸਤਕਾਂ**

| | |
|---|---|
| ਜੀਵਨ ਯਾਦਾਂ (ਪਾਬਲੋ ਨੇਰੂਦਾ) ਅਨੁ: ਹੁੰਦਲ | 60/- |
| ਚੋਣਵੀਂ ਕਵਿਤਾ (ਨਾਜ਼ਿਮ ਹਿਕਮਤ) ਅਨੁ: ਹੁੰਦਲ | 40/- |
| ਮੌਤ ਦੀ ਉਡੀਕ 'ਚ (ਸ਼ਿਵ ਵਰਮਾ) | 20/- |
| ਫੈਜ਼ ਦੇ ਖ਼ਤ ਬੇਗਮ ਸਰਫ਼ਰਾਜ਼ ਇਕਬਾਲ ਦੇ ਨਾਂ | 20/- |

**ਵਿਸ਼ੇਸ਼ ਕਾਵਿ ਸੰਗ੍ਰਹਿ**

| | |
|---|---|
| ਸ਼ਾਇਰੀ 2000 (ਸ. ਪ੍ਰਮਿੰਦਰਜੀਤ) | 30/- |
| ਤਿੰਨ ਚਿਹਰਿਆਂ ਵਾਲਾ ਰੱਕਾਸ ਇਫਤਿਖਾਰ ਨਸੀਮ | 30/- |

**ਅਜੀਤ ਰਾਹੀ ਦੀਆਂ ਦੋ ਪੁਸਤਕਾਂ**

| | |
|---|---|
| ਅੱਧੀ ਸਦੀ ਦਾ ਸਫਰ (ਸਵੈ ਜੀਵਨੀ) | 60/- |
| ਸੁਲਘਦਾ ਸੱਚ (ਦੋ ਨਾਵਲ) | 60/- |

**ਅਗਾਮੀ ਪ੍ਰਕਾਸ਼ਨ**

ਗੁਰਦੇਵ ਰੁਪਾਣਾ ਦੀਆਂ ਸਮੁੱਚੀਆਂ ਕਹਾਣੀਆਂ

ਧਰਤੀ ਪੁੱਤਰ (ਕਹਾਣੀਆਂ) ਪ੍ਰੇਮ ਗੋਰਖੀ 30/-

**ਕੁਕਨਸ ਪ੍ਰਕਾਸ਼ਨ**
ਐਨ. ਐਮ. 451, ਮਹੱਲਾ ਕਰਾਰ ਖਾਂ ਜਲੰਧਰ
ਫੋਨ ਨੰ. 214028 (ਘਰ)

**ਨਵਾਂ ਜ਼ਮਾਨਾ ਬੁੱਕ ਸ਼ਾਪ**
ਨਹਿਰੂ ਗਾਰਡਨ ਰੋਡ, ਜਲੰਧਰ
ਫੋਨ 220290, 230466